Golden State Realty
JASSI GILL
Broker/Owner

Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

AD Space is available
Contact us:
847-359-0746

COVERED CALIFORNIA
Certified Insurance Agent
Global Green INSURANCE AGENCY

Gurdawar Singh Mann
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM

Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 30; July 27, 2024
20451 N. Plum Grove Rd., Palatine, IL 60074
Ph:847-359-0746, Fax:847-705-9388


## ਮੋਦੀ ਹਿੰਦੂਵਾਦੀ ਏਜੰਡੇ 'ਤੇ ਕਾਇਮ

**ਨਵੀਂ ਦਿੱਲੀ:** ਲੋਕ ਸਭਾ ਚੋਣਾਂ ਵਿਚ ਆਪਣੇ ਤੈਅ ਟੀਚੇ ਤੋਂ ਕੋਹਾਂ ਦੂਰ ਰਹਿਣ ਅਤੇ ਉਸ ਤੋਂ ਬਾਅਦ ਜ਼ਿਮਨੀ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਪਿੱਛੋਂ ਭਾਜਪਾ ਦੀਆਂ ਤਾਜ਼ਾ ਸਰਗਰਮੀਆਂ ਨੇ ਪੂਰੇ ਮੁਲਕ ਦਾ ਧਿਆਨ ਖਿੱਚਿਆ ਹੈ। ਭਗਵਾ ਧਿਰ ਦੀ ਤਾਜ਼ਾ ਭੱਜ-ਨੱਠ ਸਾਫ ਇਸ਼ਾਰਾ ਕਰ ਰਹੀ ਹੈ ਕਿ ਇਹ ਆਪਣੇ ਫਿਰਕੂ ਏਜੰਡੇ ਉਤੇ ਨਰਮ ਪੈਣ ਦੀ ਥਾਂ ਹੁਣ ਇਸੇ ਆਸਰੇ ਆਪਣੀ ਬੇੜੀ ਪਾਰ ਲਾਉਣ ਲਈ ਰਣਨੀਤੀਆਂ ਘੜਨ ਵਿਚ ਜੁਟ ਗਈ ਹੈ।



ਇਕ ਪਾਸੇ ਜਿਥੇ ਭਾਜਪਾ ਸਰਕਾਰ ਵੱਲੋਂ ਸਰਕਾਰੀ ਮੁਲਾਜ਼ਮਾਂ ਦੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੀਆਂ ਗਤੀਵਿਧੀਆਂ ਵਿਚ ਹਿੱਸਾ ਲੈਣ 'ਤੇ ਲੱਗੀ 58 ਸਾਲ ਪੁਰਾਣੀ ਰੋਕ ਹਟਾਉਣ ਦਾ ਫੈਸਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਉਥੇ ਉਤਰ ਪ੍ਰਦੇਸ਼ ਵਿਚ ਦੁਕਾਨਦਾਰਾਂ ਨੂੰ ਦੁਕਾਨਾਂ ਅੱਗੇ ਆਪਣੇ ਨਾਮ ਲਿਖਣ ਦੇ ਤਾਨਾਸ਼ਾਹੀ ਹੁਕਮਾਂ ਦੀ ਤਿੱਖੀ ਅਲੋਚਨਾ ਹੋ ਰਹੀ ਹੈ। ਭਾਵੇਂ ਇਨ੍ਹਾਂ ਹੁਕਮਾਂ ਉਤੇ ਸੁਪਰੀਮ ਕੋਰਟ ਨੇ ਆਰਜ਼ੀ ਰੋਕ ਲਗਾ ਦਿੱਤੀ ਹੈ ਪਰ ਭਾਜਪਾ ਅਜੇ ਵੀ ਇਸ ਨੂੰ ਜਾਇਜ਼ ਠਹਿਰਾਉਣ ਵਿਚ ਜੁਟੀ ਹੋਈ ਹੈ।

ਦਰਅਸਲ, ਚੋਣਾਂ ਵਿਚ ਆਪਣੇ ਮਾੜੇ ਪ੍ਰਦਰਸ਼ਨ ਲਈ ਭਗਵਾ ਧਿਰ ਘੱਟ ਗਿਣਤੀ ਖਾਸ ਕਰਕੇ ਮੁਸਲਿਮ ਭਾਈਚਾਰੇ ਨੂੰ ਜ਼ਿੰਮੇਵਾਰ ਦੱਸ ਰਹੀ ਹੈ। ਇਸ ਦੇ ਆਗੂ ਹੁਣ ਜਨਤਕ ਤੌਰ ਉਤੇ ਐਲਾਨ ਕਰਨ ਲੱਗੇ ਹਨ ਕਿ ਹੁਣ 'ਸਬ ਕਾ ਸਾਥ, ਸਬ ਕਾ ਵਿਕਾਸ' ਦੀ ਕੋਈ ਲੋੜ ਨਹੀਂ, ਉਨ੍ਹਾਂ ਦਾ ਸਮਰਥਨ ਕਰੋ ਜੋ ਸਾਡੇ ਨਾਲ ਹਨ। ਭਾਜਪਾ ਦੇ ਸੀਨੀਅਰ ਨੇਤਾ ਸ਼ਵੇਂਦੂ ਅਧਿਕਾਰੀ ਨੇ ਪਾਰਟੀ ਦੇ ਮਾੜੇ ਪ੍ਰਦਰਸ਼ਨ ਲਈ ਘੱਟ ਗਿਣਤੀ ਭਾਈਚਾਰੇ ਦੇ ਘੱਟ ਸਮਰਥਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਸਾਫ ਆਖ ਦਿੱਤਾ ਕਿ 'ਸਬ ਕਾ ਸਾਥ ਸਬ ਕਾ ਵਿਕਾਸ' ਦੀ ਕੋਈ ਲੋੜ ਨਹੀਂ ਹੈ ਅਤੇ ਇਸ ਦੀ ਥਾਂ 'ਅਸੀਂ ਉਨ੍ਹਾਂ ਨਾਲ ਜੋ ਸਾਡੇ ਨਾਲ' ਦਾ ਪ੍ਰਸਤਾਵ ਦਿੱਤਾ ਹੈ। ਉਸ ਨੇ ਪਾਰਟੀ ਦੇ ਘੱਟ ਗਿਣਤੀ ਵਿੰਗ ਦੀ ਜ਼ਰੂਰਤ ਨੂੰ ਵੀ ਖ਼ਾਰਜ ਕਰ ਦਿੱਤਾ। 2014 'ਚ ਭਾਜਪਾ ਨੇ 'ਸਬ ਕਾ ਸਾਥ ਸਬ ਕਾ ਵਿਕਾਸ' ਦਾ ਨਾਅਰਾ ਦਿਤਾ ਸੀ ਅਤੇ 2019 'ਚ ਇਸ ਨੇ ਇਕ ਕਦਮ ਅੱਗੇ ਵਧਦਿਆਂ ਇਸ ਨੂੰ 'ਸਬ ਕਾ ਸਾਥ ਸਬ ਕਾ ਵਿਕਾਸ, ਸਬ ਕਾ ਵਿਸ਼ਵਾਸ' ਬਣਾ ਦਿੱਤਾ।

ਦਰਅਸਲ, ਭਾਜਪਾ ਨੂੰ ਇਹ ਝੋਰਾ ਹੈ ਕਿ ਜੇਕਰ ਆਪਣਾ ਸਾਰਾ ਧਿਆਨ ਸਿਰਫ ਹਿੰਦੂ ਵੋਟ ਉਤੇ ਦਿੱਤਾ ਹੁੰਦਾ ਹੈ ਤਾਂ ਚੋਣ ਨਤੀਜੇ ਕੁਝ ਹੋਰ ਹੋਣੇ ਸਨ। ਭਾਜਪਾ ਸਰਕਾਰ ਦੇ ਤਾਜ਼ਾ ਫੈਸਲੇ ਵੀ ਦੱਸ ਰਹੇ ਹਨ ਕਿ ਹੁਣ ਉਹ ਆਪਣਾ ਸਾਰਾ ਧਿਆਨ ਹਿੰਦੂ ਵੋਟਰਾਂ ਅਤੇ ਆਰ.ਐੱਸ.ਐੱਸ ਨੂੰ ਖੁਸ਼ ਕਰਨ ਉਤੇ ਲਾਉਣ ਦੀ ਤਿਆਰੀ ਵਿਚ ਹੈ। ਇਸ ਮਾਮਲੇ ਵਿਚ ਭਾਜਪਾ ਉਤਰ ਪ੍ਰਦੇਸ਼ ਵਿਚ ਖਾਸੀ ਸਰਗਰਮ ਨਜ਼ਰ ਆ ਰਹੀ ਹੈ। ਇਥੇ ਯੋਗੀ ਸਰਕਾਰ ਨੇ ਕਾਂਵੜ ਯਾਤਰਾ ਮਾਰਗਾਂ ਦੇ ਨਾਲ ਪੈਂਦੀਆਂ ਖਾਣ-ਪੀਣ ਵਾਲੀਆਂ ਸਾਰੀਆਂ ਦੁਕਾਨਾਂ ਨੂੰ ਹੁਕਮ ਦੇ ਦਿੱਤੇ ਕਿ ਉਹ ਅਪਰੇਟਰ ਜਾਂ ਮਾਲਕ ਦਾ ਨਾਂ ਅਤੇ ਪਛਾਣ ਦੁਕਾਨ ਦੇ ਬਾਹਰ ਲਿਖਣ। ਇਨ੍ਹਾਂ ਹੁਕਮਾਂ ਵਿਚੋਂ ਸਰਕਾਰ ਦੀ ਘੱਟਗਿਣਤੀ ਮੁਸਲਿਮ ਭਾਈਚਾਰੇ ਨੂੰ ਅੱਡ ਕਰ ਕੇ ਦੇਖਣ ਦੀ ਨੀਅਤ ਸਪਸ਼ਟ ਝਲਕਦੀ ਹੈ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹਲਾਲ ਪ੍ਰਮਾਣਿਤ ਪਦਾਰਥ ਵੇਚਣ ਵਾਲੇ ਦੁਕਾਨਦਾਰਾਂ ਨੂੰ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ ਹਾਲਾਂਕਿ ਭਾਜਪਾ ਦੇ ਦੋ ਸਾਥੀ ਦਲਾਂ- ਜਨਤਾ ਦਲ (ਯੂਨਾਈਟਿਡ) ਤੇ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਇਨ੍ਹਾਂ ਹੁਕਮਾਂ ਤੋਂ ਖਾਸੇ ਨਾਰਾਜ਼ ਹਨ, ਭਾਜਪਾ ਇਸ ਪਾਸੇ ਬਾਹਲੀ ਪਰਵਾਹ ਕਰਨ ਦੇ ਮੂਡ ਵਿਚ ਨਹੀਂ। ਮੋਦੀ ਸਰਕਾਰ ਆਰ.ਐੱਸ.ਐੱਸ. ਦੇ ਗਿਲੇ ਸ਼ਿਕਵੇ ਦੂਰ ਕਰਨ ਨੂੰ ਵੀ ਵਿਸ਼ੇਸ਼ ਤਰਜੀਹ ਦਿੰਦੀ ਜਾਪ ਰਹੀ ਹੈ। ਕੇਂਦਰ ਸਰਕਾਰ ਦਾ ਆਰ.ਐਸ.ਐਸ. ਦੀਆਂ ਸਰਗਰਮੀਆਂ ਵਿਚ ਸਰਕਾਰੀ ਮੁਲਾਜ਼ਮਾਂ ਦੇ ਹਿੱਸਾ ਲੈਣ ਤੋਂ ਪਾਬੰਦੀ ਹਟਾਉਣ ਦਾ ਫ਼ੈਸਲਾ ਸੱਤਾਧਾਰੀ ਪਾਰਟੀ ਦੇ ਇਸ ਹਿੰਦੂਤਵੀ ਸੰਗਠਨ ਤੱਕ ਪਹੁੰਚ ਬਣਾ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਜਾਪਦਾ ਹੈ ਕਿ ਸੰਘ ਪਰਿਵਾਰ ਅੰਦਰ ਇਸ ਵਕਤ 'ਸਭ ਅੱਛਾ' ਚੱਲ ਰਿਹਾ ਹੈ। ਆਰ.ਐੱਸ.ਐੱਸ. ਭਾਵੇਂ ਆਪਣੇ ਆਪ ਨੂੰ ਸੱਭਿਆਚਾਰਕ ਸੰਗਠਨ ਦੇ ਤੌਰ 'ਤੇ ਪੇਸ਼ ਕਰਦੀ ਹੈ ਪਰ ਚੋਣਾਂ ਵਿਚ ਇਸ ਦੀ ਭੂਮਿਕਾ ਕਿਸੇ ਤੋਂ ਲੁਕੀ-ਛੁਪੀ ਨਹੀਂ ਹੈ ਜਿਸ ਨੂੰ ਲੈ ਕੇ ਕਈ ਹਲਕਿਆਂ ਵਿਚ ਚਿੰਤਾਵਾਂ ਉਜਾਗਰ ਕੀਤੀਆਂ ਜਾਂਦੀਆਂ ਰਹੀਆਂ ਹਨ।

ਪਿਛਲੇ ਕੁਝ ਸਮੇਂ ਤੋਂ ਖ਼ਾਸਕਰ ਹਾਲੀਆ ਲੋਕ ਸਭਾ ਚੋਣਾਂ ਵਿਚ ਭਾਜਪਾ ਦੇ ਬਹੁਮਤ ਦੇ ਅੰਕੜੇ ਤੋਂ ਕਾਫ਼ੀ ਥੱਲੇ ਰਹਿ ਜਾਣ ਤੋਂ ਬਾਅਦ ਪਾਰਟੀ ਅਤੇ ਆਰ.ਐੱਸ.ਐੱਸ. ਵਿਚਕਾਰ ਰਿਸ਼ਤੇ ਵੀ ਖਰਾਬ ਦੌਰ 'ਚੋਂ ਲੰਘ ਰਹੇ ਸਨ। ਪਾਰਲੀਮਾਨੀ ਚੋਣਾਂ ਵਿਚ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਰਹਿਣ ਕਰ ਕੇ ਆਰ.ਐੱਸ.ਐੱਸ. ਦੀ ਸਿਖ਼ਰਲੀ ਲੀਡਰਸ਼ਿਪ ਨੂੰ ਸਰਕਾਰ 'ਤੇ ਹਮਲੇ ਕਰਨ ਦਾ ਵਾਹਵਾ ਵਧੀਆ ਮੌਕਾ ਮਿਲ ਗਿਆ ਸੀ। ਆਰ.ਐੱਸ.ਐੱਸ. ਦੇ ਆਗੂ ਇੰਦਰੇਸ਼ ਕੁਮਾਰ ਨੇ ਤਾਂ ਇਥੋਂ ਤੱਕ ਆਖ ਦਿੱਤਾ ਸੀ ਕਿ ਭਗਵਾਨ ਰਾਮ ਨੇ ਆਪਣੇ ਆਪ ਨੂੰ 'ਰਾਮ ਭਗਤ' ਕਹਾਉਣ ਦਾ ਦਾਅਵਾ ਕਰਨ ਵਾਲੀ 'ਹੰਕਾਰੀ ਪਾਰਟੀ' ਨੂੰ ਬਹੁਮਤ ਹਾਸਲ ਕਰਨ ਤੋਂ ਰੋਕ ਦਿੱਤਾ ਹੈ। ਪਿਛਲੇ ਹਫ਼ਤੇ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨੇ ਜ਼ਾਹਿਰਾ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਇਸ਼ਾਰਾ ਕਰਦਿਆਂ ਆਖਿਆ ਸੀ ਕਿ ਇਨਸਾਨ ਦੀ 'ਸੁਪਰਮੈਨ' ਅਤੇ ਫਿਰ 'ਰੱਬ' ਬਣ ਜਾਣ ਦੀ ਖਾਹਿਸ਼ ਹੁੰਦੀ ਹੈ। ਇਸ ਤੋਂ ਇਲਾਵਾ ਸੰਘ ਦੇ ਨੇਤਾਵਾਂ ਨੇ ਸੁਨੇਹਾ ਵੀ ਦਿੱਤਾ ਹੈ ਕਿ ਉਨ੍ਹਾਂ ਦਾ ਸੰਗਠਨ ਭਾਜਪਾ ਦੀ ਅਧੀਨਗੀ ਨਹੀਂ ਸਵੀਕਾਰੇਗਾ।

ਦਹਾਕੇ ਵਿਚ ਪਹਿਲੀ ਵਾਰ ਸਹਿਯੋਗੀ ਦਲਾਂ

*(ਬਾਕੀ ਸਫਾ 6 'ਤੇ)*

## ਅਕਾਲੀ ਦਲ ਦਾ ਅੰਦਰੂਨੀ ਕਲੇਸ਼ ਹੋਰ ਵਧਿਆ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਿਚਾਲੇ ਛਿੜਿਆ ਅੰਦਰੂਨੀ ਕਲੇਸ਼ ਹੋਰ ਉਲਝ ਰਿਹਾ ਹੈ। ਅਕਾਲੀ ਦਲ ਵਿਚ ਹੋ ਰਹੀ ਤਾਜ਼ਾ ਹਿੱਲਜੁਲ ਸਾਫ ਇਸ਼ਾਰਾ ਕਰ ਰਹੀ ਹੈ ਕਿ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਦੀ ਕੁਰਸੀ ਛੱਡਣ ਦੇ ਬਿਲਕੁਲ ਮੂਡ ਵਿਚ ਨਹੀਂ ਹਨ।

ਸੁਖਬੀਰ ਧੜੇ ਨੇ ਤਾਜ਼ਾ ਫੈਸਲਾ ਲੈਂਦੇ ਹੋਏ ਪਾਰਟੀ ਦੀ ਕੋਰ ਕਮੇਟੀ ਭੰਗ ਕਰ ਦਿੱਤੀ ਹੈ। ਪਾਰਟੀ ਪ੍ਰਧਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਤੋਂ ਪਹਿਲਾਂ ਕੋਰ ਕਮੇਟੀ ਭੰਗ ਕੀਤੀ ਹੈ ਹਾਲਾਂਕਿ ਪਾਰਟੀ ਦੀ ਵਰਕਿੰਗ ਕਮੇਟੀ ਨੇ ਪਿਛਲੇ ਦਿਨੀਂ ਮੀਟਿੰਗ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਪੁਨਰਗਠਨ ਕਰਨ ਦੇ ਅਧਿਕਾਰ ਦੇ ਦਿੱਤੇ ਸਨ। ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਹਿਲੇ ਗੇੜ ਵਿਚ ਪਾਰਟੀ ਦੀ ਮੌਜੂਦਾ ਕੋਰ ਕਮੇਟੀ ਨੂੰ ਭੰਗ ਕੀਤਾ ਗਿਆ ਹੈ। ਉਧਰ, ਅਕਾਲੀ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਤਿਆਗ ਦੀ ਭਾਵਨਾ ਦਿਖਾਉਣ ਦੀ ਥਾਂ ਕੋਰ ਕਮੇਟੀ ਭੰਗ ਕਰ ਕੇ ਇਕ ਹੋਰ ਤਾਨਾਸ਼ਾਹੀ ਫ਼ੁਰਮਾਨ ਸੁਣਾ ਦਿੱਤਾ ਹੈ।

*(ਬਾਕੀ ਸਫਾ 6 'ਤੇ)*


ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ


Call us at: +18442272162
Address: 2605 US-130 Cinnaminson, NJ 08077
* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਦੋ ਹਫਤੇ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloodа Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS


Services
-We do Same day IRP Plates
-Truck Permits
-New company
-Truck ELD
-Trucking compliance

Rajinder Singh
159 D'Arcy Pkwy, Lathrop, CA 95330
Phone: 209 636 0880

# ਵਿਪਸਾਅ ਵੱਲੋਂ ਆਜ਼ਾਦ ਜਲੰਧਰੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ

**ਹੇਵਰਡ**: ਪਿਛਲੇ ਐਤਵਾਰ ਵਿਪਸਾਅ ਵੱਲੋਂ ਫਰੀਮਾਂਟ ਵਿਖੇ ਬਹੁ-ਭਾਸ਼ਾਈ ਕਵੀ ਆਜ਼ਾਦ ਜਲੰਧਰੀ ਦੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਆਰੰਭ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੇ ਜਲੰਧਰੀ ਜੀ ਦੇ ਕਲਾਮ ਨੂੰ ਸੁਰਬੱਧ ਕਰ ਕੇ ਕੀਤਾ। ਉਪਰੰਤ ਜਗਜੀਤ ਨੌਸ਼ਹਿਰਵੀ ਨੇ ਮੰਚ ਦਾ ਕਾਜ-ਭਾਰ ਸੰਭਾਲਦਿਆਂ ਆਜ਼ਾਦ ਜਲੰਧਰੀ ਦਾ ਬੁਲੰਦ ਸ਼ਿਅਰ:

ਪੈਰਾਂ ਦੇ ਹੇਠ ਧਰਤੀ ਸਿਰ ਆਸਮਾਨ ਲੈ ਕੇ

ਉੱਠਿਆ ਹਾਂ ਨਾਲ਼ ਆਪਣੇ ਸਾਰਾ ਜਹਾਨ ਲੈ ਕੇ

ਸਾਂਝਾ ਕਰਦੇ ਹੋਏ ਉਨ੍ਹਾਂ ਦੇ ਸਪੁੱਤਰ ਰਾਜ ਕੁਮਾਰ ਆਜ਼ਾਦ, ਦੋਹਤੇ ਸੰਨੀ ਆਜ਼ਾਦ, ਮਿੱਤਰ ਅਮਰੀਕ ਚੰਦ ਲਾਖਾ, ਅਤੇ ਰਾਮ ਮੂਰਤੀ ਸਰੋਏ ਨਾ਼ਲ ਵਿਪਸਾਅ ਪ੍ਰਧਾਨ ਕੁਲਵਿੰਦਰ ਨੂੰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਤ ਕੀਤਾ। ਵਿਪਸਾਅ ਦੇ ਪ੍ਰਧਾਨ ਕੁਲਵਿੰਦਰ ਨੇ ਹਾਜ਼ਰ ਲੇਖਕਾਂ, ਬੁੱਧੀਜੀਵੀਆਂ ਅਤੇ ਆਜ਼ਾਦ ਜੀ ਦੇ ਪ੍ਰਸ਼ੰਸਕਾਂ ਦਾ ਸਵਾਗਤ ਕੀਤਾ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਆਜ਼ਾਦ ਜਲੰਧਰੀ ਦੇ ਸਾਹਿਤਕ ਸਫ਼ਰ ਦੀ ਵਿਸਥਾਰਤ ਜਾਣਕਾਰੀ ਪ੍ਰਦਾਨ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ 1993 ਵਿਚ ਬਰਕਲੇ 'ਚ ਹੋਏ ਉਰਦੂ ਮੁਸ਼ਾਇਰੇ ਵਿਚ ਮਿਲੇ ਸਨ। ਉਹ 1994 ਤੋਂ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਨਾ਼ਲ ਜੁੜ ਗਏ ਅਤੇ ਸਾਹਿਤਕ ਬੈਠਕਾਂ ਵਿਚ ਆਉਣ ਲੱਗੇ। ਉਨ੍ਹਾਂ ਦਾ ਕਾਵਿ ਗਾਇਨ ਅਤੇ ਤਰੰਨਮ ਬਾਕਮਾਲ ਸੀ। 1995 ਦੀ ਪੰਜਾਬੀ ਕਾਨਫ਼ਰੰਸ ਵਿਚ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਵੱਲੋਂ ਉਨ੍ਹਾਂ ਨੂੰ 'ਸ਼੍ਰੋਮਣੀ ਪੰਜਾਬੀ ਕਵੀ' ਦੇ ਲਕਬ ਨਾ਼ਲ ਨਿਵਾਜ਼ ਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੀ ਕਿਤਾਬ 'ਰੁਬਾਈ ਮਾਲਾ' ਨੇ ਉਨ੍ਹਾਂ ਨੂੰ ਪੰਜਾਬੀ ਦਾ ਸਥਾਪਿਤ ਕਵੀ ਬਣਾ ਦਿੱਤਾ। ਉਨ੍ਹਾਂ ਨੇ 6 ਹੋਰ ਕਿਤਾਬਾਂ ਪੰਜਾਬੀ ਸ਼ਾਇਰੀ ਦੀ ਝੋਲੀ ਪਾਈਆਂ। ਆਜ਼ਾਦ ਜਲੰਧਰੀ ਨੇ ਸ਼ਾਇਰੀ ਦੀ ਹਰ ਵਿਧਾ ਨੂੰ ਪ੍ਰਸਤੁਤ ਕੀਤਾ। ਉਨ੍ਹਾਂ ਦੀ ਸ਼ਾਇਰੀ ਬਹੁਤ ਸਰਲ ਪਰ ਗਹਿਰੀ ਹੈ। ਉਨ੍ਹਾਂ ਕੁਝ ਚਿਰ ਬੰਬਈ ਰਹਿ ਕੇ ਫਿਲਮ-ਕਾਰੀ ਦਾ ਕੰਮ ਵੀ ਕੀਤਾ ਜਿਥੇ ਉਨ੍ਹਾਂ ਨੇ ਫਿਲਮ 'ਵਾਪਸੀ ਸਾਜਨ ਕੀ', 'ਜ਼ਰਾ ਸੀ ਭੂਲ' ਅਤੇ ਪੰਜਾਬੀ ਫਿਲਮ 'ਚਿੱਟਾ ਲਹੂ' ਲਈ ਗੀਤ ਲਿਖੇ।




*ਰਾਜ ਕੁਮਾਰ ਆਜ਼ਾਦ ਅਤੇ ਸੰਨੀ ਆਜ਼ਾਦ ਨੂੰ ਯਾਦਗਾਰੀ ਸ਼ਾਲ ਭੇਟ ਕਰਦੇ ਹੋਏ ਵਿਪਸਾਅ ਮੈਂਬਰ ਅਤੇ ਸਹਿਯੋਗੀ।*

ਡਾ. ਸੁਖਵਿੰਦਰ ਕੰਬੋਜ ਨੇ ਆਜ਼ਾਦ ਜਲੰਧਰੀ ਨਾ਼ਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਆਜ਼ਾਦ ਜੀ ਨੇ ਪੰਜਾਬੀ, ਉਰਦੂ ਅਤੇ ਹਿੰਦੀ ਵਿਚ ਅਨੇਕਾਂ ਕਿਤਾਬਾਂ ਲਿਖੀਆਂ। ਉਨ੍ਹਾਂ ਦਾ ਹਿੰਦੀ/ਉਰਦੂ ਕਲਾਮ ਪ੍ਰਸਿੱਧ ਗਾਇਕਾਂ ਜਿਵੇਂ ਅਲਕਾ ਯਾਗਨਿਕ, ਸੁਰੇਸ਼ ਵਾਡੇਕਰ, ਸਾਧਨਾ ਸਰਗਮ, ਭੁਪਿੰਦਰ, ਮੇਤਾਲੀ ਆਦਿ ਵਲੋਂ ਰਿਕਾਰਡ ਕਰਵਾਇਆ ਗਿਆ ਹੈ। ਉਨ੍ਹਾਂ ਨੇ ਗਿਆਨੀ ਜੰਗ ਸਿੰਘ ਨਾ਼ਲ ਮਿ਼ਲ ਕੇ 'ਸਾਹਿਤ ਪਬਲੀਕੇਸ਼ਨ ਟਰੱਸਟ' ਬਣਾਇਆ। ਡਾ. ਬਿਕਰਮ ਸਿੰਘ ਘੁੰਮਣ ਨੇ ਦੋਵਾਂ ਮਿੱਤਰ ਲੇਖਕਾਂ ਦੇ ਜੀਵਨ ਅਤੇ ਸਾਹਿਤ ਰਚਨਾ ਬਾਰੇ 'ਅਭਿਨੰਦਨ ਗ੍ਰੰਥ' ਸੰਪਾਦਿਤ ਕੀਤਾ। ਜਸਵੰਤ ਸਿੰਘ ਸ਼ਾਦ ਨੇ ਕਿਹਾ ਕਿ ਉਹ ਆਜ਼ਾਦ ਜਲੰਧਰੀ ਨੂੰ ਆਪਣੇ ਚਾਚਾ ਸੋਹਣ ਸਿੰਘ ਢੋਲਾ ਸਾਹਿਬ ਦੇ ਘਰ 1992 ਵਿਚ ਮਿਲੇ ਸਨ। ਉਨ੍ਹਾਂ ਦੀ ਸੰਗਤ ਵਿਚੋਂ ਬਹੁਤ ਕੁਝ ਸਿੱਖਣ ਨੂੰ ਮਿਲਿਆ ਅਤੇ ਉਨ੍ਹਾਂ ਦੇ ਬਹੁਤ ਸਾਰੇ ਸ਼ਿਅਰ ਮੰਚ ਸੰਚਾਲਨ ਦੌਰਾਨ ਕੰਮ ਆਉਂਦੇ ਹਨ। ਅਮਰੀਕ ਚੰਦ ਲਾਖਾ ਨੇ ਕਿਹਾ ਕਿ ਆਜ਼ਾਦ ਜੀ ਉਨ੍ਹਾਂ ਦੇ ਵੱਡੇ ਭਰਾ ਵਾਂਗ ਸਨ। ਉਹ ਉਨ੍ਹਾਂ ਦੀ ਸ਼ਾਇਰੀ ਤੋਂ ਇੰਨੇ ਪ੍ਰਭਾਵਿਤ ਸਨ ਕਿ ਉਨ੍ਹਾਂ ਨੇ ਰਾਮ ਮੂਰਤੀ ਨਾ਼ਲ ਮਿਲ ਕੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਕਿਤਾਬੀ ਰੂਪ ਦਿੱਤਾ। ਉਨ੍ਹਾਂ ਦੇ ਬਹੁਤ ਸਾਰੇ ਗੀਤ ਵੀ ਰਿਕਾਰਡ ਕਰਵਾਏ। ਪੰਜਾਬੀ ਦੇ ਨਾਮਵਰ ਗਾਇਕ ਅਨੂਪ ਚੀਮਾ, ਐਚ.ਐਸ. ਭਜਨ, ਸੁਖਦੇਵ ਸਾਹਿਲ ਅਤੇ ਤਰਲੋਕ ਸਿੰਘ ਨੇ ਉਨ੍ਹਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ ਹੈ। ਸੁਰਜੀਤ ਸਖੀ ਨੇ ਕਿਹਾ ਕਿ ਆਜ਼ਾਦ ਵਧੀਆ ਸ਼ਾਇਰ ਅਤੇ ਇਨਸਾਨ ਸਨ। ਰਾਮ ਮੂਰਤੀ ਸਰੋਏ ਨੇ ਵਿਪਸਾਅ ਦਾ ਆਜ਼ਾਦ ਜੀ ਦੀ ਯਾਦ ਵਿਚ ਸਮਾਗਮ ਕਰਵਾਉਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਹਰ ਵਿਸ਼ੇ 'ਤੇ ਲਿਖਿਆ, ਕੀਰਤਨ ਉਨ੍ਹਾਂ ਦੀ ਰੂਹ ਦੀ ਖ਼ੁਰਾਕ ਸੀ। ਲਾਜ ਨੀਲਮ ਸੈਣੀ ਨੇ ਆਜ਼ਾਦ ਦੀਆਂ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ 'ਗਮ ਏ ਹਯਾਤ' ਪੁਸਤਕ ਬਾਰੇ ਲੇਖ ਸਾਂਝਾ ਕਰਦਿਆਂ ਕਿਹਾ ਕਿ ਆਜ਼ਾਦ ਜੀ ਇਸ ਧਰਤੀ 'ਤੇ ਮੁਹੱਬਤ ਦਾ ਬੀਜ ਬੀਜਣਾ ਚਾਹੁੰਦੇ ਸਨ। ਪਿਆਰ ਦਾ ਛੱਟਾ ਦੇਣਾ ਚਾਹੁੰਦੇ ਸਨ।

ਬਲਵੀਰ ਸਿੰਘ ਥਿੰਦ ਨੇ ਕਿਹਾ ਕਿ ਉਹ ਆਜ਼ਾਦ ਜਲੰਧਰੀ ਕੋਲੋਂ ਉਰਦੂ ਲਿਪੀ ਵਿਚ ਲਿਖਿਆ ਸੁਣ ਕੇ ਉਸ ਨੂੰ ਪੰਜਾਬੀ ਵਿਚ ਲਿਖਿਆ ਕਰਦੇ ਸਨ। ਆਜ਼ਾਦ ਦੇ ਦੋਹਤੇ ਸੰਨੀ ਆਜ਼ਾਦ ਨੇ ਕਿਹਾ ਕਿ ਵਿਪਸਾਅ ਵੱਲੋਂ ਉਨ੍ਹਾਂ ਨੂੰ ਇੰਞ ਯਾਦ ਕਰਨਾ, ਉਨ੍ਹਾਂ ਦੀਆਂ ਕਿਤਾਬਾਂ ਦੀ ਗੱਲ ਕਰਨਾ ਬਹੁਤ ਚੰਗਾ ਲੱਗਿਆ। ਕੁਲਵਿੰਦਰ ਨੇ ਪ੍ਰੋਗਰਾਮ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਆਜ਼ਾਦ ਜਲੰਧਰੀ ਦਾ ਬਚਪਨ ਉਸ ਬੜੇ ਪਿੰਡ ਦਾ ਹੈ ਜਿੱਥੋਂ ਦੇ ਲੋਕ ਸ਼ਬਦ ਨਾ਼ਲ ਜੁੜੇ ਹੋਏ ਸਨ। ਉਹ ਗੀਤ, ਪ੍ਰਗੀਤ ਅਤੇ ਛੰਦ ਬੰਦੀ ਨਾ਼ਲ ਜੁੜੇ ਰਹੇ। ਗੀਤਕਾਰੀ ਦੇ ਨਾਲ ਚੰਗੀਆਂ ਗ਼ਜ਼ਲਾਂ ਵੀ ਲਿਖੀਆਂ। ਉਨ੍ਹਾਂ ਦੀ ਸ਼ਾਇਰੀ ਸਮਾਜ ਦੇ ਹੋਰ ਸਰੋਕਾਰਾਂ ਦੇ ਨਾ਼ਲ-ਨਾ਼ਲ ਰੂਹਾਨੀਅਤ ਨਾ਼ਲ ਵੀ ਜੋੜਦੀ ਹੈ।

ਡਾ. ਜਗਤਾਰ ਵੱਲੋਂ ਸੰਪਾਦਿਤ ਗ਼ਜ਼ਲ ਸੰਗ੍ਰਹਿ 'ਬਰਫ਼ ਹੇਠ ਦੱਬੇ ਹਰਫ਼' ਵਿਚ ਆਜ਼ਾਦ ਜਲੰਧਰੀ ਦੀਆਂ ਸੱਤ ਗ਼ਜ਼ਲਾਂ ਸ਼ਾਮਲ ਹਨ। ਕੁਲਵਿੰਦਰ ਨੇ ਆਜ਼ਾਦ ਜਲੰਧਰੀ ਦੇ ਕਈ ਭਾਵਪੂਰਨ ਸ਼ਿਅਰਾਂ ਰਾਹੀਂ ਉਨ੍ਹਾਂ ਦੀ ਪੁਖ਼ਤਾ ਸ਼ਾਇਰੀ ਵੱਲ ਧਿਆਨ ਦਿਵਾਇਆ।

ਇਸ ਉਪਰੰਤ ਵਿਪਸਾਅ ਵੱਲੋਂ ਰਾਜ ਕੁਮਾਰ ਆਜ਼ਾਦ ਅਤੇ ਸੰਨੀ ਆਜ਼ਾਦ ਨੂੰ ਵਿਪਸਾਅ ਯਾਦਗਾਰੀ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਪ੍ਰੋ. ਸੁਖਦੇਵ ਸਿੰਘ, ਵਿਜੇ ਸਿੰਘ, ਪ੍ਰੋ. ਬਲਜਿੰਦਰ ਸਿੰਘ, ਪਰਮਜੀਤ ਰਾਏ, ਰਾਮ ਸਰਨ, ਅਵਤਾਰ ਲਾਖਾ ਨੇ ਸ਼ਿਰਕਤ ਕੀਤੀ।

***ਰਿਪੋਰਟ: ਲਾਜ ਨੀਲਮ ਸੈਣੀ***
***(ਸਾਹਿਤ ਸਕੱਤਰ ਵਿਪਸਾਅ)***
***ਫੋਨ: 510-502-0551***

## ਸੈਕਰਾਮੈਂਟੋ: ਸੀਨੀਅਰ ਖੇਡਾਂ ਵਿਚ ਪੰਜਾਬੀ ਚੋਬਰਾਂ ਨੇ ਹਿੱਸਾ ਲਿਆ

**ਸੈਕਰਾਮੈਂਟੋ:** ਯੂਐਸਏ ਟ੍ਰੈਕ ਐਂਡ ਫੀਲਡ ਆਊਟਡੋਰ ਚੈਂਪੀਅਨਸ਼ਿਪ ਅਮਰੀਕਨ ਰਿਵਰ ਕਾਲਜ ਸਟੇਡੀਅਮ ਸੈਕਰਾਮੈਂਟੋ ਵਿਚ ਹੋਈ, ਜਿਸ ਵਿਚ ਦੁਨੀਆ ਭਰ ਦੇ ਲਗਭਗ 3000 ਪੁਰਸ਼ ਅਤੇ ਮਹਿਲਾ ਅਥਲੀਟਾਂ ਨੇ ਹਿੱਸਾ ਲਿਆ। ਆਸਟ੍ਰੇਲੀਆ, ਯੂਨਾਈਟਿਡ ਕਿੰਗਡਮ, ਆਇਰਲੈਂਡ, ਮੈਕਸੀਕੋ, ਪੇਰੂ ਅਤੇ ਭਾਰਤ ਤੋਂ ਇਲਾਵਾ ਹੋਰ ਦੇਸ਼ਾਂ ਦੇ ਐਥਲੀਟ ਵੀ ਇਸ ਮੀਟ ਦਾ ਹਿੱਸਾ ਬਣੇ। ਇਨ੍ਹਾਂ ਖੇਡਾਂ ਵਿਚ ਪੰਜ ਪੰਜਾਬੀ ਚੋਬਰਾਂ ਨੇ ਵੀ ਹਿੱਸਾ ਲਿਆ।

ਫਰਿਜ਼ਨੋ ਦੇ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿਚ ਕਾਂਸੀ ਦਾ ਤਗਮਾ ਅਤੇ ਵੇਟ ਥਰੋਅ ਵਿਚ ਚੌਥਾ ਸਥਾਨ ਹਾਸਲ ਕੀਤਾ। ਲਾਸ ਏਂਜਲਸ ਇਲਾਕੇ ਦੇ ਬਲਵਿੰਦਰ ਸਿੰਘ ਖਟੜਾ ਨੇ ਜੈਵਲਿਨ ਥਰੋਅ ਵਿਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ ਸੁਖਨੈਨ ਸਿੰਘ ਨੇ ਟ੍ਰਿਪਲ ਜੰਪ ਵਿਚ 5ਵਾਂ ਅਤੇ ਲੰਬੀ ਛਾਲ ਵਿਚ 8ਵਾਂ ਸਥਾਨ ਪ੍ਰਾਪਤ ਕੀਤਾ। ਸੈਲਮਾ ਦੇ ਕੁਲਵੰਤ ਸਿੰਘ ਲੰਬਰ ਜੋ ਕਿ ਪੰਜਾਬ ਤੋਂ ਸੇਵਾਮੁਕਤ ਪੁਲਿਸ ਅਧਿਕਾਰੀ ਵੀ ਹਨ, ਨੇ ਡਿਸਕਸ ਥਰੋਅ ਵਿਚ ਹਿੱਸਾ ਲਿਆ ਅਤੇ ਜੈਵਲਿਨ ਥਰੋਅ ਵਿਚ 8ਵਾਂ ਅਤੇ 5ਵਾਂ ਸਥਾਨ ਪ੍ਰਾਪਤ ਕੀਤਾ। ਇਸ ਟਰੈਕ ਐਂਡ ਫੀਲਡ ਮੁਕਾਬਲੇ ਵਿਚ ਭਾਰਤ ਤੋਂ ਪੰਜਾਬ ਪੁਲੀਸ ਦੇ ਅਧਿਕਾਰੀ ਜਸਪਿੰਦਰ ਸਿੰਘ ਨੇ 100 ਮੀਟਰ ਹਰਡਲਜ਼ ਵਿਚ ਕਾਂਸੀ ਦਾ ਤਗਮਾ ਜਿੱਤਿਆ। – **ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**



## ਪੈਨ ਅਮਰੀਕਨ ਮਾਸਟਰ ਗੇਮਜ਼ ਵਿਚ ਗੁਰਬਖ਼ਸ਼ ਸਿੰਘ ਸਿੱਧੂ ਨੇ ਜਿੱਤਿਆ ਗੋਲਡ ਮੈਡਲ

**ਫਰਿਜ਼ਨੋ:** ਇੱਥੋਂ ਦੇ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ ਨੇ ਕਲੀਵਲੈਂਡ, ਓਹਾਇਓ ਵਿਚ ਪੈਨ ਅਮਰੀਕਨ ਮਾਸਟਰ ਗੇਮਜ਼ 2024 ਵਿਚ ਹਿੱਸਾ ਲਿਆ। ਇਹ ਖੇਡਾਂ 12 ਤੋਂ 21 ਜੁਲਾਈ ਤੱਕ ਹੋਈਆਂ। ਗੁਰਬਖ਼ਸ਼ ਸਿੰਘ ਸਿੱਧੂ ਨੇ 15 ਜੁਲਾਈ ਨੂੰ ਹੋਏ, ਹੈਮਰ ਥਰੋ ਈਵੈਂਟ ਵਿਚ ਹਿੱਸਾ ਲਿਆ ਅਤੇ 35.62 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ। ਇਨ੍ਹਾਂ ਖੇਡਾਂ ਵਿਚ 70 ਦੇਸ਼ਾਂ ਦੇ ਐਥਲੀਟ 24 ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ। ਇਨ੍ਹਾਂ ਖੇਡਾਂ ਲਈ ਅਮਰੀਕਾ, ਕੈਨੇਡਾ, ਯੂ.ਕੇ., ਫਰਾਂਸ, ਜਰਮਨੀ, ਫਿਨਲੈਂਡ, ਮੈਕਸੀਕੋ, ਪੇਰੂ, ਹਾਉਂਡੂਰਾਸ, ਭਾਰਤ ਅਤੇ ਹੋਰ ਦੇਸ਼ਾਂ ਤੋਂ ਲਗਭਗ 4000 ਐਥਲੀਟ ਪਹੁੰਚੇ ਹੋਏ ਹਨ।



# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 7 ਮੈਂਬਰੀ ਸਬ-ਕਮੇਟੀ ਨਿਯੁਕਤ

**ਸ਼ਿਕਾਗੋ:** ਸਿੱਖ ਕੌਮ ਦੀ ਸਰਬਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਜਥੇਦਾਰ ਗਿਆਨੀ ਰਘੁਬੀਰ ਸਿੰਘ ਨੇ ਇੱਥੋਂ ਦੇ ਉੱਘੇ ਬਿਜ਼ਨਸਮੈਨ ਅਮਰ ਕਾਰਪੇਟ ਦੇ ਮਾਲਕ ਸ. ਅਮਰੀਕ ਸਿੰਘ (ਸ਼ਿਕਾਗੋ) ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜੋ ਸਿੱਖ ਗਤੀਵਿਧੀਆਂ ਬਣਾਈ ਇਸ ਕਮੇਟੀ ਵਿਚ ਵਿਸ਼ੇਸ਼ ਤੌਰ 'ਤੇ ਬੀਬੀਆਂ ਨੂੰ ਵੀ ਸਤਿਕਾਰ ਦਿੱਤਾ ਗਿਆ ਹੈ, ਜਿਸ ਤਹਿਤ ਇਸ ਸਬ-ਕਮੇਟੀ ਵਿਚ ਬੀਬੀ ਅਕਾਲ ਤਖ਼ਤ ਸਾਹਿਬ ਨੂੰ ਭੇਜਣਗੇ। ਇਸ ਕਮੇਟੀ ਦੇ ਮੈਂਬਰਾਂ ਨੇ ਪਹਿਲੀ ਮੀਟਿੰਗ ਲੰਘੀ 20 ਜੁਲਾਈ ਨੂੰ ਕੀਤੀ ਅਤੇ ਸਮੂਹ ਮੈਂਬਰਾਂ ਨੇ ਯੋਗਦਾਨ ਪਾ ਸਕਣ। ਮੀਟਿੰਗ ਦੌਰਾਨ ਸਮੂਹ ਮੈਂਬਰ, ਸ. ਜਸਪ੍ਰੀਤ ਸਿੰਘ ਐਡਵੋਕੇਟ (ਕੈਲੀਫੋਰਨੀਆ), ਭਾਈ ਸਵਿੰਦਰ ਸਿੰਘ









ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੇ ਧਾਰਮਿਕ/ਮਰਿਯਾਦਾ ਅਤੇ ਪ੍ਰਬੰਧਕੀ ਮਾਮਲਿਆਂ ਦਾ ਨਿਵਾਰਣ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 7 ਮੈਂਬਰੀ ਸਬ-ਕਮੇਟੀ ਬਣਾਈ ਗਈ ਹੈ। ਸ਼ਿਕਾਗੋ ਦੀ ਸਿੱਖ ਸੰਗਤ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸ ਕਮੇਟੀ ਵਿਚ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ।

ਇਹ ਸਬ-ਕਮੇਟੀ ਗੁਰੂ ਸਾਹਿਬ ਦੀ ਭੈਅ ਭਾਵਨੀ ਵਿਚ ਰਹਿੰਦਿਆਂ ਗੁਰਮਤਿ ਦੀ ਰੌਸ਼ਨੀ ਦੁਆਰਾ ਨਿਰਪੱਖਤਾ ਨਾਲ ਗੁਰੂ ਸਾਹਿਬ ਦੀ ਦਰਸਾਈ ਹੋਈ ਮਰਯਾਦਾ ਅਨੁਸਾਰ ਸੇਵਾ ਨਿਭਾਏਗੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਵਿੰਦਰ ਕੌਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜੋ ਸ਼ਲਾਘਾਯੋਗ ਉਪਰਾਲਾ ਹੈ। ਸਿੰਘ ਸਾਹਿਬ ਵੱਲੋਂ ਵਿਸ਼ੇਸ਼ ਤੌਰ 'ਤੇ ਇਸ ਸਬ-ਕਮੇਟੀ ਦੇ ਕੋਆਰਡੀਨੇਸ਼ਨ ਦੀ ਸੇਵਾ ਭਾਈ ਸਵਿੰਦਰ ਸਿੰਘ ਮੈਰੀਲੈਂਡ ਦੇ ਜ਼ਿੰਮੇ ਲਾਈ ਗਈ ਹੈ, ਜੋ ਸਮੇਂ ਸਮੇਂ 'ਤੇ ਸਾਰੀ ਜਾਣਕਾਰੀ ਸ੍ਰੀ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਸਮੂਹ ਕਮੇਟੀ ਮੈਂਬਰ ਖਾਸਲਾ ਪੰਥ ਦੀਆਂ ਰਹੁ-ਰੀਤਾਂ ਅਨੁਸਾਰ ਪੰਥਕ ਸੇਵਾਵਾਂ ਕਰ ਸਕਣ ਅਤੇ ਅਮਰੀਕਾ ਵਿਚ ਰਹਿੰਦੇ ਸਮੂਹ ਸਿੱਖਾਂ ਦਾ ਆਪਸੀ ਪਿਆਰ ਅਤੇ ਏਕਤਾ ਬਣਾਈ ਰੱਖਣ ਵਿਚ ਆਪਣਾ (ਮੈਰੀਲੈਂਡ), ਭਾਈ ਰਣਜੀਤ ਸਿੰਘ (ਨਿਊਯਾਰਕ), ਬੀਬੀ ਗੁਰਵਿੰਦਰ ਕੌਰ (ਵਰਜੀਨੀਆ), ਬਾਬਾ ਮੁਖਤਿਆਰ ਸਿੰਘ ਮੁਖੀ (ਇੰਡੀਆਨਾ), ਸ. ਅਜੈਪਾਲ ਸਿੰਘ (ਨਿਊਯਾਰਕ) ਅਤੇ ਸ. ਅਮਰੀਕ ਸਿੰਘ (ਸ਼ਿਕਾਗੋ) ਸ਼ਾਮਲ ਹੋਏ।

# ਹਿੰਦੂ ਟੈਂਪਲ ਸ਼ਿਕਾਗੋ ਵਲੋਂ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਡਾ. ਭਰਤ ਬਰਾਇ ਦਾ ਸਨਮਾਨ


–ਤਸਵੀਰ: ਮੋਹਿੰਦਰ ਰਕਾਲਾ

ਸਨਮਾਨ ਹਾਸਲ ਕਰਦੇ ਹੋਏ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਉਨ੍ਹਾਂ ਦੀ ਪਤਨੀ ਡੈਬਰਾ ਧਾਲੀਵਾਲ।

**ਸ਼ਿਕਾਗੋ:** ਦਿ ਹਿੰਦੂ ਟੈਂਪਲ ਆਫ ਗਰੇਟਰ ਸ਼ਿਕਾਗੋ ਵਲੋਂ 21 ਜੁਲਾਈ, ਐਤਵਾਰ ਨੂੰ ਸਾਮਾ ਰਾਠੀ ਆਡੀਟੋਰੀਅਮ ਵਿਚ ਉਘੇ ਬਿਜ਼ਨਸਮੈਨ ਅਤੇ ਪਰਵਾਸੀ ਭਾਰਤੀ ਸਨਮਾਨ ਜੇਤੂ ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਡਾ. ਭਰਤ ਬਰਾਇ ਵਲੋਂ ਸਮਾਜ ਲਈ ਕੀਤੇ ਕੰਮਾਂ ਕਰਕੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।

ਇਸ ਪ੍ਰੋਗਰਾਮ ਵਿਚ ਸ਼ਿਕਾਗੋ ਵਿਚ ਕੌਂਸਲ ਜਨਰਲ ਆਫ ਇੰਡੀਆ ਸ੍ਰੀ ਸੋਮਨਾਥ ਘੋਸ਼, ਵਿਵੇਕਾਨੰਦ ਵੇਦਾਂਤਾ ਸੁਸਾਇਟੀ ਦੇ ਸਵਾਮੀ ਇਸ਼ਟਮਾਨੰਦ, ਚਿਨਮਯ ਮਿਸ਼ਨ ਬਦਰੀ ਦੇ ਸਵਾਮੀ ਸ਼ਰਨਾਨੰਦ ਅਤੇ ਸਾਊਦੀ ਅਰਬ ਦੇ ਸਾਬਕਾ ਅੰਬੈਸੇਡਰ ਆਸਫ ਸੱਯਦ ਨੇ ਖਾਸ ਤੌਰ 'ਤੇ ਸ਼ਮੂਲੀਅਤ ਕਰ ਕੇ ਪ੍ਰੋਗਰਾਮ ਦੀ ਸ਼ਾਨ ਵਿਚ ਵਾਧਾ ਕੀਤਾ। ਇਸ ਪ੍ਰੋਗਰਾਮ ਦੇ ਹੋਸਟ ਐਵਾਰਡ ਜੇਤੂ ਸਟੈਂਡਅੱਪ ਕਾਮੇਡੀਅਨ ਰੀਆ ਹਰਸੂਰ ਸਨ, ਜਿਨ੍ਹਾਂ ਨੇ ਆਪਣੇ ਵੱਖਰੇ ਅੰਦਾਜ਼ ਨਾਲ ਮੁੱਖ ਸ਼ਖਸੀਅਤਾਂ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ। ਪ੍ਰੋਗਰਾਮ ਦੌਰਾਨ ਵੱਖ-ਵੱਖ ਵਿਸ਼ਿਆਂ ਬਾਰੇ ਸੁਚਾਰੂ ਗੱਲਬਾਤ ਕੀਤੀ ਗਈ, ਅਤੇ ਦਰਸ਼ਕਾਂ ਦੇ ਮਨੋਰੰਜਨ ਲਈ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ। ਹਾਜ਼ਰੀਨ ਲਈ ਸੁਆਦੀ ਡਿਨਰ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਪ੍ਰੋਗਰਾਮ ਵਿਚ ਅਮਰੀਸ਼ ਮਹਾਜਨ, ਚੇਅਰ ਵੀਐੱਸਸੀ ਐਡਹਾਕ ਕਮੇਟੀ ਦਾ ਖਾਸ ਯੋਗਦਾਨ ਰਿਹਾ।


ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746


Corporate NMLS# 68434
AZ License# BK-0945946
Sistar Mortgage
A Nationwide Lender
Balbir (Bill) Grewal
MORTGAGE LOAN OFFICER
NMLS# 353442
Over 2 Decades of experience providing high level servicing for new and experienced borrowers!
Residential and Commercial Loans
Available In Most States!
Special loan programs for:
- Jumbo Loans
- Self Employed and with a work permit
- Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency Call anytime at
847-436-9010

EARLY BIRD SALE!!!!
Etihad, Air India, KLM, Lufthansa, Delta, Qatar Airlines.
Domestic fares available


# Matrimonials

## ਲੜਕੀ ਦੀ ਲੋੜ ਹੈ

Arora family seeks a compatible match for their 32 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133 (whatsapp) or Email at: tejveeraroras@gmail.com 30-33

Ahluwalia family seeks a compatible match for their 37 years, 5'8" handsome turbaned son. Boy has done Post graduate & working as an IT engineer in reputed company near New York. His Green card is under process. IT professional preferred. Please Contact us at +1 3158496562, 91 8860131363 (whatsapp) or Email at: richiewalia@gmail.com 28-31

Khatri Sikh family residing in USA looking for a compatible Sikh match from USA, Canada or India for their US citizen Turbaned son, 1984 born, 5'10", never married, BS & MS (USA), working as an Engineer in North Carolina. Caste no bar. Serious enquiries only. Please contact us with complete details and picture at WhatsApp +1-630-290-1375 or sanjogmatri27@gmail.com 27-30

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773. 25-28

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ well qualified ਅੰਮ੍ਰਿਤਧਾਰੀ ਲੜਕੇ, ਉਮਰ 36 ਸਾਲ, ਕੱਦ 5'11" ਅਮਰੀਕਾ ਤੋਂ masters ਡਿਗਰੀ ਹੋਲਡਰ, Software Engineering Product Manager ਦੀ ਵਧੀਆ ਜੌਬ ਕਰਦਾ ਹੈ। Well settled, San Francisco Bay Area, USA ਵਿਚ ਆਪਣਾ ਘਰ ਹੈ ਅਤੇ innocent issueless divorcee ਹੈ, ਲੜਕੇ ਲਈ ਅਮਰੀਕਾ/ਕੈਨੇਡਾ ਤੋਂ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਵਧੇਰੇ ਜਾਣਕਾਰੀ ਲਈ ਕਾਲ ਕਰੋ: +1 510-281-7065/what's app on +91 9899379442 or E-mail: cjsingh55@gmail.com 25-28

Jatt Sikh family seeks a suitable match in the USA/Canada for their Amritdhari boy (work permit in Canada), 30, 5'11" tall, residing in Surrey. Please contact: 98768-65849 24-27

Saini family (Belongs to Hoshiarpur) looking for a suitable match for their 28, 5'5" son, Masters in Bio tech. Boy is Working as Research professional in Stanford University. Please call to his Uncle at: 510-557-6988 23-26

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 32-year-old, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago with her two dogs. Please contact with details at surjitkaur1937@outlook.com or 312-380-2714. 27-30

ਅਮਰੀਕਾ ਵਿਚ ਪੱਕੀ (ਸਿਟੀਜ਼ਨਸ਼ਿਪ ਅਪਲਾਈ) ਅੰਮ੍ਰਿਤਧਾਰੀ ਲੜਕੀ, ਉਮਰ 41 ਸਾਲ, 5'3", ਲਈ ਅਮਰੀਕਾ ਵਿਚ ਕੱਚੇ/ਪੱਕੇ, ਬਿਨਾ ਪੇਪਰਜ਼ ਤੋਂ ਰਹਿ ਰਹੇ, ਐੱਚ 1 ਵੀਜ਼ਾ ਹੋਲਡਰ ਉਮਰ ਲਗਭਗ 38-45 ਵਿਚਕਾਰ ਹੋਵੇ, ਅੰਮ੍ਰਿਤਧਾਰੀ ਜਾਂ ਅੰਮ੍ਰਿਤ ਜਲਦੀ ਛਕ ਸਕਦਾ ਹੋਵੇ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: +1 734 968 1195 (ਨਿਊਯਾਰਕ ਟਾਈਮ ਅਨੁਸਾਰ) ਜਾਂ +91 788885 22328 'ਤੇ ਬਾਇਓਡਾਟਾ ਫ਼ੋਟੋ ਸਮੇਤ ਭੇਜਣ। 27-30

Jatt Sikh family seeks a suitable match for their divorced girl (no kids) 32, 5'6" tall. Working as a journalist in a prominant newspaper. Please contact: +91-70093-82989

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2", residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com 17-20

# ਆਮ ਆਦਮੀ ਪਾਰਟੀ ਨੇ ਹਰਿਆਣਾ ਵਿਚ ਚੋਣ ਬਿਗੁਲ ਵਜਾਇਆ

**ਚੰਡੀਗੜ੍ਹ:** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਚੋਣ ਅਧਾਰਿਤ ਸੂਬੇ ਹਰਿਆਣਾ ਲਈ 'ਕੇਜਰੀਵਾਲ ਦੀਆਂ ਪੰਜ ਗਾਰੰਟੀਆਂ' ਦਾ ਐਲਾਨ ਕੀਤਾ। ਇਨ੍ਹਾਂ ਗਾਰੰਟੀਆਂ ਵਿਚ ਮੁਫ਼ਤ ਬਿਜਲੀ, ਮੁਫ਼ਤ ਇਲਾਜ, ਮੁਫ਼ਤ ਸਿੱਖਿਆ, ਸੂਬੇ ਦੀ ਹਰ ਮਹਿਲਾ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣਾ ਤੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣਾ ਸ਼ਾਮਲ ਹੈ।




ਇਸ ਸਾਲ ਦੇ ਅੰਤ 'ਚ ਹਰਿਆਣਾ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਪੰਚਕੂਲਾ 'ਚ ਕੇਜਰੀਵਾਲ ਦੀਆਂ ਪੰਜ ਗਾਰੰਟੀਆਂ ਦੇ ਐਲਾਨ ਸਮੇਂ ਸੁਨੀਤਾ ਕੇਜਰੀਵਾਲ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਤੇ ਸੀਨੀਅਰ ਆਗੂ ਸੰਦੀਪ ਪਾਠਕ ਵੀ ਹਾਜ਼ਰ ਸਨ। ਇੱਥੋਂ ਦੇ ਇੰਦਰਧਨੁਸ਼ ਸਟੇਡੀਅਮ 'ਚ ਕਰਵਾਏ ਗਏ ਸਮਾਗਮ ਦੌਰਾਨ ਹਰਿਆਣਾ ਵਿਧਾਨ ਸਭਾ ਚੋਣਾਂ 'ਚ 'ਆਪ' ਲਈ ਲੋਕਾਂ ਤੋਂ ਹਮਾਇਤ ਮੰਗਦਿਆਂ ਸੁਨੀਤਾ ਕੇਜਰੀਵਾਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨੇ ਉਤੇ ਲਿਆ ਅਤੇ ਉਨ੍ਹਾਂ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ 'ਚ ਡੱਕਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਹ (ਮੋਦੀ) ਉਨ੍ਹਾਂ (ਕੇਜਰੀਵਾਲ) ਦੇ ਕੰਮਾਂ ਤੋਂ ਈਰਖਾ ਕਰਦੇ ਹਨ। ਆਪਣੇ ਪਤੀ ਨੂੰ 'ਹਰਿਆਣਾ ਦਾ ਲਾਲ' ਕਰਾਰ ਦਿੰਦਿਆਂ ਉਨ੍ਹਾਂ ਲੋਕਾਂ ਨੂੰ ਕਿਹਾ ਕਿ ਇਕ ਵੀ ਸੀਟ ਭਾਜਪਾ ਨੂੰ ਨਹੀਂ ਮਿਲਣੀ ਚਾਹੀਦੀ। ਸੁਨੀਤਾ ਨੇ ਕਿਹਾ ਕਿ ਇਹ ਕੇਜਰੀਵਾਲ ਬਾਰੇ ਨਹੀਂ ਹੈ ਬਲਕਿ ਇਹ ਹਰਿਆਣਾ ਦੇ ਸਨਮਾਨ ਬਾਰੇ ਹੈ। ਕੇਜਰੀਵਾਲ ਦੀ ਗਾਰੰਟੀ ਬਾਰੇ ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਸੱਤਾ 'ਚ ਆਈ ਤਾਂ ਘਰੇਲੂ ਸ਼੍ਰੇਣੀ ਲਈ ਮੁਫ਼ਤ ਬਿਜਲੀ ਹੋਵੇਗੀ ਅਤੇ ਸੂਬੇ 'ਚ 24 ਘੰਟੇ ਬਿਜਲੀ ਮੁਹੱਈਆ ਹੋਵੇਗੀ। ਉਨ੍ਹਾਂ ਕਿਹਾ ਕਿ ਦਿੱਲੀ ਤੇ ਪੰਜਾਬ ਦੀ ਤਰ੍ਹਾਂ ਹਰਿਆਣਾ 'ਚ ਵੀ ਮੁਹੱਲਾ ਕਲੀਨਿਕ ਹੋਣਗੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੀ ਸਥਿਤੀ 'ਚ ਵੀ ਸੁਧਾਰ ਕੀਤਾ ਜਾਵੇਗਾ ਜਿੱਥੇ ਚੰਗੀ ਤੇ ਮੁਫ਼ਤ ਸਿੱਖਿਆ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ, 'ਹਰ ਮਹਿਲਾ ਨੂੰ ਪ੍ਰਤੀ ਮਹੀਨਾ ਇਕ ਹਜ਼ਾਰ ਰੁਪਏ ਮਿਲਣਗੇ।' ਉਨ੍ਹਾਂ ਕਿਹਾ ਕਿ ਇਸ ਨੂੰ ਜਲਦੀ ਹੀ ਦਿੱਲੀ ਤੇ ਪੰਜਾਬ 'ਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਰ ਬੇਰੁਜ਼ਗਾਰ ਨੌਜਵਾਨ ਨੂੰ ਰੁਜ਼ਗਾਰ ਦੇਵੇਗੀ। ਉਨ੍ਹਾਂ 'ਸਿੱਖਿਆ ਮਾਫੀਆ' ਨੂੰ ਖ਼ਤਮ ਕਰਨ ਦਾ ਵੀ ਵਾਅਦਾ ਕੀਤਾ। ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਸੇ ਨੇ ਇਹ ਸੁਫ਼ਨੇ 'ਚ ਵੀ ਨਹੀਂ ਸੋਚਿਆ ਹੋਵੇਗਾ ਕਿ ਕੇਜਰੀਵਾਲ ਇਕ ਦਿਨ ਦੇਸ਼ ਦੀ ਰਾਜਧਾਨੀ 'ਚ ਰਾਜ ਕਰਨਗੇ।

ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਹਸਪਤਾਲਾਂ ਤੇ ਸਕੂਲਾਂ ਦੀ ਹਾਲਤ ਸੁਧਾਰੀ, ਮੁਹੱਲਾ ਕਲੀਨਿਕ ਖੋਲ੍ਹੇ ਤੇ ਮੁਫ਼ਤ ਬਿਜਲੀ ਦਿੱਤੀ। ਉਨ੍ਹਾਂ ਦੋਸ਼ ਲਾਇਆ, 'ਅਜਿਹੇ ਕੰਮ ਸਿਰਫ਼ 'ਹਰਿਆਣਾ ਦਾ ਲਾਲ' ਹੀ ਕਰ ਸਕਦਾ ਹੈ। ਇਸ ਕਾਰਨ ਮੋਦੀ ਉਨ੍ਹਾਂ ਨਾਲ ਈਰਖਾ ਕਰਦੇ ਹਨ। ਉਹ ਅਜਿਹੇ ਕੰਮ ਨਹੀਂ ਕਰ ਸਕਦੇ। ਉਨ੍ਹਾਂ ਦੇ ਕੰਮ ਰੋਕਣ ਲਈ ਮੋਦੀ ਨੇ ਕੇਜਰੀਵਾਲ ਨੂੰ ਫਰਜ਼ੀ ਮਾਮਲੇ ਵਿੱਚ ਜੇਲ੍ਹ ਭੇਜ ਦਿੱਤਾ।' ਸਮਾਗਮ ਦੌਰਾਨ ਸੰਜੇ ਸਿੰਘ ਨੇ ਕਿਹਾ ਕਿ ਇਹ ਲੜਾਈ ਸੱਚ ਅਤੇ ਝੂਠ ਵਿਚਕਾਰ ਹੈ। ਇਹ ਅਰਵਿੰਦ ਕੇਜਰੀਵਾਲ ਦੀ ਗਾਰੰਟੀ ਹੈ ਅਤੇ ਅਰਵਿੰਦ ਕੇਜਰੀਵਾਲ ਉਹ ਵਿਅਕਤੀ ਹਨ ਜੋ ਜਿਹੜੇ ਵਾਅਦੇ ਕਰਦੇ ਹਨ, ਉਸ ਤੋਂ ਵੱਧ ਪੂਰੇ ਕਰਦੇ ਹਨ ਤੇ ਦਿੱਲੀ ਇਸ ਦੀ ਮਿਸਾਲ ਹੈ।

## ਸਾਰੇ ਵਿਧਾਨ ਸਭਾ ਹਲਕਿਆਂ 'ਚ ਖੜ੍ਹੇ ਕੀਤੇ ਜਾਣਗੇ ਉਮੀਦਵਾਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਹਰਿਆਣਾ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪਾਰਟੀ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੰਜੈ ਸਿੰਘ ਤੇ ਡਾ. ਸੰਦੀਪ ਪਾਠਕ ਨੇ ਇਹ ਦਾਅਵਾ ਕੀਤਾ ਹੈ। 'ਆਪ' ਆਗੂਆਂ ਨੇ ਹਰਿਆਣਾ ਵਿਚ ਅਕਤੂਬਰ ਮਹੀਨੇ ਹੋਣ ਵਾਲੀਆਂ ਅਸੈਂਬਲੀ ਚੋਣਾਂ ਲਈ ਚੋਣ ਮੁਹਿੰਮ ਦਾ ਆਗਾਜ਼ ਕਰਦਿਆਂ 'ਬਦਲੇਂਗੇ ਹਰਿਆਣਾ ਕਾ ਹਾਲ, ਅਬ ਲਾਏਂਗੇ ਕੇਜਰੀਵਾਲ' ਦਾ ਨਾਅਰਾ ਦਿੱਤਾ। ਉਨ੍ਹਾਂ ਕਿਹਾ ਕਿ 'ਆਪ' ਹਰਿਆਣਾ ਵਿਚ ਇਸੇ ਨਾਅਰੇ 'ਤੇ ਚੋਣਾਂ ਲੜੇਗੀ।

## ਰਾਜਨੀਤੀ ਸਾਡੇ ਲਈ ਵਪਾਰ ਨਹੀਂ: ਭਗਵੰਤ ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੇ ਜਨਤਾ ਦੀ ਸੇਵਾ ਕਰਨ ਲਈ ਇਨਕਮ ਟੈਕਸ ਵਿਭਾਗ ਦੀ ਨੌਕਰੀ ਛੱਡ ਦਿੱਤੀ। ਉਨ੍ਹਾਂ ਕਿਹਾ, 'ਅਸੀਂ ਰਾਜਨੀਤੀ ਨੂੰ ਵਪਾਰ ਨਹੀਂ ਸਮਝਦੇ, ਇਹ ਕਿੱਤਾ ਨਹੀਂ ਸਗੋਂ ਜਨੂੰਨ ਹੈ। ਜੇਕਰ ਦੂਜੀਆਂ ਪਾਰਟੀਆਂ ਦੇ ਆਗੂ ਸਹੀ ਸਨ ਤਾਂ ਸਾਨੂੰ ਪਾਰਟੀ ਬਣਾਉਣ ਦੀ ਕੋਈ ਲੋੜ ਨਹੀ ਸੀ।'

# ਰਾਸ਼ਟਰਪਤੀ ਵੱਲੋਂ ਯੂਨੀਵਰਸਿਟੀ ਸੋਧ ਬਿੱਲ ਵਾਪਸ ਮੋੜਨ 'ਤੇ ਸਿਆਸਤ ਭਖੀ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਵੱਲੋਂ ਭੇਜੇ ਗਏ 'ਪੰਜਾਬ ਯੂਨੀਵਰਸਿਟੀ ਲਾਅਜ਼ (ਸੋਧ) ਬਿੱਲ-2023' ਨੂੰ ਰਾਸ਼ਟਰਪਤੀ ਵੱਲੋਂ ਮਨਜ਼ੂਰੀ ਦੇਣ ਤੋਂ ਇਨਕਾਰ ਕਰਨ ਦੇ ਮੁੱਦੇ 'ਤੇ ਸਿਆਸਤ ਲਗਾਤਾਰ ਗਰਮਾਉਂਦੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਲੋਕਤੰਤਰ ਵਿਚ ਵਾਧੂ ਤਾਕਤਾਂ 'ਸਿਲੈਕਟਿਡ' (ਚੋਣਵਿਆਂ) ਦੇ ਹੱਥ ਨਹੀਂ ਬਲਕਿ 'ਇਲੈਕਟਿਡ' (ਚੁਣੇ ਹੋਏ ਨੁਮਾਇੰਦਿਆਂ) ਦੇ ਹੱਥ ਹੋਣੀਆਂ ਚਾਹੀਦੀਆਂ ਹਨ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਯੂਨੀਵਰਸਿਟੀਆਂ ਦਾ ਵਾਈਸ ਚਾਂਸਲਰ ਲਗਾਉਣ ਲਈ ਸੂਬਾ ਸਰਕਾਰ ਵੱਲੋਂ ਤਿੰਨ ਅਧਿਕਾਰੀਆਂ ਦਾ ਪੈਨਲ ਪਹਿਲਾਂ ਰਾਜਪਾਲ ਕੋਲ ਭੇਜਿਆ ਜਾਂਦਾ ਹੈ, ਜਿਸ ਵਿਚੋਂ ਰਾਜਪਾਲ ਇਕ ਦੀ ਚੋਣ ਕਰਦਾ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀਆਂ ਦਾ ਚਾਂਸਲਰ ਮੁੱਖ ਮੰਤਰੀ ਨੂੰ ਹੋਣਾ ਚਾਹੀਦਾ ਹੈ, ਜੋ ਕਿ ਸਿੱਧੇ ਤੌਰ 'ਤੇ ਵਾਈਸ ਚਾਂਸਲਰ ਦੀ ਚੋਣ ਕਰ ਸਕਦਾ ਹੋਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰੇਕ ਬਿੱਲ ਰਾਜਪਾਲ ਕੋਲ ਮਨਜ਼ੂਰੀ ਲੈਣ ਲਈ ਭੇਜਿਆ ਜਾਂਦਾ ਹੈ। ਜਿਹੜੇ ਬਿੱਲ ਨੂੰ ਰਾਜਪਾਲ ਨੇ ਮਨਜ਼ੂਰ ਨਹੀਂ ਕਰਨਾ ਹੁੰਦਾ ਹੈ, ਉਸ ਬਿੱਲ ਨੂੰ ਰਾਜਪਾਲ ਰਾਸ਼ਟਰਪਤੀ ਕੋਲ ਭੇਜ ਦਿੰਦਾ ਹੈ। ਅੱਗੇ ਰਾਸ਼ਟਰਪਤੀ ਤਿੰਨ-ਚਾਰ ਮਹੀਨੇ ਆਪਣੇ ਕੋਲ ਰੱਖਣ ਤੋਂ ਬਾਅਦ ਬਿੱਲ ਨੂੰ ਬਿਨਾਂ ਮਨਜ਼ੂਰ ਕੀਤੇ ਵਾਪਸ ਭੇਜ ਦਿੰਦਾ ਹੈ।



ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਅਜਿਹਾ ਬਿੱਲ ਪਾਸ ਕਰ ਕੇ ਰਾਜਪਾਲ ਕੋਲ ਭੇਜਿਆ ਸੀ। ਉਸ ਬਿੱਲ ਦਾ ਹਸ਼ਰ ਵੀ ਪੰਜਾਬ ਵਾਲਾ ਹੋਇਆ ਸੀ। ਇਸ ਮੌਕੇ ਮੁੱਖ ਮੰਤਰੀ ਤੋਂ ਐਸ.ਵਾਈ.ਐਲ. ਦੇ ਮੁੱਦੇ 'ਤੇ ਕੁਝ ਵੀ ਕਹਿਣ ਤੋਂ ਨਾਂਹ ਕਰ ਦਿੱਤੀ। ਐਨ.ਐਚ.ਏ.ਆਈ. ਦੇ ਮੁੱਦੇ 'ਤੇ ਮਾਨ ਨੇ ਕਿਹਾ ਕਿ ਸੂਬੇ ਵਿਚ 2-3 ਥਾਵਾਂ 'ਤੇ ਜ਼ਮੀਨ ਐਕੁਆਇਰ ਕਰਨ ਵਿਚ ਦਿੱਕਤ ਆਈ ਹੈ, ਉਸ ਬਾਰੇ ਗੱਲਬਾਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਜਲਦ ਹੀ ਹੱਲ ਕਰ ਲਿਆ ਜਾਵੇਗਾ।

## ਅੰਮ੍ਰਿਤਸਰ ਹਵਾਈ ਅੱਡੇ 'ਤੇ ਬਜ਼ੁਰਗ ਕੋਲੋਂ 50 ਲੱਖ ਦਾ ਸੋਨਾ ਬਰਾਮਦ

**ਅੰਮ੍ਰਿਤਸਰ:** ਇਟਲੀ ਤੋਂ ਆਈ ਬਜ਼ੁਰਗ ਕੋਲੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਪੰਜਾਹ ਲੱਖ ਦਾ ਸੋਨਾ ਬਰਾਮਦ ਹੋਇਆ ਹੈ। ਹਵਾਈ ਅੱਡੇ ਦੇ ਅਧਿਕਾਰੀਆਂ ਅਨੁਸਾਰ ਬਜ਼ੁਰਗ ਮਹਿਲਾ ਯਾਤਰੀ ਦੀ ਸ਼ੱਕ ਪੈਣ 'ਤੇ ਜਾਂਚ ਕੀਤੀ ਗਈ। ਇਸ ਦੌਰਾਨ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਸਾਢੇ ਛੇ ਸੌ ਗਰਾਮ ਤੋਂ ਵੱਧ ਸੋਨਾ ਬਰਾਮਦ ਕੀਤਾ ਜਿਸ ਦੀ ਕੀਮਤ 50 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ। ਕਸਟਮ ਵਿਭਾਗ ਵਲੋਂ ਸੋਨਾ ਜ਼ਬਤ ਕਰ ਲਿਆ ਹੈ ਤੇ ਯਾਤਰੀ 'ਤੇ ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਗੋਲਡੀ ਬਰਾੜ ਤੇ ਨੌਂ ਹੋਰਾਂ ਖਿਲਾਫ ਚਾਰਜਸ਼ੀਟ ਦਾਖਲ

**ਚੰਡੀਗੜ੍ਹ:** ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਨੇ ਚੰਡੀਗੜ੍ਹ ਵਿਚ ਫਿਰੌਤੀ ਦੇ ਇਕ ਮਾਮਲੇ 'ਚ ਕੈਨੇਡਾ ਆਧਾਰਿਤ ਅਤਿਵਾਦੀ ਗੋਲਡੀ ਬਰਾੜ ਸਣੇ 10 ਮੁਲਜ਼ਮਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਹੈ। ਐਨ.ਆਈ.ਏ. ਨੇ ਇਕ ਬਿਆਨ ਵਿਚ ਕਿਹਾ ਕਿ ਚਾਰਜਸ਼ੀਟ 'ਚ ਨਾਮਜ਼ਦ ਮੁਲਜ਼ਮਾਂ ਵਿਚੋਂ ਗੋਲਡੀ ਬਰਾੜ ਸਣੇ ਦੋ ਮੁਲਜ਼ਮ ਫਰਾਰ ਹਨ।



ਗੋਲਡੀ ਬਰਾੜ ਨੂੰ ਇਸ ਕੇਸ ਵਿਚ ਮੁੱਖ ਸਾਜ਼ਿਸ਼ਘਾੜੇ ਵਜੋਂ ਨਾਮਜ਼ਦ ਕੀਤਾ ਗਿਆ ਹੈ ਅਤੇ ਉਸ ਖ਼ਿਲਾਫ਼ ਭਾਰਤ ਵਿਚ ਅਤਿਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਇਕ ਅਤਿਵਾਦੀ ਗਰੋਹ ਬਣਾਉਣ ਦਾ ਦੋਸ਼ ਲਾਇਆ ਗਿਆ ਹੈ। ਜਾਂਚ ਏਜੰਸੀ ਨੇ ਦੱਸਿਆ ਕਿ ਗੋਲਡੀ ਬਰਾੜ ਦੇ ਕਰੀਬੀ ਸਾਥੀ ਗੁਰਪ੍ਰੀਤ ਸਿੰਘ ਉਰਫ਼ ਗੋਲਡੀ ਢਿੱਲੋਂ ਨੂੰ ਵੀ ਇਸ ਮਾਮਲੇ 'ਚ ਸਹਿ-ਸਾਜ਼ਿਸ਼ਘਾੜੇ ਵਜੋਂ ਨਾਮਜ਼ਦ ਕੀਤਾ ਗਿਆ ਹੈ ਅਤੇ ਉਹ ਇਸ ਵੇਲੇ ਫ਼ਰਾਰ ਹੈ।

ਚੰਡੀਗੜ੍ਹ ਵਿਚ ਇਸ ਸਾਲ 19 ਜਨਵਰੀ ਨੂੰ ਗੋਲਡੀ ਬਰਾੜ ਦੇ ਸਾਥੀਆਂ ਨੇ ਇਕ ਕਾਰੋਬਾਰੀ ਦੇ ਘਰ 'ਤੇ ਹਮਲਾ ਕਰਦਿਆਂ ਗੋਲੀਬਾਰੀ ਕੀਤੀ ਸੀ। ਐਨ.ਆਈ.ਏ. ਨੇ ਕਿਹਾ, ''ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਨੇ ਇਸ ਤੋਂ ਪਹਿਲਾਂ ਕਾਰੋਬਾਰੀ ਕੋਲੋਂ ਫਿਰੌਤੀ ਮੰਗੀ ਸੀ।'' ਐਨ.ਆਈ.ਏ. ਨੇ 8 ਮਾਰਚ ਨੂੰ ਚੰਡੀਗੜ੍ਹ ਕੋਲੋਂ ਇਹ ਕੇਸ ਆਪਣੇ ਹੱਥ ਵਿਚ ਲਿਆ ਸੀ। ਚਾਰਜਸ਼ੀਟ ਵਿਚ ਨਾਮਜ਼ਦ ਹੋਰ ਮੁਲਜ਼ਮਾਂ ਦੀ ਪਛਾਣ ਗੁਰਵਿੰਦਰ ਸਿੰਘ ਉਰਫ਼ ਲਾਡੀ, ਕਾਸ਼ੀ ਸਿੰਘ ਉਰਫ਼ ਹੈਰੀ, ਸ਼ੁਭਮ ਕੁਮਾਰ ਗਿਰੀ ਉਰਫ਼ ਪੰਡਿਤ, ਅੰਮ੍ਰਿਤਪਾਲ ਸਿੰਘ ਉਰਫ਼ ਗੁੱਜਰ, ਕਮਲਪ੍ਰੀਤ ਸਿੰਘ, ਪ੍ਰੇਮ ਸਿੰਘ, ਸਰਬਜੀਤ ਸਿੰਘ ਉਰਫ਼ ਸਰਬੂ ਅਤੇ ਗਗਨਦੀਪ ਸਿੰਘ ਉਰਫ਼ ਗੋਲਡੀ ਵਜੋਂ ਹੋਈ ਹੈ।

# ਬਿਕਰਮ ਸਿੰਘ ਮਜੀਠੀਆ 'ਸਿਟ' ਅੱਗੇ ਨਹੀਂ ਹੋਏ ਪੇਸ਼

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਪਟਿਆਲਾ ਵਿਚ ਵਿਸ਼ੇਸ਼ ਜਾਂਚ ਕਮੇਟੀ (ਸਿਟ) ਅੱਗੇ ਪੇਸ਼ ਨਹੀਂ ਹੋਏ। ਮਜੀਠੀਆ ਨੇ ਪਟਿਆਲਾ ਦੀ 'ਸਿਟ' ਨੂੰ ਭੇਜੇ ਜਵਾਬ ਵਿਚ ਕਿਹਾ ਕਿ ਉਨ੍ਹਾਂ ਦੀ ਰੈਗੂਲਰ ਜ਼ਮਾਨਤ ਸਬੰਧੀ ਸੁਪਰੀਮ ਕੋਰਟ ਵਿਚ ਸੁਣਵਾਈ ਹੈ। ਉਨ੍ਹਾਂ ਆਪਣਾ ਕੇਸ ਸੁਪਰੀਮ ਕੋਰਟ ਵਿਚ ਪੇਸ਼ ਕਰਨ ਦੀ ਤਿਆਰੀ ਕਰਨੀ ਹੈ ਜਿਸ ਲਈ ਉਹ ਨਵੀਂ ਦਿੱਲੀ ਵਿਚ ਹਨ।



ਇਸ ਤੋਂ ਪਹਿਲਾਂ ਵੀ ਬਿਕਰਮ ਸਿੰਘ ਮਜੀਠੀਆ ਨੂੰ ਜਾਂਚ ਲਈ ਬੁਲਾਇਆ ਗਿਆ ਸੀ, ਪਰ ਉਨ੍ਹਾਂ ਅੰਮ੍ਰਿਤਸਰ ਵਿਚ ਦਾਇਰ ਕੇਸ ਦੀ ਸੁਣਵਾਈ ਕਾਰਨ 'ਸਿਟ' ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਮਗਰੋਂ ਉਨ੍ਹਾਂ ਨੂੰ ਮੁੜ 20 ਜੁਲਾਈ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਗਏ ਸਨ, ਪਰ ਉਹ ਪੇਸ਼ ਨਹੀਂ ਹੋਏ। ਮਜੀਠੀਆ ਦੇ ਵਕੀਲ ਦਮਨਬੀਰ ਸਿੰਘ ਸੋਬਤੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਕੰਟਰੋਲ ਹੇਠਲੀ 'ਸਿਟ' ਤੋਂ ਨਿਰਪੱਖ ਜਾਂਚ ਦੀ ਆਸ ਨਹੀਂ ਰੱਖੀ ਜਾ ਸਕਦੀ।

ਪੁਲਿਸ ਨੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਇਹ ਕੇਸ ਤਿੰਨ ਸਾਲ ਪਹਿਲਾਂ ਕਾਂਗਰਸ ਸਰਕਾਰ ਵੇਲੇ 20 ਦਸੰਬਰ 2021 ਨੂੰ ਦਰਜ ਕੀਤਾ ਸੀ ਜਿਸ ਮਗਰੋਂ ਉਨ੍ਹਾਂ ਨੂੰ ਜੇਲ੍ਹ ਵੀ ਜਾਣਾ ਪਿਆ ਸੀ। ਪੰਜ ਮਹੀਨੇ ਜੇਲ੍ਹ ਵਿਚ ਰਹਿਣ ਤੋਂ ਬਾਅਦ ਉਨ੍ਹਾਂ ਨੂੰ 10 ਅਗਸਤ 2022 ਨੂੰ ਜ਼ਮਾਨਤ ਮਿਲ ਗਈ ਸੀ। ਦੂਜੇ ਪਾਸੇ, ਸ੍ਰੀ ਮਜੀਠੀਆ ਨੇ ਦੋਸ਼ ਲਾਇਆ ਹੈ ਕਿ ਜਿਸ ਕੇਸ ਵਿਚ ਉਹ ਜੇਲ੍ਹ ਜਾ ਚੁੱਕੇ ਹਨ, ਉਸ ਵਿਚ ਹਾਲੇ ਤੱਕ ਕੋਈ ਚਾਰਜਸ਼ੀਟ ਹੀ ਦਾਖ਼ਲ ਨਹੀਂ ਕੀਤੀ ਗਈ। ਇਸ ਦੇ ਨਾਲ ਹੀ ਇਸ ਮਾਮਲੇ 'ਚ ਉਨ੍ਹਾਂ ਕੋਲੋਂ ਕੋਈ ਰਿਕਵਰੀ ਨਹੀਂ ਹੋਈ।

## ਅਰਦਾਸ ਨੂੰ ਲੈ ਕੇ ਨਸਲੀ ਟਿੱਪਣੀਆਂ ਦੀ ਨਿੰਦਾ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਸੰਸਦ ਮੈਂਬਰ ਰਾਜ ਕ੍ਰਿਸ਼ਨਮੂਰਤੀ ਨੇ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ 'ਚ ਅਰਦਾਸ ਨੂੰ ਲੈ ਕੇ ਪਾਰਟੀ ਮੈਂਬਰ ਹਰਮੀਤ ਢਿੱਲੋਂ ਖ਼ਿਲਾਫ਼ ਕੀਤੀ ਜਾ ਰਹੀ ਨਸਲੀ ਟਿੱਪਣੀਆਂ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਟਿੱਪਣੀਆਂ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਹੈ। ਰਿਪਬਲਿਕਨ ਨੈਸ਼ਨਲ ਕਮੇਟੀ ਦੀ ਮੈਂਬਰ ਅਤੇ ਨਾਗਰਿਕ ਹੱਕਾਂ ਨਾਲ ਜੁੜੇ ਮਾਮਲਿਆਂ ਦੀ ਅਟਾਰਨੀ ਢਿੱਲੋਂ ਨੇ ਕਨਵੈਨਸ਼ਨ 'ਚ ਅਰਦਾਸ ਕੀਤੀ ਸੀ। ਇਸ ਮੌਕੇ ਰਾਸ਼ਟਰਪਤੀ ਅਹੁਦੇ ਲਈ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਵੀ ਮੌਜੂਦ ਸਨ। ਅਰਦਾਸ ਮਗਰੋਂ ਢਿੱਲੋਂ ਦੀ ਸੋਸ਼ਲ ਮੀਡੀਆ 'ਤੇ ਨੁਕਤਾਚੀਨੀ ਕੀਤੀ ਜਾ ਰਹੀ ਸੀ। ਇਲੀਨੋਇਸ ਤੋਂ ਚਾਰ ਵਾਰ ਸੰਸਦ ਮੈਂਬਰ ਚੁਣੇ ਗਏ ਕ੍ਰਿਸ਼ਨਾਮੂਰਤੀ ਡੈਮੋਕਰੈਟਿਕ ਪਾਰਟੀ ਦੇ ਆਗੂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਨਸਲ ਜਾਂ ਧਰਮ ਦੇ ਅਧਾਰ ਤੇ ਵਿਤਕਰੇ ਲਈ ਕੋਈ ਥਾਂ ਨਹੀਂ ਹੈ, ਜਦੋਂ ਅਜਿਹਾ ਹੁੰਦਾ ਹੈ ਤਾਂ ਡੈਮੋਕਰੇਟਿਕ ਅਤੇ ਰਿਪਬਲਿਕਨ ਪਾਰਟੀਆਂ ਦੋਵਾਂ ਨੂੰ ਇਸ ਦੀ ਸਖ਼ਤ ਨਿੰਦਾ ਕਰਨੀ ਚਾਹੀਦੀ ਹੈ।

# ਭਗਵੰਤ ਤੇ ਕੁਲਤਾਰ ਦਰਮਿਆਨ ਗਿਲੇ-ਸ਼ਿਕਵੇ ਦੂਰ!

**ਚੰਡੀਗੜ੍ਹ:** 'ਆਪ' ਸਰਕਾਰ ਵਿਚ ਹੁਣ 'ਸਭ ਅੱਛਾ' ਹੈ। ਇਹ ਸੁਨੇਹਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦਰਮਿਆਨ ਹੋਈ ਦੂਜੀ ਮੀਟਿੰਗ ਵਿਚ ਮਿਲਿਆ ਹੈ ਜਿਹੜੀ ਰਾਜ ਸਭਾ ਮੈਂਬਰ ਸੰਜੇ ਸਿੰਘ ਦੀ ਮੌਜੂਦਗੀ ਵਿਚ ਮੁੱਖ ਮੰਤਰੀ ਰਿਹਾਇਸ਼ 'ਤੇ ਹੋਈ।

ਪਹਿਲੀ ਮੀਟਿੰਗ ਪੰਜਾਬ ਵਿਧਾਨ ਸਭਾ ਕੰਪਲੈਕਸ ਵਿਚ ਹੋਈ ਸੀ ਜੋ ਭਗਵੰਤ ਮਾਨ ਅਤੇ ਕੁਲਤਾਰ ਸੰਧਵਾਂ 'ਚ ਚੱਲ ਰਹੀ ਸਿਆਸੀ ਅਣਬਣ ਸਬੰਧੀ ਸੀ। ਮੀਟਿੰਗ ਵਿਚ ਭਗਵੰਤ ਮਾਨ ਤੇ ਕੁਲਤਾਰ ਸੰਧਵਾਂ ਨੇ ਸੰਕੇਤ ਦਿੱਤਾ ਹੈ ਕਿ ਪਾਰਟੀ ਵਿਚ ਹੁਣ ਸਭ ਅੱਛਾ ਹੈ। ਆਮ ਆਦਮੀ ਪਾਰਟੀ ਦੀ ਕੌਮੀ ਲੀਡਰਸ਼ਿਪ ਇਸ ਵੇਲੇ ਸੰਕਟ ਵਿਚ ਹੈ



ਅਤੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਜੇਲ੍ਹ ਵਿਚ ਹਨ। ਸੂਤਰਾਂ ਨੇ ਦੱਸਿਆ ਕਿ ਦੋਵੇਂ ਧਿਰਾਂ ਨੇ ਨਿੱਘ ਦਿਖਾਈ ਅਤੇ ਮਾਹੌਲ ਨੂੰ ਸੁਖਾਵਾਂ ਬਣਾਉਣ ਵਿਚ ਮਦਦ ਕੀਤੀ। ਕਾਫ਼ੀ ਲੰਮੇ ਅਰਸੇ ਮਗਰੋਂ ਕੁਲਤਾਰ ਸਿੰਘ ਸੰਧਵਾਂ ਮੁੱਖ ਮੰਤਰੀ ਰਿਹਾਇਸ਼ 'ਤੇ ਗਏ। ਚੇਤੇ ਰਹੇ ਕਿ ਲੋਕ ਸਭਾ ਚੋਣਾਂ ਵਿਚ ਪਾਰਟੀ ਨੂੰ ਮਿਲੀ ਹਾਰ ਮਗਰੋਂ ਵਿਰੋਧੀ ਧਿਰਾਂ ਨੇ ਇਸ ਗੱਲ ਨੂੰ ਹਵਾ ਦਿੱਤੀ ਸੀ ਕਿ ਕੁਲਤਾਰ ਸਿੰਘ ਸੰਧਵਾਂ ਆਪਣੇ ਧੜੇ ਨਾਲ ਦਿੱਲੀ ਵਿਚ ਆਪਣੀ ਸਿਆਸੀ ਤਰੱਕੀ ਲਈ ਹੰਭਲਾ ਮਾਰ ਰਹੇ ਹਨ। ਪਤਾ ਲੱਗਾ ਹੈ ਕਿ ਸੰਜੇ ਸਿੰਘ ਇਨ੍ਹਾਂ ਪ੍ਰਸਥਿਤੀਆਂ ਵਿਚ ਪਾਰਟੀ ਦੇ ਆਗੂਆਂ ਵਿਚਲੀਆਂ ਦੂਰੀਆਂ ਨੂੰ ਖ਼ਤਮ ਕਰਨ ਵਿਚ ਜੁਟੇ ਹੋਏ ਹਨ। ਸੂਤਰਾਂ ਨੇ ਦੱਸਿਆ ਕਿ ਦੋਵੇਂ ਧਿਰਾਂ ਨੇ ਸਾਰੇ ਗਿਲੇ-ਸ਼ਿਕਵੇ ਦੂਰ ਕੀਤੇ ਅਤੇ ਮੁੱਦਿਆਂ ਨੂੰ ਨਜਿੱਠ ਲਿਆ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪਾਰਟੀ ਅੰਦਰ ਕੋਈ ਮਤਭੇਦ ਨਹੀਂ ਹਨ।

# ਕੌਮੀ ਮਾਰਗਾਂ ਦੀ ਉਸਾਰੀ ਮਾਮਲੇ ਦੀ ਕਮਾਨ ਮੁੱਖ ਮੰਤਰੀ ਨੇ ਸੰਭਾਲੀ



**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮੀ ਸੜਕ ਮਾਰਗਾਂ 'ਚ ਪਏ ਅੜਿੱਕਿਆਂ ਨੂੰ ਦੂਰ ਕਰਨ ਵਾਸਤੇ ਕਮਾਨ ਆਪਣੇ ਹੱਥਾਂ ਵਿਚ ਲੈ ਲਈ ਹੈ। ਕੇਂਦਰੀ ਸੜਕ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ 15 ਜੁਲਾਈ ਨੂੰ ਦਿੱਲੀ ਵਿਚ ਮੀਟਿੰਗ ਦੌਰਾਨ ਪੰਜਾਬ ਦੀ ਖਿਚਾਈ ਕਰਦਿਆਂ ਚਿਤਾਵਨੀ ਦਿੱਤੀ ਸੀ ਕਿ ਕੌਮੀ ਮਾਰਗਾਂ ਵਿਚਲੇ ਅੜਿੱਕੇ ਦੂਰ ਨਾ ਕੀਤੇ ਗਏ ਤਾਂ ਆਗਾਮੀ ਸੜਕ ਪ੍ਰੋਜੈਕਟ ਰੋਕ ਦਿੱਤੇ ਜਾਣਗੇ।

ਮੁੱਖ ਮੰਤਰੀ ਨੇ ਕੇਂਦਰ ਸਰਕਾਰ ਦੇ ਇਸ ਸਖ਼ਤ ਰੌਂਅ ਨੂੰ ਸੰਜੀਦਗੀ ਨਾਲ ਲਿਆ ਹੈ। ਮੁੱਖ ਮੰਤਰੀ ਨੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਦੀ ਫ਼ੌਰੀ ਮੀਟਿੰਗ ਬੁਲਾਈ ਜਿਸ ਵਿਚ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ.ਟੀ.ਓ. ਵੀ ਸ਼ਾਮਲ ਸਨ। ਮੁੱਖ ਮਸਲਾ ਦਿੱਲੀ ਅੰਮ੍ਰਿਤਸਰ ਕਟੜਾ ਐਕਸਪ੍ਰੈੱਸਵੇਅ ਦਾ ਵਿਚਾਰਿਆ ਗਿਆ ਜਿਸ ਦੇ ਮੁਕੰਮਲ ਹੋਣ ਵਿਚ ਵੀ ਸੈਂਕੜੇ ਅੜਿੱਕੇ ਪਏ ਹੋਏ ਹਨ। ਤਕਰੀਬਨ 20 ਤੋਂ 25 ਫ਼ੀਸਦੀ ਸੜਕੀ ਖੇਤਰ ਦਾ ਕੰਮ ਅਧਵਾਟੇ ਲਟਕਿਆ ਪਿਆ ਹੈ। ਮੁੱਖ ਮੰਤਰੀ ਨੇ ਵਿਸਥਾਰ ਵਿਚ ਇਸ ਪ੍ਰੋਜੈਕਟ 'ਤੇ ਵਿਚਾਰ ਵਟਾਂਦਰਾ ਕੀਤਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਸ ਪ੍ਰੋਜੈਕਟ ਨੂੰ ਲੈ ਕੇ ਟੀਚਾ ਦਿੱਤਾ ਹੈ। ਮੁੱਖ ਮੰਤਰੀ ਨੇ ਮੀਟਿੰਗ ਵਿਚ ਕਿਹਾ ਕਿ ਉਹ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਾਉਣ ਲਈ ਖ਼ੁਦ ਮੈਦਾਨ ਵਿਚ ਉੱਤਰਨਗੇ ਅਤੇ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਹੋਈਆਂ ਹਨ, ਉਨ੍ਹਾਂ ਨਾਲ ਸਿੱਧਾ ਸੰਵਾਦ ਰਚਾਉਣਗੇ। ਕਿਸਾਨਾਂ ਨੂੰ ਦਿੱਤੇ ਮੁਆਵਜ਼ੇ ਅਤੇ ਇਸ ਨਾਲ ਸਬੰਧਿਤ ਮਸਲਿਆਂ ਦੀ ਸ਼ਨਾਖ਼ਤ ਕੀਤੀ ਜਾਵੇਗੀ।

ਮੀਟਿੰਗ ਵਿਚ ਇਹ ਵੀ ਚਰਚਾ ਹੋਈ ਕਿ ਕੁੱਝ ਲੋਕ ਕਿਸਾਨਾਂ ਨੂੰ ਭੜਕਾ ਕੇ ਆਪਣੀ ਰਾਜਨੀਤੀ ਕਰ ਰਹੇ ਹਨ ਜੋ ਸੂਬੇ ਦੇ ਵਿਕਾਸ ਦੇ ਉਲਟ ਭੁਗਤ ਰਹੇ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਵਿਚ ਫ਼ੈਸਲਾ ਕੀਤਾ ਕਿ ਉਹ ਮੁਢਲੇ ਪੜਾਅ 'ਤੇ ਜਲਦ ਹੀ ਸਬੰਧਤ ਕਿਸਾਨਾਂ ਨਾਲ ਗੱਲਬਾਤ ਕਰਨਗੇ ਅਤੇ ਉਸ ਮਗਰੋਂ ਅਗਲਾ ਕਦਮ ਚੁੱਕਣਗੇ। ਚੇਤੇ ਰਹੇ ਕਿ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤੋਂ ਦੋ ਮਹੀਨਿਆਂ ਦੀ ਮੋਹਲਤ ਲਈ ਹੈ। ਕੇਂਦਰ ਸਰਕਾਰ ਨੇ ਪਹਿਲਾਂ ਹੀ 3303 ਕਰੋੜ ਰੁਪਏ ਦੇ ਤਿੰਨ ਕੌਮੀ ਸੜਕ ਪ੍ਰੋਜੈਕਟ ਰੱਦ ਕਰ ਦਿੱਤੇ ਹਨ ਅਤੇ 4942 ਕਰੋੜ ਦੇ ਪ੍ਰੋਜੈਕਟਾਂ ਨੂੰ ਲੈ ਕੇ ਕੇਂਦਰੀ ਐਕਸ਼ਨ ਪ੍ਰਕਿਰਿਆ ਅਧੀਨ ਹੈ।

## ਸਰਕਾਰੀ ਅਣਗਹਿਲੀ ਕਾਰਨ ਪ੍ਰੋਜੈਕਟ ਖ਼ਤਰੇ 'ਚ: ਔਜਲਾ

**ਅੰਮ੍ਰਿਤਸਰ:** ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਦਿੱਲੀ-ਕਟੜਾ ਐਕਸਪ੍ਰੈਸਵੇਅ ਦੇ ਰੁਕੇ ਪ੍ਰੋਜੈਕਟ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਿਆ ਅਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਕੇਂਦਰੀ ਪ੍ਰੋਜੈਕਟਾਂ ਨੂੰ ਗੰਭੀਰਤਾ ਨਾਲ ਨਾ ਲੈਣ ਕਾਰਨ ਕਈ ਅਹਿਮ ਕੇਂਦਰੀ ਯੋਜਨਾਵਾਂ ਖ਼ਤਰੇ 'ਚ ਹਨ। ਸੰਸਦ ਮੈਂਬਰ ਨੇ ਦੱਸਿਆ ਕਿ ਦਿੱਲੀ-ਕਟੜਾ ਐਕਸਪ੍ਰੈਸਵੇਅ ਯੋਜਨਾ ਲਈ ਕਈ ਥਾਵਾਂ 'ਤੇ ਜ਼ਮੀਨ ਐਕੁਆਇਰ ਕਰਨੀ ਬਾਕੀ ਹੈ। ਇਸੇ ਤਰ੍ਹਾਂ ਹਾਲੇ ਕਈ ਥਾਈਂ ਜ਼ਿਮੀਦਾਰਾਂ ਨੂੰ ਪੈਸੇ ਵੀ ਨਹੀਂ ਦਿੱਤੇ ਗਏ ਜਿਸ ਕਾਰਨ ਇਹ ਯੋਜਨਾ ਦਾ ਕੰਮ ਪਛੜ ਰਿਹਾ ਹੈ ਪਰ ਮੁੱਖ ਮੰਤਰੀ ਇਸ 'ਚ ਦਿਲਚਸਪੀ ਨਹੀਂ ਦਿਖਾ ਰਹੇ।

# ਪੰਚਾਇਤੀ ਜ਼ਮੀਨਾਂ ਦੇ ਤਬਾਦਲਿਆਂ ਸਬੰਧੀ ਮਤਾ ਨਹੀਂ ਪਾ ਸਕਣਗੇ ਪ੍ਰਬੰਧਕ

**ਮੁਹਾਲੀ:** ਪੰਜਾਬ ਦੀਆਂ ਪੰਚਾਇਤਾਂ ਭੰਗ ਹੋਣ ਉਪਰੰਤ ਪੰਚਾਇਤਾਂ ਦਾ ਕੰਮ ਚਲਾਉਣ ਲਈ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 29ਏ ਅਧੀਨ ਨਿਯੁਕਤ ਪ੍ਰਬੰਧਕ ਕਿਸੇ ਵੀ ਮਨਚਾਹੇ ਵਿਅਕਤੀ ਨਾਲ ਪੰਚਾਇਤੀ ਜ਼ਮੀਨਾਂ ਦੇ ਤਬਾਦਲਿਆਂ ਦੇ ਪੂਰਵ ਪ੍ਰਵਾਨਗੀ ਲਈ ਮਤੇ ਨਹੀਂ ਪਾ ਸਕਣਗੇ।

ਪ੍ਰਬੰਧਕ ਸਿਰਫ਼ ਲੋਕ ਹਿਤ ਲਈ ਅਸਾਧਾਰਨ ਹਾਲਤਾਂ ਵਿਚ ਹੀ ਅਜਿਹਾ ਮਤਾ ਪਾਉਣ ਲਈ ਯੋਗ ਹੋਣਗੇ। ਵਧੀਕ ਐਡਵੋਕੇਟ ਜਨਰਲ ਪੰਜਾਬ ਵੱਲੋਂ ਇਹ ਕਾਨੂੰਨੀ ਰਾਏ ਪੰਚਾਇਤ ਵਿਭਾਗ ਦੁਆਰਾ ਸਬੰਧਤ ਮਾਮਲੇ ਸਬੰਧੀ ਰਹਿਬਰੀ, ਸਪੱਸ਼ਟੀਕਰਨ ਲੈਣ ਲਈ ਭੇਜੇ ਗਏ ਕੇਸ ਦੇ ਜਵਾਬ ਵਿੱਚ ਹਾਸਲ ਹੋਈ ਹੈ। ਪੰਚਾਇਤ ਵਿਭਾਗ ਦੀ ਆਰਡੀ ਸ਼ਾਖ਼ਾ ਦੇ ਸਹਾਇਕ ਡਾਇਰੈਕਟਰ ਵੱਲੋਂ ਵਧੀਕ ਐਡਵੋਕੇਟ ਜਨਰਲ ਦੀ ਇਸ ਸਲਾਹ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ ਲਈ ਰਾਜ ਦੇ ਡਿਪਟੀ ਕਮਿਸ਼ਨਰਾਂ, ਏ.ਡੀ.ਸੀ(ਵਿਕਾਸ), ਡੀ.ਡੀ.ਪੀ.ਓਜ਼. ਅਤੇ ਬੀ.ਡੀ.ਪੀਓਜ਼. ਨੂੰ ਪੱਤਰ ਲਿਖਿਆ ਗਿਆ ਹੈ। ਪੱਤਰ ਵਿਚ ਤਬਾਦਲਿਆਂ ਦੇ ਪ੍ਰਬੰਧਕਾਂ ਵੱਲੋਂ ਪਾਏ ਜਾਣ ਵਾਲੇ ਮਤਿਆਂ ਸਬੰਧੀ ਕਾਨੂੰਨੀ ਸਲਾਹ ਅਨੁਸਾਰ ਕਾਰਵਾਈ ਕਰਨ ਲਈ ਲਿਖਿਆ ਗਿਆ ਹੈ ਤੇ ਪ੍ਰਬੰਧਕਾਂ ਨੂੰ ਵੀ ਇਸ ਫੈਸਲੇ ਤੋਂ ਜਾਣੂ ਕਰਾਉਣ ਲਈ ਕਿਹਾ ਗਿਆ ਹੈ। ਰਾਜ ਦੀਆਂ 13241 ਪੰਚਾਇਤਾਂ ਦੀ ਮਿਆਦ ਖ਼ਤਮ ਹੋਣ ਉਪਰੰਤ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਤੇ ਹੋਰ ਕੰਮਾਂ ਲਈ ਪ੍ਰਬੰਧਕਾਂ ਦੀ ਨਿਯੁਕਤੀ ਕੀਤੀ ਹੋਈ ਹੈ ਤੇ ਇਨ੍ਹੀਂ ਦਿਨੀਂ ਪੰਚਾਇਤਾਂ ਦਾ ਸਮੁੱਚਾ ਕੰਮ ਪ੍ਰਬੰਧਕਾਂ ਵੱਲੋਂ ਹੀ ਵੇਖਿਆ ਜਾ ਰਿਹਾ ਹੈ।



ਪੰਚਾਇਤਾਂ ਨੂੰ ਪੰਜਾਬ ਪੰਚਾਇਤੀ ਰਾਜ ਐਕਟ 1994, ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਐਕਟ 1961 ਅਤੇ ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼ 1964 ਦੀਆਂ ਧਾਰਾਵਾਂ ਅਧੀਨ ਪੰਚਾਇਤੀ ਜ਼ਮੀਨਾਂ ਦੇ ਤਬਾਦਲਿਆਂ ਸਬੰਧੀ ਵਿਭਾਗੀ ਪ੍ਰਵਾਨਗੀ ਹਾਸਲ ਕਰਨ ਲਈ ਮਤੇ ਪਾਏ ਜਾਣ ਦਾ ਅਧਿਕਾਰ ਹੈ। ਪ੍ਰਬੰਧਕ ਪੰਚਾਇਤਾਂ ਵਾਂਗ ਹੀ ਮਤੇ ਪਾ ਸਕਦੇ ਹਨ ਜਾਂ ਨਹੀਂ ਇਸ ਸਬੰਧੀ ਵਿਭਾਗ ਵੱਲੋਂ ਕਾਨੂੰਨੀ ਸਲਾਹ ਮੰਗੀ ਗਈ ਸੀ, ਜਿਸ ਦੇ ਜਵਾਬ ਵਿਚ ਪ੍ਰਬੰਧਕਾਂ ਨੂੰ ਪੰਚਾਇਤਾਂ ਵਾਂਗ ਤਬਾਦਲਿਆਂ ਦੇ ਅਧਿਕਾਰਾਂ ਦੀ ਥਾਂ ਨਾ ਟਾਲੇ ਜਾ ਸਕਣ ਵਾਲੇ ਹਾਲਾਤ ਲਈ ਹੀ ਮਤਾ ਪਾਏ ਜਾਣ ਲਈ ਕਿਹਾ ਗਿਆ ਹੈ।

ਪੰਚਾਇਤੀ ਸੰਸਥਾਵਾਂ ਦੇ ਵੱਖ-ਵੱਖ ਆਗੂਆਂ ਨੇ ਵਧੀਕ ਐਡਵੋਕੇਟ ਜਨਰਲ ਵੱਲੋਂ ਦਿੱਤੇ ਕਾਨੂੰਨੀ ਸਲਾਹ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਹੀ ਤਬਾਦਲਿਆਂ ਸਬੰਧੀ ਮਤੇ ਪਾਉਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਚਾਇਤਾਂ ਜਿੰਨੀ ਡੂੰਘਾਈ ਨਾਲ ਪਿੰਡ ਦੇ ਭਲੇ ਬਾਰੇ ਸੋਚ ਸਕਦੀਆਂ ਹਨ, ਉਸ ਦੇ ਉਲਟ ਪ੍ਰਬੰਧਕਾਂ ਤੋਂ ਕਈ ਵਾਰ ਸਿਆਸੀ ਦਬਾਅ ਨਾਲ ਤਬਾਦਲਿਆਂ ਬਾਰੇ ਮਤੇ ਪਵਾ ਲਏ ਜਾਂਦੇ ਹਨ। ਇਸ ਕਾਰਨ ਫ਼ਿਰ ਮਾਮਲੇ ਅਦਾਲਤਾਂ ਵਿਚ ਜਾਂਦੇ ਹਨ ਅਤੇ ਖਰਚਾ ਪੰਚਾਇਤਾਂ ਦਾ ਹੁੰਦਾ ਹੈ।

# ਲੈਚਰਰਾਰ ਖ਼ੁਦਕੁਸ਼ੀ: ਪਰਿਵਾਰ ਵੱਲੋਂ ਡੀ.ਐਸ.ਪੀ. ਦਫਤਰ ਦਾ ਘਿਰਾਓ

**ਮੂਨਕ:** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਰਾਂ ਕਲਾਂ ਦੇ ਲੈਕਚਰਾਰ ਧਰਮਵੀਰ ਸੈਣੀ ਦੇ ਖੁਦਕੁਸ਼ੀ ਮਾਮਲੇ ਵਿਚ ਮੁਲਜ਼ਮਾਂ ਵਿਰੁੱਧ ਕਾਰਵਾਈ ਨਾ ਕਰਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਪਰਿਵਾਰ ਅਤੇ ਗੌਰਮਿੰਟ ਫਿਜ਼ੀਕਲ ਐਜੂਕੇਸ਼ਨ ਟੀਚਰਜ਼ ਐਸੋਸੀਏਸ਼ਨ ਵੱਲੋਂ ਡੀ.ਐਸ.ਪੀ. ਦਫ਼ਤਰ ਮੂਨਕ ਦਾ ਘਿਰਾਓ ਕੀਤਾ ਗਿਆ।

ਸੜਕ 'ਤੇ ਆਵਾਜਾਈ ਰੋਕ ਕੇ ਡੀ.ਐਸ.ਪੀ. ਮੂਨਕ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਪੀੜਤ ਪਰਿਵਾਰਕ ਨੇ ਪੁਲਿਸ ਪ੍ਰਸ਼ਾਸਨ ਉਤੇ ਮੁਲਜ਼ਮਾਂ ਨਾਲ ਮਿਲੀ ਭੁਗਤ ਹੋਣ ਦਾ ਦੋਸ਼ ਲਾਇਆ। ਪਰਿਵਾਰਕ ਮੈਂਬਰਾਂ ਨੇ ਮੁਲਜ਼ਮਾਂ ਨੂੰ ਛੇਤੀ ਗ੍ਰਿਫ਼ਤਾਰੀ ਕਰਨ ਦੀ ਮੰਗ ਕੀਤੀ ਹੈ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ, ਡੀ.ਟੀ.ਐਫ. ਅਤੇ ਕਿਸਾਨ ਆਗੂਆਂ ਨੇ ਧਰਮਵੀਰ ਸੈਣੀ ਨੂੰ ਮਾਨਸਿਕ ਰੋਗੀ ਕਹੇ ਜਾਣ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਡੀ.ਐਸ.ਪੀ. ਪੀਐਸ ਗਰੇਵਾਲ ਨੇ ਇਕ ਹਫਤੇ ਦਾ ਹੋਰ ਸਮਾਂ ਮੰਗਦਿਆਂ ਮੁਲਜ਼ਮਾਂ ਨੂੰ ਛੇਤੀ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿੱਤਾ ਹੈ। ਡੀ.ਐਸ.ਪੀ. ਦੇ ਭਰੋਸੇ ਮਗਰੋਂ ਧਰਨਾ ਖ਼ਤਮ ਕੀਤਾ ਗਿਆ। ਪੀੜਤ ਪਰਿਵਾਰ ਅਤੇ ਜਥੇਬੰਦੀ ਵੱਲੋਂ ਫ਼ੈਸਲਾ ਕੀਤਾ ਗਿਆ ਹੈ ਕਿ ਜੇ ਇਕ ਹਫ਼ਤੇ ਵਿਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿਚ ਪਰਿਵਾਰ, ਪਿੰਡ, ਪੰਚਾਇਤਾਂ ਅਤੇ ਜਥੇਬੰਦੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਸਥਿਤ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

# ਸਾਲ 2004 ਤੋਂ ਪਹਿਲਾਂ ਚੁਣੇ ਗਏ ਮੁਲਾਜ਼ਮ ਪੁਰਾਣੀ ਪੈਨਸ਼ਨ ਦੇ ਹੱਕਦਾਰ: ਹਾਈ ਕੋਰਟ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਜਨਵਰੀ 2004 'ਚ ਨਵੀਂ ਪੈਨਸ਼ਨ ਸਕੀਮ (ਐਨ.ਪੀ.ਐਸ) ਲਾਗੂ ਹੋਣ ਤੋਂ ਪਹਿਲਾਂ ਚੁਣੇ ਗਏ ਪਰ ਬਾਅਦ 'ਚ ਨਿਯੁਕਤ ਹੋਏ ਮੁਲਾਜ਼ਮ ਪੁਰਾਣੀ ਪੈਨਸ਼ਨ ਸਕੀਮ (ਓ.ਪੀ.ਐਸ.) ਤਹਿਤ ਵਿਚਾਰੇ ਜਾਣ ਦੇ ਹੱਕਦਾਰ ਹਨ। ਜਸਟਿਸ ਹਰਸਿਮਰਨ ਸਿੰਘ ਸੇਠੀ ਵੱਲੋਂ ਸੁਣਾਇਆ ਇਹ ਫੈਸਲਾ ਇਸ ਕਰਕੇ ਅਹਿਮ ਹੈ ਕਿਉਂਕਿ ਇਹ ਸਪੱਸ਼ਟ ਕਰਦਾ ਹੈ ਕਿ ਲਾਗੂ ਪੈਨਸ਼ਨ ਸਕੀਮ ਇਸ਼ਤਿਹਾਰ ਅਤੇ ਚੋਣ ਦੀ ਤਰੀਕ 'ਤੇ ਨਿਰਧਾਰਤ ਹੋਵੇਗੀ, ਨਿਯੁਕਤੀ ਦੀ ਤਰੀਕ 'ਤੇ ਨਹੀਂ।



ਅਦਾਲਤ ਨੇ ਇਹ ਫ਼ੈਸਲਾ ਸ਼ੀਰੂ ਵੱਲੋਂ ਵਕੀਲ ਪੁਨੀਤ ਗੁਪਤਾ ਰਾਹੀਂ ਪੰਜਾਬ ਸਰਕਾਰ ਅਤੇ ਇਕ ਹੋਰ ਧਿਰ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਾਇਆ। ਜਸਟਿਸ ਸੇਠੀ ਦੇ ਬੈਂਚ ਅੱਗੇ ਪੇਸ਼ ਹੋਏ ਵਕੀਲ ਨੇ ਦੱਸਿਆ ਕਿ ਜਿਹੜੀ ਪੋਸਟ 'ਤੇ ਪਟੀਸ਼ਨਰ ਦੀ ਨਿਯੁਕਤੀ ਹੋਈ ਉਸ ਦਾ ਇਸ਼ਤਿਹਾਰ 2001 'ਚ ਦਿੱਤਾ ਗਿਆ ਸੀ ਅਤੇ ਭਰਤੀ ਦਾ ਅਮਲ 1 ਜਨਵਰੀ 2004 ਨੂੰ ਮੁਕੰਮਲ ਹੋਇਆ ਜਦੋਂ ਨਵੀਂ ਪੈਨਸ਼ਨ ਸਕੀਮ ਲਾਗੂ ਹੋਈ ਸੀ। ਗੁਪਤਾ ਨੇ ਕਿਹਾ ਕਿ ਜਵਾਬਦੇਹ ਧਿਰ ਵੱਲੋਂ ਪਟੀਸ਼ਨਰ ਨੂੰ ਨਿਯੁਕਤੀ ਪੱਤਰ ਜਾਰੀ ਕਰਨ 'ਚ ਸਮਾਂ ਲਿਆ ਗਿਆ। ਇਸ ਪ੍ਰਕਿਰਿਆ 'ਚ ਹੋਈ ਢਿੱਲ ਕਾਰਨ ਪਟੀਸ਼ਨਰ ਦਾ ਹੱਕ ਨਹੀਂ ਖੋਹਿਆ ਜਾਣਾ ਚਾਹੀਦਾ ਅਤੇ ਉਹ ਪੁਰਾਣੀ ਪੈਨਸ਼ਨ ਯੋਜਨਾ ਤਹਿਤ ਆਪਣੇ ਦਾਅਵੇ ਲਈ ਵਿਚਾਰੇ ਜਾਣ ਦਾ ਹੱਕਦਾਰ ਹੈ। ਦੂਜੇ ਪਾਸੇ ਪਟੀਸ਼ਨ ਦਾ ਵਿਰੋਧ ਕਰਦਿਆਂ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਅਸਲ ਨਿਯੁਕਤੀ 1 ਜਨਵਰੀ 2004 ਤੋਂ ਬਾਅਦ ਕੀਤੀ ਗਈ ਸੀ ਜਦੋਂ ਨਵੀਂ ਪ੍ਰਾਵੀਡੈਂਟ ਫੰਡ ਸਕੀਮ ਚਾਲੂ ਸੀ ਤੇ ਇਸ ਨੂੰ ਪਟੀਸ਼ਨਰ 'ਤੇ ਸਹੀ ਢੰਗ ਨਾਲ ਲਾਗੂ ਕੀਤਾ ਗਿਆ ਸੀ।

# ਸਭ ਦੀਆਂ ਨਜ਼ਰਾਂ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਸਪਸ਼ਟੀਕਰਨ 'ਤੇ ਟਿਕੀਆਂ

**ਅੰਮ੍ਰਿਤਸਰ:** ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਮੰਗੇ ਗਏ ਸਪੱਸ਼ਟੀਕਰਨ ਦੇ ਮਾਮਲੇ ਵਿਚ ਹੁਣ ਸਮੁੱਚੇ ਸਿੱਖ ਜਗਤ ਦੀਆਂ ਨਜ਼ਰਾਂ ਇਸ ਮਾਮਲੇ ਵਿਚ ਅਗਲੇ ਘਟਨਾਕ੍ਰਮ 'ਤੇ ਟਿਕੀਆਂ ਹੋਈਆਂ ਹਨ।



ਪਹਿਲੀ ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਅਕਾਲ ਤਖ਼ਤ ਨੂੰ ਇੱਕ ਪੱਤਰ ਦੇ ਕੇ ਅਕਾਲੀ ਸਰਕਾਰ ਵੇਲੇ ਹੋਈਆਂ ਗਲਤੀਆਂ ਦੀ ਖਿਮਾ ਯਾਚਨਾ ਕੀਤੀ ਗਈ ਸੀ। ਇਸ ਪੱਤਰ 'ਤੇ ਕਾਰਵਾਈ ਕਰਦਿਆਂ ਅਕਾਲ ਤਖ਼ਤ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ 15 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲੋਂ 15 ਦਿਨਾਂ ਦੇ ਅੰਦਰ ਸਪੱਸ਼ਟੀਕਰਨ ਮੰਗਿਆ ਗਿਆ। ਇਸ ਦੌਰਾਨ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇਣ ਸਬੰਧੀ ਮਾਮਲੇ 'ਚ ਫ਼ੈਸਲੇ ਦੀ ਪਰੋੜ੍ਹਤਾ ਲਈ 90 ਲੱਖ ਰੁਪਏ ਦੇ ਇਸ਼ਤਿਹਾਰ ਦੇਣ ਸਬੰਧੀ ਸ਼੍ਰੋਮਣੀ ਕਮੇਟੀ ਕੋਲੋਂ ਵੀ ਜਵਾਬ ਮੰਗਿਆ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੋਵਾਂ ਵੱਲੋਂ ਹੀ ਇਸ ਮਾਮਲੇ ਵਿਚ ਸਪੱਸ਼ਟੀਕਰਨ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੁਖਬੀਰ ਬਾਦਲ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਨਿਮਾਣੇ ਸਿੱਖ ਵਜੋਂ ਅਕਾਲ ਤਖ਼ਤ ਪੇਸ਼ ਹੋਣਗੇ। ਪਾਰਟੀ ਸੂਤਰਾਂ ਮੁਤਾਬਕ ਪਾਰਟੀ ਵੱਲੋਂ ਇਸ ਸਬੰਧੀ ਸਪੱਸ਼ਟੀਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੀ ਇਹ ਮੁੱਖ ਧਿਰ ਇਸ ਮਾਮਲੇ ਵਿਚ ਅਕਾਲ ਤਖ਼ਤ ਅੱਗੇ ਪੂਰਨ ਤੌਰ ਉਤੇ ਸਮਰਪਣ ਕਰਨ ਦੇ ਰੌਂਅ ਵਿਚ ਹੈ। ਦੂਜੀ ਧਿਰ ਵੱਲੋਂ ਲਾਏ ਗਏ ਦੋਸ਼ਾਂ ਸਬੰਧੀ ਸਪੱਸ਼ਟੀਕਰਨ ਵਿਚ ਸ਼੍ਰੋਮਣੀ ਅਕਾਲੀ ਦਲ ਅਕਾਲੀ ਸਰਕਾਰ ਵੇਲੇ ਜਾਣੇ-ਅਣਜਾਣੇ ਵਿਚ ਹੋਈਆਂ ਭੁੱਲਾਂ ਦੀ ਖਿਮਾ ਯਾਚਨਾ ਕਰ ਸਕਦਾ ਹੈ।

ਜ਼ਿਕਰਯੋਗ ਹੈ ਕਿ ਅਕਾਲੀ ਦਲ ਦੇ ਬਾਗੀ ਧੜੇ ਨੇ ਦੋਸ਼ ਲਾਇਆ ਸੀ ਕਿ ਅਕਾਲੀ ਸਰਕਾਰ ਵੇਲੇ 2007 ਵਿਚ ਸਲਾਬਤਪੁਰਾ ਕੇਸ ਵਿਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਥਾਂ ਅਕਾਲੀ ਸਰਕਾਰ ਨੇ ਕੇਸ ਵਾਪਸ ਲੈ ਲਿਆ ਸੀ। 2015 ਵਿਚ ਹੋਈਆਂ ਬੇਅਦਬੀਆਂ ਦੇ ਮਾਮਲੇ ਵਿਚ ਅਕਾਲੀ ਸਰਕਾਰ ਨੇ ਮੁਲਜ਼ਮਾਂ ਖ਼ਿਲਾਫ਼ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਸੀ।

ਜਾਣਕਾਰੀ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਵੀ ਇਸ ਸਬੰਧੀ ਸਪੱਸ਼ਟੀਕਰਨ ਲਈ ਤਿਆਰੀ ਕੀਤੀ ਜਾ ਰਹੀ ਹੈ। ਕਮੇਟੀ ਵੱਲੋਂ ਪੁਰਾਣੀਆਂ ਫਾਈਲਾਂ ਤੇ ਦਸਤਾਵੇਜ਼ਾਂ ਦੀ ਘੋਖ-ਪੜਤਾਲ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਖ਼ਿਲਾਫ਼ ਦੋਸ਼ ਹੈ ਕਿ ਉਸ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਸਬੰਧੀ ਮਾਮਲੇ ਵਿਚ ਅਕਾਲ ਤਖ਼ਤ ਦੇ ਫ਼ੈਸਲੇ ਦੀ ਪਰੋੜ੍ਹਤਾ ਕਰਨ ਲਈ 90 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਜਦੋਂ ਕਿ ਬਾਅਦ ਵਿਚ ਸੰਗਤ ਰੋਹ ਦੇ ਕਾਰਨ ਅਕਾਲ ਤਖ਼ਤ ਤੇ ਜਥੇਦਾਰ ਨੂੰ ਇਹ ਫ਼ੈਸਲਾ ਵਾਪਸ ਲੈਣਾ ਪਿਆ। ਇਸ ਮਾਮਲੇ ਵਿਚ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਮੁੱਖ ਸਕੱਤਰ ਹਰਚਰਨ ਸਿੰਘ ਦੋਵੇਂ ਹੀ ਪ੍ਰਮੁੱਖ ਸ਼ਖਸੀਅਤਾਂ ਅਕਾਲ ਚਲਾਣਾ ਕਰ ਚੁੱਕੀਆਂ ਹਨ।

## ਸੁਖਬੀਰ ਨੂੰ ਅਕਾਲੀ ਦਲ ਦੀ ਪ੍ਰਧਾਨਗੀ ਛੱਡਣ ਦੀ ਸਲਾਹ

**ਚੰਡੀਗੜ੍ਹ:** ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਸ਼ਿਕਾਇਤ ਦਾ ਨਿਬੇੜਾ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਸੁਖਬੀਰ ਬਾਦਲ ਨੂੰ ਵੀ ਜ਼ਿੱਦ ਛੱਡ ਕੇ ਕੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਛੱਡਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀਆਂ ਗਲਤੀਆਂ ਕਾਰਨ ਹੀ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 125 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਰੁੰਧਤੀ ਵਰਗੀਆਂ ਬੁਲੰਦ ਆਵਾਜ਼ਾਂ ਤੋਂ ਸੱਤਾ ਖ਼ੌਫ਼ ਖਾਂਦੀ: ਭਾਸ਼ਾ ਸਿੰਘ



**ਜਲੰਧਰ:** "ਮੋਦੀ ਸਰਕਾਰ ਬਾਰੇ ਕਮਜ਼ੋਰ ਹੋਣ ਦਾ ਭਰਮ ਨਹੀਂ ਪਾਲਣਾ ਚਾਹੀਦਾ। ਇਹ ਪਹਿਲਾਂ ਤੋਂ ਵੀ ਵੱਡਾ ਹਮਲਾ ਕਰੇਗੀ। ਅਰੁੰਧਤੀ ਰਾਏ ਇਸ ਦਾ ਪ੍ਰਤੀਕ ਹੈ ਕਿ ਮੁਸ਼ਕਿਲ ਹਾਲਾਤ ਵਿਚ ਲੜਨਾ, ਲਿਖਣਾ, ਬੋਲਣਾ ਤੇ ਮੁਸਕਰਾਉਣਾ ਕਿਵੇਂ ਹੈ। ਸੱਤਾ ਇਸੇ ਮੁਸਕਰਾਹਟ ਤੋਂ ਡਰਦੀ ਹੈ। ਜੇ ਵਿਰੋਧੀ ਧਿਰ ਨਾ-ਇਨਸਾਫ਼ੀ ਵਿਰੁੱਧ ਨਹੀਂ ਬੋਲੇਗੀ ਤਾਂ ਉਨ੍ਹਾਂ ਨੂੰ ਸੁਣਾਉਣੀ ਵੀ ਕਰ ਦੇਣੀ ਚਾਹੀਦੀ ਹੈ ਕਿ ਲੋਕ ਵੀ ਉਨ੍ਹਾਂ ਦੀ ਗੱਲ ਨਹੀਂ ਸੁਣਨਗੇ। ਸੱਤਾ ਲੋਕ ਸੰਘਰਸ਼ਾਂ ਤੋਂ ਖ਼ੌਫ਼ ਖਾਂਦੀ ਹੈ। ਅਰੁੰਧਤੀ ਰਾਏ ਸੰਘਰਸ਼ਾਂ ਦੀ ਆਵਾਜ਼ ਹੋਣ ਕਾਰਨ ਸੱਤਾ ਲੇਖਕਾ ਦੀ ਕਲਮ ਤੋਂ ਹੋਰ ਵੀ ਖ਼ੌਫ਼ਜ਼ਦਾ ਹੈ। ਇਸੇ ਲਈ ਉਸ ਨੂੰ ਮੁਕੱਦਮੇ ਵਿਚ ਉਲਝਾਉਣਾ ਚਾਹੁੰਦੀ ਹੈ।" ਇਹ ਵਿਚਾਰ ਏੱਥੇ ਦੇਸ਼ ਭਗਤ ਯਾਦਗਾਰ ਵਿਚ ਤਿੰਨ ਦਰਜਨ ਤੋਂ ਵੱਧ ਜਨਤਕ ਜਮਹੂਰੀ ਜਥੇਬੰਦੀਆਂ ਅਤੇ ਸਾਹਿਤਕ ਤੇ ਸੱਭਿਆਚਾਰਕ ਸੰਸਥਾਵਾਂ 'ਤੇ ਆਧਾਰਿਤ ਕਾਲੇ ਕਾਨੂੰਨਾਂ ਵਿਰੁੱਧ ਸਾਂਝੀ ਕਮੇਟੀ ਦੀ ਸਾਂਝੀ ਸੂਬਾ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾ ਉਘੀ ਪੱਤਰਕਾਰ ਭਾਸ਼ਾ ਸਿੰਘ ਨੇ ਪੇਸ਼ ਕੀਤੇ।

ਕਨਵੈਨਸ਼ਨ ਦੀ ਪ੍ਰਧਾਨਗੀ ਤਿੰਨ ਦਰਜਨ ਜਥੇਬੰਦੀਆਂ ਦੇ ਆਗੂਆਂ ਨੇ ਕੀਤੀ ਅਤੇ ਪੰਜਾਬ ਦੇ ਕੋਨੇ-ਕੋਨੇ ਤੋਂ ਇਨਸਾਫ਼ਪਸੰਦ ਲੋਕ ਕਾਫ਼ਲੇ ਸ਼ਾਮਲ ਹੋਏ। ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਬਸਤੀਵਾਦੀ ਕਾਨੂੰਨ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਨਾਂ ਹੇਠ ਦੇਸ਼ ਨੂੰ ਪੁਲਿਸ ਰਾਜ ਵਿਚ ਬਦਲਣ ਲਈ ਲਿਆਂਦੇ ਨਵੇਂ ਫ਼ੌਜਦਾਰੀ ਕਾਨੂੰਨ ਨਵੇਂ ਨਾਵਾਂ ਹੇਠ ਬਸਤੀਵਾਦੀ ਕਾਨੂੰਨਾਂ ਨੂੰ ਹੋਰ ਮਜ਼ਬੂਤ ਕਰਦੇ ਹਨ ਅਤੇ ਇਹ ਰੌਲਟ ਐਕਟ ਤੋਂ ਵੀ ਖ਼ਤਰਨਾਕ ਹਨ। ਅਰੁੰਧਤੀ ਰਾਏ, ਪ੍ਰੋਫੈਸਰ ਸ਼ੌਕਤ, ਮੇਧਾ ਪਾਟੇਕਰ ਵਰਗੇ ਰੋਸ਼ਨ-ਖ਼ਿਆਲ ਬੁੱਧੀਜੀਵੀਆਂ ਤੇ ਹੱਕਾਂ ਦੇ ਪਹਿਰੇਦਾਰਾਂ ਦੀ ਜ਼ੁਬਾਨਬੰਦੀ ਕਰ ਕੇ ਅਤੇ ਕਾਲੇ ਕਾਨੂੰਨਾਂ ਥੋਪਕੇ ਨਾਗਰਿਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦਾ ਗਲਾ ਘੁੱਟਣ ਦੇ ਫਾਸ਼ੀਵਾਦੀ ਹਮਲੇ ਪਿੱਛੇ ਦੇਸ਼ ਦੇ ਕੀਮਤੀ ਮਾਲ-ਖ਼ਜ਼ਾਨਿਆਂ ਨੂੰ ਮੁਲਕ ਦੇ ਇਜਾਰੇਦਾਰ ਸਰਮਾਏਦਾਰਾਂ ਅਤੇ ਸਾਮਰਾਜੀਆਂ ਦੇ ਹਵਾਲੇ ਕਰ ਦੇਣ ਦੀ ਡੂੰਘੀ ਸਾਜ਼ਿਸ਼ ਕੰਮ ਕਰਦੀ ਹੈ।

ਐਡਵੋਕੇਟ ਦਲਜੀਤ ਸਿੰਘ ਅਤੇ ਐੱਨ.ਕੇ. ਜੀਤ ਨੇ ਕਿਹਾ ਕਿ ਇਹ ਕਾਨੂੰਨ ਸੰਘਰਸ਼ਾਂ ਰਾਹੀਂ ਹਾਸਲ ਕੀਤੇ ਜਮਹੂਰੀ ਹੱਕਾਂ ਦੀ ਸਪੇਸ ਨੂੰ ਖੋਹਣ ਲਈ ਹਨ। ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਮਾਸਟਰ ਰਾਜਿੰਦਰ ਭਦੌੜ ਨੇ ਕਿਹਾ ਕਿ ਅੱਜ ਦਾ ਇਕੱਠ ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰ ਕੇ ਅਤੇ ਕਾਲੇ ਕਾਨੂੰਨ ਥੋਪ ਕੇ ਪੁਲਿਸ ਰਾਜ ਵੱਲ ਵਧਣ ਦੀ ਬੇਹੱਦ ਖ਼ਤਰਨਾਕ ਸਾਜ਼ਿਸ਼ ਵਿਰੁੱਧ ਅਵਾਮ ਨੂੰ ਜਾਗਰੂਕ ਕਰਨ 'ਚ ਮੀਲ-ਪੱਥਰ ਸਾਬਤ ਹੋਵੇਗਾ। ਡਾਕਟਰ ਪਰਮਿੰਦਰ ਨੇ ਕਿਹਾ ਕਿ ਪੰਜਾਬ ਵਿਚ ਉਭਰ ਰਹੀ ਜਮਹੂਰੀ ਹੱਕਾਂ ਦੀ ਚੇਤਨਾ ਅਤੇ ਰਾਖੀ ਦੀ ਲਹਿਰ ਹਕੂਮਤ ਨੂੰ ਚਿਤਾਵਨੀ ਹੈ ਕਿ ਮਹਾਨ ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਦੀ ਜਾਬਰ ਸਾਮਰਾਜਵਾਦ ਵਿਰੁੱਧ ਲਾਸਾਨੀ ਜੱਦੋਜਹਿਦ ਨੂੰ ਪੰਜਾਬ ਦੇ ਲੋਕ ਭੁੱਲੇ ਨਹੀਂ ਹਨ।

ਕਨਵੈਨਸ਼ਨ ਵਿਚ ਸਰਵਸੰਮਤੀ ਨਾਲ ਮਤੇ ਪਾਸ ਕਰ ਕੇ ਮੰਗ ਕੀਤੀ ਗਈ ਕਿ ਅਰੁੰਧਤੀ ਰਾਏ ਤੇ ਪ੍ਰੋਫੈਸਰ ਸ਼ੌਕਤ ਹੁਸੈਨ ਵਿਰੁੱਧ ਮੁਕੱਦਮਾ ਵਾਪਸ ਲਿਆ ਜਾਵੇ; ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਡਿਜ਼ੀਟਲ ਮੀਡੀਆ ਰੈਗੂਲੇਸ਼ਨ ਅਤੇ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ, ਪਬਲਿਕ ਸਕਿਊਰਿਟੀ ਐਕਟ ਅਤੇ ਮਹਾਰਾਸ਼ਟਰਾ ਪਬਲਿਕ ਸਕਿਊਰਿਟੀ ਬਿੱਲ, ਯੂ.ਏ.ਪੀ.ਏ. ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ। ਕਨਵੈਨਸ਼ਨ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਇਨ੍ਹਾਂ ਕਾਲੇ ਕਾਨੂੰਨਾਂ ਦੇ ਜਮਹੂਰੀ ਹੱਕਾਂ ਉਪਰ ਪੈਣ ਵਾਲੇ ਘਾਤਕ ਅਸਰਾਂ ਦੇ ਮੱਦੇਨਜ਼ਰ ਇਨ੍ਹਾਂ ਨੂੰ ਰੱਦ ਕਰਨ ਲਈ ਵਿਸ਼ੇਸ਼ ਤੌਰ 'ਤੇ ਮਤਾ ਪਾਸ ਕਰੇ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਆਵਾਜ਼ ਉਠਾ ਰਹੀ ਲੋਕਾਂ ਦੀ ਧਿਰ ਨਾਲ ਖੜ੍ਹੇ; ਕਨਵੈਨਸ਼ਨ ਮੰਗ ਕਰਦੀ ਹੈ ਕਿ ਭੀਮਾ-ਕੋਰੇਗਾਓਂ ਅਤੇ ਹੋਰ ਕਥਿਤ ਸਾਜ਼ਿਸ਼ ਕੇਸਾਂ ਤਹਿਤ ਜੇਲ੍ਹਾਂ 'ਚ ਡੱਕੇ ਲੋਕਾਂ ਦੇ ਬੁੱਧੀਜੀਵੀਆਂ ਅਤੇ ਕਾਰਕੁਨਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ; 295/295 ਏ ਤਹਿਤ ਦਰਜ ਸਾਰੇ ਕੇਸ ਤੁਰੰਤ ਵਾਪਸ ਲਏ ਜਾਣ; ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀ ਤੁਰੰਤ ਰਿਹਾ ਕੀਤੇ ਜਾਣ; ਛੱਤੀਸਗੜ੍ਹ ਤੇ ਹੋਰ ਸੂਬਿਆਂ ਵਿਚ ਕੁਦਰਤੀ ਵਸੀਲਿਆਂ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਆਦਿਵਾਸੀਆਂ ਦਾ ਘਾਣ ਤੇ ਉਜਾੜਾ ਬੰਦ ਕੀਤਾ ਜਾਵੇ; ਘੱਟਗਿਣਤੀ ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਨਫ਼ਰਤ ਭੜਕਾਊ ਮੁਹਿੰਮ, ਹਜੂਮੀ ਹਿੰਸਾ ਅਤੇ ਬੁਲਡੋਜ਼ਰ ਰਾਜ ਬੰਦ ਕੀਤਾ ਜਾਵੇ; ਕਸ਼ਮੀਰ ਵਿਚ ਪਬਲਿਕ ਸਕਿਊਰਿਟੀ ਐਕਟ ਅਤੇ ਯੂ.ਏ.ਪੀ.ਏ. ਲਗਾ ਕੇ ਜੇਲ੍ਹਾਂ ਵਿਚ ਡੱਕੇ ਪੱਤਰਕਾਰਾਂ, ਵਕੀਲਾਂ ਅਤੇ ਹੋਰ ਕਾਰਕੁਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ; ਮਨੀਪੁਰ ਵਿਚ ਭਾਜਪਾ ਫਿਰਕੂ ਭਰਾਮਾਰ ਖ਼ਾਨਾਜੰਗੀ ਅਤੇ ਔਰਤਾਂ ਵਿਰੁੱਧ ਜਿਨਸੀ ਹਿੰਸਾ ਤੁਰੰਤ ਬੰਦ ਕਰੇ; ਗਾਜ਼ਾ ਪੱਟੀ ਵਿਚ ਫ਼ਲਸਤੀਨੀਆਂ ਦੀ ਬੇਕਿਰਕ ਹਮਲਿਆਂ ਰਾਹੀਂ ਨਸਲਕੁਸ਼ੀ ਬੰਦ ਕੀਤੀ ਜਾਵੇ ਅਤੇ ਫ਼ਲਸਤੀਨ ਉਪਰ ਫ਼ਲਸਤੀਨੀਆਂ ਦਾ ਵਾਹਦ ਹੱਕ ਸਵੀਕਾਰ ਕੀਤਾ ਜਾਵੇ। ਕਨਵੈਨਸ਼ਨ ਤੋਂ ਬਾਅਦ ਸ਼ਹਿਰ ਵਿਚ ਰੋਹ ਭਰਪੂਰ ਮੁਜ਼ਾਹਰਾ ਕੀਤਾ ਗਿਆ।

## ਕੇਂਦਰ ਸਰਕਾਰ ਦਾ ਬਜਟ ਪੰਜਾਬ ਨਾਲ ਵਿਤਕਰੇ ਵਾਲਾ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੇਂਦਰੀ ਬਜਟ 2024 ਪੰਜਾਬ ਪ੍ਰਤੀ ਵਿਤਕਰੇ ਭਰਪੂਰ ਹੈ ਅਤੇ ਇਹ ਸੂਬੇ ਦੀਆਂ ਮੰਗਾਂ ਵਿਚੋਂ ਇਕ ਵੀ ਮੰਨਣ ਵਿਚ ਫੇਲ੍ਹ ਸਾਬਤ ਹੋਇਆ ਹੈ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਫਸਲੀ ਵਿਭਿੰਨਤਾ ਜਾਂ ਸੂਬੇ ਦੇ ਕਿਸਾਨਾਂ ਲਈ ਕਰਜ਼ਾ ਮੁਆਫੀ ਵਾਸਤੇ ਕੋਈ ਰਾਸ਼ੀ ਨਹੀਂ ਰੱਖੀ ਗਈ। ਹਾਲਾਂਕਿ ਅਸਲੀਅਤ ਇਹ ਹੈ ਕਿ ਜ਼ਮੀਨ ਹੇਠਲਾ ਪਾਣੀ ਰਿਕਾਰਡ ਪੱਧਰ 'ਤੇ ਨੀਵਾਂ ਚਲਾ ਗਿਆ ਹੈ ਅਤੇ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਝੋਨੇ ਤੋਂ ਦੂਰ ਕਰਨ ਵਾਸਤੇ ਵਿੱਤੀ ਲਾਭ ਦੇਣੇ ਪੈਣਗੇ।

## ਮੋਦੀ ਹਿੰਦੂਵਾਦੀ ਏਜੰਡੇ 'ਤੇ ਕਾਇਮ

*(ਪਹਿਲੇ ਸਫੇ ਦੀ ਬਾਕੀ)*

'ਤੇ ਨਿਰਭਰ ਹੋਈ ਭਾਜਪਾ ਸੱਤਾ ਵਿਚ ਰਹਿਣ ਖ਼ਾਤਿਰ ਹੁਣ ਰਿਆਇਤਾਂ ਦੇਣ ਦੀ ਇੱਛੁਕ ਜਾਪਦੀ ਹੈ। ਅਗਲੇ ਸਾਲ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸ਼ਤਾਬਦੀ ਵਰ੍ਹੇ ਨੂੰ ਧਿਆਨ ਵਿਚ ਰੱਖਦਿਆਂ ਸੱਤਾਧਾਰੀ ਪਾਰਟੀ ਮੋਹਨ ਭਾਗਵਤ ਅਤੇ ਬਾਕੀ ਸੰਘ ਨੇਤਾਵਾਂ ਨੂੰ ਖ਼ੁਸ਼ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀ।

ਦੱਸ ਦਈਏ ਕਿ ਧਰੁਵੀਕਰਨ ਦਾ ਹਥਕੰਡਾ ਯੂ.ਪੀ. ਵਿਚ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਕੰਮ ਨਹੀਂ ਆ ਸਕਿਆ। ਫਿਰ ਵੀ, ਪਾਰਟੀ ਵਿਧਾਨ ਸਭਾ ਲਈ ਹੋਣ ਵਾਲੀਆਂ ਜ਼ਿਮਨੀ ਚੋਣਾਂ ਤੋਂ ਪਹਿਲਾਂ ਇਸ ਨੂੰ ਅਜ਼ਮਾਉਣ ਤੋਂ ਖ਼ੁਦ ਨੂੰ ਰੋਕ ਨਹੀਂ ਸਕੀ। ਚੁਣਾਵੀ ਨਿਘਾਰ ਤੋਂ ਬਾਅਦ ਖ਼ੁਦ ਨੂੰ ਕਮਜ਼ੋਰ ਵਿਕਟ 'ਤੇ ਦੇਖ ਕੇ ਭਾਜਪਾ ਉਨ੍ਹਾਂ ਹਿੰਦੂ ਵੋਟਰਾਂ ਨੂੰ ਖਿੱਚਣ ਲਈ ਪੂਰੀ ਵਾਹ ਲਾ ਰਹੀ ਹੈ ਜਿਨ੍ਹਾਂ ਦਾ ਇਸ ਨਾਲ ਮੋਹ ਭੰਗ ਹੋਇਆ ਹੈ ਹਾਲਾਂਕਿ ਇਹ ਜੋੜ-ਤੋੜ ਪੁੱਠਾ ਵੀ ਪੈ ਸਕਦਾ ਹੈ ਤੇ ਉੱਤਰ ਪ੍ਰਦੇਸ਼ 'ਚ ਭਗਵਾਂ ਪਾਰਟੀ ਦੀਆਂ ਮੁਸ਼ਕਿਲਾਂ ਵਿਚ ਹੋਰ ਵਾਧਾ ਹੋ ਸਕਦਾ ਹੈ।

ਇਸੇ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰੀ ਮੁਲਾਜ਼ਮਾਂ ਦੇ ਆਰ.ਐੱਸ.ਐੱਸ. ਦੀਆਂ ਸਰਗਰਮੀਆਂ ਵਿਚ ਸ਼ਾਮਲ ਹੋਣ 'ਤੇ ਲੱਗੀ ਰੋਕ ਨੂੰ ਹਟਾ ਕੇ ਇਨ੍ਹਾਂ ਮੁਲਾਜ਼ਮਾਂ ਨੂੰ ਵਿਚਾਰਧਾਰਾ ਦੇ ਆਧਾਰ 'ਤੇ ਵੰਡਣਾ ਚਾਹੁੰਦੇ ਹਨ। ਪਿਛਲੇ 10 ਸਾਲਾਂ ਵਿਚ ਭਾਜਪਾ ਨੇ ਸਾਰੀਆਂ ਸੰਵਿਧਾਨਕ ਤੇ ਖ਼ੁਦਮੁਖਤਿਆਰ ਸੰਸਥਾਵਾਂ 'ਤੇ ਕਬਜ਼ਾ ਕਰਨ ਵਾਸਤੇ ਆਰ.ਐੱਸ.ਐੱਸ. ਦਾ ਇਸਤੇਮਾਲ ਕੀਤਾ ਹੈ।

## ਅਕਾਲੀ ਦਲ ਦਾ ਅੰਦਰੂਨੀ ਕਲੇਸ਼ ਹੋਰ ਵਧਿਆ

*(ਪਹਿਲੇ ਸਫੇ ਦੀ ਬਾਕੀ)*

ਉਨ੍ਹਾਂ ਦੱਸਿਆ ਕਿ ਹੁਣ ਤੱਕ ਇਹ ਹੁੰਦਾ ਆਇਆ ਹੈ ਕਿ ਜਦੋਂ ਸਾਰਾ ਢਾਂਚਾ ਭੰਗ ਕੀਤਾ ਜਾਂਦਾ ਹੈ ਤਾਂ ਹੀ ਕੋਰ ਕਮੇਟੀ ਭੰਗ ਕੀਤੀ ਜਾਂਦੀ ਹੈ ਪਰ ਹੁਣ ਨਵੀਂ ਰੀਤ ਹੀ ਪਾ ਦਿੱਤੀ ਕਿ ਗਈ ਕਿ ਸਿਰਫ ਕੋਰ ਕਮੇਟੀ ਭੰਗ ਕੀਤੀ ਗਈ। ਕੋਰ ਕਮੇਟੀ ਦੇ ਜ਼ਿਆਦਾਤਰ ਮੈਂਬਰਾਂ ਵੱਲੋਂ ਵਰਤਮਾਨ ਸਮੇਂ ਪੈਦਾ ਹੋਏ ਹਲਾਤਾਂ ਦੇ ਮੁਤਾਬਕ ਤਬਦੀਲੀ ਦੀ ਮੰਗ ਕੀਤੀ ਜਾ ਰਹੀ ਸੀ। ਸੁਖਬੀਰ ਬਾਦਲ ਨੇ ਲੋਕਾਂ ਦੀਆਂ ਅਤੇ ਪਾਰਟੀ ਦੇ ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਝੂੰਦਾਂ ਕਮੇਟੀ ਦੀਆਂ ਰਿਪੋਰਟਾਂ ਨੂੰ ਤਾਂ ਕੀ ਲਾਗੂ ਕਰਨਾ ਸੀ ਸਗੋਂ ਪਾਰਟੀ ਦੀ ਮਜ਼ਬੂਤੀ ਲਈ ਤਬਦੀਲੀ ਦੀ ਮੰਗ ਕਰਨ ਵਾਲੇ ਆਗੂਆਂ ਨੂੰ ਟੇਢੇ ਢੰਗ ਨਾਲ ਸਾਈਡ ਲਾਈਨ ਕਰਨ ਲਈ ਨਾਦਰਸ਼ਾਹੀ ਫਰਮਾਨ ਸੁਣਾ ਦਿੱਤਾ।

## ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਹੋਰ ਤਿੱਖਾ ਕਰਨ ਦਾ ਐਲਾਨ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਸਾਂਝੀ ਕਾਨਫਰੰਸ ਵਿਚ ਪਹਿਲੀ ਅਗਸਤ ਨੂੰ ਦੇਸ਼ ਭਰ ਵਿਚ ਜ਼ਿਲ੍ਹਾ ਹੈੱਡਕੁਆਰਟਰਾਂ ਵੱਲ ਮਾਰਚ ਕਰਨ ਤੇ ਭਾਜਪਾ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ 15 ਅਗਸਤ ਨੂੰ ਦੇਸ਼ ਭਰ ਵਿਚ ਜ਼ਿਲ੍ਹਾ ਪੱਧਰ 'ਤੇ ਟਰੈਕਟਰ ਮਾਰਚ ਕਰਨ ਦਾ ਫੈਸਲਾ ਲਿਆ ਗਿਆ।

ਇਸ ਸਬੰਧੀ ਕਿਸਾਨ ਆਗੂਆਂ ਜਗਜੀਤ ਸਿੰਘ ਡੱਲੇਵਾਲ ਤੇ ਸਰਵਣ ਸਿੰਘ ਪੰਧੇਰ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਸਾਂਝੀ ਕਾਨਫਰੰਸ ਦੌਰਾਨ ਮੁੱਖ ਤੌਰ 'ਤੇ ਫੈਸਲਾ ਲਿਆ ਗਿਆ ਕਿ ਪਹਿਲੀ ਅਗਸਤ ਨੂੰ ਦੇਸ਼ ਭਰ ਵਿਚ ਜ਼ਿਲ੍ਹਾ ਹੈੱਡਕੁਆਰਟਰਾਂ ਵੱਲ ਮਾਰਚ ਕੀਤੇ ਜਾਣਗੇ ਅਤੇ ਘੱਟੋ-ਘੱਟ ਸਮਰਥਨ ਮੁੱਲ ਗਾਰੰਟੀ ਕਾਨੂੰਨ ਦੇ ਹੱਕ ਵਿਚ ਅਤੇ ਕਿਸਾਨਾਂ ਨੂੰ ਮਾਰਨ ਵਾਲੇ ਅਧਿਕਾਰੀਆਂ ਨੂੰ ਰਾਸ਼ਟਰਪਤੀ ਮੈਡਲ ਦੇਣ ਦੇ ਵਿਰੋਧ ਵਿਚ ਭਾਜਪਾ ਦੇ ਪੁਤਲੇ ਫੂਕੇ ਜਾਣਗੇ।

## ਬਜਟ 2024: ਮੁਲਾਜ਼ਮਾਂ ਲਈ ਟੈਕਸ ਛੋਟਾਂ ਦਾ ਐਲਾਨ

**ਨਵੀਂ ਦਿੱਲੀ:** ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਪਣਾ ਲਗਾਤਾਰ ਸੱਤਵਾਂ ਬਜਟ ਪੇਸ਼ ਕੀਤਾ। ਉਨ੍ਹਾਂ ਇਸ ਬਜਟ ਵਿਚ ਮੁਲਾਜ਼ਮ ਵਰਗ ਨੂੰ ਰਾਹਤ ਦਿੱਤੀ। ਇਸ ਬਜਟ ਵਿਚ ਚਾਰ ਕਰੋੜ ਤੋਂ ਵੱਧ ਮੁਲਾਜ਼ਮਾਂ ਲਈ ਟੈਕਸ ਛੋਟਾਂ ਦਾ ਐਲਾਨ ਕੀਤਾ ਗਿਆ। ਨਵੀਂ ਟੈਕਸ ਪ੍ਰਣਾਲੀ ਤਹਿਤ ਸਟੈਂਡਰਡ ਡਿਡੱਕਸ਼ਨ ਦੀ ਸੀਮਾ 50,000 ਰੁਪਏ ਤੋਂ ਵਧਾ ਕੇ 75,000 ਰੁਪਏ ਕਰ ਦਿੱਤੀ ਗਈ ਹੈ ਜਦਕਿ ਪੈਨਸ਼ਨਰਾਂ ਲਈ ਪਰਿਵਾਰਕ ਪੈਨਸ਼ਨ 'ਤੇ ਕਟੌਤੀ ਨੂੰ 15,000 ਰੁਪਏ ਤੋਂ ਵਧਾ ਕੇ 25,000 ਰੁਪਏ ਕਰ ਦਿੱਤਾ ਗਿਆ ਹੈ।

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਸਰਕਾਰ ਦਾ ਧਿਆਨ ਗਰੀਬਾਂ, ਔਰਤਾਂ, ਨੌਜਵਾਨਾਂ ਤੇ ਕਿਸਾਨਾਂ 'ਤੇ ਰਹੇਗਾ ਤੇ ਸਰਕਾਰ ਨੌਕਰੀਆਂ ਦੇ ਮੌਕੇ ਵਧਾਏਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪਹਿਲੀ ਨੌਕਰੀ ਮਿਲਣ 'ਤੇ 15 ਹਜ਼ਾਰ ਰੁਪਏ ਸਿੱਧੇ ਈ.ਪੀ.ਐਫ.ਓ. ਖਾਤੇ ਵਿਚ ਮਿਲਣਗੇ। ਪਹਿਲੀ ਨੌਕਰੀ ਵਾਲੇ ਜਿਨ੍ਹਾਂ ਨੌਜਵਾਨਾਂ ਦੀ ਤਨਖਾਹ ਇਕ ਲੱਖ ਤੋਂ ਘੱਟ ਹੈ, ਉਨ੍ਹਾਂ ਨੂੰ ਈ.ਪੀ.ਐਫ.ਓ. ਵਿਚ ਪਹਿਲੀ ਵਾਰ ਰਜਿਸਟਰ ਕਰਨ ਲਈ 15 ਹਜ਼ਾਰ ਰੁਪਏ ਦੀ ਮਦਦ ਤਿੰਨ ਕਿਸ਼ਤਾਂ ਵਿਚ ਦਿੱਤੀ ਜਾਵੇਗੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਹੈਪੀ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕੈਨੇਡਾ ਸਰਕਾਰ ਦੀ ਸਖਤੀ ਨੇ ਕੌਮਾਂਤਰੀ ਵਿਦਿਆਰਥੀਆਂ ਦਾ ਫਿਕਰ ਵਧਾਇਆ

**ਵੈਨਕੂਵਰ:** ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਈਕ ਮਿੱਲਰ ਨੇ ਕੌਮਾਂਤਰੀ ਵਿਦਿਆਰਥੀਆਂ ਉਤੇ ਹੋਰ ਸਖਤੀ ਕਰਦਿਆਂ ਕਿਹਾ ਹੈ ਕਿ ਸਟੱਡੀ ਪਰਮਿਟ ਕਿਸੇ ਨੂੰ ਵੀ ਕੈਨੇਡਾ ਵਿਚ ਪੱਕੇ ਹੋਣ ਦੀ ਗਾਰੰਟੀ ਨਹੀਂ ਦਿੰਦਾ ਤੇ ਨਾ ਹੀ ਹੁਣ ਇਸ ਨੂੰ ਪੀਆਰ ਦਾ ਵਸੀਲਾ ਬਣਨ ਦਿੱਤਾ ਜਾਏਗਾ।

ਮੰਤਰੀ ਨੇ ਸਖਤ ਭਰੇ ਲਹਿਜ਼ੇ ਵਿਚ ਕਿਹਾ ਕਿ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀ ਇਹ ਸੋਚ ਕੇ ਹੀ ਇੱਥੇ ਆਉਣ। ਮੰਤਰੀ ਨੇ ਕਿਹਾ ਕਿ ਇੱਥੇ ਵੱਡੀ ਗਿਣਤੀ ਵਿਚ ਆਏ ਵਿਦਿਆਰਥੀ ਪਹਿਲਾਂ ਹੀ ਸਰਕਾਰ ਲਈ ਚੁਣੌਤੀ ਬਣੇ ਹੋਏ ਹਨ। ਕਾਮਿਆਂ ਦੀ ਲੋੜ ਬਾਰੇ ਕੀਤੇ ਸਰਵੇਖਣਾਂ ਤੋਂ ਪਤਾ ਲੱਗਿਆ ਹੈ ਕਿ ਇਸ ਪ੍ਰਣਾਲੀ ਦੀ ਵੱਡੇ ਪੱਧਰ 'ਤੇ ਦੁਰਵਰਤੋਂ ਹੋ ਰਹੀ ਹੈ ਜਿਸ 'ਤੇ ਹੁਣ ਪੂਰੀ ਤਰ੍ਹਾਂ ਕਾਬੂ ਪਾ ਲਿਆ ਜਾਏਗਾ।

ਮਾਈਕ ਮਿਲਰ ਨੇ ਸੰਕੇਤ ਦਿੱਤੇ ਕਿ ਇਸ ਪ੍ਰਣਾਲੀ ਵਿਚਲੀਆਂ ਚੋਰ ਮੋਰੀਆਂ ਬੰਦ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਖਤੀ ਦੇ ਨਤੀਜੇ ਸਾਹਮਣੇ ਆਉਣ ਲੱਗੇ ਹਨ ਤੇ ਹੁਣ ਕਈ ਦੇਸ਼ਾਂ ਦੇ ਸਟੱਡੀ ਪਰਮਿਟ 'ਤੇ ਆ ਰਹੇ ਵਿਦਿਆਰਥੀਆਂ ਦੀ ਗਿਣਤੀ ਕਾਫੀ ਘੱਟ ਗਈ ਹੈ।



ਇਸ ਸਖਤੀ ਤੋਂ ਪ੍ਰੇਸ਼ਾਨ ਹੋਏ ਕਈ ਲੋਕਾਂ ਨੇ ਮੰਤਰੀ ਦੀ ਨੁਕਤਾਚੀਨੀ ਕਰਦਿਆਂ ਕਿਹਾ ਹੈ ਕਿ ਜੇ ਸਰਕਾਰ ਨੇ ਇਸ ਮਾਮਲੇ 'ਤੇ ਪਹਿਲਾਂ ਹੀ ਕਾਬੂ ਪਾਇਆ ਹੁੰਦਾ ਤਾਂ ਵਿਦਿਆਰਥੀਆਂ ਦੀਆਂ ਮੁਸੀਬਤਾਂ ਨਾ ਵਧਦੀਆਂ। ਵਿਦਿਆਰਥੀ ਜਥੇਬੰਦੀਆਂ ਨੇ ਰੋਸ ਪ੍ਰਗਟ ਕਰਦਿਆਂ ਕਿਹਾ ਕਿ 70 ਹਜ਼ਾਰ ਵਿਦਿਆਰਥੀਆਂ ਦੇ ਸਿਰ 'ਤੇ ਪਹਿਲਾਂ ਹੀ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ ਜਿਨ੍ਹਾਂ ਵਿਚੋਂ 10 ਹਜ਼ਾਰ ਨੂੰ ਵਾਪਸੀ ਲਈ ਕਹਿ ਵੀ ਦਿੱਤਾ ਗਿਆ ਹੈ।

# ਅਰਮੀਨੀਆ ਵਿਚ ਫਸੇ ਪੁੱਤ ਦੀ ਰਿਹਾਈ ਲਈ ਮਾਪੇ ਸੀਚੇਵਾਲ ਨੂੰ ਮਿਲੇ

**ਜਲੰਧਰ:** ਅਰਮੀਨੀਆ ਦੀ ਜੇਲ੍ਹ ਵਿਚ ਪਿਛਲੇ ਇਕ ਮਹੀਨੇ ਤੋਂ ਫਸੇ ਜ਼ਿਲ੍ਹਾ ਜਲੰਧਰ ਦੇ ਨੌਜਵਾਨ ਮਨੀਸ਼ ਅਰੋੜਾ ਦੇ ਮਾਪਿਆਂ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕਰ ਕੇ ਪੁੱਤਰ ਨੂੰ ਸਲਾਮਤ ਵਾਪਸ ਲਿਆਉਣ ਦੀ ਅਪੀਲ ਕੀਤੀ ਹੈ।



ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੇ ਮਨੀਸ਼ ਅਰੋੜਾ ਦੇ ਮਾਪਿਆਂ ਨੇ ਦੱਸਿਆ ਕਿ ਉਹ ਪਿਛਲੇ ਇਕ ਮਹੀਨੇ ਤੋਂ ਆਪਣੇ ਪੁੱਤਰ ਦੀ ਵਾਪਸੀ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਏਜੰਟ ਨੇ ਉਨ੍ਹਾਂ ਦੇ ਪੁੱਤਰ ਨੂੰ ਜਾਰਜੀਆ ਦੀ ਸਰਹੱਦ 'ਤੇ ਛੱਡ ਦਿੱਤਾ ਸੀ, ਜਿੱਥੇ ਉਸ ਨੂੰ ਪੁਲਿਸ ਨੇ ਫੜ ਲਿਆ ਹੈ। ਪੀੜਤ ਪਰਿਵਾਰ ਮੁਤਾਬਕ ਉਨ੍ਹਾਂ ਦੇ ਲੜਕੇ ਤੇ ਉਸ ਦੇ ਇਕ ਸਾਥੀ ਨੂੰ ਏਜੰਟ ਨੇ ਯੂਰਪ ਭੇਜਣਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਟਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਨਾਜਾਇਜ਼ ਢੰਗ ਨਾਲ ਡੰਕੀ ਰਾਹੀਂ ਅਰਮੀਨੀਆ-ਜਾਰਜੀਆ ਰਾਹੀਂ ਸਰਹੱਦ ਪਾਰ ਕਰਾਉਣੀ ਸੀ, ਜਿੱਥੇ ਦੋਵੇਂ ਫੜੇ ਗਏ। ਪੀੜਤ ਨੌਜਵਾਨ ਦੇ ਪਿਤਾ ਨੇ ਦੱਸਿਆ ਕਿ ਜੂਨ ਮਹੀਨੇ ਤੋਂ ਉਨ੍ਹਾਂ ਦਾ ਮਨੀਸ਼ ਨਾਲ ਕੋਈ ਸੰਪਰਕ ਨਹੀਂ ਹੋਇਆ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੀੜਤ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਇਨ੍ਹਾਂ ਨੌਜਵਾਨਾਂ ਦਾ ਮਸਲਾ ਵਿਦੇਸ਼ ਮੰਤਰਾਲੇ ਕੋਲ ਉਠਾਉਣਗੇ ਅਤੇ ਉਨ੍ਹਾਂ ਦੀ ਹਰ ਸੰਭਵ ਮੱਦਦ ਕਰਨਗੇ। ਸੰਤ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਗਲਤ ਟਰੈਵਲ ਏਜੰਟਾਂ ਦੇ ਧੱਕੇ ਨਾ ਚੜ੍ਹਨ। ਜੇ ਵਿਦੇਸ਼ ਜਾਣਾ ਹੈ ਤਾਂ ਸਹੀ ਢੰਗ ਨਾਲ ਜਾਣ।

## ਕੈਨੇਡਾ ਵਿਚ ਪੰਜਾਬੀ ਵਿਦਿਆਰਥਣ ਦੀ ਮੌਤ

**ਵੈਨਕੂਵਰ:** ਸਰੀ ਵਿਚ ਪਿਛਲੇ ਹਫਤੇ ਤੇਜ਼ ਰਫਤਾਰ ਕਾਰ 'ਚੋਂ ਡਿੱਗ ਕੇ ਹਲਾਕ ਹੋਈ 19 ਸਾਲਾ ਲੜਕੀ ਦੀ ਪਛਾਣ ਸਨੀਆ ਵਜੋਂ ਹੋਈ ਹੈ ਜਿਸ ਦੀ ਪਛਾਣ ਪੁਲਿਸ ਨੇ ਜਨਤਕ ਕਰ ਦਿੱਤੀ ਹੈ। ਇਹ ਲੜਕੀ 9 ਜੁਲਾਈ ਨੂੰ ਭਾਰਤ ਤੋਂ ਸਟੱਡੀ ਵੀਜ਼ੇ ਉਤੇ ਕੈਨੇਡਾ ਪਹੁੰਚੀ ਸੀ ਤੇ 10-11 ਜੁਲਾਈ ਦੀ ਰਾਤ ਨੂੰ ਸਰੀ ਰਹਿੰਦੇ ਆਪਣੇ ਦੋਸਤਾਂ ਨਾਲ ਘੁੰਮ ਰਹੀ ਸੀ।

ਪੁਲਿਸ ਜਾਂਚ ਕਰ ਰਹੀ ਹੈ ਕਿ ਸਨੀਆ ਨੇ ਚਲਦੀ ਕਾਰ ਵਿਚੋਂ ਛਾਲ ਮਾਰੀ ਜਾਂ ਕਾਰ ਪਲਟਣ ਤੋਂ ਬਾਅਦ ਬਾਹਰ ਡਿੱਗੀ। ਇਹ ਪਤਾ ਲੱਗਿਆ ਹੈ ਕਿ ਕਾਰ ਵਿਚਲੇ 20 ਤੇ 23 ਸਾਲ ਦੇ ਦੋਵੇਂ ਲੜਕੇ ਭਾਰਤ ਤੋਂ ਉਸ ਦੇ ਜਾਣਕਾਰ ਸਨ ਜੋ ਹਸਪਤਾਲ ਵਿਚ ਦਾਖਲ ਹਨ। ਇਸ ਕਰ ਕੇ ਪੁਲਿਸ ਨੇ ਉਨ੍ਹਾਂ ਤੋਂ ਹਾਦਸੇ ਦੇ ਕਾਰਨਾਂ ਦੀ ਪੁੱਛਗਿੱਛ ਹਾਲੇ ਨਹੀਂ ਕੀਤੀ। ਸਨੀਆ ਦੇ ਮਾਪੇ ਦਿੱਲੀ ਰਹਿੰਦੇ ਹਨ।

ਮ੍ਰਿਤਕਾ ਦੇ ਰਿਸ਼ਤੇਦਾਰ ਬਲਜਿੰਦਰ ਭੰਡਾਲ ਵਲੋਂ ਉਸ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਸ ਲਈ ਫੰਡ ਇਕੱਠਾ ਕਰਨ ਲਈ ਮਾਪਿਆਂ ਵੱਲੋਂ ਨੰਬਰ ਜਾਰੀ ਕੀਤਾ ਗਿਆ ਸੀ। ਬਲਜਿੰਦਰ ਭੰਡਾਲ ਨੇ ਭਾਰਤ ਤੋਂ ਆਏ ਵਿਦਿਆਰਥੀਆਂ ਦੀ ਮਦਦ ਲਈ ਗਰੁੱਪ ਬਣਾਇਆ ਹੋਇਆ ਹੈ ਤੇ ਇਸ ਵੇਲੇ 22 ਹਜ਼ਾਰ ਡਾਲਰ ਤੱਕ ਦੀ ਰਾਸ਼ੀ ਮਦਦ ਲਈ ਪੁੱਜ ਗਈ ਹੈ ਜੋ ਉਸ ਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਵਰਤੀ ਜਾਵੇਗੀ।

# ਧੀਆਂ ਦਾ ਸ਼ੋਸ਼ਣ ਕਰਨ ਵਾਲੇ ਮਤਰੇਏ ਪਿਓ ਨੂੰ 43 ਸਾਲ ਕੈਦ

**ਸ੍ਰੀ ਮੁਕਤਸਰ ਸਾਹਿਬ:** ਇੱਥੋਂ ਦੇ ਵਧੀਕ ਸੈਸ਼ਨ ਜੱਜ ਅਮਿਤਾ ਸਿੰਘ ਦੀ ਅਦਾਲਤ ਨੇ ਤਿੰਨ ਨਾਬਾਲਗ ਧੀਆਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਹੇਠ ਮਤਰੇਏ ਪਿਤਾ ਨੂੰ 43 ਸਾਲ ਦੀ ਕੈਦ ਅਤੇ 1 ਲੱਖ 20 ਹਜ਼ਾਰ ਰੁਪਏ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਲਾਗਲੇ ਪਿੰਡ ਦੀ ਰਹਿਣ ਵਾਲੀ ਇਕ ਔਰਤ ਮਾਨਸਿਕ ਤੌਰ 'ਤੇ ਠੀਕ ਨਹੀਂ ਸੀ। ਉਸ ਦਾ ਦੂਜੀ ਵਾਰ ਵਿਆਹ ਹੋਇਆ ਸੀ। ਪਹਿਲੇ ਵਿਆਹ ਤੋਂ ਉਸ ਦੀਆਂ ਤਿੰਨ ਧੀਆਂ ਸਨ। 2021 ਵਿਚ ਬਾਲ ਸੁਰੱਖਿਆ ਯੂਨਿਟ ਦੀ ਇਕ ਵਰਕਰ ਨੂੰ ਪਤਾ ਲੱਗਿਆ ਕਿ ਨਾਬਾਲਗ ਤਿੰਨਾਂ ਲੜਕੀਆਂ ਨਾਲ ਕੋਈ ਧੱਕੇਸ਼ਾਹੀ ਹੋ ਰਹੀ ਹੈ। ਪੜਤਾਲ ਦੌਰਾਨ ਪਾਇਆ ਗਿਆ ਕਿ ਨਾਬਾਲਗ ਲੜਕੀਆਂ ਦਾ ਬਾਪ ਹੀ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕਰਦਾ ਹੈ।

ਸਰਕਾਰੀ ਵਕੀਲ ਸ਼ਿਵਦੇਵ ਸਿੰਘ ਗਿੱਲ ਦੀਆਂ ਦਲੀਲਾਂ ਅਤੇ ਪੇਸ਼ ਸਬੂਤਾਂ ਨਾਲ ਸਹਿਮਤ ਹੁੰਦਿਆਂ ਅਦਾਲਤ ਨੇ ਪਿਤਾ ਨੂੰ ਦੋਸ਼ੀ ਕਰਾਰ ਦਿੰਦਿਆਂ ਆਈ.ਪੀ.ਸੀ. ਦੀ ਧਾਰਾ 354ਏ ਤਹਿਤ 3 ਸਾਲ ਦੀ ਕੈਦ ਤੇ 20 ਹਜ਼ਾਰ ਰੁਪਏ ਜੁਰਮਾਨਾ, ਪੋਸਕੋ ਐਕਟ ਦੀ ਧਾਰਾ 4 ਤਹਿਤ 20 ਸਾਲ ਦੀ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਅਤੇ ਪੋਸਕੋ ਐਕਟ ਦੀ ਧਾਰਾ 6 ਤਹਿਤ 20 ਸਾਲ ਦੀ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਦਾ ਹੁਕਮ ਦਿੱਤਾ। ਸ੍ਰੀ ਗਿੱਲ ਨੇ ਦੱਸਿਆ ਕਿ ਇਹ ਸਾਰੀਆਂ ਸਜ਼ਾਵਾਂ ਇਕੱਠੀਆਂ ਹੀ ਚੱਲਣਗੀਆਂ ਜਿਸ ਕਰਕੇ ਦੋਸ਼ੀ ਨੂੰ ਜੇਲ੍ਹ ਵਿਚ 20 ਸਾਲ ਕੱਟਣੇ ਪੈਣਗੇ।

## ਸੜਕ 'ਤੇ ਮਾਮੂਲੀ ਵਿਵਾਦ ਤੋਂ ਭਾਰਤੀ ਮੂਲ ਦੇ ਨੌਜਵਾਨ ਦੀ ਹੱਤਿਆ



**ਵਾਸ਼ਿੰਗਟਨ:** ਅਮਰੀਕਾ ਦੇ ਇੰਡਿਆਨਾ ਸੂਬੇ ਵਿਚ ਸੜਕ ਉਤੇ ਦੋ ਧਿਰਾਂ ਵਿਚ ਹੋਈ ਅਣਬਣ ਦੀ ਸ਼ੱਕੀ ਘਟਨਾ ਵਿਚ ਭਾਰਤੀ ਮੂਲ ਦੇ 29 ਸਾਲਾ ਨਵਵਿਆਹੇ ਨੌਜਵਾਨ ਦੀ ਉਸ ਦੀ ਪਤਨੀ ਦੇ ਸਾਹਮਣੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲਿਸ ਤੇ ਮੀਡੀਆ ਰਿਪੋਰਟਾਂ ਵਿਚ ਨੌਜਵਾਨ ਦੀ ਪਛਾਣ ਗੈਵਿਨ ਦਾਸੌਰ ਵਜੋਂ ਦੱਸੀ ਗਈ ਹੈ, ਜੋ ਆਪਣੀ ਮੈਕਸੀਕਨ ਮੂਲ ਦੀ ਪਤਨੀ ਨਾਲ ਵਾਪਸ ਘਰ ਜਾ ਰਿਹਾ ਸੀ। ਇੰਡਿਆਨਾ ਪੁਲਿਸ ਵਿਭਾਗ ਦੀ ਅਧਿਕਾਰੀ ਆਮੰਡਾ ਹਿਬਸ਼ਮੈਨ ਨੇ ਕਿਹਾ ਕਿ ਇਹ ਘਟਨਾ ਪਿਛਲੇ ਹਫ਼ਤੇ ਮੰਗਲਵਾਰ ਰਾਤ 8 ਵਜੇ ਤੋ ਬਾਅਦ ਦੀ ਹੈ। ਦਾਸੌਰ ਪਿੱਛੋਂ ਆਗਰਾ ਨਾਲ ਸਬੰਧਤ ਸੀ ਤੇ ਉਸ ਦਾ 29 ਜੂਨ ਨੂੰ ਵਿਵਿਆਨਾ ਜ਼ਾਮੋਰਾ ਨਾਲ ਵਿਆਹ ਹੋਇਆ ਸੀ। ਸ਼ੱਕੀ ਸ਼ੂਟਰ ਨੂੰ ਪੁਲਿਸ ਨੇ ਮੌਕੇ ਤੋਂ ਹੀ ਹਿਰਾਸਤ ਵਿਚ ਲੈ ਲਿਆ ਸੀ ਹਾਲਾਂਕਿ ਮਗਰੋਂ ਉਸ ਨੂੰ ਛੱਡ ਦਿੱਤਾ ਗਿਆ। ਪੁਲਿਸ ਤਰਜਮਾਨ ਮੁਤਾਬਕ ਸ਼ੂਟਰ ਨੇ ਸ਼ਾਇਦ ਆਪਣੀ ਸਵੈ-ਰੱਖਿਆ 'ਚ ਗੋਲੀ ਚਲਾਈ ਸੀ। ਉਂਜ ਪੁਲਿਸ ਵੱਲੋਂ ਵੱਖ ਵੱਖ ਪਹਿਲੂਆਂ ਤੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਸੜਕ ਹਾਦਸੇ ਵਿਚ ਇਕੋ ਪਰਿਵਾਰ ਦੇ ਛੇ ਜੀਅ ਹਲਾਕ

**ਡੱਬਵਾਲੀ:** ਮੱਥਾ ਟੇਕਣ ਲਈ ਸਾਲਾਸਰ ਧਾਰਮਿਕ ਸਥਾਨ ਉਤੇ ਜਾਂਦੇ ਹੋਏ ਵਾਪਰੇ ਸੜਕੇ ਹਾਦਸੇ ਵਿਚ ਮੰਡੀ ਕਿੱਲਿਆਂਵਾਲੀ ਦੇ ਇਕ ਪਰਿਵਾਰ ਦੇ ਸਾਰੇ ਛੇ ਮੈਂਬਰਾਂ ਦੀ ਮੌਤ ਹੋ ਗਈ। ਇਹ ਹਾਦਸਾ ਰਾਜਸਥਾਨ ਵਿਚ ਜੈਤਪੁਰ ਟੌਲ ਪਲਾਜ਼ਾ ਨੇੜੇ ਵਾਪਰਿਆ। ਪਰਿਵਾਰ ਦੀ ਕਾਰ ਅੱਗੇ ਜਾਂਦੇ ਇਕ ਟਰੱਕ ਵਿਚ ਜਾ ਵੱਜੀ।

ਭਾਰਤਮਾਲਾ ਐਕਸਪ੍ਰੈੱਸਵੇਅ ਉਤੇ ਵਾਪਰਿਆ ਇਹ ਹਾਦਸਾ ਐਨਾ ਭਿਆਨਕ ਸੀ ਕਿ ਕਾਰ ਨੂੰ ਕੱਟ ਕੇ ਮ੍ਰਿਤਕਾਂ ਦੀਆਂ ਲਾਸ਼ਾਂ ਕੱਢਣੀਆਂ ਪਈਆਂ। ਮ੍ਰਿਤਕਾਂ ਦੀ ਪਛਾਣ ਸ਼ਿਵ ਕੁਮਾਰ ਗੁਪਤਾ (47), ਉਸ ਦੀ ਪਤਨੀ ਆਰਤੀ (43), ਦੋ ਲੜਕਿਆਂ ਨੀਰਜ ਗੁਪਤਾ (23) ਤੇ ਖੇਮਚੰਦ ਉਰਫ਼ ਡੱਗੂ (12) ਅਤੇ ਦੋ ਲੜਕੀਆਂ ਸੁਨੈਣਾ (21) ਤੇ ਭੂਮੀ (17) ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਸ਼ਿਵਕੁਮਾਰ ਕੁਮਾਰ ਗੁਪਤਾ ਦਾ ਪਰਿਵਾਰ ਮੰਡੀ ਕਿੱਲਿਆਂਵਾਲੀ ਦੇ ਫ਼ਰੀਦ ਨਗਰ ਨੇੜਲੇ ਇਲਾਕੇ ਵਿਚ ਰਹਿੰਦਾ ਸੀ। ਪਰਿਵਾਰ ਦਾ ਵੱਡਾ ਲੜਕਾ ਨੀਰਜ ਗੁਪਤਾ ਪੰਜਾਬ-ਹਰਿਆਣਾ ਦੀ ਹੱਦ 'ਤੇ ਮੈਡੀਕਲ ਸਟੋਰ ਚਲਾਉਂਦਾ ਸੀ। ਉਹ ਆਪਣੇ ਮਾਪਿਆਂ, ਭੈਣਾਂ ਤੇ ਭਰਾ ਸਮੇਤ ਨਵੀਂ ਖਰੀਦੀ ਸਿਆਜ਼ ਕਾਰ ਵਿਚ ਸਾਲਾਸਰ 'ਚ ਸਥਿਤ ਬਾਲਾਜੀ ਦੇ ਦਰਸ਼ਨਾਂ ਲਈ ਜਾ ਰਿਹਾ ਸੀ।

ਰਸਤੇ ਵਿਚ ਵਾਪਰੇ ਇਸ ਹਾਦਸੇ ਵਿਚ ਪਰਿਵਾਰ ਦੇ ਸਾਰੇ ਜੀਅ ਹਲਾਕ ਹੋ ਗਏ। ਗੁਪਤਾ ਪਰਿਵਾਰ ਦੇ ਜਾਣਕਾਰ ਵਿੱਪਨ ਗਰਗ ਮੁਤਾਬਕ ਨੀਰਜ ਗੁਪਤਾ ਨੇ ਇਹ ਕਾਰ ਦੋ-ਤਿੰਨ ਦਿਨ ਪਹਿਲਾਂ ਹੀ ਖਰੀਦੀ ਸੀ। ਪਿੱਛਿਓਂ ਅਯੁੱਧਿਆ ਨਾਲ ਸਬੰਧਤ ਗੁਪਤਾ ਪਰਿਵਾਰ ਕਈ ਸਾਲਾਂ ਤੋਂ ਮੰਡੀ ਕਿੱਲਿਆਂਵਾਲੀ ਵਿਚ ਹੀ ਰਹਿੰਦਾ ਸੀ। ਘਟਨਾ ਵਿਚ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਮੌਤ ਹੋਣ ਮਗਰੋਂ ਸ਼ਿਵ ਕੁਮਾਰ ਗੁਪਤਾ ਦੇ ਘਰ ਨੂੰ ਜਿੰਦਰਾ ਲੱਗ ਗਿਆ ਹੈ। ਪਰਿਵਾਰ ਨੇ ਇਹ ਘਰ ਕੁਝ ਮਹੀਨੇ ਪਹਿਲਾਂ ਹੀ ਬਣਾਇਆ ਸੀ।

# ਭਾਈ ਰੂਪ ਚੰਦ ਦੀ ਬਰਸੀ ਮਨਾਈ

**ਫਰਿਜ਼ਨੋ:** ਸਥਾਨਕ ਗੁਰਦਵਾਰਾ ਨਾਨਕਸਰ ਕਰਨੀਲੀਆ ਰੋਡ ਫਰਿਜ਼ਨੋ ਵਿਖੇ ਭਾਈ ਰੂਪ ਚੰਦ ਜੀ ਦੀ ਬਰਸੀ, ਪਿੰਡ ਸਮਾਧ ਭਾਈ ਦੀ ਸੰਗਤ ਵੱਲੋ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਮੌਕੇ ਵੱਡੀ ਗਿਣਤੀ ਸੰਗਤ ਪਹੁੰਚੀ ਹੋਈ ਸੀ। ਗੁਰੂ ਘਰ ਦੇ ਕੀਰਤਨੀਏ ਜਥੇ ਨੇ ਧਾਰਨਾ ਪੜ੍ਹ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤ ਵੱਲੋਂ ਚੱਲ ਰਹੇ ਪਾਠ ਦੇ ਭੋਗ ਪਾਏ ਗਏ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ, ਉਪਰੰਤ ਡਾ. ਮਲਕੀਤ ਸਿੰਘ ਕਿੰਗਰਾ ਅਤੇ ਰਾਜਵਿੰਦਰ ਸਿੰਘ ਧਾਲੀਵਾਲ ਨੇ ਭਾਈ ਰੂਪ ਚੰਦ ਦੇ ਜੀਵਨ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਈ ਰੂਪ ਚੰਦ ਜੀ ਨੇ ਛੇਵੇਂ ਪਾਤਸ਼ਾਹ ਤੋ ਲੈ ਕੇ ਦਸਵੇਂ ਪਾਤਸ਼ਾਹ ਤੱਕ ਗੁਰੂ ਸਹਿਬਾਨ ਦੀ ਸੇਵਾ ਕੀਤੀ ਤੇ ਭਾਈ ਦੀ ਉਪਾਧੀ ਵੀ ਉਨ੍ਹਾਂ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਹਿਬ ਤੋਂ ਮਿਲੀ। ਉਨ੍ਹਾਂ ਦੱਸਿਆ ਕਿ ਗੁਰੂ ਹਰਗੋਬਿੰਦ ਸਹਿਬ ਨੇ ਭਾਈ ਸਹਿਬ ਦੇ ਨਾਮ 'ਤੇ ਮਾਲਵੇ ਦਾ ਨਗਰ ਭਾਈ ਰੂਪਾ ਵਸਾਇਆ, ਜਿੱਥੇ ਅੱਜ ਵੀ ਉਨ੍ਹਾਂ ਦੇ ਵੰਸ਼ ਕੋਲ ਗੁਰੂ ਸਹਿਬ ਦੀ ਨਿਸ਼ਾਨੀ ਰੱਥ ਦੇ ਰੂਪ ਵਿਚ ਸਾਂਭੀ ਹੋਈ ਹੈ। ਸਮਾਧ ਭਾਈ ਵਿਖੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ, ਉਪਰੰਤ ਭਾਈ ਸਹਿਬ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਸਮਾਧ ਉਤੇ ਅੱਜ ਤੋਂ 301 ਸਾਲ ਪਹਿਲਾਂ ਪਿੰਡ ਸਮਾਧ ਭਾਈ ਵਸਾਇਆ ਗਿਆ। ਸ਼ਾਨੇ ਪੰਜਾਬ ਵਾਲੇ ਸ. ਸੁਖਦੇਵ ਸਿੰਘ ਅਤੇ ਇੰਡੀਆ ਸਵੀਟ ਐਂਡ ਸਪਾਈਸ ਵਾਲੇ ਜਸਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਇਹ ਬਰਸੀ ਹਰ ਸਾਲ ਮਨਾਇਆ ਕਰਾਂਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।




## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਮੁਖਤਿਆਰ ਸਿੰਘ
ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

# ਹਲਵਾਰਾ ਹਵਾਈ ਅੱਡੇ ਤੋਂ ਉਡਾਣਾਂ ਹੁਣ ਅਕਤੂਬਰ ਤੋਂ

**ਲੁਧਿਆਣਾ:** ਕੌਮਾਂਤਰੀ ਹਵਾਈ ਅੱਡਾ ਹਲਵਾਰਾ ਤੋਂ ਉਡਾਣਾਂ ਸ਼ੁਰੂ ਕਰਨ ਦੀ ਸਮਾਂ ਸੀਮਾ ਇਕ ਵਾਰ ਮੁੜ ਵਧਾ ਦਿੱਤੀ ਗਈ ਹੈ। ਸਿਵਲ ਟਰਮੀਨਲ ਦੀ ਉਸਾਰੀ ਦੇ ਕੰਮਾਂ ਵਿਚ ਲੱਗੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਹਵਾਈ ਅੱਡੇ ਦੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲੈਣ ਪੁੱਜੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਦਾਅਵਾ ਕੀਤਾ ਕਿ ਸਿਵਲ ਟਰਮੀਨਲ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਅਤੇ ਅਕਤੂਬਰ ਤੱਕ ਹਵਾਈ ਉਡਾਣਾਂ ਸ਼ੁਰੂ ਹੋ ਜਾਣਗੀਆਂ। ਸਿਵਲ ਟਰਮੀਨਲ ਦੀ ਉਸਾਰੀ ਦਾ ਕੰਮ 2019 ਤੋਂ ਜਾਰੀ ਹੈ ਅਤੇ ਹੁਣ ਤੱਕ ਵੱਖ-ਵੱਖ ਕਾਰਨਾਂ ਕਰ ਕੇ ਕਰੀਬ 15 ਵਾਰ ਇਸ ਨੂੰ ਮੁਕੰਮਲ ਕਰਨ ਦੀ ਸਮਾਂ ਸੀਮਾ ਵਧਾਈ ਜਾ ਚੁੱਕੀ ਹੈ।



ਰਾਜ ਸਭਾ ਮੈਂਬਰ ਨੇ ਕਿਹਾ ਕਿ ਉਹ ਹੁਣ ਤੱਕ ਕਰੀਬ 10 ਘਰੇਲੂ ਹਵਾਈ ਕੰਪਨੀਆਂ ਦੇ ਸੀਈਓਜ਼ ਨਾਲ ਗੱਲਬਾਤ ਕਰ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਵੱਖ-ਵੱਖ ਹਵਾਈ ਕੰਪਨੀਆਂ ਦੇ ਸੀਈਓਜ਼ ਨੇ ਭਰੋਸਾ ਦਿੱਤਾ ਹੈ ਕਿ ਉਹ ਹਵਾਈ ਅੱਡਾ ਬਣਦੇ ਸਾਰ ਹੀ ਉਡਾਣਾਂ ਸ਼ੁਰੂ ਕਰ ਦੇਣਗੇ ਅਤੇ ਇਸ ਦਾ ਸਰਵੇਖਣ ਜਲਦੀ ਕਰਵਾਇਆ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਸ਼ੁਰੂਆਤੀ ਗੇੜ 'ਚ ਇੱਥੋਂ ਦਿੱਲੀ ਹਵਾਈ ਅੱਡੇ ਲਈ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ ਅਤੇ ਬਾਅਦ ਵਿਚ ਦਾਇਰਾ ਵਧਾ ਦਿੱਤਾ ਜਾਵੇਗਾ।

ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਲਈ ਜ਼ਮੀਨ ਖ਼ਰੀਦਣ ਤੋਂ ਲੈ ਕੇ ਟਰਮੀਨਲ ਦੀ ਉਸਾਰੀ ਦਾ ਸਾਰਾ ਖ਼ਰਚਾ ਸੂਬਾ ਸਰਕਾਰ ਨੇ ਚੁੱਕਿਆ ਹੈ। ਉਨ੍ਹਾਂ ਕਿਹਾ ਕਿ 40 ਫੀਸਦ ਖ਼ਰਚਾ ਗਲਾਡਾ ਅਤੇ 60 ਫੀਸਦ ਵਿੱਤ ਕਮਿਸ਼ਨ ਵੱਲੋਂ ਚੁੱਕਿਆ ਗਿਆ ਹੈ। ਹਵਾਈ ਅੱਡੇ ਦਾ ਟਰਮੀਨਲ, ਸਬ-ਸਟੇਸ਼ਨ, ਅੰਦਰੂਨੀ ਸੜਕਾਂ, ਪਾਰਕਿੰਗ, ਜਨਤਕ ਸਹੂਲਤਾਂ ਅਤੇ ਟੈਕਸੀਵੇਅ ਦਾ ਨਿਰਮਾਣ ਲਗਭਗ ਪੂਰਾ ਹੋ ਚੁੱਕਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਸਮੇਤ ਭਾਰਤੀ ਹਵਾਈ ਸੈਨਾ ਤੋਂ ਲੋੜੀਂਦੀਆਂ ਸਾਰੀਆਂ ਮਨਜ਼ੂਰੀਆਂ ਹਾਸਲ ਕਰ ਲਈਆਂ ਗਈਆਂ ਹਨ। ਇੱਥੇ ਦਸਣਾ ਬਣਦਾ ਹੈ ਕਿ ਹਵਾਈ ਅੱਡੇ ਤੋਂ ਉਡਾਣਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਉਸਾਰੀ ਅਧੀਨ ਇਸ ਸਿਵਲ ਟਰਮੀਨਲ ਦੇ ਦੋ ਸਜਾਵਟੀ ਪਿੱਲਰ ਪਿਛਲੇ ਦਿਨੀਂ ਆਏ ਝੱਖੜ ਕਾਰਨ ਟੁੱਟ ਗਏ ਸਨ। ਇਨ੍ਹਾਂ ਦੀ ਮੁਰੰਮਤ ਦਾ ਕੰਮ ਚੱਲ ਰਿਹਾ ਹੈ।

## ਜਾਅਲੀ ਜਾਤੀ ਸਰਟੀਫਿਕੇਟ 'ਤੇ ਨੌਕਰੀ ਕਰਨ ਵਾਲਾ ਮੁਅੱਤਲ

**ਚੰਡੀਗੜ੍ਹ:** ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਨਿਰਦੇਸ਼ਾਂ ਉਤੇ ਕੀਤੀ ਗਈ ਪੜਤਾਲ ਮਗਰੋਂ ਵਿੱਤ ਕਮਿਸ਼ਨਰ (ਜੰਗਲਾਤ) ਕ੍ਰਿਸ਼ਨ ਕੁਮਾਰ ਵੱਲੋਂ ਅੰਮ੍ਰਿਤਸਰ ਦੇ ਵਣ ਮੰਡਲ ਅਫਸਰ ਦਫਤਰ ਦੇ ਫਾਰੈਸਟਰ ਗੁਲਾਬ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਜਾਣਕਾਰੀ ਅਨੁਸਾਰ ਬੀਤੇ ਦਿਨੀਂ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਧਿਆਨ ਵਿਚ ਆਇਆ ਕਿ ਗੁਲਾਬ ਸਿੰਘ ਜਨਰਲ ਕੈਟਾਗਰੀ ਨਾਲ ਸਬੰਧ ਰੱਖਦਾ ਹੈ ਪਰ ਉਹ ਅਨੁਸੂਚਿਤ ਜਾਤੀ ਦੇ ਜਾਅਲੀ ਸਰਟੀਫਿਕੇਟ ਦੇ ਅਧਾਰ 'ਤੇ ਵਿਭਾਗ ਵਿਚ ਨੌਕਰੀ ਕਰ ਰਿਹਾ ਹੈ। ਇਸ ਮਗਰੋਂ ਮੁਕਤਸਰ ਸਾਹਿਬ ਦੇ ਵਣ ਰੇਂਜ ਅਫ਼ਸਰ ਕੋਲੋਂ ਇਸ ਦੀ ਪੜਤਾਲ ਕਰਵਾਈ ਗਈ। ਮੁੱਢਲੀ ਪੜਤਾਲ ਦੌਰਾਨ ਦੋਸ਼ ਸਹੀ ਪਾਏ ਗਏ। ਉਸ ਖ਼ਿਲਾਫ਼ ਰੈਗੂਲਰ ਪੜਤਾਲ ਵੱਖਰੇ ਤੌਰ 'ਤੇ ਸ਼ੁਰੂ ਕਰ ਦਿੱਤੀ ਗਈ ਹੈ।

# ਕੋਟਕਪੂਰਾ ਕਾਂਡ ਦੀ ਸੁਣਵਾਈ ਵੀ ਚੰਡੀਗੜ੍ਹ ਹੋਣ ਦੀ ਸੰਭਾਵਨਾ

**ਫ਼ਰੀਦਕੋਟ:** ਸਾਲ 2015 ਵਿਚ ਫ਼ਰੀਦਕੋਟ ਜ਼ਿਲ੍ਹੇ ਵਿਚ ਵਾਪਰੇ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਸੁਪਰੀਮ ਕੋਰਟ ਵੱਲੋਂ ਫ਼ਰੀਦਕੋਟ ਦੀ ਥਾਂ ਚੰਡੀਗੜ੍ਹ ਤਬਦੀਲ ਕਰਨ ਤੋਂ ਬਾਅਦ ਹੁਣ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਵੀ ਚੰਡੀਗੜ੍ਹ ਹੋਣ ਦੀ ਸੰਭਾਵਨਾ ਹੈ ਕਿਉਂਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਇਸ ਕੇਸ ਵਿਚ ਪਹਿਲਾਂ ਹੀ ਸਪੱਸ਼ਟ ਕਰ ਚੁੱਕਾ ਹੈ ਕਿ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਮਾਮਲਿਆਂ ਦੀ ਸੁਣਵਾਈ ਹੁਣ ਇੱਕੋ ਅਦਾਲਤ ਹੀ ਕਰਿਆ ਕਰੇਗੀ।



ਫ਼ਰੀਦਕੋਟ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਬਹਿਬਲ ਅਤੇ ਕੋਟਕਪੂਰਾ ਗੋਲੀ ਕਾਂਡ ਦਾ ਚਲਾਨ ਪਿਛਲੇ ਤਿੰਨ ਸਾਲ ਤੋਂ ਸੁਣਵਾਈ ਅਧੀਨ ਹੈ। ਕੁਝ ਸਮਾਂ ਪਹਿਲਾਂ ਅਦਾਲਤ ਨੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਬਹਿਬਲ ਗੋਲੀ ਕਾਂਡ ਦੀ ਫਾਈਲ ਚੰਡੀਗੜ੍ਹ ਭੇਜ ਦਿੱਤੀ ਸੀ ਅਤੇ ਹੁਣ ਕੋਟਕਪੂਰਾ ਗੋਲੀ ਕਾਂਡ ਦੀ ਫਾਈਲ ਚੰਡੀਗੜ੍ਹ ਭੇਜਣ ਦੀ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਫ਼ਰੀਦਕੋਟ ਦੇ ਵਧੀਕ ਸੈਸ਼ਨ ਜੱਜ ਨੇ ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ 29 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਹੈ। ਉਦੋਂ ਤੱਕ ਇਸ ਕੇਸ ਨੂੰ ਚੰਡੀਗੜ੍ਹ ਭੇਜਣ ਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਕੋਟਕਪੂਰਾ ਗੋਲੀ ਕਾਂਡ ਵਿਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ ਸਮੇਤ ਕੁੱਲ ਸੱਤ ਮੁਲਜ਼ਮ ਨਾਮਜ਼ਦ ਹਨ।

# ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨੇ ਕਿਸਾਨਾਂ ਦੀਆਂ ਮੰਗਾਂ ਨੂੰ ਲੋਕ ਸਭਾ ਤੇ ਰਾਜ ਸਭਾ ਵਿਚ ਉਠਾਉਣ ਲਈ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਮੰਗ ਪੱਤਰ ਸੌਂਪੇ। ਐਸ.ਕੇ.ਐਮ. ਵੱਲੋਂ ਇਹ ਮੰਗ ਪੱਤਰ 16 ਤੋਂ 18 ਜੁਲਾਈ ਤੱਕ ਤਿੰਨਾਂ ਦਿਨਾਂ ਵਿਚਕਾਰ ਸੌਂਪੇ ਗਏ। ਐਸ.ਕੇ.ਐਮ. ਦੇ ਆਗੂਆਂ ਨੇ ਬਰਨਾਲਾ, ਬਠਿੰਡਾ, ਫਿਰੋਜ਼ਪੁਰ, ਫਾਜ਼ਿਲਕਾ, ਜਲੰਧਰ, ਫਰੀਦਕੋਟ, ਆਨੰਦਪੁਰ ਸਾਹਿਬ ਅਤੇ ਸੁਲਤਾਨਪੁਰ ਲੋਧੀ 'ਚ ਸੰਸਦ ਮੈਂਬਰਾਂ ਦੇ ਨਾਂ ਮੰਗ ਪੱਤਰ ਸੌਂਪੇ।

ਮੋਰਚੇ ਦੇ ਆਗੂਆਂ ਅਨੁਸਾਰ ਬਰਨਾਲਾ ਵਿਚ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੀ ਰਿਹਾਇਸ਼ ਅੱਗੇ ਕਿਸਾਨ ਜਥੇਬੰਦੀਆਂ ਦਾ ਇਕੱਠ ਹੋਇਆ। ਇਸ ਦੌਰਾਨ ਮੀਤ ਹੇਅਰ ਦੇ ਨੁਮਾਇੰਦੇ ਨੇ ਮੰਗ ਪੱਤਰ ਪ੍ਰਾਪਤ ਕੀਤਾ। ਮਾਨਸਾ ਵਿਚ ਬਠਿੰਡਾ ਤੋਂ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਦਾ ਮੰਗ ਪੱਤਰ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਬਰਾੜ ਨੂੰ ਸੌਂਪਿਆ ਗਿਆ। ਇਸੇ ਤਰ੍ਹਾਂ ਫਿਰੋਜ਼ਪੁਰ ਅਤੇ ਫਾਜ਼ਿਲਕਾ ਦੇ ਕਿਸਾਨਾਂ ਨੇ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਮੰਗ ਪੱਤਰ ਦਿੱਤਾ। ਲੁਧਿਆਣਾ ਵਿਚ ਡਾ. ਅਮਰ ਸਿੰਘ, ਸੁਲਤਾਨਪੁਰ ਲੋਧੀ ਵਿਚ ਬਲਬੀਰ ਸਿੰਘ ਸੀਚੇਵਾਲ, ਪਟਿਆਲਾ ਵਿਚ ਡਾ. ਧਰਮਵੀਰ ਗਾਂਧੀ, ਜਲੰਧਰ ਤੋਂ ਚਰਨਜੀਤ ਸਿੰਘ ਚੰਨੀ, ਫਰੀਦਕੋਟ ਤੋਂ ਸਰਬਜੀਤ ਸਿੰਘ ਦੀ ਪਤਨੀ ਸੰਦੀਪ ਕੌਰ ਨੂੰ ਅਤੇ ਆਨੰਦਪੁਰ ਸਾਹਿਬ ਤੋਂ ਮਾਲਵਿੰਦਰ ਸਿੰਘ ਕੰਗ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਸਾਰੇ ਸੰਸਦ ਮੈਂਬਰਾਂ ਨੇ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੂੰ ਉਨ੍ਹਾਂ ਦੀਆਂ ਮੰਗਾਂ ਸੰਸਦ ਵਿਚ ਉਠਾਉਣ ਦਾ ਭਰੋਸਾ ਦਿੱਤਾ।

## ਟਾਈਟਲਰ ਵਿਰੁੱਧ ਦੋਸ਼ ਆਇਦ ਕਰਨ ਦਾ ਫੈਸਲਾ ਰਾਖਵਾਂ ਰੱਖਿਆ

**ਨਵੀਂ ਦਿੱਲੀ:** 1984 ਵਿਚ ਪੁਲ ਬੰਗਸ਼ ਇਲਾਕੇ ਵਿਚ ਸਿੱਖਾਂ ਦੇ ਕਤਲ ਨਾਲ ਸਬੰਧਤ ਮਾਮਲੇ ਵਿਚ ਕੌਮੀ ਜਾਂਚ ਏਜੰਸੀ ਦੇ ਕੇਸ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਰੋਜ਼ ਐਵੇਨਿਊ ਅਦਾਲਤ ਨੇ ਦੋਸ਼ ਤੈਅ ਕਰਨ ਤੇ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਅਦਾਲਤ ਵੱਲੋਂ ਦੋਸ਼ਾਂ ਬਾਰੇ 2 ਅਗਸਤ ਨੂੰ ਹੁਕਮ ਸੁਣਾਏ ਜਾਣ ਦੀ ਸੰਭਾਵਨਾ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਸੀ.ਬੀ.ਆਈ. ਅਤੇ ਜਗਦੀਸ਼ ਟਾਈਟਲਰ ਦੇ ਵਕੀਲਾਂ ਦੇ ਪੱਖ ਸੁਣਨ ਤੋਂ ਬਾਅਦ ਦੋਸ਼ ਆਇਦ ਕਰਨ ਬਾਰੇ ਹੁਕਮ ਰਾਖਵੇਂ ਰੱਖੇ ਹਨ। ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਮਨੂ ਸ਼ਰਮਾ ਨੇ ਦੂਰਦਰਸ਼ਨ ਦੀ ਇਕ ਵੀਡੀਓ ਰਾਹੀਂ ਦਲੀਲ ਦਿੱਤੀ ਕਿ ਵੀਡੀਓ ਮੁਤਾਬਕ ਟਾਈਟਲਰ ਕਥਿਤ ਘਟਨਾ ਵਾਲੇ ਦਿਨ ਟੀਨ ਮੋਰਚਰੀ ਹਾਊਸ ਚ ਮੌਜੂਦ ਸੀ ਜਿਥੇ ਇੰਦਰਾ ਗਾਂਧੀ ਦੀ ਦੇਹ ਰੱਖੀ ਹੋਈ ਸੀ।

# ਮਿਲਕਫੈੱਡ ਦੀ ਮਾਰਕੀਟ ਹਿੱਸੇਦਾਰੀ ਵਿਚ ਕਮੀ ਆਉਣ ਲੱਗੀ: ਰਾਜੇਵਾਲ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਨੇ ਕਿਹਾ ਕਿ ਸੂਬੇ ਦੇ ਸਹਿਕਾਰੀ ਅਦਾਰੇ ਮਿਲਕਫੈੱਡ ਦੀ ਮਾਰਕੀਟ ਵਿਚ ਹਿੱਸੇਦਾਰੀ 'ਚ ਕਮੀ ਆਉਣ ਲੱਗੀ ਹੈ ਜਦਕਿ ਗੁਜਰਾਤ ਸਥਿਤ ਦੁੱਧ ਸਹਿਕਾਰੀ ਸੰਸਥਾ ਅਮੂਲ ਵੱਲੋਂ ਮੰਡੀ 'ਚ ਆਪਣੀ ਹਿੱਸੇਦਾਰੀ ਵਧਾਈ ਜਾ ਰਹੀ ਹੈ।

ਯੂਨੀਅਨ ਨੇ ਕਰਮਚਾਰੀਆਂ ਵੱਲੋਂ ਜਾਣ-ਬੁੱਝ ਕੇ ਸਹਿਕਾਰੀ ਅਦਾਰੇ ਨੂੰ ਨੁਕਸਾਨ ਪਹੁੰਚਾਉਣ ਦੀਆਂ ਕਈ ਮਿਸਾਲਾਂ ਦਸਦਿਆਂ ਵਿੱਤੀ ਗੜਬੜੀਆਂ ਦੇ ਕਥਿਤ ਮਾਮਲਿਆਂ ਦੀ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮਿਲਕਫੈੱਡ ਵਿੱਤੀ ਗੜਬੜੀਆਂ ਦੇ ਕਈ ਮਾਮਲਿਆਂ ਵਿਚ ਘਿਰੀ ਹੋਈ ਹੈ। ਉਨ੍ਹਾਂ ਕਿਹਾ ਕਿ ਅਮੂਲ ਬਟਾਲਾ, ਖਮਾਣੋਂ ਅਤੇ ਰਾਮਪੁਰਾ ਫੂਲ ਵਿਚ ਤਿੰਨ ਮਿਲਕ ਪਲਾਂਟ ਸਥਾਪਤ ਕਰਨ ਤੋਂ ਬਾਅਦ ਹੌਲੀ-ਹੌਲੀ ਆਪਣੀ ਮਾਰਕੀਟ ਹਿੱਸੇਦਾਰੀ ਵਧਾ ਰਹੀ ਹੈ। ਉਹ ਦੁੱਧ 2 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਖ਼ਰੀਦ ਰਹੇ ਹਨ, ਜੋ ਕਿ ਮਿਲਕਫੈੱਡ ਵੱਲੋਂ ਦਿੱਤੀ ਜਾ ਰਹੀ ਦਰ ਤੋਂ ਵੱਧ ਹੈ।

ਰਾਜੇਵਾਲ ਨੇ ਦੱਸਿਆ ਕਿ ਪਹਿਲਾਂ ਮਿਲਕਫੈੱਡ ਦਿੱਲੀ ਨੂੰ ਰੋਜ਼ਾਨਾ 80,000 ਲਿਟਰ ਦੁੱਧ ਦੀ ਸਪਲਾਈ ਕਰਦਾ ਸੀ ਜੋ ਹੁਣ ਘਟ ਕੇ ਸਿਰਫ਼ 18,000 ਲਿਟਰ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਅਤੇ ਮੁਹਾਲੀ ਵਿਚਲੇ ਮਿਲਕ ਪਲਾਟਾਂ ਤੋਂ ਇਲਾਵਾ ਕਈ ਹੋਰ ਪਲਾਂਟ ਵੀ ਵੱਡੇ ਘਾਟੇ ਵਿਚ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਸਹਿਕਾਰੀ ਅਦਾਰੇ ਦੀ ਗਤੀਸ਼ੀਲ ਵਪਾਰਕ ਤਬਦੀਲੀ ਦੀ ਸ਼ੁਰੂਆਤ ਕਰਨ ਦਾ ਵੇਲਾ ਆ ਗਿਆ ਹੈ।

## ਬਠਿੰਡਾ 'ਚ ਮੈਗਾ ਫੂਡ ਪਾਰਕ ਦੀ ਤਜਵੀਜ਼

**ਚੰਡੀਗੜ੍ਹ:** ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੇਂਦਰੀ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਚਿਰਾਗ ਪਾਸਵਾਨ ਨੂੰ ਬਠਿੰਡਾ ਵਿਚ ਮੈਗਾ ਫੂਡ ਪਾਰਕ ਸਥਾਪਤ ਕਰਨ ਦੀ ਤਜਵੀਜ਼ ਸੌਂਪੀ ਹੈ ਤਾਂ ਜੋ ਕਿਸਾਨਾਂ ਦੀ ਆਮਦਨ ਵਿਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਬਠਿੰਡਾ ਵਿਚ ਮੈਗਾ ਫੂਡ ਪਾਰਕ ਸਥਾਪਤ ਕਰਨ ਲਈ ਸੂਬਾ ਸਰਕਾਰ ਵੱਲੋਂ ਲੋੜੀਂਦੀ ਜ਼ਮੀਨ ਮੁਹੱਈਆ ਕਰਵਾਈ ਜਾਵੇਗੀ। ਸ੍ਰੀ ਖੁੱਡੀਆਂ ਨੇ ਨਵੀਂ ਦਿੱਲੀ ਵਿਚ ਕੇਂਦਰੀ ਮੰਤਰੀ ਨਾਲ ਮੁਲਾਕਾਤ ਦੌਰਾਨ ਦੱਸਿਆ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਖੇਤੀ ਪੈਦਾਵਾਰ ਵਿਚ ਗੁਣਾਤਮਕ ਵਾਧਾ ਕਰ ਕੇ ਉਨ੍ਹਾਂ ਦੀ ਆਮਦਨ ਵਿਚ ਇਜ਼ਾਫਾ ਕਰਨ ਦੇ ਨਾਲ-ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਯਤਨਸ਼ੀਲ ਹੈ। ਖੁੱਡੀਆਂ ਨੇ ਮਾਲਵਾ ਖਿੱਤੇ ਵਿਚ ਮੈਗਾ ਫੂਡ ਪਾਰਕ ਦੀ ਲੋੜ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਮੈਗਾ ਫੂਡ ਪਾਰਕ ਛੇਤੀ ਖ਼ਰਾਬ ਹੋਣ ਵਾਲੀਆਂ ਖੇਤੀ ਉਪਜਾਂ ਤੋਂ ਪ੍ਰੋਸੈਸਡ ਫੂਡ ਉਤਪਾਦਾਂ ਦਾ ਨਿਰਮਾਣ ਕਰ ਕੇ ਘਰੇਲੂ ਅਤੇ ਵਿਦੇਸ਼ੀ ਮਾਰਕੀਟ ਲਈ ਢੁਕਵਾਂ ਤੇ ਲਾਹੇਵੰਦ ਸਾਬਤ ਹੋਵੇਗਾ। ਖੁੱਡੀਆਂ ਨੇ ਦੱਸਿਆ ਕਿ ਫੂਡ ਪ੍ਰੋਸੈਸਿੰਗ ਮੰਤਰਾਲੇ ਦੀ ਮੈਗਾ ਫੂਡ ਪਾਰਕ ਸਕੀਮ ਅਧੀਨ ਲੁਧਿਆਣਾ ਜ਼ਿਲ੍ਹੇ ਵਿਚ ਲਾਡੋਵਾਲ ਵਿਚ ਸਥਾਪਤ ਮੈਗਾ ਫੂਡ ਪਾਰਕ ਦੀ ਸਫ਼ਲਤਾ ਨੂੰ ਵੇਖਦਿਆਂ ਮਾਲਵੇ ਵਿਚ ਇਕ ਹੋਰ ਮੈਗਾ ਫੂਡ ਪਾਰਕ ਸਥਾਪਤ ਕੀਤੇ ਜਾਣ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਪੰਜਾਬ ਦੇ ਕੈਬਨਿਟ ਮੰਤਰੀ ਨੇ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਨੂੰ ਲਾਡੋਵਾਲ ਮੈਗਾ ਫੂਡ ਪਾਰਕ ਲਈ ਗ੍ਰਾਂਟ-ਇਨ-ਏਡ ਦੀ ਪੈਂਡਿੰਗ ਪਈ ਚੌਥੀ ਕਿਸ਼ਤ ਜਾਰੀ ਕਰਨ ਲਈ ਦਖ਼ਲ ਦੇਣ ਅਤੇ ਅੰਮ੍ਰਿਤਸਰ ਵਿਚ ਲੋੜੀਂਦੀ ਮਾਨਤਾ ਸਮੇਤ ਫੂਡ ਟੈਸਟਿੰਗ ਲੈਬਾਰਟਰੀ ਸਥਾਪਤ ਕਰਨ ਲਈ ਵੀ ਅਪੀਲ ਕੀਤੀ।

# ਚੰਡੀਗੜ੍ਹ-ਮੁਹਾਲੀ ਸੜਕ ਤੋਂ ਮੁਜ਼ਾਹਰਾਕਾਰੀਆਂ ਨੂੰ ਹਟਾਉਣ ਬਾਰੇ ਪਟੀਸ਼ਨ 'ਤੇ ਸੁਣਵਾਈ ਕਰੇਗਾ ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਜਤਾਈ ਹੈ ਜਿਸ ਵਿਚ ਪ੍ਰਦਰਸ਼ਨਕਾਰੀਆਂ ਤੋਂ ਚੰਡੀਗੜ੍ਹ-ਮੁਹਾਲੀ ਸੜਕ ਖਾਲੀ ਕਰਵਾਉਣ ਲਈ ਕਿਹਾ ਗਿਆ ਸੀ।

ਇਸ ਸਾਲ ਮਈ ਵਿਚ ਸੁਪਰੀਮ ਕੋਰਟ ਨੇ ਇਕ ਵੱਖਰੀ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਦੇ 9 ਅਪਰੈਲ ਦੇ ਹੁਕਮਾਂ 'ਤੇ ਰੋਕ ਲਗਾ ਦਿੱਤੀ ਸੀ। ਸੁਪਰੀਮ ਕੋਰਟ ਦੇ ਜਸਟਿਸ ਬੀਆਰ ਗਵਈ, ਕੇਵੀ ਵਿਸ਼ਵਾਨਾਥਨ ਅਤੇ ਐਨ ਕੋਟੀਸ਼ਵਰ ਸਿੰਘ ਦੇ ਬੈਂਚ ਨੇ ਇਸ ਸਬੰਧੀ ਪਟੀਸ਼ਨ ਪਾਉਣ ਵਾਲੀ ਐਨ.ਜੀ.ਓ. ਤੋਂ ਜਵਾਬ ਮੰਗਦਿਆਂ ਇਸ ਮੁੱਦੇ ਸਬੰਧੀ ਸਾਰੀਆਂ ਪਟੀਸ਼ਨਾਂ ਨੂੰ ਇਕੱਠਾ ਕਰ ਦਿੱਤਾ ਹੈ।

ਇਸ ਸਮੁੱਚੇ ਹਾਲਾਤ ਬਾਰੇ ਇਹ ਤੱਥ ਦੱਸਣਾ ਬਣਦਾ ਹੈ ਕਿ ਹਾਈ ਕੋਰਟ ਨੇ 9 ਅਪਰੈਲ ਦੇ ਹੁਕਮਾਂ ਵਿਚ ਕਿਹਾ ਸੀ ਕਿ ਇਸ ਸਬੰਧੀ ਵਾਰ-ਵਾਰ ਮੌਕੇ ਦਿੱਤੇ ਜਾਣ ਦੇ ਬਾਵਜੂਦ ਨਾ ਤਾਂ ਪੰਜਾਬ ਤੇ ਨਾ ਹੀ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਨੇ ਚੰਡੀਗੜ੍ਹ ਅਤੇ ਮੁਹਾਲੀ ਦੇ ਲੋਕਾਂ ਨੂੰ ਦਰਪੇਸ਼ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਹੈ। ਇਹ ਹੁਕਮ ਇਕ ਐਨ.ਜੀ.ਓ. ਦੀ ਪਟੀਸ਼ਨ 'ਤੇ ਦਿੱਤੇ ਗਏ ਸੀ ਜਿਸ ਵਿਚ ਦਲੀਲ ਦਿੱਤੀ ਗਈ ਸੀ ਕਿ ਫਰਵਰੀ 2023 ਤੋਂ ਚੱਲ ਰਹੇ ਚੰਡੀਗੜ੍ਹ-ਮੁਹਾਲੀ ਸੜਕ 'ਤੇ ਪ੍ਰਦਰਸ਼ਨ ਕਾਰਨ ਸਥਾਨਕ ਲੋਕਾਂ ਅਤੇ ਯਾਤਰੀਆਂ ਨੂੰ ਬੇਲੋੜੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਜ਼ਿਕਰਯੋਗ ਗੱਲ ਇਹ ਵੀ ਹੈ ਕਿ ਚੰਡੀਗੜ੍ਹ ਅਤੇ ਮੁਹਾਲੀ ਦੀ ਹੱਦ 'ਤੇ ਟੈਂਟ ਲਾਈ ਬੈਠੇ ਪ੍ਰਦਰਸ਼ਨਕਾਰੀ ਸਿੱਖ ਬੰਦੀਆਂ ਦੀ ਰਿਹਾਈ ਮੰਗ ਰਹੇ ਹਨ।

# ਨਸ਼ਿਆਂ ਕਾਰਨ ਮੌਤਾਂ ਦੇ ਮੁੱਦੇ ਉਤੇ ਪੰਜਾਬ ਸਰਕਾਰ ਘਿਰੀ

**ਚੰਡੀਗੜ੍ਹ:** ਭਾਜਪਾ ਤੇ ਕਾਂਗਰਸ ਨੇ ਸੂਬਾ ਸਰਕਾਰ ਨੂੰ ਨਸ਼ਿਆਂ ਦੇ ਮਾਮਲੇ ਵਿਚ ਘੇਰਿਆ। ਭਾਜਪਾ ਦੇ ਸੀਨੀਅਰ ਆਗੂ ਤੇ ਪ੍ਰਦੇਸ਼ ਮੀਡੀਆ ਮੁਖੀ ਵਿਨੀਤ ਜੋਸ਼ੀ ਨੇ ਕਿਹਾ ਕਿ 'ਆਪ' ਸਰਕਾਰ ਦੇ 28 ਮਹੀਨਿਆਂ ਦੇ ਕਾਰਜਕਾਲ 587 ਨੌਜਵਾਨਾਂ ਦੀ ਨਸ਼ੇ ਕਾਰਨ ਮੌਤ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2000 ਤੋਂ 2500 ਦੇ ਵਿਚਕਾਰ ਹੋਵੇਗੀ, ਪਰ ਕਈ ਪਰਿਵਾਰ ਕਾਰਨ ਨਹੀਂ ਦੱਸਦੇ। ਉਨ੍ਹਾਂ ਕਿਹਾ ਕਿ ਪੰਜਾਬ 'ਚੋਂ ਨਸ਼ਾ ਖਤਮ ਕਰਨ ਦੇ ਚੋਣ ਵਾਅਦੇ ਨਾਲ ਸੱਤਾ 'ਚ ਆਏ ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਾ ਤਾਂ ਕੀ ਖਤਮ ਕਰਨਾ ਸੀ, ਸਗੋਂ ਉਨ੍ਹਾਂ ਦੇ ਰਾਜ 'ਚ ਨਸ਼ਾ ਹੁਣ ਮਹਾਮਾਰੀ ਦਾ ਰੂਪ ਧਾਰ ਚੁੱਕਿਆ ਹੈ, ਜਿਸ ਨੇ ਪਿਛਲੇ 20 ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ।




ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿਚ ਨਸ਼ਿਆਂ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦਾ ਗ੍ਰਾਫ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। 'ਆਪ' ਸਰਕਾਰ ਦਾ ਨਸ਼ਾ ਵਿਰੋਧੀ ਅਪਰੇਸ਼ਨ ਸੂਬੇ 'ਚ ਗਤੀ ਹਾਸਲ ਕਰਨ 'ਚ ਅਸਫਲ ਰਿਹਾ ਹੈ। ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਹੋਣ ਦੇ ਨਾਤੇ ਭਗਵੰਤ ਮਾਨ ਨੂੰ ਨਸ਼ਿਆਂ ਦੀ ਓਵਰਡੋਜ਼ ਨਾਲ ਹੋਈ ਮੌਤ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

### ਮੁੱਖ ਮੰਤਰੀ ਆਪਣਾ ਵਾਅਦਾ ਪੂਰਾ ਕਰਨ: ਵੜਿੰਗ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਵਿਚ 'ਆਪ' ਦੇ ਕਾਰਜਕਾਲ ਦੌਰਾਨ ਨਸ਼ਿਆਂ ਦੀ ਹਾਲਾਤ ਸੁਧਰਨ ਦੀ ਬਜਾਏ ਵਿਗੜ ਗਈ ਹੈ। ਉਨ੍ਹਾਂ ਕਿਹਾ ਕਿ 15 ਅਗਸਤ 2023 ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਸੀ ਕਿ ਅਗਲੇ ਸਾਲ ਇਸ ਸਮੇਂ ਤੱਕ ਪੰਜਾਬ ਵਿਚੋਂ ਹੈਰੋਇਨ ਦਾ ਖਾਤਮਾ ਕਰ ਦਿੱਤਾ ਜਾਵੇਗਾ ਪਰ ਅਜਿਹਾ ਹੋ ਨਹੀਂ ਸਕਿਆ।

## ਅੰਮ੍ਰਿਤਪਾਲ ਸਿੰਘ ਨੇ ਨਜ਼ਰਬੰਦੀ ਖਿਲਾਫ ਹਾਈ ਕੋਰਟ ਦਾ ਰੁਖ਼ ਕੀਤਾ

**ਚੰਡੀਗੜ੍ਹ:** ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਖਡੂਰ ਸਾਹਿਬ ਦੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਰੁਖ਼ ਕੀਤਾ ਹੈ। ਉਨ੍ਹਾਂ ਨੇ ਪਟੀਸ਼ਨ ਦਾਇਰ ਕਰਦਿਆਂ ਕੌਮੀ ਸੁਰੱਖਿਆ ਐਕਟ ਤਹਿਤ ਕੀਤੀਆਂ ਗਈਆਂ ਕਾਰਵਾਈਆਂ ਤੇ ਨਜ਼ਰਬੰਦੀ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਇਸ ਸਬੰਧੀ ਅਦਾਲਤ ਨਿਰਦੇਸ਼ ਜਾਰੀ ਕਰੇ। ਪਟੀਸ਼ਨ ਵਿਚ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਐਨ.ਐਸ.ਏ. ਤਹਿਤ ਉਸ ਦੀ ਨਜ਼ਰਬੰਦੀ ਗੈਰ-ਕਾਨੂੰਨੀ ਹੈ ਅਤੇ ਇਸ ਨੂੰ ਰੱਦ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਉਸ ਨੂੰ ਵੱਡੇ ਰਾਜਨੀਤਿਕ ਮੁੱਦਿਆਂ 'ਤੇ ਸੂਬਾ ਅਤੇ ਕੇਂਦਰ ਸਰਕਾਰਾਂ ਵਿਰੁੱਧ ਆਵਾਜ਼ ਉਠਾਉਣ ਲਈ ਸਜ਼ਾ ਦਿੱਤੀ ਗਈ ਹੈ ਤੇ ਉਸ ਨੂੰ ਜਮਹੂਰੀ ਹੱਕਾਂ ਤੋਂ ਵਾਂਝਾ ਕੀਤਾ ਗਿਆ ਹੈ।

# ਸੰਸਦ ਦੇ ਮੌਨਸੂਨ ਇਜਲਾਸ ਦੌਰਾਨ ਪੰਜਾਬ ਦੇ ਮੁੱਦੇ ਭਖਣਗੇ

**ਮਾਨਸਾ:** ਸੰਸਦ ਦੇ ਮੌਨਸੂਨ ਇਜਲਾਸ ਦੌਰਾਨ ਨਵੇਂ ਚੁਣੇ ਗਏ ਲੋਕ ਸਭਾ ਮੈਂਬਰਾਂ ਤੋਂ ਕਿਸਾਨਾਂ ਤੇ ਆਮ ਲੋਕਾਂ ਨੂੰ ਸੂਬੇ ਦੇ ਚਿਰਾਂ ਤੋਂ ਲਟਕਦੇ ਮਸਲਿਆਂ 'ਤੇ ਆਵਾਜ਼ ਬੁਲੰਦ ਕਰਨ ਦੀ ਆਸ ਬੱਝੀ ਹੈ। ਬਠਿੰਡਾ ਲੋਕ ਸਭਾ ਹਲਕੇ ਤੋਂ ਲਗਾਤਾਰ ਚੌਥੀ ਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਇਸ ਇਜਲਾਸ ਦੌਰਾਨ ਪੰਜਾਬ ਅਤੇ ਹਰਿਆਣਾ ਦੇ ਪਾਣੀ ਦੇ ਮੁੱਦੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨ ਅੰਦੋਲਨ ਦੌਰਾਨ ਕੀਤੇ ਵਾਅਦਿਆਂ ਦੀਆਂ ਅੱਧ-ਵਿਚਾਲੇ ਲਟਕੀਆਂ ਮੰਗਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਏ ਜਾਣ ਦੀ ਵੀ ਆਸ ਹੈ।



ਦੱਸਣਯੋਗ ਹੈ ਕਿ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਇਨ੍ਹਾਂ ਨਵੇਂ ਚੁਣੇ ਲੋਕ ਸਭਾ ਮੈਂਬਰਾਂ ਨੂੰ ਮੰਗ ਪੱਤਰ ਦੇ ਕੇ ਕਿਸਾਨਾਂ ਦੀਆਂ ਲਟਕਦੀਆਂ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਗਿਆ ਸੀ ਅਤੇ ਬਹੁਤੇ ਲੋਕ ਸਭਾ ਮੈਂਬਰਾਂ ਨੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਇਹ ਭਰੋਸਾ ਵੀ ਦਿੱਤਾ ਸੀ ਕਿ ਉਹ ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਇਨ੍ਹਾਂ ਮਸਲਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਗੇ। 'ਆਪ' ਦੇ ਸੰਗਰੂਰ ਤੋਂ ਪਹਿਲੀ ਵਾਰ ਚੁਣੇ ਗਏ ਨੌਜਵਾਨ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਤੋਂ ਕਿਸਾਨਾਂ ਨੂੰ ਕਾਫੀ ਉਮੀਦਾਂ ਹਨ। ਇਸੇ ਤਰ੍ਹਾਂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ (ਲੁਧਿਆਣਾ), ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ (ਜਲੰਧਰ), ਪਟਿਆਲਾ ਤੋਂ ਕਾਂਗਰਸ ਦੀ ਟਿਕਟ 'ਤੇ ਪਹਿਲੀ ਵਾਰ ਚੁਣੇ ਗਏ ਡਾ. ਧਰਮਵੀਰ ਗਾਂਧੀ, ਗੁਰਦਾਸਪੁਰ ਤੋਂ ਸੁਖਜਿੰਦਰ ਸਿੰਘ ਰੰਧਾਵਾ ਤੋਂ ਪੰਜਾਬ ਦੇ ਲਟਕਦੇ ਮਸਲੇ ਆਪਣੇ ਕੌਮੀ ਆਗੂ ਰਾਹੁਲ ਗਾਂਧੀ ਮੌਜੂਦਗੀ ਵਿਚ ਸੰਸਦ ਸਾਹਮਣੇ ਰੱਖਣ ਦਾ ਸਭ ਤੋਂ ਵੱਡਾ ਮੌਕਾ ਪ੍ਰਾਪਤ ਹੋਵੇਗਾ, ਜਿਸ ਨੂੰ ਉਹ ਅਜਾਈਂ ਨਹੀਂ ਜਾਣ ਦੇਣਗੇ। ਫਰੀਦਕੋਟ ਤੋਂ ਆਜ਼ਾਦ ਉਮੀਦਵਾਰ ਵਜੋਂ ਪਹਿਲੀ ਵਾਰ ਚੁਣੇ ਗਏ ਸਰਬਜੀਤ ਸਿੰਘ ਖਾਲਸਾ ਨੂੰ ਵੀ ਸੂਬੇ ਦੇ ਮਸਲਿਆਂ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਵਾਲੇ ਸਭ ਤੋਂ ਵੱਡੇ ਮਾਮਲੇ ਉਭਾਰਨ ਦਾ ਮੌਕਾ ਪ੍ਰਾਪਤ ਹੋਵੇਗਾ।

# ਨਿਹੰਗ ਬਾਣੇ ਨੂੰ ਬਦਨਾਮ ਕਰਨ ਵਾਲਿਆਂ ਖਿਲਾਫ ਹੋਵੇ ਕਾਰਵਾਈ: ਜਥੇਦਾਰ

**ਸ੍ਰੀ ਆਨੰਦਪੁਰ ਸਾਹਿਬ:** ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਬੀਤੇ ਦਿਨੀਂ ਨਿਹੰਗ ਬਾਣੇ ਵਿਚ ਆਏ ਕੁਝ ਨੌਜਵਾਨਾਂ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਲੰਗਰ ਹਾਲ 'ਚ ਸੇਵਾ ਨਿਭਾ ਰਹੇ ਸੇਵਾਦਾਰਾਂ 'ਤੇ ਕੀਤੇ ਹਮਲੇ ਨੂੰ ਬੇਹੱਦ ਮੰਦਭਾਗਾ ਕਰਾਰ ਦਿੰਦਿਆਂ ਇਨ੍ਹਾਂ ਸ਼ਰਾਰਤੀ ਲੋਕਾਂ ਖਿਲਾਫ਼ ਸਖ਼ਤੀ ਕਰਨ ਲਈ ਵੱਖ-ਵੱਖ ਨਿਹੰਗ ਜਥੇਬੰਦੀਆਂ ਦੇ ਮੁਖੀਆਂ ਨੂੰ ਅਪੀਲ ਕੀਤੀ ਹੈ।

ਜਥੇਦਾਰ ਸੁਲਤਾਨ ਸਿੰਘ ਨੇ ਕਿਹਾ ਕਿ ਕੁਝ ਸ਼ਰਾਰਤੀ ਲੋਕ ਗੁਰੂ ਸਾਹਿਬ ਵੱਲੋਂ ਬਖਸ਼ੇ ਇਸ ਬਾਣੇ ਨੂੰ ਜਾਣਬੁੱਝ ਕੇ ਬਦਨਾਮ ਕਰ ਰਹੇ ਹਨ ਤੇ ਅਜਿਹੇ ਲੋਕਾਂ ਖ਼ਿਲਾਫ਼ ਜਥੇਬੰਦੀਆਂ ਨੂੰ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਗਲਤ ਕਾਰਵਾਈਆਂ ਨੂੰ ਠੱਲ੍ਹ ਪਾਉਣ ਦੇ ਲਈ ਐਕਸ਼ਨ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਅਜਿਹੇ ਲੋਕਾਂ ਕਰ ਕੇ ਆਮ ਲੋਕ ਅਸਲੀ ਨਿਹੰਗ ਸਿੰਘਾਂ ਨੂੰ ਵੀ ਕਈ ਵਾਰੀ ਡਰ ਦੀ ਭਾਵਨਾ ਨਾਲ ਦੇਖਦੇ ਹਨ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਵੀ ਵੱਖ-ਵੱਖ ਨਿਹੰਗ ਜਥੇਬੰਦੀਆਂ ਦੇ ਮੁਖੀਆਂ ਨੂੰ ਮਿਲ ਕੇ ਇਸ ਬਾਰੇ ਵਿਚਾਰਾਂ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਅਤੇ ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ ਵੀ ਮੌਜੂਦ ਸਨ।

# ਪਾਲਤੂ ਕੁੱਤਿਆਂ ਤੇ ਬਿੱਲੀਆਂ ਦੀ ਗਿਣਤੀ ਨਸਲ ਅਨੁਸਾਰ ਹੋਵੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਪਸ਼ੂ ਪਾਲਣ ਵਿਭਾਗ ਨੇ ਸੂਬੇ ਵਿਚ ਸਤੰਬਰ ਮਹੀਨੇ ਤੋਂ 21ਵੀਂ ਪਸ਼ੂਧਨ ਗਣਨਾ ਕਰਵਾਉਣ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਸ ਲਈ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਵਾਰ ਸੂਬਾ ਸਰਕਾਰ ਪਹਿਲੀ ਵਾਰ ਪਾਲਤੂ ਕੁੱਤਿਆਂ ਅਤੇ ਬਿੱਲੀਆਂ ਦੀ ਨਸਲ ਅਨੁਸਾਰ ਗਿਣਤੀ ਕਰਵਾਉਣ ਜਾ ਰਿਹਾ ਹੈ। ਇਸ ਤੋਂ ਇਲਾਵਾ ਗਊਸ਼ਾਲਾਵਾਂ ਵਿਚ ਪਸ਼ੂਧਨ ਅਤੇ ਵੱਖ-ਵੱਖ ਕਬੀਲਿਆਂ ਵੱਲੋਂ ਪਾਲੇ ਜਾ ਰਹੇ ਪਸ਼ੂਧਨ ਦੀ ਪਹਿਲੀ ਵਾਰ ਵੱਖਰੇ ਤੌਰ 'ਤੇ ਗਣਨਾ ਕੀਤੀ ਜਾਵੇਗੀ।



ਕੈਬਨਿਟ ਮੰਤਰੀ ਨੇ ਕਿਸਾਨ ਭਵਨ ਵਿਚ ਵਿਭਾਗ ਦੇ ਚੱਲ ਰਹੇ ਪ੍ਰੋਜੈਕਟਾਂ ਦੀ ਸਮੀਖਿਆ ਲਈ ਸੱਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ 2019 ਤੋਂ ਬਾਅਦ ਇਹ ਦੂਜੀ ਵਾਰ ਹੈ ਕਿ ਟੈਬਲੈੱਟ ਕੰਪਿਊਟਰਾਂ ਦੀ ਵਰਤੋਂ ਰਾਹੀਂ ਪਸ਼ੂਧਨ ਦੀ ਉਨ੍ਹਾਂ ਦੀ ਨਸਲ ਅਤੇ ਹੋਰ ਵਿਸ਼ੇਸ਼ਤਾਵਾਂ ਅਨੁਸਾਰ ਡਿਜੀਟਲ ਢੰਗ ਨਾਲ ਗਣਨਾ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ ਅੰਕੜਿਆਂ ਅਨੁਸਾਰ ਸੂਬੇ ਵਿਚ 64.75 ਲੱਖ ਤੋਂ ਵੱਧ ਪਸ਼ੂਧਨ ਅਤੇ ਪੋਲਟਰੀ ਜਾਨਵਰਾਂ ਦੀ ਗਣਨਾ ਕੀਤੀ ਜਾਵੇਗੀ। ਇਸ ਸਰਵੇਖਣ ਲਈ ਇਕ ਸੂਬਾ ਪੱਧਰੀ ਨੋਡਲ ਅਫ਼ਸਰ, ਪੰਜ ਜ਼ੋਨਲ ਨੋਡਲ ਅਫ਼ਸਰ, 23 ਜ਼ਿਲ੍ਹਾ ਨੋਡਲ ਅਫ਼ਸਰ, 392 ਸੁਪਰਵਾਈਜ਼ਰ ਅਤੇ 1962 ਗਣਿਤੀਕਾਰ ਲਗਾਏ ਜਾਣਗੇ।

# ਗਾਇਕਾ ਜਯੋਤੀ ਨੂਰਾਂ ਦਾ ਪਹਿਲੇ ਪਤੀ ਨਾਲ ਵਿਵਾਦ ਮੁੜ ਭਖਿਆ

**ਜਲੰਧਰ:** ਸੂਫੀ ਗਾਇਕਾ ਜਯੋਤੀ ਨੂਰਾਂ ਦਾ ਆਪਣੇ ਪਹਿਲੇ ਪਤੀ ਕੁਨਾਲ ਪਾਸੀ ਨਾਲ ਮੁੜ ਵਿਵਾਦ ਹੋ ਗਿਆ। ਜਯੋਤੀ ਅਤੇ ਕੁਨਾਲ ਨੇ ਇਕ-ਦੂਜੇ ਉਤੇ ਵਿਧੀਪੁਰ ਫਲਾਈਓਵਰ ਨੇੜੇ ਬੁਲਾ ਕੇ ਕੁੱਟਮਾਰ ਕਰਨ ਦੇ ਦੋਸ਼ ਲਾਏ ਹਨ। ਜਯੋਤੀ ਨੇ ਦੱਸਿਆ ਕਿ ਬੀਤੇ ਦਿਨੀਂ ਕੁਨਾਲ ਪਾਸੀ ਨੇ ਉਸ ਨੂੰ ਮਿਲਣ ਲਈ ਬੁਲਾਇਆ। ਜਦੋਂ ਜਯੋਤੀ ਨੇ ਇਨਕਾਰ ਕੀਤਾ ਤਾਂ ਕੁਨਾਲ ਨੇ ਉਸ ਦੀਆਂ ਅਸ਼ਲੀਲ ਫੋਟੋਆਂ ਵਾਇਰਲ ਕਰਨ ਦੀ ਧਮਕੀ ਦਿੱਤੀ।

ਅਜਿਹੇ 'ਚ ਉਹ ਕੁਨਾਲ ਨੂੰ ਮਿਲਣ ਲਈ ਵਿਧੀਪੁਰ ਫਲਾਈਓਵਰ 'ਤੇ ਚਲੀ ਗਈ। ਜਯੋਤੀ ਨੇ ਦੱਸਿਆ ਕਿ ਇਸ ਦੌਰਾਨ ਕੁਨਾਲ ਅਤੇ ਉਸ ਦੇ ਦੋਸਤ ਦੋ ਗੱਡੀਆਂ 'ਚ ਬੈਠੇ ਸਨ ਜਿਨ੍ਹਾਂ ਨੇ ਉਸ ਨਾਲ ਅਸ਼ਲੀਲ ਹਰਕਤਾਂ ਕੀਤੀਆਂ। ਇਸ ਬਾਰੇ ਪਤਾ ਲੱਗਣ ਮਗਰੋਂ ਮਗਰੋਂ ਜਯੋਤੀ ਦਾ ਪਤੀ ਅਵਿਨਾਸ਼ ਕੁਮਾਰ ਵੀ ਆਪਣੇ ਦੋਸਤਾਂ ਨਾਲ ਮੌਕੇ 'ਤੇ ਪਹੁੰਚਿਆ ਤਾਂ ਕੁਨਾਲ ਉਥੋਂ ਚਲਾ ਗਿਆ।

ਦੂਜੇ ਪਾਸੇ ਕੁਨਾਲ ਨੇ ਰਾਮਾਮੰਡੀ ਥਾਣੇ ਵਿਚ ਦੱਸਿਆ ਕਿ ਜਯੋਤੀ ਨੇ ਉਸ ਨੂੰ ਵਿਧੀਪੁਰ ਰੇਲਵੇ ਕਰਾਸਿੰਗ ਨੇੜੇ ਬੁਲਾਇਆ ਸੀ। ਉਸ ਦੇ ਨਾਲ ਉਸ ਦਾ ਪਤੀ ਅਤੇ ਹੋਰ ਸਾਥੀ ਵੀ ਸਨ। ਸਾਰਿਆਂ ਨੇ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪੁਲਿਸ ਨੇ ਦੋਵਾਂ ਧਿਰਾਂ ਦੀਆਂ ਸ਼ਿਕਾਇਤਾਂ ਦਰਜ ਕਰ ਲਈਆਂ ਹਨ। ਜਲੰਧਰ ਕੇਂਦਰੀ ਦੇ ਏ.ਸੀ.ਪੀ. ਨਿਰਮਲ ਸਿੰਘ ਨੇ ਦੱਸਿਆ ਕਿ ਇਹ ਘਟਨਾ ਰਾਮਾ ਮੰਡੀ ਨੇੜੇ ਵਾਪਰੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਥਾਣਾ ਰਾਮਾ ਮੰਡੀ ਵਿਚ ਧਾਰਾ 74, 76, 351, 3(5) ਬੀ.ਐਨ.ਐਸ. ਤਹਿਤ ਕੁਨਾਲ ਪਾਸੀ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ। ਜਾਂਚ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

## ਨਗਰ ਨਿਗਮਾਂ ਦੀ ਚੋਣ 'ਚ ਦੇਰੀ ਖਿਲਾਫ ਹਾਈ ਕੋਰਟ 'ਚ ਪਟੀਸ਼ਨ




**ਚੰਡੀਗੜ੍ਹ:** ਪੰਜਾਬ ਵਿਚ ਨਗਰ ਨਿਗਮਾਂ ਦਾ ਕਾਰਜਕਾਲ ਲਗਭਗ 19 ਮਹੀਨੇ ਪਹਿਲਾਂ ਖਤਮ ਹੋਣ ਦੇ ਬਾਵਜੂਦ ਚੋਣਾਂ ਕਰਵਾਉਣ 'ਚ ਦੇਰੀ ਖ਼ਿਲਾਫ਼ ਜਨਹਿਤ ਪਟੀਸ਼ਨ ਦਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਨੋਟਿਸ ਲਿਆ ਹੈ। ਪਟੀਸ਼ਨ 'ਚ ਸੂਬਾ ਸਰਕਾਰ ਤੇ ਹੋਰ ਸਬੰਧਤ ਧਿਰਾਂ ਨੂੰ ਨਗਰ ਨਿਗਮਾਂ/ਕੌਂਸਲਾਂ ਦੀਆਂ ਚੋਣਾਂ ਕਰਵਾਉਣ ਲਈ ਨਵਾਂ ਨੋਟੀਫਿਕੇਸ਼ਨ ਜਾਰੀ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਹੈ।

ਖ਼ੁਦ ਨੂੰ 'ਸਮਾਜ ਸੇਵੀ ਵਰਕਰ' ਦੱਸਦਿਆਂ ਬੇਅੰਤ ਕੁਮਾਰ ਨੇ ਵਕੀਲ ਭੀਸ਼ਮ ਕਿੰਗਰ ਅਤੇ ਸੁਖਚਰਨ ਸਿੰਘ ਗਿੱਲ ਰਾਹੀਂ ਦਾਇਰ ਪਟੀਸ਼ਨ 'ਚ ਕਿਹਾ ਕਿ ਨਗਰ ਨਿਗਮਾਂ ਦਾ ਕਾਰਜਕਾਲ ਦਸੰਬਰ 2022 'ਚ ਖਤਮ ਹੋ ਚੁੱਕਾ ਹੈ ਪਰ ਹਾਲੇ ਤੱਕ ਚੋਣਾਂ ਨਹੀਂ ਹੋਈਆਂ। ਪਟੀਸ਼ਨਰ ਨੇ ਦਲੀਲ ਦਿੱਤੀ, ''ਭਾਰਤ ਦੇ ਸੰਵਿਧਾਨ ਦੀ ਧਾਰਾ 243-ਯੂ ਤੋਂ ਇਹ ਸਪੱਸ਼ਟ ਹੈ ਕਿ ਨਗਰਪਾਲਿਕਾ ਦਾ ਗਠਨ ਪਹਿਲੀ ਮੀਟਿੰਗ ਤੋਂ ਪੰਜ ਸਾਲ ਦਾ ਸਮਾਂ ਸਮਾਪਤ ਹੋਣ ਤੋਂ ਪਹਿਲਾਂ ਜਾਂ ਇਸ ਦੇ ਭੰਗ ਹੋਣ ਦੀ ਤਰੀਕ ਤੋਂ ਮਗਰੋਂ ਛੇ ਮਹੀਨੇ ਪੂਰੇ ਹੋਣ ਤੋਂ ਪਹਿਲਾਂ ਚੋਣ ਕਰਵਾਈ ਜਾਣੀ ਚਾਹੀਦੀ ਹੈ।''

ਉਨ੍ਹਾਂ ਆਖਿਆ ਕਿ ਜਮਹੂਰੀਅਤ ਸੰਵਿਧਾਨ ਦੇ ਬੁਨਿਆਦੀ ਢਾਂਚੇ ਦਾ ਅਨਿੱਖੜਵਾਂ ਅੰਗ ਹੈ ਅਤੇ ਆਜ਼ਾਦਾਨਾ ਤੇ ਨਿਰਪੱਖ ਚੋਣਾਂ ਜਮਹੂਰੀਅਤ ਦੀ ਬੁਨਿਆਦ ਹਨ। ਇਸ ਕਰਕੇ ਸਮੇਂ-ਸਮੇਂ 'ਤੇ ਚੋਣਾਂ ਦੀ ਲੋੜ ਹੈ ਤਾਂ ਜੋ ਲੋਕ ਆਪਣੇ ਨੁਮਾਇੰਦਿਆਂ ਨੂੰ ਚੁਣਨ ਦੇ ਸਮਰੱਥ ਹੋ ਸਕਣ। ਉਨ੍ਹਾਂ ਕਿਹਾ ਕਿ ਜਮਹੂਰੀਅਤ 'ਚ ਇਹ ਵੀ ਸ਼ਾਮਲ ਹੈ ਕਿ ਵੋਟਰ ਆਪਣੇ ਪਸੰਦੀਦਾ ਉਮੀਦਵਾਰ ਨੂੰ ਵੋਟ ਪਾਉਣ ਦੀ ਸਥਿਤੀ 'ਚ ਹੋਵੇ।

# ਪੰਜਾਬ ਸਰਕਾਰ ਨੇ 10 ਕੀਟਨਾਸ਼ਕਾਂ 'ਤੇ ਦੋ ਮਹੀਨੇ ਲਈ ਪਾਬੰਦੀ ਲਾਈ

**ਮੋਗਾ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਬਾਸਮਤੀ ਚੌਲਾਂ ਦੀ ਬਰਾਮਦ ਵਿਚ ਰੁਕਾਵਟ ਪਾਉਣ ਵਾਲੇ 10 ਕੀਟਨਾਸ਼ਕਾਂ ਉਤੇ 60 ਦਿਨ ਲਈ ਵਿਕਰੀ, ਭੰਡਾਰਨ, ਵੰਡ ਅਤੇ ਵਰਤੋਂ 'ਤੇ ਪਾਬੰਦੀ ਲਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਨਕਲੀ ਅਤੇ ਘਟੀਆ ਦਰਜੇ ਦੇ ਕੀਟਨਾਸ਼ਕਾਂ ਦੀ ਵਿਕਰੀ 'ਤੇ ਨਜ਼ਰ ਰੱਖਣ ਅਤੇ ਅਜਿਹੀਆਂ ਕਾਰਵਾਈਆਂ ਖ਼ਿਲਾਫ਼ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਜਾਰੀ ਕੀਤੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੀ ਵਰਤੋਂ ਬਾਸਮਤੀ ਚੌਲ ਉਤਪਾਦਕਾਂ ਦੇ ਹਿਤ ਵਿਚ ਨਹੀਂ ਹੈ। ਇਸ ਪਾਬੰਦੀ ਦਾ ਮਕਸਦ ਕਿਸਾਨਾਂ ਨੂੰ ਬਾਸਮਤੀ ਦਾ ਸਹੀ ਭਾਅ ਅਤੇ ਮੁੱਲ ਦਿਵਾਉਣਾ ਹੈ ਤਾਂ ਜੋ ਉਹ ਆਉਣ ਵਾਲੇ ਸਮੇਂ ਵਿਚ ਇਸ ਤੋਂ ਵੱਧ ਮੁਨਾਫਾ ਖੱਟ ਸਕਣ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਕੈਂਪ ਲਗਾ ਕੇ ਜਿੱਥੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ, ਉਥੇ ਦੁਕਾਨਦਾਰਾਂ ਨੂੰ ਮੀਟਿੰਗ ਕਰ ਕੇ ਸਰਕਾਰ ਦੇ ਫ਼ੈਸਲੇ ਤੋਂ ਜਾਣੂ ਵੀ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਦੁਕਾਨਦਾਰਾਂ ਨੂੰ ਵਿਕਰੀ ਰਿਕਾਰਡ ਰੱਖਣ ਅਤੇ ਕਿਸਾਨਾਂ ਨੂੰ ਵੇਚੀ ਜਾ ਰਹੀ ਵਸਤੂ ਦਾ ਪੱਕਾ ਬਿੱਲ ਦੇਣ ਲਈ ਕਿਹਾ ਗਿਆ।



ਡਾ. ਬਰਾੜ ਨੇ ਕਿਹਾ ਕਿ ਸੀਜ਼ਨ ਦੇ ਅਖੀਰ ਵਿਚ ਸੂਬੇ ਦੇ ਵੱਖ-ਵੱਖ ਇਲਾਕਿਆਂ 'ਚੋਂ ਬਾਸਮਤੀ ਦੀ ਸੈਂਪਲਿੰਗ ਕਰ ਕੇ ਇਨ੍ਹਾਂ 'ਚ ਕੀਟਨਾਸ਼ਕ ਅੰਸ਼ ਮਾਪਣ ਲਈ ਟੈਸਟਿੰਗ ਕਰਵਾਈ ਜਾਵੇਗੀ। ਜੇ ਜਾਂਚ ਵਿਚ ਇਨ੍ਹਾਂ ਪਾਬੰਦੀਸ਼ੁਦਾ ਕੀਟਨਾਸ਼ਕਾਂ ਦੇ ਅੰਸ਼ ਪਏ ਜਾਂਦੇ ਹਨ ਤਾਂ ਇਸ ਦੀ ਪੜਤਾਲ ਕਰ ਕੇ ਸਬੰਧਤ ਡੀਲਰ/ਵਿਕਰੇਤਾ ਦੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬੰਗਲਾਦੇਸ਼: ਅਦਾਲਤ ਨੇ ਸਰਕਾਰੀ ਨੌਕਰੀਆਂ ਦੇ ਰਾਖਵਾਂਕਰਨ 'ਚ ਕਟੌਤੀ ਕੀਤੀ

**ਢਾਕਾ:** ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਦੀ ਵਿਵਾਦਤ ਵੰਡ ਖ਼ਿਲਾਫ਼ ਪੁਲਿਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਜਾਰੀ ਹਿੰਸਕ ਮੁਜ਼ਾਹਰਿਆਂ ਦਰਮਿਆਨ ਬੰਗਲਾਦੇਸ਼ ਦੀ ਸਰਬਉੱਚ ਅਦਾਲਤ ਨੇ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ 'ਚ ਕਟੌਤੀ ਕੀਤੀ ਹੈ। ਹਿੰਸਕ ਪ੍ਰਦਰਸ਼ਨਾਂ 'ਚ ਹੁਣ ਤੱਕ 100 ਤੋਂ ਵੱਧ ਪ੍ਰਦਰਸ਼ਨਕਾਰੀਆਂ ਦੀ ਜਾਨ ਜਾ ਚੁੱਕੀ ਹੈ।



ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿਚ 93 ਫ਼ੀਸਦੀ ਸਰਕਾਰੀ ਨੌਕਰੀਆਂ ਮੈਰਿਟ ਆਧਾਰ 'ਤੇ ਦੇਣ ਦੇ ਹੁਕਮ ਦਿੱਤੇ ਹਨ ਜਦੋਂਕਿ ਬਾਕੀ ਬਚਦੀਆਂ 7 ਫ਼ੀਸਦੀ ਅਸਾਮੀਆਂ ਬੰਗਲਾਦੇਸ਼ ਦੀ ਆਜ਼ਾਦੀ ਲਈ 1971 ਦੀ ਜੰਗ ਲੜਨ ਵਾਲਿਆਂ ਤੇ ਹੋਰਨਾਂ ਵਰਗਾਂ ਲਈ ਰਾਖਵੀਆਂ ਹੋਣਗੀਆਂ। ਇਸ ਤੋਂ ਪਹਿਲਾਂ ਜੰਗ ਲੜਨ ਵਾਲੇ ਸਾਬਕਾ ਫੌਜੀਆਂ ਦੇ ਰਿਸ਼ਤੇਦਾਰਾਂ ਲਈ ਸਰਕਾਰੀ ਨੌਕਰੀਆਂ 'ਚ 30 ਫ਼ੀਸਦ ਰਾਖਵਾਂਕਰਨ ਸੀ। ਦੂਜੇ ਪਾਸੇ ਬੰਗਲਾਦੇਸ਼ੀ ਅਧਿਕਾਰੀਆਂ ਨੇ ਦੇਸ਼ 'ਚ ਕਰਫਿਊ ਵਧਾ ਦਿੱਤਾ ਹੈ ਅਤੇ ਇਸ ਦੌਰਾਨ ਇੰਟਰਨੈੱਟ ਸੇਵਾਵਾਂ ਵੀ ਠੱਪ ਰਹੀਆਂ। ਰਾਜਧਾਨੀ 'ਚ ਪੁਲਿਸ ਤੇ ਨੀਮ ਫੌਜੀ ਬਲ ਤਾਇਨਾਤ ਹਨ। ਢਾਕਾ ਤੇ ਕੁਝ ਥਾਵਾਂ 'ਤੇ ਰੋਸ ਮੁਜ਼ਾਹਰੇ ਕੁਝ ਹਫ਼ਤੇ ਪਹਿਲਾਂ ਸ਼ੁਰੂ ਹੋਏ ਸਨ ਤੇ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਲਈ ਚੁਣੌਤੀ ਬਣੇ ਹੋਏ ਹਨ। ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਪਹਿਲਾਂ ਸੁਰੱਖਿਆ ਬਲਾਂ ਦੇ ਜਵਾਨਾਂ ਨੇ ਸ਼ਹਿਰਾਂ 'ਚ ਗਸ਼ਤ ਕੀਤੀ। ਗ੍ਰਹਿ ਮੰਤਰੀ ਦੱਸਿਆ ਕਿ ਲੋਕਾਂ ਨੂੰ ਜ਼ਰੂਰੀ ਕੰਮ ਨਿਬੇੜਨ ਵਾਸਤੇ 'ਘਰ 'ਚ ਰਹਿਣ ਦੇ ਹੁਕਮਾਂ' ਵਿਚ 3 ਤੋਂ 5 ਵਜੇ ਤੱਕ ਦੋ ਘੰਟੇ ਦੀ ਛੋਟ ਦਿੱਤੀ ਗਈ।

ਦੱਸਣਯੋਗ ਹੈ ਕਿ ਢਾਕਾ ਤੇ ਹੋਰ ਸ਼ਹਿਰਾਂ 'ਚ ਯੂਨੀਵਰਸਿਟੀਆਂ ਦੇ ਵਿਦਿਆਰਥੀ 1971 'ਚ ਪਾਕਿਸਤਾਨ ਤੋਂ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਨਾਇਕਾਂ ਦੇ ਰਿਸ਼ਤੇਦਾਰਾਂ ਲਈ ਸਰਕਾਰੀ ਸੈਕਟਰ ਦੀਆਂ ਕੁਝ ਨੌਕਰੀਆਂ ਰਾਖਵੀਆਂ ਕਰਨ ਵਾਲੀ ਪ੍ਰਣਾਲੀ ਖ਼ਿਲਾਫ਼ ਕਈ ਦਿਨਾਂ ਤੋਂ ਰੈਲੀਆਂ ਕਰ ਰਹੇ ਹਨ। ਵਿਦਿਆਰਥੀਆਂ ਵੱਲੋਂ ਇਸ ਨੂੰ ਯੋਗਤਾ ਅਧਾਰਿਤ ਪ੍ਰਣਾਲੀ 'ਚ ਬਦਲਣ ਦੀ ਮੰਗ ਕੀਤੀ ਜਾ ਰਹੀ ਹੈ।

## ਲਗਭਗ 1000 ਭਾਰਤੀ ਵਿਦਿਆਰਥੀ ਵਤਨ ਪਰਤੇ

**ਢਾਕਾ:** ਬੰਗਲਾਦੇਸ਼ ਵਿਚ ਹਿੰਸਕ ਪ੍ਰਦਰਸ਼ਨਾਂ ਦੇ ਚਲਦਿਆਂ ਲਗਭਗ 1000 ਭਾਰਤੀ ਵਿਦਿਆਰਥੀ ਭਾਰਤ ਪਰਤ ਆਏ ਹਨ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਵਾਬਾਜ਼ੀ, ਇਮੀਗ੍ਰੇਸ਼ਨ, ਬੰਦਰਗਾਹਾਂ ਅਤੇ ਬੀ.ਐਸ.ਐਫ. ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ ਤਾਂ ਜੋ ਭਾਰਤੀ ਨਾਗਰਿਕ ਸੁਰੱਖਿਅਤ ਘਰ ਪਹੁੰਚ ਸਕਣ। ਜਾਣਕਾਰੀ ਅਨੁਸਾਰ ਲਗਭਗ 778 ਭਾਰਤੀ ਵਿਦਿਆਰਥੀ ਵੱਖ-ਵੱਖ ਬੰਦਰਗਾਹਾਂ ਰਾਹੀਂ ਭਾਰਤ ਪਰਤੇ ਹਨ ਜਦੋਂ ਕਿ 200 ਦੇ ਕਰੀਬ ਵਿਦਿਆਰਥੀ ਢਾਕਾ ਅਤੇ ਚਟਗਾਂਵ ਹਵਾਈ ਅੱਡਿਆਂ ਤੋਂ ਨਿਯਮਿਤ ਉਡਾਣ ਸੇਵਾਵਾਂ ਰਾਹੀਂ ਘਰ ਪਰਤ ਆਏ ਹਨ।

## ਬੰਗਲਾਦੇਸ਼ ਤੋਂ ਆਏ ਲੋਕਾਂ ਨੂੰ ਸ਼ਰਨ ਦੇਵਾਂਗੇ: ਮਮਤਾ ਬੈਨਰਜੀ

**ਕੋਲਕਾਤਾ:** ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਬੰਗਲਾਦੇਸ਼ ਵਿਚ ਹਿੰਸਾ ਦੇ ਮੱਦੇਨਜ਼ਰ ਜੇ ਕੋਈ ਉਨ੍ਹਾਂ ਦੇ ਸੂਬੇ ਵਿਚ ਪਨਾਹ ਲੈਣ ਲਈ ਆਉਂਦਾ ਹੈ ਤਾਂ ਉਹ ਆਪਣੇ ਦਰਵਾਜ਼ੇ ਉਨ੍ਹਾਂ ਲੋਕਾਂ ਲਈ ਹਮੇਸ਼ਾ ਖੁੱਲ੍ਹੇ ਰੱਖਣਗੇ। ਉਨ੍ਹਾਂ ਸ਼ਰਨਾਰਥੀਆਂ ਬਾਰੇ ਸੰਯੁਕਤ ਰਾਸ਼ਟਰ ਦੇ ਮਤੇ ਦਾ ਵੀ ਹਵਾਲਾ ਦਿੱਤਾ ਜਿਸ ਵਿਚ ਕਿਹਾ ਜਾਂਦਾ ਹੈ ਕਿ ਕੋਈ ਵੀ ਦੇਸ਼ ਸੰਕਟ ਵਿਚ ਫਸੇ ਸ਼ਰਨਾਰਥੀਆਂ ਦੀ ਇੱਜ਼ਤ ਕਰੇਗਾ।

# ਸਾਈਬਰ ਅਪਰਾਧ ਘੁਟਾਲੇ 'ਚ ਫਸੇ 14 ਭਾਰਤੀ ਬਚਾਏ

**ਨਾਮ ਪੇਨ:** ਕੰਬੋਡੀਆ ਵਿਚ ਇਕ ਸਾਈਬਰ ਅਪਰਾਧ ਘੁਟਾਲੇ ਵਿਚ ਫਸੇ ਘੱਟੋ-ਘੱਟ 14 ਭਾਰਤੀ ਨਾਗਰਿਕਾਂ ਨੂੰ ਬਚਾ ਲਿਆ ਗਿਆ ਹੈ। ਭਾਰਤੀ ਦੂਤਾਵਾਸ ਨੇ ਇਕ ਬਿਆਨ ਵਿਚ ਦੱਸਿਆ ਕਿ ਭਾਰਤੀ ਨਾਗਰਿਕਾਂ ਦੀ ਜਲਦੀ ਘਰ ਵਾਪਸੀ ਲਈ ਕਾਰਵਾਈ ਕੀਤੀ ਜਾ ਰਹੀ ਹੈ।

ਭਾਰਤੀ ਦੂਤਾਵਾਸ ਨੇ ਐਕਸ 'ਤੇ ਦੱਸਿਆ ਕਿ ਕੰਬੋਡੀਆ ਵਿਚ ਭਾਰਤੀ ਦੂਤਾਵਾਸ ਨੇ ਅਧਿਕਾਰੀਆਂ ਦੇ ਸਹਿਯੋਗ ਨਾਲ 14 ਭਾਰਤੀ ਨਾਗਰਿਕਾਂ ਨੂੰ ਰਿਹਾਅ ਕਰਵਾ ਲਿਆ ਹੈ ਅਤੇ ਕੰਬੋਡੀਆ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਦੇਖ-ਭਾਲ ਕੀਤੀ ਜਾ ਰਹੀ ਹੈ। ਕੰਬੋਡੀਆ ਦੀ ਰਾਜਧਾਨੀ ਵਿਚ ਦੂਤਾਵਾਸ ਨੇ ਇਕ ਅਧਿਕਾਰਤ ਬਿਆਨ ਵਿਚ ਕਿਹਾ ਕਿ 650 ਤੋਂ ਵੱਧ ਭਾਰਤੀ ਨਾਗਰਿਕਾਂ ਦੇ ਬਚਾਅ ਅਤੇ ਵਾਪਸੀ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ, ਜੋ ਸਾਈਬਰ ਅਪਰਾਧ ਅਪਰੇਸ਼ਨਾਂ ਤਹਿਤ ਧੋਖਾਧੜੀ ਵਾਲੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ ਦਾ ਸ਼ਿਕਾਰ ਹੋਏ ਸਨ।

ਬਿਆਨ ਵਿਚ ਕਿਹਾ ਗਿਆ ਕਿ ਦੂਤਾਵਾਸ ਨੇ ਕੰਬੋਡੀਆ ਦੀ ਪੁਲਿਸ ਨੂੰ ਭਾਰਤੀ ਨਾਗਰਿਕਾਂ ਦੇ ਬਚਾਅ ਲਈ ਵਿਸ਼ੇਸ਼ ਜਾਣਕਾਰੀ ਮੁਹੱਈਆ ਕਰਵਾਈ। ਬਚਾਏ ਗਏ ਵਿਅਕਤੀਆਂ ਦੀ ਦੇਖਭਾਲ ਮੌਜੂਦਾ ਸਮੇਂ ਕੰਬੋਡੀਆ ਦੇ ਸਮਾਜਿਕ ਮਾਮਲਿਆਂ, ਸਾਬਕਾ ਅਤੇ ਯੁਵਾ ਪੁਨਰਵਾਸ ਮੰਤਰਾਲੇ ਦੇ ਸਹਿਯੋਗ ਨਾਲ ਕੰਮ ਕਰਨ ਵਾਲੀ ਇਕ ਐਨ.ਜੀ.ਓ. ਵੱਲੋਂ ਕੀਤੀ ਜਾ ਰਹੀ ਹੈ।

## ਕੇਂਦਰ ਵਿਚਲੀ ਮੋਦੀ ਸਰਕਾਰ ਬਹੁਤੇ ਦਿਨ ਨਹੀਂ ਟਿਕ ਸਕੇਗੀ: ਅਖਿਲੇਸ਼

**ਕੋਲਕਾਤਾ:** ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ ਨੇ ਆਖਿਆ ਕਿ ਕੇਂਦਰ 'ਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਲੰਮਾ ਸਮਾਂ ਨਹੀਂ ਚੱਲੇਗੀ ਕਿਉਂਕਿ 'ਫਿਰਕੂ ਤਾਕਤਾਂ' ਨੂੰ ਕੁਝ ਸਮੇਂ ਲਈ ਕਾਮਯਾਬੀ ਮਿਲ ਸਕਦੀ ਹੈ ਪਰ ਅੰਤ ਉਨ੍ਹਾਂ ਦੀ ਹਾਰ ਹੋਵੇਗੀ।

ਯਾਦਵ ਨੇ ਤ੍ਰਿਣਮੂਲ ਕਾਂਗਰਸ ਵੱਲੋਂ 'ਸ਼ਹੀਦ ਦਿਵਸ' ਸਮਾਗਮ ਮੌਕੇ ਕਰਵਾਈ ਮਹਾਂਰੈਲੀ 'ਚ ਕਿਹਾ, "ਜਿਹੜੇ ਲੋਕ ਸੱਤਾ 'ਚ ਆਏ ਹਨ, ਉਹ ਬੱਸ ਕੁਝ ਦਿਨਾਂ ਦੇ ਮਹਿਮਾਨ ਹਨ।" ਉਨ੍ਹਾਂ ਨੇ ਭਾਜਪਾ ਜਾਂ ਐਨ.ਡੀ.ਏ. ਦਾ ਨਾਂ ਲਏ ਬਗ਼ੈਰ ਆਖਿਆ, "ਕੇਂਦਰ ਦੀ ਇਹ ਸਰਕਾਰ ਬਹੁਤੇ ਦਿਨ ਨਹੀਂ ਟਿਕੇਗੀ ਅਤੇ ਜਲਦੀ ਹੀ ਡਿੱਗ ਪਵੇਗੀ। ਅਜਿਹੀਆਂ ਫਿਰਕੂ ਤਾਕਤਾਂ ਕਿਸੇ ਵੀ ਕੀਮਤ 'ਤੇ ਸੱਤਾ 'ਚ ਬਣੀਆਂ ਰਹਿਣਾ ਚਾਹੁੰਦੀਆਂ ਹਨ ਪਰ ਉਨ੍ਹਾਂ ਦੇ ਮਨਸੂਬੇ ਕਾਮਯਾਬ ਨਹੀਂ ਹੋਣਗੇ। ਫਿਰਕੂ ਆਧਾਰ 'ਤੇ ਦੇਸ਼ ਨੂੰ ਵੰਡਣ ਦੇ ਚਾਹਵਾਨਾਂ ਨੂੰ ਹਾਰ ਮਿਲੇਗੀ।"

# ਬਾਇਡਨ ਵੱਲੋਂ ਰਾਸ਼ਟਰਪਤੀ ਚੋਣ ਨਾ ਲੜਨ ਦਾ ਐਲਾਨ




**ਨਿਊ ਯਾਰਕ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਐਲਾਨ ਕੀਤਾ ਹੈ ਕਿ ਉਹ ਆਉਣ ਵਾਲੀ ਰਾਸ਼ਟਰਪਤੀ ਚੋਣ ਨਹੀਂ ਲੜਨਗੇ। ਇਹ ਐਲਾਨ ਉਨ੍ਹਾਂ ਐਕਸ 'ਤੇ ਪੱਤਰ ਜਾਰੀ ਕਰਕੇ ਕੀਤਾ। ਉਨ੍ਹਾਂ ਕਿਹਾ ਕਿ ਇਹ ਦੇਸ਼ ਵਾਸੀਆਂ ਦੇ ਹਿੱਤ ਵਿਚ ਹੈ। ਉਨ੍ਹਾਂ ਕਮਲਾ ਹੈਰਿਸ ਦੀ ਉਮੀਦਵਾਰੀ ਨੂੰ ਸਮਰਥਨ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਇਹ ਵੇਲਾ ਡੋਨਲਡ ਟਰੰਪ ਨੂੰ ਹਰਾਉਣ ਦਾ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਫੈਸਲੇ ਬਾਰੇ ਦੇਸ਼ ਦੇ ਲੋਕਾਂ ਨਾਲ ਅਗਲੇ ਹਫ਼ਤੇ ਗੱਲਬਾਤ ਕਰਨਗੇ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਚੋਣ ਮੈਦਾਨ ਵਿਚੋਂ ਹਟਣ ਅਤੇ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਲਈ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੇ ਨਾਮ ਦਾ ਸਮਰਥਨ ਕਰਨ ਤੋਂ ਬਾਅਦ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਉੱਤੇ ਬਾਇਡਨ ਦੀ ਪ੍ਰਚਾਰ ਮੁਹਿੰਮ ਟੀਮ ਦੇ ਅਕਾਊਂਟ ਦਾ ਨਾਮ ਬਦਲ ਕੇ 'ਕਮਲਾ ਐੱਚਕਿਊ' (ਕਮਲਾ ਹੈੱਡਕੁਆਰਟਰ) ਕਰ ਦਿੱਤਾ ਗਿਆ ਹੈ। ਬਾਇਡਨ ਦੇ ਐਲਾਨ ਤੋਂ ਤੁਰਤ ਬਾਅਦ ਐਕਸ 'ਤੇ 'ਬਾਇਡਨ ਐੱਚਕਿਊ' ਅਕਾਊਂਟ ਦਾ ਨਾਮ ਬਦਲ ਕੇ 'ਕਮਲਾ ਐੱਚਕਿਊ' ਕਰ ਦਿੱਤਾ ਗਿਆ।

## ਲੋਕਤੰਤਰ ਵਾਸਤੇ ਗੋਲੀ ਖਾਧੀ: ਟਰੰਪ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਪੈਨਸਿਲਵੇਨੀਆ ਵਿਚ ਇਕ ਪ੍ਰੋਗਰਾਮ ਦੌਰਾਨ ਹੋਏ ਕਾਤਲਾਨਾ ਹਮਲੇ ਵਿਚ ਵਾਲ-ਵਾਲ ਬਚਣ ਤੋਂ ਬਾਅਦ ਆਪਣੀ ਪਹਿਲੀ ਚੋਣ ਪ੍ਰਚਾਰ ਰੈਲੀ 'ਚ ਆਲੋਚਕਾਂ ਦੀਆਂ ਚਿੰਤਾਵਾਂ ਨੂੰ ਖਾਰਜ ਕੀਤਾ ਕਿ ਉਹ ਲੋਕਤੰਤਰ ਲਈ ਖ਼ਤਰਾ ਹਨ ਅਤੇ ਕਿਹਾ ਕਿ ਉਨ੍ਹਾਂ ਨੇ 'ਲੋਕਤੰਤਰ ਲਈ ਗੋਲੀ ਖਾਧੀ' ਹੈ। ਰੈਲੀ 'ਚ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਟਰੰਪ ਦੇ ਨਾਲ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੇਡੀ ਵਾਂਸ ਵੀ ਮੌਜੂਦ ਸਨ।

# ਨੇਪਾਲ ਦੇ ਪ੍ਰਧਾਨ ਮੰਤਰੀ ਓਲੀ ਨੇ ਸੰਸਦ 'ਚ ਭਰੋਸੇ ਦਾ ਵੋਟ ਜਿੱਤਿਆ

**ਕਾਠਮੰਡੂ:** ਨੇਪਾਲ ਦੇ ਨਵ ਨਿਯੁਕਤ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਲਗਭਗ ਇਕ ਹਫ਼ਤੇ ਬਾਅਦ ਸੰਸਦ ਵਿਚ ਆਸਾਨੀ ਨਾਲ ਭਰੋਸੇ ਦਾ ਵੋਟ ਜਿੱਤ ਲਿਆ। ਇਸ ਮੌਕੇ 263 ਸੰਸਦ ਮੈਂਬਰਾਂ ਵਿਚੋਂ ਓਲੀ ਨੂੰ 188 ਵੋਟਾਂ ਪਈਆਂ ਜਦੋਂ ਕਿ ਮਤੇ ਦੇ ਵਿਰੋਧ ਵਿਚ 74 ਵੋਟਾਂ ਪਈਆਂ। ਇਸ ਮੌਕੇ ਇਕ ਮੈਂਬਰ ਗੈਰਹਾਜ਼ਰ ਰਿਹਾ। 72 ਸਾਲਾ ਓਲੀ ਨੂੰ ਸਦਨ ਵਿਚ ਫਲੋਰ ਟੈਸਟ ਪਾਸ ਕਰਨ ਲਈ ਕੁੱਲ 275 ਵੋਟਾਂ ਵਿਚੋਂ 138 ਵੋਟਾਂ ਦੀ ਲੋੜ ਸੀ।



ਸਪੀਕਰ ਦੇਵ ਰਾਜ ਘਿਮੀਰੇ ਨੇ ਵੋਟਾਂ ਦੀ ਗਿਣਤੀ ਤੋਂ ਬਾਅਦ ਓਲੀ ਨੂੰ ਭਰੋਸੇ ਦਾ ਵੋਟ ਮਿਲਣ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਪਹਿਲਾਂ ਸੰਸਦ ਦੀ ਸਵੇਰੇ ਸ਼ੁਰੂ ਹੋਈ ਮੀਟਿੰਗ ਵਿਚ ਪ੍ਰਧਾਨ ਮੰਤਰੀ ਓਲੀ ਨੇ ਸਦਨ ਤੋਂ ਭਰੋਸੇ ਦਾ ਵੋਟ ਮੰਗਣ ਲਈ ਮਤਾ ਪੇਸ਼ ਕੀਤਾ।

ਸਪੀਕਰ ਘਿਮੀਰੇ ਨੇ ਸਦਨ ਦੇ ਮੈਂਬਰਾਂ ਅਤੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਪ੍ਰਸਤਾਵ ਉੱਤੇ ਚਰਚਾ ਕਰਨ ਲਈ ਦੋ ਘੰਟੇ ਦਾ ਸਮਾਂ ਦਿੱਤਾ। ਇਸ ਤੋਂ ਬਾਅਦ ਪ੍ਰਧਾਨ ਮੰਤਰੀ ਨੂੰ ਸਦਨ ਦੇ ਮੈਂਬਰਾਂ ਵੱਲੋਂ ਉਠਾਏ ਗਏ ਮੁੱਦਿਆਂ ਦਾ ਜਵਾਬ ਦੇਣ ਲਈ ਸਮਾਂ ਦਿੱਤਾ ਗਿਆ। ਸਦਨ ਦੇ ਮੈਂਬਰਾਂ ਵੱਲੋਂ ਉਠਾਏ ਗਏ ਮੁੱਦਿਆਂ ਦੇ ਜਵਾਬ ਵਿੱਚ ਓਲੀ ਨੇ ਕਿਹਾ, "ਮੈਂ ਭ੍ਰਿਸ਼ਟਾਚਾਰ ਵਿਚ ਸ਼ਾਮਲ ਨਹੀਂ ਸੀ ਅਤੇ ਨਾ ਹੀ ਹੋਵਾਂਗਾ, ਜੇ ਕੋਈ ਭ੍ਰਿਸ਼ਟਾਚਾਰ ਕਰਦਾ ਹੈ ਤਾਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।"

## ਇਜ਼ਰਾਈਲ ਨੇ ਯਮਨ ਦੀ ਮਿਜ਼ਾਈਲ ਫੁੰਡੀ

**ਯੇਰੂਸ਼ਲਮ:** ਇਜ਼ਰਾਈਲ ਦੇ ਪੱਛਮੀ ਯਮਨ 'ਚ ਹੂਤੀ ਟਿਕਾਣਿਆਂ 'ਤੇ ਕੀਤੇ ਹਵਾਈ ਹਮਲਿਆਂ ਤੋਂ ਬਾਅਦ ਇਜ਼ਰਾਇਲੀ ਸੈਨਾ ਨੇ ਕਿਹਾ ਕਿ ਉਸ ਨੇ ਤੜਕੇ ਯਮਨ ਤੋਂ ਦਾਗੀ ਮਿਜ਼ਾਈਲ ਫੁੰਡੀ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਤਲ ਅਵੀਵ 'ਤੇ ਹੂਤੀਆਂ ਦੇ ਡਰੋਨ ਹਮਲੇ ਦੇ ਜਵਾਬ ਵਿਚ ਇਹ ਪਹਿਲੀ ਕਾਰਵਾਈ ਕੀਤੀ ਗਈ ਹੈ। ਇਸ ਕਾਰਵਾਈ ਨੇ ਜੰਗ ਦਾ ਨਵਾਂ ਮੋਰਚਾ ਖੋਲ੍ਹ ਦਿੱਤਾ ਹੈ।

ਇਜ਼ਰਾਇਲੀ ਸੈਨਾ ਨੇ ਪੱਛਮੀ ਯਮਨ ਦੇ ਸਾਹਿਲੀ ਸ਼ਹਿਰ ਹੋਦੇਈਦਾਹ 'ਤੇ ਹਵਾਈ ਹਮਲੇ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ ਜੋ ਹੂਤੀਆਂ ਦਾ ਮਜ਼ਬੂਤ ਇਲਾਕਾ ਹੈ। ਸੈਨਾ ਨੇ ਕਿਹਾ ਕਿ ਹੂਤੀਆਂ ਵੱਲੋਂ ਕੀਤੇ ਗਏ ਸੈਂਕੜੇ ਹਮਲਿਆਂ ਦੇ ਜਵਾਬ ਵਿਚ ਇਜ਼ਰਾਈਲ ਨੇ ਅਮਰੀਕਾ 'ਚ ਬਣੇ ਐੱਫ-15 ਤੇ ਐੱਫ-35 ਲੜਾਕੂ ਜਹਾਜ਼ਾਂ ਦੀ ਮਦਦ ਨਾਲ ਹਮਲੇ ਕੀਤੇ ਗਏ ਹਨ। ਇਜ਼ਰਾਈਲ ਨੇ ਅਮਰੀਕਾ, ਬਰਤਾਨੀਆ ਅਤੇ ਖੇਤਰ 'ਚ ਹੋਰ ਪੱਛਮੀ ਸਹਿਯੋਗੀਆਂ ਨਾਲ ਮਿਲ ਕੇ ਤਕਰੀਬਨ ਸਾਰੇ ਹੂਤੀ ਮਿਜ਼ਾਈਲਾਂ ਤੇ ਡਰੋਨਾਂ ਨੂੰ ਫੁੰਡ ਸੁੱਟਿਆ ਹੈ।

# ਕੇਰਲ: ਨਿਪਾਹ ਵਾਇਰਸ ਕਾਰਨ 14 ਸਾਲਾ ਲੜਕੇ ਦੀ ਮੌਤ

**ਕੋਜ਼ੀਕੋਡ:** ਕੇਰਲ ਦੇ ਮੱਲਾਪੁਰਮ 'ਚ ਨਿਪਾਹ ਵਾਇਰਸ ਤੋਂ ਪੀੜਤ 14 ਵਰ੍ਹਿਆਂ ਦੇ ਲੜਕੇ ਦੀ ਮੌਤ ਹੋ ਗਈ। ਉਹ ਕੋਜ਼ੀਕੋਡ ਮੈਡੀਕਲ ਕਾਲਜ 'ਚ ਜ਼ੇਰੇ ਇਲਾਜ ਸੀ। ਸਿਹਤ ਮੰਤਰੀ ਵੀਨਾ ਜੌਰਜ ਨੇ ਇਹ ਜਾਣਕਾਰੀ ਦਿੱਤੀ। ਜੌਰਜ ਮੁਤਾਬਕ ਪੰਡਿੱਕਡ ਵਾਸੀ ਲੜਕਾ ਵੈਂਟੀਲੇਟਰ ਉਤੇ ਸੀ ਤੇ ਹੋਸ਼ ਵਿਚ ਨਹੀਂ ਸੀ। ਉਸ ਨੂੰ ਸਵੇਰੇ 10.50 ਵਜੇ ਦਿਲ ਦਾ ਦੌਰਾ ਪਿਆ।

ਦਿਲ ਦੇ ਦੌਰੇ ਮਗਰੋਂ ਉਸ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ 11.30 ਵਜੇ ਉਸ ਦੀ ਮੌਤ ਹੋ ਗਈ। ਸਿਹਤ ਮੰਤਰੀ ਨੇ ਕਿਹਾ ਕਿ ਮ੍ਰਿਤਕ ਲੜਕੇ ਦੀਆਂ ਅੰਤਿਮ ਰਸਮਾਂ ਨਿਪਾਹ ਸਬੰਧੀ ਕੌਮਾਂਤਰੀ ਨੇਮਾਂ ਮੁਤਾਬਕ ਪੂਰੀਆਂ ਕੀਤੀਆਂ ਜਾਣਗੀਆਂ। ਇਸ ਸਬੰਧੀ ਜ਼ਿਲ੍ਹਾ ਕੁਲੈਕਟਰ ਤੇ ਮ੍ਰਿਤਕ ਦੇ ਵਾਰਸਾਂ ਨਾਲ ਚਰਚਾ ਕੀਤੀ ਜਾਵੇਗੀ।



ਉਨ੍ਹਾਂ ਦੱਸਿਆ ਕਿ ਕੋਜ਼ੀਕੋਡ ਮੈਡੀਕਲ ਕਾਲਜ ਵਿਚ ਹਾਲੇ ਵੀ ਤਿੰਨ ਵਿਅਕਤੀ ਇਕਾਂਤਵਾਸ 'ਚ ਨਿਗਰਾਨੀ ਹੇਠ ਹਨ। ਇਸ ਤੋਂ ਪਹਿਲਾਂ ਦਿਨ 'ਚ ਮੰਤਰੀ ਨੇ ਕਿਹਾ ਕਿ ਕੁੱਲ 246 ਵਿਅਕਤੀ ਲੜਕੇ ਦੀ ਸੰਪਰਕ 'ਚ ਆਏ ਸਨ, ਜਿਨ੍ਹਾਂ ਵਿਚੋਂ 63 ਉਚ ਜੋਖਮ ਵਾਲੀ ਕੈਟਾਗਰੀ 'ਚ ਹਨ। ਇਸੇ ਦੌਰਾਨ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਮੱਲਾਪੁਰਮ 'ਚ ਨਿਪਾਹ ਕਰਨ ਲੜਕੇ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕੀਤਾ। ਉਨ੍ਹਾਂ ਨੇ ਨਿਪਾਹ ਵਾਇਰਸ ਨਾਲ ਨਜਿੱਠਣ ਲਈ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ।

ਕੇਰਲ ਦੇ ਮੱਲਪੁਰਮ 'ਚ ਨਿਪਾਹ ਵਾਇਰਸ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਇਸ ਸਬੰਧੀ ਜਾਂਚ ਦੇ ਕੰਮ 'ਚ ਸੂਬਾ ਸਰਕਾਰ ਦੀ ਸਹਾਇਤਾ ਲਈ ਕੇਂਦਰ ਸਰਕਾਰ ਇਕ 'ਬਹੁ-ਮੈਂਬਰੀ ਸਾਂਝੀ ਮਹਾਮਾਰੀ ਪ੍ਰਤੀਕਿਰਿਆ ਟੀਮ' ਤਾਇਨਾਤ ਕਰੇਗੀ। ਕੇਂਦਰੀ ਸਿਹਤ ਮੰਤਰਾਲੇ ਇਹ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਉਕਤ ਟੀਮ ਵਾਇਰਸ ਤੇ ਮਹਾਮਾਰੀ ਨਾਲ ਸਬੰਧਾਂ ਦੀ ਪਛਾਣ ਕਰਨ ਤੋਂ ਇਲਾਵਾ ਤਕਨੀਕੀ ਸਹਾਇਤਾ ਦੇਵੇਗੀ।

# ਬਦਲਵੀਆਂ ਫਸਲਾਂ ਦੀ ਕਾਸ਼ਤ ਉਤਸ਼ਾਹਿਤ ਕਰਨ ਲਈ ਨਕਦੀ ਦੇਣ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਧਰਤੀ ਹੇਠਲਾ ਪਾਣੀ ਬਚਾਉਣ, ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਤੋਂ ਮੋੜਨ ਅਤੇ ਉਨ੍ਹਾਂ ਨੂੰ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਕਰਨ ਲਈ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪ੍ਰਤੀ ਹੈਕਟੇਅਰ 17500 ਰੁਪਏ ਦੇਣ ਦਾ ਫ਼ੈਸਲਾ ਕੀਤਾ ਹੈ।

ਸੂਬਾ ਸਰਕਾਰ ਨੇ ਇਸ ਮੰਤਵ ਲਈ ਵਿੱਤੀ ਵਰ੍ਹੇ 2024-25 ਵਾਸਤੇ 289.87 ਕਰੋੜ ਰੁਪਏ ਰੱਖੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਖੇਤੀ ਵਿਭਿੰਨਤਾ ਲਈ ਖੇਤੀ ਮਹਿਕਮੇ ਨਾਲ ਵਿਚਾਰ-ਚਰਚਾ ਕਰਨ ਮਗਰੋਂ ਇਸ ਬਾਰੇ ਨਿਰਦੇਸ਼ ਦਿੱਤੇ ਹਨ। ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਤੋਂ ਮੋੜਾ ਦੇਣ ਲਈ ਅਤੇ ਹੋਰਨਾਂ ਫ਼ਸਲਾਂ ਹੇਠ ਰਕਬਾ ਵਧਾਉਣ ਲਈ ਇਹ ਫ਼ੈਸਲਾ ਲਿਆ ਗਿਆ ਹੈ।



ਫ਼ਸਲੀ ਵਿਭਿੰਨਤਾ ਪ੍ਰੋਗਰਾਮ ਤਹਿਤ ਹੁਣ ਕਿਸਾਨ ਵੱਧ ਤੋਂ ਵੱਧ ਪੰਜ ਹੈਕਟੇਅਰ ਰਕਬੇ 'ਤੇ ਇਸ ਸਕੀਮ ਦਾ ਲਾਭ ਲੈ ਸਕਣਗੇ ਅਤੇ ਪ੍ਰੋਤਸਾਹਨ ਰਾਸ਼ੀ ਸਿੱਧਾ ਲਾਭਪਾਤਰੀ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ ਦੋ ਬਰਾਬਰ ਕਿਸ਼ਤਾਂ ਵਿਚ ਪਾਈ ਜਾਵੇਗੀ। ਪਹਿਲੀ ਕਿਸ਼ਤ ਡਿਜੀਟਲ ਕਰੌਪ ਸਰਵੇ ਅਤੇ ਕ੍ਰਿਸ਼ੀ ਮੈਪਰ ਐਪ ਰਾਹੀਂ ਤਸਦੀਕ ਹੋਣ ਉਪਰੰਤ ਅਤੇ ਦੂਜੀ ਕਿਸ਼ਤ ਫ਼ਸਲ ਵੱਢਣ ਤੋਂ ਤੁਰਤ ਬਾਅਦ ਖਾਤਿਆਂ ਵਿਚ ਪਾ ਦਿੱਤੀ ਜਾਵੇਗੀ।

ਖੇਤੀ ਮੰਤਰੀ ਖੁੱਡੀਆਂ ਨੇ ਕਿਹਾ ਕਿ ਪੰਜਾਬ ਨੇ ਦੇਸ਼ ਨੂੰ ਖੁਰਾਕ ਸੁਰੱਖਿਆ ਵਿਚ ਆਤਮਨਿਰਭਰ ਬਣਾਉਣ 'ਚ ਮੋਹਰੀ ਭੂਮਿਕਾ ਨਿਭਾਈ ਹੈ ਅਤੇ ਪੰਜਾਬ ਵਿਚ ਝੋਨੇ ਦੀ ਕਾਸ਼ਤ ਕਾਰਨ ਸਿੰਜਾਈ ਲਈ ਟਿਊਬਵੈੱਲਾਂ 'ਤੇ ਨਿਰਭਰਤਾ ਵਧੀ ਹੈ ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹੇਠਾਂ ਚਲਾ ਗਿਆ ਹੈ। ਖੁੱਡੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਨਵੇਂ ਸਿਰਿਓਂ ਉਲੀਕੇ ਗਏ ਫ਼ਸਲੀ ਵਿਭਿੰਨਤਾ ਪ੍ਰੋਗਰਾਮ (ਸੀ.ਡੀ.ਪੀ.) ਨੂੰ ਲਾਗੂ ਕਰਨ ਦਾ ਫ਼ੈਸਲਾ ਲਿਆ ਹੈ, ਜਿਸ ਤਹਿਤ ਪਛਾਣ ਕੀਤੇ ਗਏ ਜ਼ਿਲ੍ਹਿਆਂ ਵਿਚ ਪਾਣੀ ਦੀ ਘਾਟ ਵਾਲੇ ਬਲਾਕਾਂ ਨੂੰ ਤਰਜੀਹ ਦਿੱਤੀ ਜਾਵੇਗੀ।

### ਦਿੱਤੀ ਜਾਣ ਵਾਲੀ ਰਕਮ ਨਿਗੂਣੀ ਕਰਾਰ

**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਸੂਬਾ ਸਰਕਾਰ ਵੱਲੋਂ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਲਈ ਪ੍ਰਤੀ ਏਕੜ 7 ਹਜ਼ਾਰ ਰੁਪਏ (17500 ਰੁਪਏ ਪ੍ਰਤੀ ਹੈਕਟੇਅਰ) ਰਾਸ਼ੀ ਦੇਣ ਦੇ ਫ਼ੈਸਲੇ ਨੂੰ ਨਿਗੂਣਾ ਕਰਾਰ ਦਿੱਤਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਸੂਬਾ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਸਰਕਾਰ ਨੇ ਸੂਬੇ ਦੇ ਖੇਤੀ ਸੰਕਟ ਦਾ ਹੱਲ ਕਰਨ ਲਈ ਬੁਨਿਆਦੀ ਤਬਦੀਲੀ ਵਾਲੀ ਨਵੀਂ ਖੇਤੀ ਨੀਤੀ ਦੇ ਦਾਅਵਿਆਂ ਨੂੰ ਤਿਆਗ ਦਿੱਤਾ ਹੈ। ਇਸ ਨੂੰ ਸਿਰਫ ਬਦਲਵੀਆਂ ਫ਼ਸਲਾਂ ਦੀ ਕਾਸ਼ਤ ਲਈ ਨਿਗੂਣੀ ਰਾਸ਼ੀ ਤੱਕ ਸੀਮਤ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਇਹ ਐਲਾਨ ਵੀ ਝੋਨੇ ਦੀ ਲੁਆਈ ਮੁਕੰਮਲ ਹੋਣ ਉਪਰੰਤ ਕੀਤਾ ਹੈ।

# ਰਾਜਿੰਦਰਾ ਹਸਪਤਾਲ 'ਚ ਮੋਬਾਈਲ ਦੀਆਂ ਟਾਰਚਾਂ ਜਗਾ ਕੇ ਹੋਇਆ ਜਣੇਪਾ

**ਪਟਿਆਲਾ:** ਰਾਜਿੰਦਰਾ ਹਸਪਤਾਲ ਦੇ ਗਾਇਨੀ ਵਾਰਡ ਵਿਚ ਇਕ ਮਹਿਲਾ ਦਾ ਜਣੇਪਾ ਮੋਬਾਈਲ ਦੀਆਂ ਟਾਰਚਾਂ ਜਗਾ ਕੇ ਕਰਨਾ ਪਿਆ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਆਪਣੇ ਹੀ ਸ਼ਹਿਰ ਦੇ ਸਰਕਾਰੀ ਹਸਪਤਾਲ ਦੇ ਅਜਿਹੇ ਹਾਲਾਤ ਕਾਰਨ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਉੱਠ ਰਹੇ ਹਨ।




ਬਿਜਲੀ ਦੇ ਕੱਟ ਲੱਗਣ ਕਾਰਨ ਪਾਵਰਕੌਮ ਅਧਿਕਾਰੀ ਵੀ ਨਿਸ਼ਾਨੇ ਉਤੇ ਆ ਗਏ ਹਨ ਕਿਉਂਕਿ ਪਾਵਰਕੌਮ ਦਾ ਮੁੱਖ ਦਫ਼ਤਰ ਵੀ ਪਟਿਆਲਾ ਵਿਚ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਲਵੇ ਦੇ ਸਭ ਤੋਂ ਵੱਡੇ ਸਰਕਾਰੀ ਰਾਜਿੰਦਰ ਹਸਪਤਾਲ ਸਣੇ ਪਟਿਆਲਾ ਖੇਤਰ ਵਿਚ ਰਾਤ 8 ਵਜੇ ਤੋਂ 11 ਵਜੇ ਤੱਕ ਬਿਜਲੀ ਗੁੱਲ ਰਹੀ। ਰਾਜਿੰਦਰਾ ਹਸਪਤਾਲ ਵਿਚ ਮੋਬਾਈਲ ਦੀਆਂ ਟਾਰਚਾਂ ਨਾਲ ਹੋਏ ਜਣੇਪੇ ਦੀ ਇਕ ਫੋਟੋ ਵੀ ਕਾਫ਼ੀ ਵਾਇਰਲ ਹੋ ਰਹੀ ਹੈ। ਇਸ ਸਬੰਧੀ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸੀਨੀਅਰ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ ਅਤੇ ਰਾਜਿੰਦਰਾ ਹਸਪਤਾਲ ਵਿਚ ਬਿਜਲੀ ਸਹੀ ਢੰਗ ਨਾਲ ਮੁਹੱਈਆ ਕਰਾਉਣ ਸਬੰਧੀ ਪੀ.ਐਸ.ਪੀ.ਸੀ.ਐਲ. ਨੂੰ ਵੀ ਹੁਕਮ ਜਾਰੀ ਕੀਤੇ ਹਨ। ਇਸ ਬਾਰੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਹੋ ਰਹੀ ਕਿਰਕਰੀ ਕਾਰਨ ਉਨ੍ਹਾਂ ਰਾਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਗਿਰੀਸ਼ ਸਾਹਨੀ ਦੀ ਝਾੜ-ਝੰਬ ਕੀਤੀ ਤੇ ਨਾਲ ਹੀ ਹਸਪਤਾਲ ਬਾਰੇ ਜਾਇਜ਼ਾ ਲੈਣ ਲਈ ਮੀਟਿੰਗ ਵੀ ਕੀਤੀ।

ਡਾ. ਬਲਬੀਰ ਸਿੰਘ ਨੇ ਮੀਟਿੰਗ ਤੋਂ ਬਾਅਦ ਕਿਹਾ ਕਿ ਉਨ੍ਹਾਂ ਦੀ ਪਾਵਰਕੌਮ ਦੇ ਸੀ.ਐਮ.ਡੀ. ਬਲਦੇਵ ਸਿੰਘ ਸਰਾਂ ਤੇ ਰਾਜਿੰਦਰਾ ਹਸਪਤਾਲ ਦੇ ਸਟਾਫ ਨਾਲ ਮੀਟਿੰਗ ਹੋ ਗਈ ਹੈ। ਉਨ੍ਹਾਂ ਕੋਲ ਹਸਪਤਾਲ ਵਿਚ 20 ਜੈਨਰੇਟਰ ਹਨ ਤੇ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਰਾਜਿੰਦਰਾ ਹਸਪਤਾਲ ਲਈ ਇਕ ਵੱਖਰੀ ਬਿਜਲੀ ਦੀ ਲਾਈਨ ਪਾਈ ਜਾਵੇਗੀ ਤਾਂ ਕਿ ਕਦੇ ਵੀ ਹਸਪਤਾਲ ਵਿਚ ਬਿਜਲੀ ਦਾ ਕੱਟ ਨਾ ਲੱਗੇ।

## ਲਾਪਤਾ ਹੋਏ ਪੰਜਾਬੀ ਦੀ ਭਾਲ ਕਰਨ ਦੀ ਮੰਗ

**ਪਠਾਨਕੋਟ:** ਯੂ.ਏ.ਈ. ਤੋਂ ਯਮਨ ਲਈ ਬੀਤੇ ਦਿਨੀਂ ਰਵਾਨਾ ਹੋਏ ਸਮੁੰਦਰੀ ਜਹਾਜ਼ ਦੇ ਹਾਦਸਾਗ੍ਰਸਤ ਹੋਣ ਮਗਰੋਂ ਲਾਪਤਾ ਹੋਏ ਚਾਲਕ ਦਲ ਦੇ 16 ਮੈਂਬਰਾਂ 'ਚੋਂ ਇਕ ਪਠਾਨਕੋਟ ਦਾ ਵਸਨੀਕ ਰਾਜਿੰਦਰ ਮਨਹਾਸ ਹੈ। ਰਾਜਿੰਦਰ ਬਾਰੇ ਕੋਈ ਸੂਚਨਾ ਨਾ ਮਿਲਣ ਮਗਰੋਂ ਉਸ ਦਾ ਪਰਿਵਾਰ ਕਾਫੀ ਪਰੇਸ਼ਾਨ ਹੈ।

ਇਸ ਬਾਰੇ ਰਾਜਿੰਦਰ ਮਨਹਾਸ ਦੇ ਪਰਿਵਾਰ ਨੇ ਕਿਹਾ ਕਿ ਬੀਤੇ ਦਿਨੀਂ ਯੂ.ਏ.ਈ. ਤੋ ਯਮਨ ਲਈ ਰਵਾਨਾ ਹੋਇਆ ਜਹਾਜ਼ ਓਮਾਨ ਦੇ ਸਮੁੰਦਰੀ ਖੇਤਰ 'ਚ ਪੁੱਜਦਿਆਂ ਹੀ ਹਾਦਸਾਗ੍ਰਸਤ ਹੋ ਕੇ ਡੁੱਬ ਗਿਆ। ਇਸ ਹਾਦਸੇ ਵਿਚ ਚਾਲਕ ਦਲ ਦੇ 16 ਮੈਂਬਰ ਲਾਪਤਾ ਹੋ ਗਏ ਜਿਨ੍ਹਾਂ 'ਚੋਂ ਛੇ ਹਾਲੇ ਵੀ ਲਾਪਤਾ ਹਨ। ਇਨ੍ਹਾਂ 'ਚੋਂ ਇਕ ਪਠਾਨਕੋਟ ਦਾ ਰਾਜਿੰਦਰ ਮਨਹਾਸ ਹੈ ਜੋ ਇਸ ਜਹਾਜ਼ ਵਿਚ ਮੁੱਖ ਅਧਿਕਾਰੀ ਵੱਜੋਂ ਤਾਇਨਾਤ ਸੀ ਪਰ ਹਾਲੇ ਤੱਕ ਉਸ ਬਾਰੇ ਕੋਈ ਪਤਾ ਨਹੀਂ ਲੱਗਿਆ।

ਪੀੜਤ ਪਰਿਵਾਰ ਭਾਰਤ ਸਰਕਾਰ ਤੋਂ ਉਸ ਨੂੰ ਲੱਭਣ ਦੀ ਮੰਗ ਕਰ ਰਿਹਾ ਹੈ। ਰਾਜਿੰਦਰ ਦੀ ਪਤਨੀ ਨਿਰਮਲ ਮਨਹਾਸ ਨੇ ਦੱਸਿਆ ਕਿ ਉਸ ਦਾ ਪਤੀ ਮਰਚੈਂਟ ਨੇਵੀ ਵਿਚ ਕੰਮ ਕਰਦਾ ਸੀ। ਉਹ 11 ਜੁਲਾਈ ਨੂੰ ਜਹਾਜ਼ 'ਤੇ ਡਿਊਟੀ ਕਰਨ ਗਿਆ ਸੀ ਅਤੇ ਉਨ੍ਹਾਂ ਨੂੰ 14 ਜੁਲਾਈ ਨੂੰ ਜਹਾਜ਼ ਡੁੱਬਣ ਦੀ ਸੂਚਨਾ ਮਿਲੀ। ਉਨ੍ਹਾਂ ਕਿਹਾ ਕਿ ਉਦੋਂ ਤੋਂ ਨਾ ਤਾਂ ਉਸ ਦਾ ਫੋਨ ਆਇਆ ਅਤੇ ਨਾ ਹੀ ਕੋਈ ਸੁਨੇਹਾ। ਉਨ੍ਹਾਂ ਭਾਰਤ ਸਰਕਾਰ ਤੋਂ ਰਾਜਿੰਦਰ ਮਨਹਾਸ ਦੀ ਭਾਲ ਕਰਨ ਦੀ ਮੰਗ ਕੀਤੀ ਹੈ।

# ਪੰਜਾਬ ਕਾਂਗਰਸ ਵਿਚ ਧੜੇਬਾਜ਼ੀ ਮੁੜ ਜੱਗ-ਜ਼ਾਹਿਰ ਹੋਈ

**ਲੁਧਿਆਣਾ:** ਲੁਧਿਆਣਾ ਤੋਂ ਲੋਕ ਸਭਾ ਮੈਂਬਰ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਤੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਵਿਚਾਲੇ ਸਭ ਕੁਝ ਠੀਕ ਨਹੀਂ ਹੈ। ਕਾਂਗਰਸ ਪ੍ਰਧਾਨ ਦੀ ਜਿੱਤ ਮਗਰੋਂ ਆਸ਼ੂ, ਵੜਿੰਗ ਦੀ ਸ਼ਮੂਲੀਅਤ ਵਾਲੇ ਕਿਸੇ ਵੀ ਸਮਾਗਮ ਵਿਚ ਨਜ਼ਰ ਨਹੀਂ ਆਏ।

ਵੜਿੰਗ ਦੇ ਦਫ਼ਤਰ ਦੇ ਉਦਘਾਟਨ ਵੇਲੇ ਵੀ ਆਸ਼ੂ ਗੈਰ-ਹਾਜ਼ਰ ਰਹੇ। ਇਸ ਸਮਾਗਮ ਦੌਰਾਨ ਵੀ ਕਾਂਗਰਸ ਦੀ ਧੜੇਬੰਦੀ ਸਾਫ਼ ਤੌਰ 'ਤੇ ਨਜ਼ਰ ਆਈ। ਦਫ਼ਤਰ ਦੇ ਉਦਘਾਨਟੀ ਸਮਾਗਮ 'ਚ ਸਾਬਕਾ ਕੈਬਨਿਟ ਮੰਤਰੀ ਤੇ ਕਾਂਗਰਸ ਦੇ ਵਰਕਿੰਗ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਗੈਰ-ਹਾਜ਼ਰੀ ਸਾਰਿਆਂ ਨੂੰ ਰੜਕਦੀ ਰਹੀ। ਦਫ਼ਤਰ ਦਾ ਉਦਘਾਟਨ ਹੋਣ ਤੋਂ ਬਾਅਦ ਰਾਜਾ ਵੜਿੰਗ ਨੇ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕੀਤੀ ਤੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ।



ਬੱਚਤ ਭਵਨ ਸਥਿਤ ਸੰਸਦ ਮੈਂਬਰ ਦੇ ਸਰਕਾਰੀ ਦਫ਼ਤਰ ਦੇ ਉਦਘਾਟਨੀ ਸਮਾਗਮ ਦੌਰਾਨ ਜਦੋਂ ਸਾਬਕਾ ਮੰਤਰੀ ਆਸ਼ੂ ਦੇ ਗੈਰਹਾਜ਼ਰ ਹੋਣ ਬਾਰੇ ਪੁੱਛਿਆ ਗਿਆ ਤਾਂ ਰਾਜਾ ਵੜਿੰਗ ਨੇ ਕਿਹਾ ਕਿ ਉਹ ਕਿਸੇ ਨਾਲ ਨਾਰਾਜ਼ ਨਹੀਂ ਹਨ। ਕਾਂਗਰਸ ਪਾਰਟੀ ਇੱਕ ਪਰਿਵਾਰ ਹੈ ਤੇ ਪਰਿਵਾਰ 'ਚ ਕਈ ਵਾਰ ਕੁਝ ਗੱਲਾਂ ਹੋ ਜਾਂਦੀਆਂ ਹਨ। ਜੇ ਕੋਈ ਨਾਰਾਜ਼ ਹੈ ਤਾਂ ਉਸ ਨੂੰ ਜਲਦੀ ਮਨਾ ਲਿਆ ਜਾਵੇਗਾ। ਵੜਿੰਗ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣ ਵਿਚ ਹਾਰ ਦੀ ਜ਼ਿੰਮੇਵਾਰੀ ਉਹ ਖੁਦ ਲੈਂਦੇ ਹਨ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣ 'ਚ ਸਰਕਾਰ ਨੇ ਸ਼ਰ੍ਹੇਆਮ ਧੱਕੇਸ਼ਾਹੀ ਕੀਤੀ ਹੈ। ਇਸ ਦੌਰਾਨ ਜਦੋਂ ਰਾਜਾ ਵੜਿੰਗ ਲੋਕਾਂ ਦੀਆਂ ਸਮੱਸਿਆਵਾਂ ਸੁਣ ਰਹੇ ਸਨ ਤਾਂ ਇਕ ਸ਼ਿਕਾਇਤਕਰਤਾ ਹਰੀਸ਼ ਛਾਬੜਾ ਨੇ ਕਿਹਾ ਕਿ ਉਨ੍ਹਾਂ ਦੇ ਲੜਕੇ ਨੇ ਨੀਟ ਦਾ ਪੇਪਰ ਦਿੱਤਾ ਸੀ ਪਰ ਬਾਅਦ 'ਚ ਪੇਪਰ ਲੋਕ ਹੋਣ ਕਾਰਨ ਵਿਵਾਦ ਹੋ ਗਿਆ ਤੇ ਅਦਾਲਤ 'ਚ ਮਾਮਲਾ ਵਿਚਾਰ ਅਧੀਨ ਹੋਣ ਕਾਰਨ ਉਨ੍ਹਾਂ ਦੇ ਲੜਕੇ ਦਾ ਨਤੀਜਾ ਵੀ ਰੁਕਿਆ ਹੋਇਆ ਹੈ। ਰਾਜਾ ਵੜਿੰਗ ਨੇ ਲੋਕ ਸਭਾ 'ਚ ਇਹ ਮੁੱਦਾ ਚੁੱਕਿਆ ਸੀ ਜਿਸ 'ਤੇ ਉਸ ਨੇ ਰਾਜਾ ਵੜਿੰਗ ਨੂੰ ਸਾਰੀ ਗੱਲ ਫੋਨ 'ਤੇ ਦੱਸੀ ਸੀ। ਇਸ ਤੋਂ ਬਾਅਦ ਸੰਸਦ ਮੈਂਬਰ ਨੇ ਫੋਨ ਹੀ ਨਹੀਂ ਚੁੱਕਿਆ। ਉਨ੍ਹਾਂ ਨੇ ਕਈ ਵਾਰ ਫੋਨ ਕੀਤਾ ਪਰ ਕੋਈ ਜਵਾਬ ਨਹੀਂ ਆਇਆ। ਇਸ ਮਗਰੋਂ ਵੜਿੰਗ ਨੇ ਹਰੀਸ਼ ਛਾਬੜਾ ਤੋਂ ਉਨ੍ਹਾਂ ਦੇ ਘਰ ਆ ਕੇ ਲੜਕੇ ਨਾਲ ਗੱਲ ਕਰਨ ਦਾ ਭਰੋਸਾ ਦਿੱਤਾ।

# ਪੰਜਾਬ ਸਰਕਾਰ ਨੇ ਕੇਂਦਰ ਅੱਗੇ ਖੇਤੀ ਪੈਕੇਜ ਰੱਖਿਆ

**ਚੰਡੀਗੜ੍ਹ:** ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਸੂਬੇ ਵਾਸਤੇ ਖੇਤੀ ਪੈਕੇਜ ਲੈਣ ਲਈ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਅੱਗੇ ਕੇਸ ਰੱਖਿਆ। ਖੁੱਡੀਆਂ ਨੇ ਦਿੱਲੀ ਵਿਚ ਮਿਲਣੀ ਮੌਕੇ ਪੈਕੇਜ ਲਈ ਲਿਖਤੀ ਮੈਮੋਰੰਡਮ ਵੀ ਦਿੱਤਾ ਅਤੇ ਖੇਤੀ ਦੇ ਮੌਜੂਦਾ ਸੰਕਟਾਂ ਦੇ ਮੱਦੇਨਜ਼ਰ ਪੰਜਾਬ ਦੇ ਕੇਸ ਨੂੰ ਤਰਜੀਹੀ ਅਧਾਰ 'ਤੇ ਵਿਚਾਰਨ ਲਈ ਜ਼ੋਰ ਪਾਇਆ।

ਕੇਂਦਰੀ ਮੰਤਰੀ ਚੌਹਾਨ ਨੇ ਸੂਬੇ ਦੇ ਖੇਤੀ ਸੰਕਟਾਂ ਨਾਲ ਨਜਿੱਠਣ ਲਈ ਆਪਣੇ ਸੁਝਾਓ ਵੀ ਪੇਸ਼ ਕੀਤੇ ਅਤੇ ਪੜਾਅਵਾਰ ਮਾਮਲੇ 'ਤੇ ਗ਼ੌਰ ਕਰਨ ਦਾ ਭਰੋਸਾ ਦਿੱਤਾ। ਖੁੱਡੀਆਂ ਦੀ ਨਵੇਂ ਕੇਂਦਰੀ ਖੇਤੀ ਮੰਤਰੀ ਨਾਲ ਇਹ ਪਲੇਠੀ ਮੀਟਿੰਗ ਸੀ।

ਖੇਤੀ ਮੰਤਰੀ ਖੁੱਡੀਆਂ ਨੇ ਪਰਾਲੀ ਪ੍ਰਬੰਧਨ ਅਤੇ ਖੇਤੀ ਵੰਨ-ਸੁਵੰਨਤਾ ਲਈ ਕੇਂਦਰੀ ਮਦਦ ਦਿੱਤੇ ਜਾਣ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਪਰਾਲੀ ਨਾ ਸਾੜਨ ਕਰ ਕੇ ਪੰਜਾਬ ਦੇ ਕਿਸਾਨਾਂ ਦੇ ਲਾਗਤ ਖ਼ਰਚੇ ਵਧ ਗਏ ਹਨ ਜਿਸ ਕਰ ਕੇ ਸੂਬੇ ਦੇ ਕਿਸਾਨਾਂ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ ਕਿਉਂਕਿ ਸਹਿਕਾਰੀ ਸੰਘਵਾਦ ਵੀ ਭਾਵਨਾ ਵੀ ਸੂਬਾਈ ਸਰਕਾਰਾਂ ਦੀ ਮਦਦ ਦੀ ਮੰਗ ਕਰਦੀ ਹੈ।



ਉਨ੍ਹਾਂ ਮੰਗ ਕੀਤੀ ਕਿ ਪਰਾਲੀ ਪ੍ਰਬੰਧਨ ਵਾਸਤੇ ਜੋ ਪਹਿਲਾਂ ਸੌ ਫ਼ੀਸਦੀ ਸਪਾਂਸਰਡ ਸਕੀਮ ਸੀ, ਉਸ ਵਿਚ 2023-24 ਤੋਂ 60:40 ਦਾ ਅਨੁਪਾਤ ਕਰ ਦਿੱਤਾ ਹੈ ਜਿਸ ਨੂੰ ਖ਼ਤਮ ਕੀਤਾ ਜਾਵੇ। ਖੁੱਡੀਆਂ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਕੇਂਦਰੀ ਪੂਲ ਵਿਚ ਝੋਨੇ ਦਾ 21 ਫ਼ੀਸਦੀ ਅਤੇ ਕਣਕ ਵਿਚ 31 ਫ਼ੀਸਦੀ ਯੋਗਦਾਨ ਪਾ ਰਿਹਾ ਹੈ ਪਰ ਪੰਜਾਬ ਨੂੰ ਖਾਦ ਦੀ ਸਪਲਾਈ ਵਿਚ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਖਾਦ ਦੀ ਸਪਲਾਈ ਨਿਰਵਿਘਨ ਦਿੱਤੀ ਜਾਵੇ। ਉਨ੍ਹਾਂ ਕਣਕ ਦੇ ਬੀਜਾਂ 'ਤੇ ਸਬਸਿਡੀ ਮੁੜ ਬਹਾਲ ਕੀਤੇ ਜਾਣ ਦੀ ਮੰਗ ਵੀ ਉਠਾਈ। ਉਨ੍ਹਾਂ ਕਿਹਾ ਕਿ ਪਹਿਲਾਂ 33 ਫ਼ੀਸਦੀ ਸਬਸਿਡੀ ਦਿੱਤੀ ਜਾਂਦੀ ਸੀ, ਜੋ ਹੁਣ ਬੰਦ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਰਾਜ ਖੇਤੀ ਅੰਕੜਾ ਅਥਾਰਿਟੀ ਲਈ ਬਕਾਇਆ ਪਏ 4.26 ਕਰੋੜ ਦੇ ਫ਼ੰਡ ਜਾਰੀ ਕਰਨ ਲਈ ਜ਼ੋਰ ਪਾਇਆ। ਖੇਤੀ ਮੰਤਰੀ ਨੇ ਫ਼ਸਲੀ ਵੰਨ-ਸੁਵੰਨਤਾ ਲਈ ਕੇਂਦਰ ਤੋਂ ਵਿੱਤੀ ਮਦਦ ਦੀ ਮੰਗ ਕੀਤੀ ਤਾਂ ਜੋ ਸੂਬੇ 'ਚ ਝੋਨੇ ਹੇਠੋਂ 11.50 ਲੱਖ ਹੈਕਟੇਅਰ ਰਕਬਾ ਕੱਢਿਆ ਜਾ ਸਕੇ। ਕੇਂਦਰੀ ਪ੍ਰਯੋਜਿਤ ਸਕੀਮਾਂ ਦਾ ਪੁਰਾਣਾ ਸ਼ੇਅਰਿੰਗ ਪੈਟਰਨ ਖ਼ਤਮ ਕਰਕੇ ਸੌ ਫ਼ੀਸਦੀ ਗਰਾਂਟ ਵਿਚ ਤਬਦੀਲ ਕੀਤਾ ਜਾਵੇ। ਖੇਤੀ ਮੰਤਰੀ ਨੇ ਦੱਸਿਆ ਕਿ ਸ਼ਿਵਰਾਜ ਚੌਹਾਨ ਨੇ ਪੰਜਾਬ ਦੀਆਂ ਮੰਗਾਂ 'ਤੇ ਚੰਗਾ ਹੁੰਗਾਰਾ ਭਰਿਆ ਹੈ ਅਤੇ ਖੇਤੀ ਵਿਭਿੰਨਤਾ ਤੇ ਪਰਾਲੀ ਪ੍ਰਬੰਧਨ 'ਚ ਵਿਸ਼ੇਸ਼ ਦਿਲਚਸਪੀ ਦਿਖਾਈ ਹੈ। ਖੁੱਡੀਆਂ ਨੇ ਨਰਮਾ ਖ਼ਿੱਤੇ ਲਈ 'ਕਪਾਹ ਖੋਜ ਲਈ ਕੇਂਦਰੀ ਸੰਸਥਾ' ਸਥਾਪਿਤ ਕੀਤੇ ਜਾਣ ਦੀ ਮੰਗ ਵੀ ਉਠਾਈ।

ਉਨ੍ਹਾਂ ਇਹ ਮੰਗ ਵੀ ਕੀਤੀ ਕਿ ਬੀਟੀ ਕਾਟਨ ਦੀ ਅਗਲੀ ਜਨਰੇਸ਼ਨ ਵਾਲਾ ਬੀਟੀ ਕਾਟਨ ਦਾ ਬੀਜ ਬੀਜੀ-3 ਜਲਦ ਮੁਹੱਈਆ ਕਰਾਇਆ ਜਾਵੇ ਕਿਉਂਕਿ ਪੰਜਾਬ 'ਚੋਂ ਨਰਮੇ ਦੀ ਖੇਤੀ ਕਾਫ਼ੀ ਘਟ ਰਹੀ ਹੈ ਅਤੇ ਕਿਸਾਨ ਨੂੰ ਨਰਮੇ ਪ੍ਰਤੀ ਰੁਚਿਤ ਕਰਨ ਵਾਸਤੇ ਨਵੇਂ ਬੀਜ ਦਿੱਤੇ ਜਾਣ। ਖੁੱਡੀਆਂ ਨੇ ਪੰਜਾਬ ਵਿਚ ਨਰਮੇ ਉੱਤੇ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਦੇ ਹਮਲੇ ਦੇ ਮੱਦੇਨਜ਼ਰ ਕੇਂਦਰੀ ਖੇਤੀ ਮੰਤਰੀ ਦੇ ਨਿੱਜੀ ਦਖਲ ਦੀ ਮੰਗ ਵੀ ਕੀਤੀ। ਸ੍ਰੀ ਖੁੱਡੀਆਂ ਫੂਡ ਪ੍ਰੋਸੈਸਿੰਗ ਮੰਤਰੀ ਚਿਰਾਗ ਪਾਸਵਾਨ ਨੂੰ ਵੀ ਮਿਲੇ ਅਤੇ ਮੰਗ ਕੀਤੀ ਕਿ ਪੰਜਾਬ ਨੂੰ ਖੇਤੀ ਅਧਾਰਿਤ ਪ੍ਰੋਜੈਕਟ ਦਿੱਤੇ ਜਾਣ।

ਪੰਜਾਬ ਟਾਈਮਜ਼

ਸ਼ਨਿਚਰਵਾਰ, 27 ਜੁਲਾਈ, 2024

## ਸਿਆਸਤ ਦਾ ਬਦਲਦੇ ਰੰਗ

*ਸੰਸਾਰ ਭਰ ਦੀ ਸਿਆਸਤ ਅੰਦਰ ਬੜੀਆਂ ਵੱਡੀਆਂ ਅਤੇ ਅਹਿਮ ਤਬਦੀਲੀਆਂ ਹੋ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਨਾਲ ਸੰਸਾਰ ਸਿਆਸਤ ਵਿਚ ਕਾਫੀ ਤਿੱਖੇ ਮੋੜ ਆਉਣ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਅਮਰੀਕਾ ਦੀ ਰਾਸ਼ਟਰਪਤੀ ਦੀ ਚੋਣ ਨੂੰ ਸਾਰੀ ਦੁਨੀਆ ਗਹੁ ਨਾਲ ਦੇਖ ਰਹੀ ਹੈ। ਹੁਣ ਤੱਕ ਰਿਪੋਰਟਾਂ ਇਹੀ ਆ ਰਹੀਆਂ ਹਨ ਕਿ ਉਥੇ ਕਾਰੋਬਾਰੀ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਦਾ ਪੱਲੜਾ ਭਾਰੀ ਹੈ। ਪਿੱਛੇ ਜਿਹੇ ਟਰੰਪ ਅਤੇ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਵਿਚਕਾਰ ਹੋਈ ਪਹਿਲੀ ਸਿੱਧੀ ਬਹਿਸ ਵਿਚ ਵੀ ਟਰੰਪ ਦਾ ਹੱਥ ਉਪਰ ਰਿਹਾ ਸੀ। ਇਸ ਬਹਿਸ ਵਿਚ ਬੁਰੀ ਤਰ੍ਹਾਂ ਪਛਾੜ ਖਾਣ ਪਿੱਛੋਂ ਬਾਇਡਨ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਆਪਣੀ ਦੌੜ ਸਮਾਪਤ ਕਰਨ ਦਾ ਐਲਾਨ ਕਰ ਦਿੱਤਾ। ਨਾਲ ਹੀ ਉਸ ਨੇ ਐਲਾਨ ਕੀਤਾ ਹੈ ਕਿ ਇਸ ਵਕਤ ਟਰੰਪ ਨੂੰ ਹਰਾਉਣਾ ਬਹੁਤ ਜ਼ਰੂਰੀ ਹੈ, ਇਸ ਲਈ ਉਹ ਪਿੱਛੇ ਹਟ ਰਹੇ ਹਨ। ਹੁਣ ਡੈਮੋਕਰੈਟਿਕ ਪਾਰਟੀ ਕਿਸੇ ਹੋਰ ਆਗੂ ਨੂੰ ਆਪਣਾ ਉਮੀਦਵਾਰ ਨਾਮਜ਼ਦ ਕਰੇਗੀ। ਕਿਆਸਅਰਾਈਆਂ ਹਨ ਕਿ ਉਪ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ 'ਤੇ ਗੁਣਾ ਪੈ ਸਕਦਾ ਹੈ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਅਮਰੀਕੀ ਜਮਹੂਰੀਅਤ ਅੱਜ ਕੱਲ੍ਹ ਬੜੇ ਸੰਕਟ ਨਾਲ ਦੋ-ਚਾਰ ਹੋ ਰਹੀ ਹੈ। ਅਸਲ ਵਿਚ ਟਰੰਪ ਜਿਸ ਢੰਗ ਨਾਲ ਵਿਹਾਰ ਕਰ ਰਿਹਾ ਹੈ, ਉਸ ਤੋਂ ਸਾਰੇ ਭੈਅ-ਭੀਤ ਹਨ; ਇਥੋਂ ਤੱਕ ਕਿ ਉਸ ਦੀ ਆਪਣੀ ਪਾਰਟੀ ਦੇ ਕਈ ਆਗੂ ਵੀ ਉਸ ਦੇ ਹੱਕ ਵਿਚ ਨਹੀਂ ਹਨ ਪਰ ਹੁਣ ਹਾਲਾਤ ਇਹ ਹਨ ਕਿ ਟਰੰਪ ਪਾਰਟੀ ਦਾ ਉਮੀਦਵਾਰ ਹੈ ਅਤੇ ਬਥੇਰੇ ਪਾਰਟੀ ਆਗੂ ਉਸ ਦੀ ਜਿੱਤ ਲਈ ਕੰਮ ਵੀ ਕਰ ਰਹੇ ਹਨ।*

*ਦੂਜਾ ਮਸਲਾ ਭਾਰਤ ਦੀ ਸਿਆਸਤ ਨਾਲ ਜੁੜਿਆ ਹੋਇਆ ਹੈ। ਐਤਕੀਂ ਭਾਰਤੀ ਜਨਤਾ ਪਾਰਟੀ ਨੂੰ ਲੋਕ ਸਭਾ ਚੋਣਾਂ ਵਿਚ ਪੂਰਨ ਬਹੁਮਤ ਹਾਸਿਲ ਨਹੀਂ ਹੋਇਆ। ਇਸ ਲਈ ਕਈ ਸਿਆਸੀ ਮਾਹਿਰ ਤਵੱਕੋ ਕਰ ਰਹੇ ਸਨ ਕਿ ਐਤਕੀਂ ਮੋਦੀ ਜਾਂ ਭਾਰਤੀ ਜਨਤਾ ਪਾਰਟੀ ਜਾਂ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਆਪਣੀ ਮਨਮਰਜ਼ੀ ਨਹੀਂ ਕਰ ਸਕਣਗੇ ਪਰ ਹੁਣ ਤੱਕ ਜੋ ਕੁਝ ਸਾਹਮਣੇ ਆਇਆ ਹੈ, ਉਸ ਤੋਂ ਸਪਸ਼ਟ ਹੋ ਰਿਹਾ ਹੈ ਕਿ ਮੋਦੀ ਜਾਂ ਭਾਰਤੀ ਜਨਤਾ ਪਾਰਟੀ ਜਾਂ ਆਰ.ਐੱਸ.ਐੱਸ. ਆਪਣੇ ਏਜੰਡੇ ਤੋਂ ਟੱਸ ਤੋਂ ਮੱਸ ਨਹੀਂ ਹੋਏ ਹਨ। ਮੋਦੀ ਸਰਕਾਰ ਨੇ ਆਰ.ਐੱਸ.ਐੱਸ. ਦੀਆਂ ਸਰਗਰਮੀਆਂ ਵਿਚ ਸਰਕਾਰੀ ਮੁਲਾਜ਼ਮਾਂ ਦੇ ਹਿੱਸਾ ਲੈਣ ਤੋਂ ਪਾਬੰਦੀ ਹਟਾਉਣ ਦਾ ਫ਼ੈਸਲਾ ਕਰ ਲਿਆ ਹੈ। ਆਰ.ਐੱਸ.ਐੱਸ. ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਦੇਸ਼ ਦੀ ਲੋਕਰਾਜੀ ਪ੍ਰਣਾਲੀ ਮਜ਼ਬੂਤ ਹੋਵੇਗੀ। ਦੂਜੇ ਪਾਸੇ, ਕਾਂਗਰਸ ਨੇ ਕੇਂਦਰ ਸਰਕਾਰ 'ਤੇ ਹਮਲਾ ਕਰਦਿਆਂ ਆਖਿਆ ਹੈ ਕਿ ਇਸ ਨਵੇਂ ਫ਼ੈਸਲੇ ਨਾਲ ਸਰਕਾਰੀ ਮੁਲਾਜ਼ਮਾਂ ਦੀ ਨਿਰਪੱਖਤਾ ਅਸਰ ਅੰਦਾਜ਼ ਹੋਵੇਗੀ। ਆਰ.ਐੱਸ.ਐੱਸ. ਭਾਵੇਂ ਆਪਣੇ ਆਪ ਨੂੰ ਸੱਭਿਆਚਾਰਕ ਸੰਗਠਨ ਦੇ ਤੌਰ 'ਤੇ ਪੇਸ਼ ਕਰਦੀ ਹੈ ਪਰ ਚੋਣਾਂ ਵਿਚ ਇਸ ਦੀ ਭੂਮਿਕਾ ਕਿਸੇ ਤੋਂ ਲੁਕੀ-ਛੁਪੀ ਨਹੀਂ। ਇਸ ਮਸਲੇ ਵਿਚ ਇਕ ਹੋਰ ਮਸਲਾ ਭਾਰਤੀ ਜਨਤਾ ਪਾਰਟੀ ਅਤੇ ਆਰ.ਐੱਸ.ਐੱਸ. ਵਿਚਕਾਰ ਰਿਸ਼ਤੇ ਖਰਾਬ ਹੋਣ ਦਾ ਵੀ ਹੈ। ਪਹਿਲਾਂ ਭਾਰਤੀ ਜਨਤਾ ਪਾਰਟੀ ਉਤੇ ਆਰ.ਐੱਸ.ਐੱਸ. ਦਾ ਪੂਰਨ ਕੰਟਰੋਲ ਹੁੰਦਾ ਸੀ ਪਰ ਜਦੋਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਫਿਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੌਮੀ ਸਿਆਸਤ ਦੇ ਸੀਨ 'ਤੇ ਆਏ ਹਨ, ਸਭ ਕੁਝ ਉਲਟ-ਪੁਲਟ ਹੋ ਗਿਆ ਹੈ। ਹੁਣ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਬਹੁਤ ਸਾਰੇ ਮਾਮਲਿਆਂ ਵਿਚ ਮਨਮਰਜ਼ੀ ਕਰਦੇ ਹਨ ਅਤੇ ਆਰ.ਐੱਸ.ਐੱਸ. ਦੀ ਹੁਣ ਬਹੁਤੀ ਵੁਕਅਤ ਨਹੀਂ ਰਹੀ ਹੈ। ਇਸੇ ਕਰ ਕੇ ਹੁਣ ਚੋਣਾਂ ਵਿਚ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਆਰ.ਐੱਸ.ਐੱਸ. ਦੀ ਲੀਡਰਸ਼ਿਪ ਸਰਕਾਰ ਦੀ ਤਿੱਖੀ ਨੁਕਤਾਚੀਨੀ ਕਰ ਰਹੀ ਹੈ। ਆਰ.ਐੱਸ.ਐੱਸ. ਆਗੂ ਇੰਦਰੇਸ਼ ਕੁਮਾਰ ਨੇ ਆਖਿਆ ਕਿ ਭਗਵਾਨ ਰਾਮ ਨੇ ਆਪਣੇ ਆਪ ਨੂੰ 'ਰਾਮ ਭਗਤ' ਕਹਾਉਣ ਦਾ ਦਾਅਵਾ ਕਰਨ ਵਾਲੀ 'ਹੰਕਾਰੀ ਪਾਰਟੀ' ਨੂੰ ਬਹੁਮਤ ਹਾਸਿਲ ਕਰਨ ਤੋਂ ਰੋਕ ਦਿੱਤਾ ਹੈ। ਆਰ.ਐੱਸ.ਐੱਸ. ਦੇ ਮੁੱਖ ਪੱਤਰ 'ਆਰਗੇਨਾਈਜ਼ਰ' ਨੇ ਵੀ ਲਿਖਿਆ ਹੈ ਕਿ ਚੋਣ ਨਤੀਜਿਆਂ ਨੇ ਅਤਿ ਉਤਸ਼ਾਹੀ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਦੀ 'ਹੋਸ਼ ਟਿਕਾਣੇ' ਲਿਆਉਣ ਦਾ ਕੰਮ ਕੀਤਾ ਹੈ। ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲ ਇਸ਼ਾਰਾ ਕਰਦਿਆਂ ਆਖਿਆ ਸੀ ਕਿ ਇਨਸਾਨ ਦੀ 'ਸੁਪਰਮੈਨ' ਅਤੇ ਫਿਰ 'ਰੱਬ' ਬਣ ਜਾਣ ਦੀ ਖਾਹਿਸ਼ ਹੁੰਦੀ ਹੈ। ਇਸ ਸਭ ਕੁਝ ਦੇ ਬਾਵਜੂਦ ਮੋਦੀ ਸਰਕਾਰ ਹਿੰਦੂਤਵੀ ਏਜੰਡੇ ਮੁਤਾਬਿਕ ਚੱਲ ਰਹੇ ਹਨ।*

*ਪੰਜਾਬ ਦੀ ਸਿਆਸਤ ਵਿਚ ਹੋ ਰਹੀ ਉਥਲ-ਪੁਥਲ ਵੀ ਸਿਆਸੀ ਮਾਹਿਰਾਂ ਦਾ ਧਿਆਨ ਖਿੱਚ ਰਹੀ ਹੈ। ਪੰਜਾਬ ਦੀ ਸਭ ਤੋਂ ਪੁਰਾਣੀ ਪਾਰਟੀ- ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੇ ਕਲੇਸ਼ ਵੱਲ ਸਭ ਦਾ ਧਿਆਨ ਲੱਗਿਆ ਹੋਇਆ ਹੈ। ਅਸਲ ਵਿਚ, ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਜਿੰਨੇ ਵੱਡੇ ਪੱਧਰ 'ਤੇ ਸਿਆਸਤ ਚੱਲ ਪਈ ਹੈ, ਉਸ ਤਰ੍ਹਾਂ ਦੇ ਹਾਲਾਤ ਪਹਿਲਾਂ ਕਦੀ ਨਹੀਂ ਸਨ ਬਣੇ। ਹੁਣ ਅਕਾਲੀ ਦਲ ਅਤੇ ਇਸ ਦੀ ਲੀਡਰਸ਼ਿਪ ਨੂੰ ਇਸ ਸੰਕਟ ਦੇ ਮੋਚਨ ਲਈ ਕੋਈ ਆਗੂ ਨਹੀਂ ਲੱਭ ਰਿਹਾ। ਵੱਖ-ਵੱਖ ਚੋਣਾਂ ਵਿਚ ਲਗਾਤਾਰ ਹਾਰਾਂ ਤੋਂ ਬਾਅਦ ਬਾਦਲ ਪਰਿਵਾਰ ਬਹੁਤ ਕਮਜ਼ੋਰ ਹੋ ਚੁੱਕਾ ਹੈ। ਹੁਣ ਤਾਂ ਆਮ ਵਰਕਰ ਵੀ ਕਹਿਣ ਲੱਗ ਪਿਆ ਹੈ ਕਿ ਪਾਰਟੀ ਦੀ ਇੰਨੀ ਮਾੜੀ ਹਾਲਤ ਬਾਦਲ ਪਰਿਵਾਰ ਕਰ ਕੇ ਹੀ ਹੋਈ ਹੈ ਜਿਸ ਨੇ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਅਤੇ ਪੰਥ ਦੀ ਥਾਂ ਨਿੱਜੀ ਹਿਤਾਂ ਨੂੰ ਵਧੇਰੇ ਪਹਿਲ ਦਿੱਤੀ ਹੈ। ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਸੁਖਬੀਰ ਆਪਣੀ ਕੁਰਸੀ ਕਾਇਮ ਰੱਖ ਸਕਣਗੇ ਜਾਂ ਨਹੀਂ ਪਰ ਹੁਣ ਪੰਜਾਬ ਦੀ ਸਿਆਸਤ ਵਿਚ ਅਕਾਲੀ ਦਲ ਵਾਲੀ ਥਾਂ ਲੈਣ ਲਈ ਕਈ ਧਿਰਾਂ ਆਪੋ-ਆਪਣੀ ਸਰਗਰਮੀ ਕਰ ਰਹੀਆਂ ਹਨ।*

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਢਹਿਣ ਲੱਗੀ ਲੰਕਾ?

*ਸੁਣਦੇ ਆਏ ਸਾਂ ਵਰ੍ਹਿਆਂ ਤੋਂ ਗੱਲ ਏਹੋ ਆਗੂ ਕਈ ਦਮਗਜੇ ਇਹ ਮਾਰਦੇ ਰਹੇ।*
*'ਦਲ' ਮੁਕਤ ਕਰਾਉਣਾ ਐਂ ਬਾਦਲਾਂ ਤੋਂ ਗੱਲੀਂ ਬਾਤੀਂ 'ਗੁਲਾਮੀ' ਉਤਾਰਦੇ ਰਹੇ।*
*ਸਰਬ ਹਿੰਦ-ਸੰਯੁਕਤ ਦਲ ਸਾਜ ਕੇ ਜੀ ਸਿੱਖ ਭਾਈਆਂ ਤਾਈਂ ਪੁਚਕਾਰਦੇ ਰਹੇ।*
*ਏਧਰ ਓਧਰ ਘੁਮਾਇ ਕੇ 'ਖੋਤੀਆਂ' ਨੂੰ ਉਸੇ ਬੋਹੜ ਥੱਲੇ ਆ ਖਲਿਹਾਰਦੇ ਰਹੇ।*
*ਅਰਸ਼ੋਂ ਫਰਸ਼ 'ਤੇ ਆ ਡਿਗੀ ਪਾਰਟੀ ਏ ਡੂੰਘੀ ਹੋਰ ਪਤਾਲ ਵਿਚ ਲਹਿਣ ਲੱਗੀ।*
*'ਲੰਕਾ' ਢੱਠੀ ਨਾ ਕਿਸੇ ਤੋਂ ਬਾਦਲਾਂ ਦੀ ਘਰ ਦੇ ਭੇਤੀਆਂ ਹੱਥੋਂ ਹੁਣ ਢਹਿਣ ਲੱਗੀ!*

# ਕਾਂਵੜ ਯਾਤਰਾ: ਭਾਜਪਾ ਫਿਰ ਫਿਰਕੂ ਸਿਆਸਤ 'ਤੇ ਉਤਾਰੂ

ਭਾਜਪਾ ਹਕੂਮਤ ਵਾਲੇ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਵਿਚ ਕਾਂਵੜ ਯਾਤਰਾ ਦੌਰਾਨ ਖਾਣ-ਪੀਣ ਦੀਆਂ ਦੁਕਾਨਾਂ ਅੱਗੇ ਦੁਕਾਨ ਮਾਲਕ ਅਤੇ ਦੁਕਾਨ ਉਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਦੇ ਨਾਂ ਬੋਰਡ ਉਪਰ ਲਿਖ ਕੇ ਲਾਉਣ ਦੇ ਫਰਮਾਨ ਉਪਰ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ਵਿਚ ਉਤਰ ਪ੍ਰਦੇਸ਼, ਉਤਰਾਖੰਡ ਅਤੇ ਮੱਧ ਪ੍ਰਦੇਸ਼ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਮਾਮਲੇ ਦੀ ਸੁਣਵਾਈ ਆਉਂਦੇ ਸ਼ੁੱਕਰਵਾਰ ਪਾ ਦਿੱਤੀ ਹੈ। ਅਦਾਲਤ ਦਾ ਫੈਸਲਾ ਵਧੀਆ ਹੈ ਪਰ ਇਹ ਫੈਸਲਾ ਆਉਣ ਤੋਂ ਪਹਿਲਾਂ ਪ੍ਰਸ਼ਾਸਨਿਕ ਹੁਕਮ ਲਾਗੂ ਕਰਵਾਉਣ ਲਈ ਪੁਲਿਸ ਨੇ ਢਾਬਿਆਂ, ਰੈਸਟੋਰੈਂਟਾਂ, ਫ਼ਲ, ਮਠਿਆਈ ਦੀਆਂ ਦੁਕਾਨਾਂ, ਰੇਹੜੀ-ਫੜ੍ਹੀ ਵਾਲਿਆਂ ਉਪਰ ਨਾਮ ਲਿਖਣ ਲਈ ਦਬਾਅ ਬਣਾਉਣ ਦੇ ਮਾਮਲੇ ਵੀ ਸਾਹਮਣੇ ਆ ਰਹੇ ਸਨ। ਹਕੀਕਤ ਇਹ ਹੈ ਕਿ ਪੁਲਿਸ ਦੇ ਦਬਾਅ ਤੋਂ ਬਾਅਦ ਜ਼ਿਆਦਾਤਰ ਦੁਕਾਨਦਾਰਾਂ ਨੇ ਦੁਕਾਨਾਂ ਦੇ ਮਾਲਕਾਂ ਅਤੇ ਮਜ਼ਦੂਰਾਂ ਦੇ ਨਾਂ ਵੱਡੇ ਅੱਖਰਾਂ ਵਿਚ ਲਿਖ ਦਿੱਤੇ ਸਨ। ਹੁਣ ਭਾਵੇਂ ਅਦਾਲਤ ਦਾ ਫੈਸਲਾ ਆਉਣ ਨਾਲ ਘੱਟ ਗਿਣਤੀ ਭਾਈਚਾਰੇ ਨੂੰ ਕੁਝ ਰਾਹਤ ਮਹਿਸੂਸ ਹੋ ਰਹੀ ਹੋਵੇਗੀ ਪਰ ਹੁਣ ਤੱਕ ਬਹੁਤ ਦੁਕਾਨਾਂ ਦੇ ਮਾਲਕਾਂ/ਕਾਮਿਆਂ ਦੀ ਧਰਮ ਦੇ ਆਧਾਰ 'ਤੇ ਨਿਸ਼ਾਨਦੇਹੀ ਹੋ ਚੁੱਕੀ ਹੈ। ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਪਹਿਲਾਂ ਉਤਰਾਖੰਡ ਸਰਕਾਰ ਵੀ ਉਤਰ ਪ੍ਰਦੇਸ਼ ਸਰਕਾਰ ਦੇ ਰਾਹ ਪੈ ਚੁੱਕੀ ਸੀ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪੁਲਿਸ/ਸਰਕਾਰ ਦੀ ਦਲੀਲ ਸੀ ਕਿ ਉਹ ਅਮਨ-ਕਾਨੂੰਨ ਦੀ ਸਥਿਤੀ ਲਈ ਅਜਿਹਾ ਕਰ ਰਹੇ ਪਰ ਜ਼ਮੀਨੀ ਹਕੀਕਤ ਇਸ ਦੇ ਉਲਟ ਹੈ ਕਿਉਂਕਿ ਇਸ ਤਰ੍ਹਾਂ ਨਾਮ ਲਿਖਣ ਨਾਲ ਘੱਟ ਗਿਣਤੀ ਭਾਈਚਾਰੇ ਦੇ ਕੰਮ-ਕਾਰ ਨਿਸ਼ਾਨੇ ਉਪਰ ਆਏ ਹਨ। ਸਰਕਾਰ ਦੇ ਹੁਕਮ ਤੋਂ ਬਾਅਦ ਮੁਸਲਿਮ ਭਾਈਚਾਰੇ ਦੇ ਦੁਕਾਨਦਾਰ ਅਤੇ ਕੰਮ ਕਰਨ ਵਾਲੇ ਮਜ਼ਦੂਰ ਬਹੁਤ ਸਹਿਮੇ ਹੋਏ ਸਨ।

ਵੈਸੇ ਹਰ ਸਾਲ ਸਾਉਣ ਮਹੀਨੇ ਲੱਖਾਂ ਦੀ ਗਿਣਤੀ ਵਿਚ ਕਾਂਵੜੀਏ ਹਰਿਦੁਆਰ ਤੋਂ ਪਾਣੀ ਲੈਣ ਲਈ ਮੁਜ਼ੱਫਰਨਗਰ ਰਾਹੀਂ ਲੰਘਦੇ ਹਨ। ਪਿਛਲੇ ਕਈ ਸਾਲਾਂ ਤੋਂ ਕਾਂਵੜ ਯਾਤਰੀਆਂ ਦੀ ਸਥਾਨਕ ਦੁਕਾਨਦਾਰਾਂ ਨਾਲ ਹੁੰਦੀ ਲੜਾਈ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ। ਕਈ ਵਾਰ ਕਾਂਵੜੀਆਂ ਤੇ ਦੁਕਾਨਦਾਰਾਂ ਵਿਚ ਕੁੱਟ-ਕੁਟਾਪੇ ਅਤੇ ਆਪਸੀ ਲੜਾਈ ਦੇ ਹਿੰਸਕ ਰੂਪ ਧਾਰਨ ਦਾ ਮਾਮਲਾ ਉਜਾਗਰ ਹੋ ਚੁੱਕਾ ਹੈ। ਤਣਾਅ ਵਾਲੇ ਅਜਿਹੇ ਮਾਹੌਲ ਦੌਰਾਨ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਤਾਂ ਇਹ ਬਣਦੀ ਸੀ ਕਿ ਉਹ ਆਪਸੀ ਭਾਈਚਾਰਾ ਕਾਇਮ ਕਰਨ ਲਈ ਯਤਨ ਜੁਟਾਉਂਦੀ ਅਤੇ ਪੀੜਤ ਧਿਰ ਦੀ ਰੱਖਿਆ ਲਈ ਪੁਲਿਸ ਤਾਇਨਾਤ ਕਰਦੀ ਪਰ ਸਰਕਾਰ ਨੇ ਆਪਣਾ ਫਿਰਕੂ ਏਜੰਡਾ ਲਾਗੂ ਕਰਦਿਆਂ ਲੋਕਾਂ ਨੂੰ ਵੰਡਣ ਦਾ ਕੰਮ ਕੀਤਾ।

ਸੂਬਾ ਸਰਕਾਰ ਨੇ ਕਾਂਵੜ ਯਾਤਰਾ ਦੇ ਰਸਤੇ ਵਿਚ ਪੈਂਦੀਆਂ ਖਾਣ-ਪੀਣ ਵਾਲੀਆਂ ਦੁਕਾਨਾਂ ਦੇ ਮਾਲਕਾਂ ਨੂੰ ਨੇਮ ਪਲੇਟ ਲਾਉਣ ਦਾ ਦਿੱਤਾ ਹੁਕਮ ਉਪਰੀ ਨਜ਼ਰੇ ਦੇਖਿਆਂ ਆਮ ਜਿਹਾ ਮਾਮਲਾ ਜਾਪਦਾ ਹੈ; ਕਿਸੇ ਨੂੰ ਲੱਗ ਸਕਦਾ ਹੈ ਕਿ ਦੁਕਾਨ ਅੱਗੇ ਨੇਮ ਪਲੇਟ ਲਾਉਣ ਵਿਚ ਹਰਜ ਕੀ ਹੈ ਪਰ ਇਹ ਮਾਮਲਾ ਐਨਾ ਸਿੱਧਾ ਨਹੀਂ। ਅਸਲ ਵਿਚ ਇਸ ਸਰਕਾਰੀ ਫਰਮਾਨ ਵਿਚੋਂ ਘੱਟਗਿਣਤੀ ਮੁਸਲਿਮ ਭਾਈਚਾਰੇ ਨੂੰ ਅਲੱਗ-ਥਲੱਗ ਕਰਨ ਦੀ ਨੀਅਤ ਸਾਫ ਝਲਕਦੀ ਹੈ। ਇਹ ਫਰਮਾਨ ਮੁਸਲਿਮ ਭਾਈਚਾਰੇ ਨੂੰ ਆਰਥਿਕ ਰੂਪ ਵਿਚ ਤੋੜ ਦੇਣ ਵਾਲਾ ਹੈ। ਦੁਨੀਆ ਭਰ ਦਾ ਇਤਿਹਾਸ ਦੱਸਦਾ ਹੈ ਕਿ ਜਦ ਕਦੇ ਵੀ ਫਾਸ਼ੀਵਾਦੀ ਤਾਕਤ ਕਿਸੇ ਭਾਈਚਾਰੇ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਉਂਦੀ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਆਰਥਿਕ ਰੂਪ ਵਿਚ ਸੱਟ ਮਾਰੀ ਜਾਂਦੀ ਹੈ। 1984 ਦੀ ਸਿੱਖ ਨਸਲਕੁਸ਼ੀ ਸਮੇਂ ਦਿੱਲੀ ਵਿਚ ਸਿੱਖਾਂ ਦੀਆਂ ਦੁਕਾਨਾਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਸੀ। ਭਾਰਤ ਵਿਚ ਪਹਿਲਾਂ ਵੀ ਜਦ ਕਦੀ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਖਿਲਾਫ ਹਿੰਸਾ ਹੋਈ ਹੈ, ਉਹਨਾਂ ਨੂੰ ਜਾਨੀ ਨੁਕਸਾਨ ਪਹੁੰਚਾਉਣ ਦੇ ਨਾਲ-ਨਾਲ ਉਹਨਾਂ ਦੇ ਵਪਾਰ ਨੂੰ ਨਿਸ਼ਾਨਾ ਬਣਾ ਕੇ ਨੁਕਸਾਨ ਕੀਤਾ ਜਾਂਦਾ ਰਿਹਾ ਹੈ।

ਪਿਛਲੇ ਕਈ ਸਾਲਾਂ ਤੋਂ ਸੋਸ਼ਲ ਮੀਡੀਆ ਰਾਹੀਂ ਅਜਿਹੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਜੋ ਦੇਸ਼ ਦੇ ਧਾਰਮਿਕ ਘੱਟ ਗਿਣਤੀ ਮੁਸਲਿਮ ਭਾਈਚਾਰੇ ਦੇ ਕਾਰੋਬਾਰ ਨੂੰ ਲੀਹੋਂ-



ਲਾਹੁਣ ਵਾਲੀਆਂ ਹਨ। ਕਦੇ ਮੱਝਾਂ ਪਾਲਣ ਵਾਲੇ ਗੁੱਜਰ ਭਾਈਚਾਰੇ ਬਾਰੇ ਅਫਵਾਹ ਉਡਾਈ ਜਾਂਦੀ ਹੈ ਕਿ ਉਹ ਮੱਝਾਂ ਦੇ ਦੁੱਧ ਵਿਚ ਕੁਝ ਹੋਰ ਮਿਲਾ ਦਿੰਦੇ ਹਨ। ਕਦੇ ਕਿਹਾ ਜਾਂਦਾ ਹੈ ਕਿ ਰੇਹੜੀ ਵਾਲੇ ਫਲਾਂ ਵਿਚ ਕੁਝ ਮਿਲਾ ਦਿੰਦੇ ਹਨ। ਕਦੇ ਉਨ੍ਹਾਂ ਦੇ ਸਿੱਖਿਆ ਅਦਾਰਿਆਂ ਵਿਚ ਕਰਵਾਈ ਜਾਂਦੀ ਪੜ੍ਹਾਈ ਉਪਰ ਸਵਾਲ ਕੀਤਾ ਜਾਂਦਾ ਹੈ। ਕਦੇ ਡੰਗਰ ਪਸ਼ੂ ਖਰੀਦਣ ਵਾਲਿਆਂ ਨੂੰ ਹਜੂਮੀ ਹਿੰਸਾ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਇਹਨਾਂ ਘਟਨਾਵਾਂ ਨੂੰ ਸੰਸਥਾਈ ਰੂਪ ਵਿਚ ਵੀ ਅੰਜਾਮ ਦਿੱਤਾ ਜਾ ਰਿਹਾ ਹੈ; ਮਸਲਨ, ਕੁਝ ਹਫਤੇ ਪਹਿਲਾਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹਲਾਲ ਪ੍ਰਮਾਣਿਤ ਪਦਾਰਥ ਵੇਚਣ ਵਾਲੇ ਦੁਕਾਨਦਾਰਾਂ ਨੂੰ ਕਾਰਵਾਈ ਦੀ ਚਿਤਾਵਨੀ ਦਿੱਤੀ ਸੀ ਹਾਲਾਂਕਿ ਸਭ ਨੂੰ ਪਤਾ ਹੈ ਕਿ ਦੇਸ਼ ਦਾ ਮੁਸਲਿਮ ਭਾਈਚਾਰਾ ਹਲਾਲ ਮੀਟ ਖਾਂਦਾ ਹੈ।

ਇਸ ਲਈ ਦੁਕਾਨਾਂ ਅੱਗੇ ਨੇਮ ਪਲੇਟ ਲਾਉਣਾ ਨੁਕਸਾਨ ਦੇਹ ਸਾਬਤ ਹੋ ਸਕਦਾ ਹੈ। ਉਂਞ ਕਾਂਵੜ ਯਾਤਰਾ ਨਾਲ ਜੁੜੇ ਕਿਸੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਪਹਿਲੀ ਵਾਰ ਦਖਲਅੰਦਾਜ਼ੀ ਨਹੀਂ ਕੀਤੀ; 2018 ਦੇ ਸਾਉਣ ਮਹੀਨੇ ਕਾਂਵੜ ਯਾਤਰਾ ਦੌਰਾਨ ਪੱਛਮੀ ਉਤਰ ਪ੍ਰਦੇਸ਼ ਅਤੇ ਦਿੱਲੀ ਨੇੜੇ ਪ੍ਰਾਈਵੇਟ ਤੇ ਸਰਕਾਰੀ ਜਾਇਦਾਦ ਦੀ ਭੰਨ-ਤੋੜ ਕੀਤੀ ਗਈ ਸੀ ਤਾਂ ਉਸ ਸਮੇਂ ਵੀ ਸੁਪਰੀਮ ਕੋਰਟ ਨੇ ਭੰਨਤੋੜ ਦੀਆਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਨਿਖੇਧੀ ਕੀਤੀ ਸੀ।

ਲੋਕਾਂ ਦੀ ਸਿਹਤ ਨੂੰ ਧਿਆਨ ਵਿਚ ਰੱਖਦਿਆਂ ਸਰਕਾਰ ਸਮੁੱਚੇ ਦੇਸ਼ ਦੀਆਂ ਖਾਣ-ਪੀਣ ਵਾਲੀਆਂ ਦੁਕਾਨਾਂ/ਹੋਟਲਾਂ ਨੂੰ ਨਿਰਦੇਸ਼ ਦੇ ਸਕਦੀ ਹੈ ਕਿ ਉਹ ਤਿਆਰ ਕੀਤੇ ਖਾਣੇ ਦੀ ਕਿਸਮ,ਮਿਆਦ ਤੇ ਮਿਕਦਾਰ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਹੋਟਲ ਬਾਹਰ ਲਿਖਤੀ ਰੂਪ ਵਿਚ ਸਾਂਝੀ ਕਰਨ ਤਾਂ ਕਿ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋ ਸਕੇ ਪਰ ਸਰਕਾਰ ਅਜਿਹਾ ਕਰਨ ਦੀ ਬਜਾਏ ਉਲਟਾ ਨੇਮ ਪਲੇਟਾਂ ਲਵਾਉਣ ਲੱਗ ਗਈ ਹੈ। ਜੇ ਸੂਬਾ ਸਰਕਾਰ ਨੂੰ ਇਸ ਰੂਟ 'ਤੇ ਕੋਈ ਅਣਸੁਖਾਵੀਂ ਘਟਨਾ ਵਾਪਰਨ ਦਾ ਖਦਸ਼ਾ ਸੀ ਤਾਂ ਉਹਨਾਂ ਦੀ ਜ਼ਿੰਮੇਵਾਰੀ ਇਹੋ ਬਣਦੀ ਸੀ ਕਿ ਯਾਤਰਾ ਦੇ ਰੂਟ 'ਤੇ ਢੁੱਕਵੀਂ ਗਿਣਤੀ ਵਿਚ ਪੁਲਿਸ ਮੁਲਾਜ਼ਮ ਤਾਇਨਾਤ ਕਰਦੇ ਪਰ ਦੁਕਾਨਦਾਰਾਂ ਦੀ ਨਿਸ਼ਾਨਦੇਹੀ ਕਰਨਾ ਘੱਟ-ਗਿਣਤੀ ਭਾਈਚਾਰੇ ਦੀਆਂ ਦੁਕਾਨਾਂ ਨੂੰ ਬਲਦੀ ਦੇ ਬੂਥੇ ਧੱਕਣ ਵਾਲਾ ਹੈ।

ਧਰਮ ਦੇ ਆਧਾਰ ਉਪਰ ਧਰੁਵੀਕਰਨ ਰਾਹੀਂ ਪਿਛਲੇ ਇਕ ਦਹਾਕੇ ਤੋਂ ਭਾਜਪਾ ਕੇਂਦਰੀ ਸੱਤਾ ਉਪਰ ਕਾਬਜ਼ ਹੋ ਰਹੀ ਹੈ। ਇਸ ਵਾਰ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦਾ ਉਤਰ ਪ੍ਰਦੇਸ਼ ਵਿਚ ਧਰੁਵੀਕਰਨ ਦਾ ਹੱਥਕੰਡਾ ਫੇਲ੍ਹ ਸਾਬਤ ਹੋਇਆ ਹੈ। ਇਸ ਸੂਰਤ ਵਿਚ ਭਾਜਪਾ ਨੇ ਕੁਝ ਸਕਾਰਾਤਮਕ ਸਿੱਖਣ ਦੀ ਥਾਂ ਯੂ.ਪੀ. ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਿੰਦੂ ਵੋਟਰਾਂ ਨੂੰ ਖਿੱਚਣ ਲਈ ਧਰੁਵੀਕਰਨ ਨੂੰ ਹੋਰ ਵੀ ਗੂੜ੍ਹੇ ਰੂਪ ਵਿਚ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਇਉਂ ਨੇਮ ਪਲੇਟਾਂ ਦਾ ਮਾਮਲਾ ਭਾਜਪਾ ਦੀ ਫਿਰਕੂ ਰਾਜਨੀਤੀ ਦੀ ਉਪਜ ਹੈ।

ਇਸ ਮਾਮਲੇ ਦੀ ਹਕੀਕਤ ਇਹ ਹੈ ਕਿ ਦੁਕਾਨ ਬਾਹਰ ਨੇਮ ਪਲੇਟ ਲਾਉਣ ਦੇ ਹੁਕਮ ਜਾਰੀ ਹੋਣ ਤੋਂ ਬਾਅਦ ਉਤਰ ਪ੍ਰਦੇਸ਼ ਵਿਚ ਕਾਂਵੜ ਯਾਤਰਾ ਰੂਟ 'ਤੇ ਤਣਾਅ ਵਧ ਰਿਹਾ ਹੈ। ਉਤਰਾਖੰਡ ਵਿਚ ਹਰਿਦੁਆਰ ਵੱਲ ਜਾਣ ਵਾਲੇ ਯਾਤਰਾ ਮਾਰਗ 'ਤੇ ਕੰਮ ਕਰਦੇ ਸਥਾਨਕ ਵਪਾਰੀਆਂ, ਖਾਸ ਕਰ ਕੇ ਘੱਟ ਗਿਣਤੀ ਭਾਈਚਾਰਿਆਂ ਦੇ ਲੋਕ ਫਿਕਰਮੰਦ ਹਨ।

ਜਲਿਆਂਵਾਲਾ ਬਾਗ ਦੇ ਇਤਿਹਾਸ ਸਮੇਤ ਅੰਗਰੇਜ਼ ਹਕੂਮਤ ਖਿਲਾਫ ਲੜੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਗਵਾਹ ਹੈ ਕਿ ਹਿੰਦੂ, ਮੁਸਲਿਮ ਤੇ ਸਿੱਖ, ਸਾਰੇ ਹੀ ਭਾਈਚਾਰਕ ਏਕਤਾ ਨਾਲ ਇਕੱਠੇ ਜਬਰ ਜ਼ੁਲਮ ਖਿਲਾਫ ਲੜਦੇ ਆਏ ਹਨ। ਦੇਸ਼ ਦੇ ਸਾਰੇ ਤਿਉਹਾਰ ਸਾਰੇ ਵਰਗ ਰਲ ਕੇ ਮਨਾਉਂਦੇ ਹਨ। ਕਿਸੇ ਵੀ ਤਿਉਹਾਰ ਨੂੰ ਅਲੱਗ-ਥਲੱਗ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਵੱਖ-ਵੱਖ ਭਾਈਚਾਰਿਆਂ ਦਾ ਯੋਗਦਾਨ ਹੁੰਦਾ ਹੈ। ਜਦ ਮੁਸਲਿਮ ਭਾਈਚਾਰੇ ਦੇ ਲੋਕ ਰਮਜ਼ਾਨ ਅਤੇ ਈਦ ਮਨਾਉਂਦੇ ਸਮੇਂ ਇਹ ਨਹੀਂ ਸੋਚਦੇ ਕਿ ਦੁਕਾਨਦਾਰ ਹਿੰਦੂ ਹੈ ਜਾਂ ਮੁਸਲਮਾਨ ਤਾਂ ਹੁਣ ਉਹਨਾਂ ਨੂੰ ਆਪਣੀ ਪਛਾਣ ਦਾ ਖੁਲਾਸਾ ਕਰਨ ਲਈ ਕਿਉਂ ਕਿਹਾ ਜਾ ਰਿਹਾ ਹੈ। ਮੰਨ ਲਓ, ਆਉਣ ਵਾਲੇ ਦਿਨਾਂ ਵਿਚ ਗਾਹਕ ਦੁਕਾਨ ਮਾਲਕ ਦਾ ਨਾਮ ਦੇਖ ਕੇ ਹੀ ਮੂੰਹ ਮੋੜਨ ਲੱਗ ਗਏ ਤਾਂ ਉਸ ਨੁਕਸਾਨ ਦੀ ਭਰਪਾਈ ਕੌਣ ਕਰੇਗਾ।

ਭਾਰਤੀ ਜਨਤਾ ਪਾਰਟੀ ਦੇ ਯੂ.ਪੀ. ਤੋਂ ਇਕ ਵਿਧਾਇਕ ਦੀ ਦਲੀਲ ਹੈ: "ਸਮੱਸਿਆ ਉਦੋਂ ਹੁੰਦੀ ਹੈ ਜਦ ਉਹ ਮਾਸਾਹਾਰੀ ਪਕਵਾਨ ਵੇਚਦੇ ਹਨ।" ਸਵਾਲ ਹੈ: ਕੀ ਦੇਸ਼ ਵਿਚ ਸਿਰਫ ਮੁਸਲਮਾਨ ਹੀ ਮਾਸਾਹਾਰੀ ਪਕਵਾਨ ਵੇਚਦੇ ਹਨ? ਵੈਸੇ ਅਜਿਹਾ ਕੋਈ ਪੱਕਾ ਫਾਰਮੂਲਾ ਨਹੀਂ। ਬਹੁਤ ਸਾਰੇ ਮੁਸਲਮਾਨ ਢਾਬਾ ਮਾਲਕ ਸਿਰਫ ਸ਼ੁੱਧ ਸ਼ਾਕਾਹਾਰੀ ਭੋਜਨ ਪਰੋਸਦੇ ਹਨ।

ਨੇਮ ਪਲੇਟ ਵਾਲੇ ਸਰਕਾਰੀ ਹੁਕਮ ਜਾਰੀ ਹੋਣ ਤੋਂ ਬਾਅਦ ਇਕ ਮੀਡੀਆ ਅਦਾਰੇ ਦੀ ਰਿਪੋਰਟ ਵਿਚ ਹੈਰਾਨ ਕਰ ਦੇਣ ਵਾਲੇ ਕੁਝ ਤੱਥ ਸਾਹਮਣੇ ਆਏ ਹਨ। ਦਿੱਲੀ-ਦੇਹਰਾਦੂਨ ਹਾਈਵੇਅ 'ਤੇ ਇੱਕ ਢਾਬਾ ਮਾਲਕ ਨੇ ਆਪਣੇ ਮੁਸਲਿਮ ਮੁਲਾਜ਼ਮਾਂ ਨੂੰ ਇਸ ਕਰ ਕੇ ਕੁਝ ਦਿਨਾਂ ਲਈ ਜਬਰੀ ਛੁੱਟੀ 'ਤੇ ਭੇਜ ਦਿੱਤਾ ਹੈ ਕਿਉਂਕਿ ਢਾਬਾ ਮਾਲਕ ਨੂੰ ਡਰ ਹੈ ਕਿ ਉਨ੍ਹਾਂ ਦੇ ਨਾਮ ਪੜ੍ਹ ਕੇ ਉਸ ਦੇ ਗਾਹਕਾਂ ਵਿਚ ਕਿਤੇ ਕਮੀ ਨਾ ਆ ਜਾਵੇ। ਅਸਲ ਵਿਚ ਵਪਾਰ ਨੂੰ ਫਿਰਕੂ ਰਾਜਨੀਤੀ ਵਿਚ ਘੜੀਸਣ ਵਾਲੇ ਇਸ ਸਰਕਾਰੀ ਫਰਮਾਨ ਨਾਲ ਮੁਸਲਿਮ ਭਾਈਚਾਰੇ ਦੇ ਦੁਕਾਨਦਾਰ ਅਤੇ ਕਾਮੇ ਆਰਥਿਕ ਰੂਪ ਵਿਚ ਹਾਸ਼ੀਏ 'ਤੇ ਧੱਕੇ ਜਾਣਗੇ।

ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਛੋਟੇ ਕਸਬਿਆਂ/ਪਿੰਡਾਂ ਦਾ ਆਰਥਿਕ ਸਮਾਜਿਕ ਤਾਣਾ-ਬਾਣਾ ਆਪਸ ਵਿਚ ਜੁੜਿਆ ਹੋਇਆ ਹੈ, ਇਸ ਲਈ ਜੇ ਕੋਈ ਇਸ ਮਹੱਤਵਪੂਰਨ ਆਰਥਿਕ, ਸਮਾਜਿਕ ਸੰਤੁਲਨ ਵਾਲੇ ਭਾਈਚਾਰਕ ਤਾਣੇ-ਬਾਣੇ ਨੂੰ ਤੋੜਨ ਦੀ ਕੋਸ਼ਿਸ਼ ਕਰੇਗਾ ਤਾਂ ਇਸ ਦੇ ਸਿੱਟੇ ਸਾਰੇ ਭਾਈਚਾਰਿਆਂ ਲਈ ਭਿਆਨਕ ਹੋ ਸਕਦੇ ਹਨ। ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਭਾਵੇਂ ਇਹ ਮਾਮਲਾ ਹੱਲ ਹੋਣ ਦੀ ਸੰਭਾਵਨਾ ਹੈ ਪਰ ਫਿਰਕੂ ਰਾਜਨੀਤੀ ਦੀ ਪੈਰੋਕਾਰ ਭਾਜਪਾ ਅਜਿਹੇ ਹੱਥਕੰਡਿਆਂ ਤੋਂ ਬਾਜ ਆਉਣ ਵਾਲੀ ਨਹੀਂ, ਉਸ ਦੀ ਫਿਰਕੂ ਰਾਜਨੀਤੀ ਦਾ ਜਵਾਬ ਲੋਕ ਭਾਈਚਾਰਕ ਏਕਤਾ ਰਾਹੀਂ ਹੀ ਦੇ ਸਕਦੇ ਹਨ।

# ਯੂਰਪ ਉਪਰ ਮੰਡਰਾ ਰਿਹਾ ਨਵ-ਫਾਸ਼ੀਵਾਦ ਦਾ ਪ੍ਰੇਤ

***ਯੂਰਪੀ ਸੰਸਦ ਲਈ ਹੋਈਆਂ ਚੋਣਾਂ ਤੋਂ ਬਾਅਦ ਹੁਣ ਮੁੱਖਧਾਰਾ ਦੀਆਂ ਰਾਜਨੀਤਕ ਪਾਰਟੀਆਂ ਅਤੇ ਆਗੂ ਘੋਰ ਸੱਜੇ ਪੱਖ ਨਾਲ ਇੱਕੋ ਬੇੜੀ 'ਚ ਸਵਾਰ ਹੋਣ ਦੀ ਪੂਰੀ ਤਿਆਰੀ ਕਰ ਚੁੱਕੇ ਹਨ। ਲਿਹਾਜ਼ਾ, ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰਪ ਦੇ ਜਮਹੂਰੀ ਮੁਲਕਾਂ ਦੇ ਅਪਣਾਏ 'ਫਾਸਿਸਟਾਂ ਨਾਲ ਗੱਠਜੋੜ' ਨਾ ਕਰਨ ਦੇ ਸਿਧਾਂਤ ਨੂੰ ਚੁੱਪ-ਚੁਪੀਤੇ ਤਿਲਾਂਜਲੀ ਦੇ ਦਿੱਤੀ ਗਈ ਹੈ। ਜਾਪਦਾ ਹੈ, ਯੂਰਪ ਨੂੰ ਫਾਸਿਸਟ ਕਬੂਲ ਹਨ। ਇਸ ਬਾਬਤ ਉਘੇ ਖੱਬੇ ਪੱਖੀ ਚਿੰਤਕ ਸਲਾਵੋਈ ਜ਼ਿਜ਼ੇਕ ਦਾ ਇਹ ਵਿਸ਼ਲੇਸ਼ਣ ਅਹਿਮ ਨੁਕਤੇ ਉਠਾਉਂਦਾ ਹੈ। ਇਸ ਲਿਖਤ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਜੂਨ ਮਹੀਨੇ ਯੂਰਪੀ ਸੰਸਦ ਦੀਆਂ ਚੋਣਾਂ ਦੀ ਸਭ ਤੋਂ ਵੱਡੀ ਹੈਰਾਨੀ ਇਹ ਸੀ ਕਿ ਲੋਕਾਂ ਨੇ ਜਿਸ ਨਤੀਜੇ ਦੀ ਆਸ ਲਾਈ ਸੀ, ਓੜਕ ਉਹੀ ਨਤੀਜਾ ਨਿਕਲਿਆ। 'ਮਾਰਕਸ ਬ੍ਰਦਰਜ਼' (ਅਮਰੀਕਨ ਫੈਮਿਲੀ ਕਾਮੇਡੀ ਨਾਟਕ) ਦੇ ਕਲਾਸਿਕ ਦ੍ਰਿਸ਼ ਤੋਂ ਉਧਾਰ ਲੈ ਕੇ ਕਹਿਣਾ ਹੋਵੇ ਤਾਂ: ਯੂਰਪ ਜਿਸ ਤਰ੍ਹਾਂ ਦੀਆਂ ਗੱਲਾਂ ਅਤੇ ਜਿਸ ਤਰ੍ਹਾਂ ਦਾ ਵਰਤਾਓ ਕਰ ਰਿਹਾ ਸੀ, ਉਸ ਨਾਲ ਇੰਝ ਲੱਗਦਾ ਰਿਹਾ ਹੋਵੇਗਾ ਕਿ ਉਹ ਘੋਰ ਸੱਜੇ ਪੱਖ ਵੱਲ ਜਾ ਰਿਹਾ ਹੈ ਪਰ ਤੁਹਾਨੂੰ ਇਸ ਚੱਕਰ 'ਚ ਮੂਰਖ਼ ਨਹੀਂ ਬਣਨਾ ਚਾਹੀਦਾ; ਯੂਰਪ ਦਰਅਸਲ ਘੋਰ ਸੱਜੇ ਪੱਖ ਵੱਲ ਹੀ ਜਾ ਰਿਹਾ ਹੈ।

ਇਸ ਗੱਲ ਉਪਰ ਜ਼ੋਰ ਦੇਣ ਦੀ ਜ਼ਰੂਰਤ ਸਾਨੂੰ ਕਿਉਂ ਪੈ ਰਹੀ ਹੈ? ਕਿਉਂਕਿ ਮੁੱਖਧਾਰਾ ਦਾ ਜ਼ਿਆਦਾਤਰ ਮੀਡੀਆ ਇਸ ਨੂੰ ਦਬਾਉਣ ਦੀ ਕੋਸ਼ਿਸ਼ 'ਚ ਜੁਟਿਆ ਹੋਇਆ ਹੈ। ਸਾਨੂੰ ਉਥੇ ਇਹੀ ਸੁਣਨ ਨੂੰ ਮਿਲਦਾ ਰਹਿੰਦਾ ਹੈ: "ਬੇਸ਼ੱਕ ਮਰੀਨ ਲੀ ਪੇਨ, ਜਾਰਜੀਆ ਮੈਲੋਨੀ ਅਤੇ ਆਲਟਰਨੇਟਿਵ ਫਾਰ



**ਸਲਾਵੋਈ ਜ਼ਿਜ਼ੇਕ**
**ਤਰਜਮਾ: ਬੂਟਾ ਸਿੰਘ ਮਹਿਮੂਦਪੁਰ**

ਜਰਮਨੀ (ਏ.ਐੱਫ.ਡੀ.) ਕਦੇ-ਕਦਾਈਂ ਫਾਸ਼ੀਵਾਦੀ ਮਨਸ਼ਿਆਂ ਨਾਲ ਗ਼ਲਤ ਬਿਆਨੀਆਂ ਕਰਦੇ ਦਿਸਦੇ ਹਨ ਪਰ ਇਸ ਵਿਚ ਘਬਰਾਉਣ ਵਾਲੀ ਕੋਈ ਗੱਲ ਨਹੀਂ ਕਿਉਂਕ ਸੱਤਾ ਵਿਚ ਆਉਣ ਤੋਂ ਬਾਅਦ ਉਹ ਹੁਣ ਵੀ ਲੋਕਤੰਤਰੀ ਨੇਮਾਂ ਅਤੇ ਸੰਸਥਾਵਾਂ ਦਾ ਸਤਿਕਾਰ ਕਰਦੇ ਹਨ।" ਘੋਰ ਸੱਜੇ ਪੱਖ ਨੂੰ ਇਸ ਤਰੀਕੇ ਨਾਲ ਪਾਲਤੂ ਬਣਦੇ ਦਿਖਾਉਣਾ ਸਾਡੇ ਸਾਰਿਆਂ ਲਈ ਪ੍ਰੇਸ਼ਾਨੀ ਦੀ ਗੱਲ ਹੋਣੀ ਚਾਹੀਦੀ ਹੈ ਕਿਉਂਕਿ ਇਹ ਰਵਾਇਤੀ ਕੰਜ਼ਰਵੇਟਿਵ ਪਾਰਟੀਆਂ ਦੇ ਨਵੀਂ ਲਹਿਰ ਉਪਰ ਸਵਾਰ ਹੋਣ ਦੀ ਤਿਆਰੀ ਦਾ ਸੰਕੇਤ ਹੈ। 'ਫਾਸਿਸਟਾਂ ਨਾਲ ਕੋਈ ਗੱਠਜੋੜ ਨਹੀਂ' - ਦੂਜੀ ਸੰਸਾਰ ਜੰਗ ਤੋਂ ਬਾਅਦ ਯੂਰਪੀ ਲੋਕਤੰਤਰ ਦੁਆਰਾ ਅਖ਼ਤਿਆਰ ਕੀਤੀ ਇਸ ਅਟੱਲ ਸਚਾਈ ਨੂੰ ਤਿਲਾਂਜਲੀ ਦਿੱਤੀ ਜਾ ਚੁੱਕੀ ਹੈ।

ਇਸ ਚੋਣ ਦਾ ਸੰਦੇਸ਼ ਸਪਸ਼ਟ ਹੈ। ਹੁਣ ਯੂਰਪੀ ਯੂਨੀਅਨ ਦੇ ਜ਼ਿਆਦਾਤਰ ਮੁਲਕਾਂ ਵਿਚ ਰਾਜਨੀਤਕ ਵੰਡ ਨਰਮ ਸੱਜੇ ਪੱਖ ਅਤੇ ਨਰਮ ਖੱਬੇ ਪੱਖ ਦੀ ਨਹੀਂ ਰਹਿ ਗਈ। ਹੁਣ ਇਹ ਰਵਾਇਤੀ ਸੱਜੇ ਪੱਖ (ਜਿਸ ਦੀ ਨੁਮਾਇੰਦਗੀ ਚੋਣ ਜਿੱਤਣ ਵਾਲੀ ਯੂਰਪੀ ਪੀਪਲਜ਼ ਪਾਰਟੀ - ਈ.ਪੀ.ਪੀ. - ਕਰਦੀ ਹੈ ਜਿਸ ਵਿਚ ਇਸਾਈ ਡੈਮੋਕਰੇਟ, ਲਿਬਰਲ-ਕੰਜ਼ਰਵੇਟਿਵ ਅਤੇ ਰਵਾਇਤੀ ਕੰਜ਼ਰਵੇਟਿਵ ਕਰਦੇ ਹਨ) ਅਤੇ ਨਵੇਂ ਫਾਸਿਸਟਾਂ (ਜਿਸ ਦੇ ਨੁਮਾਇੰਦੇ ਲੀ ਪੇਨ, ਮੈਲੋਨੀ ਅਤੇ ਏ.ਐੱਫ.ਡੀ. ਵਗੈਰਾ ਹਨ) ਦਰਮਿਆਨ ਦਾ ਮਾਮਲਾ ਬਣ ਚੁੱਕਾ ਹੈ।

ਹੁਣ ਸਵਾਲ ਬਸ ਇੰਨਾ ਹੈ: ਕੀ ਈ.ਪੀ.ਪੀ. ਇਨ੍ਹਾਂ ਨਵੇਂ ਫਾਸਿਸਟਾਂ ਨਾਲ ਗੱਠਜੋੜ ਕਰੇਗੀ? ਯੂਰਪੀ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਫੌਨ ਡਰ ਲੇਯੇਨ ਇਸ ਚੋਣ ਦੇ ਨਤੀਜੇ ਨੂੰ ਦੋਵੇਂ 'ਅੱਤ' (ਐਕਸਟ੍ਰੀਮ) ਦੇ ਖ਼ਿਲਾਫ਼ ਈ.ਪੀ.ਪੀ. ਦੀ ਜਿੱਤ ਦੇ ਰੂਪ 'ਚ ਪ੍ਰਚਾਰਨ 'ਚ ਜੁੱਟੀ ਹੋਈ ਹੈ, ਇਸ ਦੇ ਬਾਵਜੂਦ ਕਿ ਨਵੀਂ ਸੰਸਦ ਅੰਦਰ ਹੁਣ ਖੱਬੀ ਧਾਰਾ ਦੀ ਇਕ ਵੀ ਪਾਰਟੀ ਨਹੀਂ ਬੈਠੇਗੀ ਜਦਕਿ ਇਨ੍ਹਾਂ ਦਾ ਅੱਤਵਾਦ ਘੋਰ ਸੱਜੇ ਪੱਖ ਦੇ ਅੱਤਵਾਦ ਦੇ ਮੁਕਾਬਲੇ ਕਿਤੇ ਵੀ ਨਹੀਂ ਟਿਕਦਾ। ਯੂਰਪੀ





*ਮਿਸਰ ਦਾ ਯੂਟਿਊਬਰ ਫਿਦਿਆਸ ਪਨਾਈਓਤੂ ਹੈ ਜੋ ਯੂਰਪੀ ਸੰਸਦ ਲਈ ਚੁਣਿਆ ਗਿਆ ਅਤੇ (ਸੱਜੇ) ਸੱਜੇ ਪੱਖੀ ਧਿਰ ਆਲਟਰਨੇਟਿਵ ਫਾਰ ਜਰਮਨੀ (ਏ.ਐੱਫ.ਡੀ.) ਦੇ ਆਗੂ ਜਿੱਤ ਦੇ ਜਸ਼ਨ ਮਨਾਉਂਦੇ ਹੋਏ।*

ਯੂਨੀਅਨ ਦੀ ਸਿਖ਼ਰਲੀ ਅਧਿਕਾਰੀ ਦਾ ਅਜਿਹਾ 'ਸੰਤੁਲਤ' ਵਿਚਾਰ ਸ਼ੈਤਾਨੀ ਇਸ਼ਾਰੇ ਹੀ ਕਰ ਰਿਹਾ ਹੈ।

ਅੱਜ ਫਾਸ਼ੀਵਾਦ ਉਪਰ ਗੱਲ ਕਰਦਿਆਂ ਸਾਨੂੰ ਸਿਰਫ਼ ਵਿਕਸਤ ਪੱਛਮੀ ਮੁਲਕਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ। ਇਸੇ ਤਰ੍ਹਾਂ ਦੀ ਰਾਜਨੀਤੀ ਦਾ ਉਭਾਰ ਗਲੋਬਲ ਸਾਊਥ (ਚੀਨ, ਭਾਰਤ, ਇੰਡੋਨੇਸ਼ੀਆ, ਬ੍ਰਾਜ਼ੀਲ, ਪਾਕਿਸਤਾਨ ਆਦਿ) ਦੇ ਜ਼ਿਆਦਾਤਰ ਮੁਲਕਾਂ 'ਚ ਵੀ ਹੈ। ਚੀਨ ਦੇ ਵਿਕਾਸ ਉਪਰ ਕੀਤੇ ਆਪਣੇ ਅਧਿਐਨ 'ਚ ਇਟਲੀ ਦਾ ਮਾਰਕਸਵਾਦੀ ਇਤਿਹਾਸਕਾਰ ਦੋਮੇਨਿਕੋ ਲੇਸੁਰਦੋ (ਜੋ ਸਤਾਲਿਨ ਦੀ ਮੁੜ-ਬਹਾਲੀ ਲਈ ਵੀ ਜਾਣਿਆ ਜਾਂਦਾ ਹੈ) ਆਰਥਿਕ ਅਤੇ ਰਾਜਨੀਤਕ ਸੱਤਾ ਦਰਮਿਆਨ ਵਖਰੇਵਾਂ ਕਰਨ ਉਪਰ ਬਹੁਤ ਜ਼ੋਰ ਦਿੰਦਾ ਹੈ। ਉਹ ਦੱਸਦਾ ਹੈ ਕਿ ਆਰਥਿਕ 'ਸੁਧਾਰ' ਲਾਗੂ ਕਰਦੇ ਵਕਤ ਡੇਂਗ ਸਿਆਓ ਪਿੰਗ ਨੂੰ ਭਲੀ-ਭਾਂਤ ਪਤਾ ਸੀ ਕਿ ਸਮਾਜ ਦੀਆਂ ਪੈਦਾਵਾਰੀ ਤਾਕਤਾਂ ਨੂੰ ਮੁਕਤ ਕਰਨ ਲਈ ਸਰਮਾਏਦਾਰਾ ਤੱਤ ਲਾਜ਼ਮੀ ਹੁੰਦੇ ਹਨ ਪਰ ਉਹ ਇਸ ਗੱਲ ਉਪਰ ਜ਼ੋਰ ਦਿੰਦਾ ਰਿਹਾ ਕਿ ਰਾਜਨੀਤਕ ਸੱਤਾ ਤਾਂ ਚੀਨ ਦੀ ਕਮਿਊਨਿਸਟ ਪਾਰਟੀ ਦੇ ਹੱਥ ਵਿਚ ਹੀ ਮਜ਼ਬੂਤੀ ਨਾਲ ਬਣੀ ਰਹਿਣੀ ਚਾਹੀਦੀ ਹੈ (ਤਾਂ ਜੋ ਉਹ ਮਜ਼ਦੂਰਾਂ ਅਤੇ ਕਿਸਾਨਾਂ ਦੀ ਆਪੇ ਬਣੀ ਨੁਮਾਇੰਦਾ ਬਣੀ ਰਹੇ)।

ਇਸ ਨਜ਼ਰੀਏ ਦੀਆਂ ਡੂੰਘੀਆਂ ਇਤਿਹਾਸਕ ਜੜ੍ਹਾਂ ਹਨ। ਤਕਰੀਬਨ ਇਕ ਸਦੀ ਤੋਂ ਜ਼ਿਆਦਾ ਸਮੇਂ ਤੋਂ ਚੀਨ ਨੇ 'ਸਰਵ-ਏਸ਼ਿਆਈ' ਨਜ਼ਰੀਆ ਅਖ਼ਤਿਆਰ ਕੀਤਾ ਹੋਇਆ ਹੈ। ਇਹ ਨਜ਼ਰੀਆ ਉਨੀਵੀਂ ਸਦੀ ਦੇ ਅੰਤ 'ਚ ਪੱਛਮੀ ਸਾਮਰਾਜਵਾਦ ਦੇ ਗ਼ਲਬੇ ਅਤੇ ਲੁੱਟ-ਖਸੁੱਟ ਦੇ ਪ੍ਰਤੀਕਰਮ 'ਚੋਂ ਉਭਰਿਆ ਸੀ। ਜਿਵੇਂ ਇਤਿਹਾਸਕਾਰ ਵਿਰੇਨ ਮੂਰਤੀ ਦੱਸਦੇ ਹਨ, ਇਹ ਪ੍ਰੋਜੈਕਟ ਹਮੇਸ਼ਾ ਪੱਛਮ ਦੇ ਉਦਾਰ ਵਿਅਕਤੀਵਾਦ ਅਤੇ ਸਾਮਰਾਜਵਾਦ ਨੂੰ ਸਵੀਕਾਰ ਨਾ ਕੀਤੇ ਜਾਣ ਤੋਂ ਸੰਚਾਲਿਤ ਸੀ, ਨਾ ਕਿ ਪੱਛਮੀ ਸਰਮਾਏਦਾਰੀ ਨੂੰ ਸਵੀਕਾਰ ਨਾ ਕੀਤੇ ਜਾਣ ਤੋਂ। ਸਰਵ-ਏਸ਼ਿਆਈ ਨਜ਼ਰੀਏ ਦੇ ਪੈਰੋਕਾਰਾਂ ਦਾ ਮੰਨਣਾ ਹੈ ਕਿ ਪੂਰਵ-ਆਧੁਨਿਕ ਰਵਾਇਤਾਂ ਅਤੇ ਸੰਸਥਾਵਾਂ ਦੇ ਆਧਾਰ 'ਤੇ ਏਸ਼ੀਆ ਦੇ ਸਮਾਜ ਖ਼ੁਦ ਆਪਣਾ ਆਧੁਨਿਕੀਕਰਨ ਕਰ ਸਕਣ ਦੇ ਸਮਰੱਥ ਹਨ ਜਿਸ ਦੇ ਸਹਾਰੇ ਉਹ ਪੱਛਮ ਤੋਂ ਕਿਤੇ ਜ਼ਿਆਦਾ ਗਤੀਸ਼ੀਲ ਹੋ ਸਕਦੇ ਹਨ।

ਖ਼ੁਦ ਹੀਗਲ ਵੀ ਏਸ਼ੀਆ ਨੂੰ ਚੀੜ੍ਹੇ ਪ੍ਰਬੰਧ ਵਾਲਾ ਸਮਾਜ ਮੰਨਦੇ ਸਨ ਜੋ ਵਿਅਕਤੀਵਾਦ (ਮੁਕਤ ਸਵੈਧੀਨਤਾ) ਦੀ ਛੋਟ ਨਹੀਂ ਦਿੰਦਾ। ਸਰਵ-ਏਸ਼ੀਆਵਾਦ ਦੇ ਤਰਜਮਾਨਾਂ ਨੇ ਨਵੀਂ ਹੀਗਲੀ ਧਾਰਨਾ ਪੇਸ਼ ਕੀਤੀ। ਉਨ੍ਹਾਂ ਨੇ ਦਲੀਲ ਦਿੱਤੀ ਕਿ ਪੱਛਮੀ ਵਿਅਕਤੀਵਾਦ 'ਚ ਹਾਸਲ ਹੋਣ ਵਾਲੀ ਸੁਤੰਤਰਤਾ ਕਿਉਂਕਿ ਆਖ਼ਿਰਕਾਰ ਪ੍ਰਬੰਧ ਦੇ ਖ਼ਿਲਾਫ਼ ਜਾਂਦੀ ਹੈ ਅਤੇ ਸਮਾਜ ਨੂੰ ਤੋੜਨ ਦਾ ਕੰਮ ਕਰਦੀ ਹੈ, ਇਸ ਲਈ ਸੁਤੰਤਰਤਾ ਨੂੰ ਬਚਾਈ ਰੱਖਣ ਦਾ ਇੱਕੋ-ਇਕ ਤਰੀਕਾ ਇਹ ਹੈ ਕਿ ਇਸ ਦਾ ਵਹਾਅ ਨਵੀਂ ਕਿਸਮ ਦੀ ਸਮੂਹਿਕਤਾ ਅਤੇ ਸਮੂਹਿਕ ਕਾਰਜ ਵੱਲ ਮੋੜ ਦਿੱਤਾ ਜਾਵੇ।

ਇਸ ਮਾਡਲ ਦੀ ਮੁੱਢਲੀ ਮਿਸਾਲ ਸਾਨੂੰ ਦੂਜੀ ਸੰਸਾਰ ਜੰਗ ਤੋਂ ਪਹਿਲੇ ਜਪਾਨ ਦੇ ਫ਼ੌਜੀਕਰਨ ਅਤੇ ਬਸਤੀਆਨਾ ਵਿਸਤਾਰ 'ਚ ਦੇਖਣ ਨੂੰ ਮਿਲਦੀ ਹੈ ਪਰ ਇਤਿਹਾਸ ਦੇ ਸਬਕ ਅਸੀਂ ਬਹੁਤ ਛੇਤੀ ਭੁੱਲ ਜਾਂਦੇ ਹਾਂ। ਵੱਡੇ-ਵੱਡੇ ਮਸਲਿਆਂ ਦੇ ਹੱਲ ਦੀ ਭਾਲ 'ਚ ਲੱਗੇ ਪੱਛਮ 'ਚ ਹੋ ਸਕਦਾ ਹੈ ਕਿ ਕਈ ਲੋਕ ਵਿਅਕਤੀਗਤ ਪ੍ਰੇਰਨਾਵਾਂ ਨਿਗਲ ਜਾਣ ਵਾਲੇ ਅਤੇ ਸਮੂਹਿਕ ਪ੍ਰੋਜੈਕਟਾਂ 'ਚ ਅਰਥ ਲੱਭਣ ਵਾਲੇ ਏਸ਼ਿਆਈ ਮਾਡਲ ਵੱਲ ਖਿੱਚੇ ਜਾ ਰਹੇ ਹੋਣ।

ਸਰਵ-ਏਸ਼ੀਆਵਾਦ ਦਾ ਵਿਚਾਰ ਹਮੇਸ਼ਾ ਹੀ ਆਪਣੇ ਸਮਾਜਵਾਦੀ ਅਤੇ ਫਾਸ਼ੀਵਾਦੀ ਐਡੀਸ਼ਨਾਂ ਦਰਮਿਆਨ ਝੂਲਦਾ ਰਿਹਾ ਹੈ। ਦੋਵਾਂ ਐਡੀਸ਼ਨਾਂ ਦਰਮਿਆਨ ਵੰਡ ਦੀ ਲਕੀਰ ਹਮੇਸ਼ਾ ਸਪਸ਼ਟ ਨਹੀਂ ਰਹੀ। ਇਸ ਤੋਂ ਸਮਝ ਆਉਂਦਾ ਹੈ ਕਿ 'ਸਾਮਰਾਜਵਾਦ ਦਾ ਵਿਰੋਧ' ਓਨਾ ਮਾਸੂਮ ਵੀ ਨਹੀਂ ਹੈ ਜਿੰਨਾ ਇਹ ਦਿਸਦਾ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ 'ਚ ਜਪਾਨੀ ਅਤੇ ਜਰਮਨ ਫਾਸਿਸਟ ਆਪਣੇ ਆਪ ਨੂੰ ਲਗਾਤਾਰ ਅਮਰੀਕੀ, ਬਰਤਾਨਵੀ ਅਤੇ ਫਰਾਂਸੀਸੀ ਸਾਮਰਾਜਵਾਦ ਦੇ ਖ਼ਿਲਾਫ਼ ਰਖਵਾਲੇ ਦੇ ਰੂਪ 'ਚ ਪੇਸ਼ ਕਰਦੇ ਸਨ। ਅੱਜ ਅਸੀਂ ਦੇਖਦੇ ਹਾਂ ਕਿ ਯੂਰਪੀ ਯੂਨੀਅਨ ਦੇ ਸਬੰਧ 'ਚ ਘੋਰ ਸੱਜੇ ਪੱਖੀ ਰਾਸ਼ਟਰਵਾਦੀ ਆਗੂ ਐਨ ਇਹੀ ਪੁਜੀਸ਼ਨ ਲੈ ਰਹੇ ਹਨ।

ਇਹੀ ਰਵੱਈਆ ਡੇਂਗ ਤੋਂ ਬਾਅਦ ਉਭਰੇ ਚੀਨ ਵਿਚ ਦਿਸਦਾ ਹੈ ਜਿਸ ਨੂੰ ਰਾਜਨੀਤੀ ਵਿਗਿਆਨੀ ਏ. ਜੇਮਜ਼ ਗ੍ਰੇਗੋਰ 'ਸਮਕਾਲੀ ਫਾਸ਼ੀਵਾਦ ਦਾ ਐਡੀਸ਼ਨ' ਮੰਨਦਾ ਹੈ - ਇਕ ਸਰਮਾਏਦਾਰਾ ਆਰਥਿਕਤਾ ਜਿਸ ਨੂੰ ਨਿਰੰਕੁਸ਼ ਰਾਜ ਕੰਟਰੋਲ ਅਤੇ ਸੰਚਾਲਤ ਕਰਦਾ ਹੈ ਜਿਸ ਦੀ ਵਾਜਬੀਅਤ ਨਸਲੀ ਰਵਾਇਤਾਂ ਅਤੇ ਰਾਸ਼ਟਰੀ ਵਿਰਾਸਤ ਦੇ ਚੌਖਟੇ 'ਚ ਪਰਿਭਾਸ਼ਤ ਹੁੰਦੀ ਹੈ। ਇਸ ਲਈ ਚੀਨ ਦਾ ਰਾਸ਼ਟਰਪਤੀ ਸ਼ੀ ਜਿਨਪਿੰਗ ਹਮੇਸ਼ਾ ਚੀਨ ਦੇ ਲੰਮੇ, ਲਗਾਤਾਰ ਅਤੇ ਪੁਰਾਤਨ ਇਤਿਹਾਸ ਦਾ ਹਵਾਲਾ ਦਿੰਦਾ ਹੈ। ਰਾਸ਼ਟਰਵਾਦੀ ਪ੍ਰੋਜੈਕਟਾਂ ਦੇ ਹਿਤ 'ਚ ਆਰਥਿਕ ਲਾਲਸਾਵਾਂ ਨੂੰ ਵਰਤਣਾ ਹੀ ਤਾਂ ਫਾਸ਼ੀਵਾਦ ਦੀ ਬੁਨਿਆਦੀ ਪਰਿਭਾਸ਼ਾ ਹੈ! ਰਾਜਨੀਤੀ ਦੀ ਬਿਲਕੁਲ ਅਜਿਹੀ ਹੀ ਗਤੀ ਅਸੀਂ ਭਾਰਤ, ਰੂਸ, ਤੁਰਕੀ ਅਤੇ ਹੋਰ ਮੁਲਕਾਂ 'ਚ ਵੀ ਦੇਖਦੇ ਹਾਂ।

ਇਹ ਸਮਝਣਾ ਮੁਸ਼ਕਿਲ ਨਹੀਂ ਕਿ ਇਸ ਮਾਡਲ ਦੀ ਇੰਨੀ ਖਿੱਚ ਕਿਉਂ ਹੈ। ਸੋਵੀਅਤ ਰੂਸ ਤਾਂ ਢਹਿ ਢੇਰੀ ਹੋ ਗਿਆ ਪਰ ਚੀਨ ਦੀ ਕਮਿਊਨਿਸਟ ਪਾਰਟੀ ਨੇ ਸਖ਼ਤ ਕੰਟਰੋਲ ਕਾਇਮ ਰੱਖਦੇ ਹੋਏ ਆਰਥਿਕ ਉਦਾਰੀਕਰਨ ਅਪਣਾਇਆ। ਜੋ ਖੱਬੇ ਪੱਖੀ ਚੀਨ ਨੂੰ ਹਮਦਰਦੀ ਨਾਲ ਦੇਖਦੇ ਹਨ, ਉਹ ਇਸ ਲਈ ਉਸ ਦੀ ਸ਼ਲਾਘਾ ਕਰਦੇ ਹਨ ਕਿ ਉਸ ਨੇ ਸਰਮਾਏ ਨੂੰ ਆਪਣੇ ਮਾਤਹਿਤ ਰੱਖਿਆ ਹੋਇਆ ਹੈ, ਜਦਕਿ ਇਸ ਦੇ ਐਨ ਉਲਟ ਅਮਰੀਕਾ ਅਤੇ ਯੂਰਪ ਦੇ ਤੰਤਰ ਵਿਚ ਸਰਮਾਏ ਦਾ ਰਾਜ ਹੀ ਪ੍ਰਧਾਨ ਹੈ।

ਨਵ-ਫਾਸ਼ੀਵਾਦ ਵਿਚ ਦੋ ਹੋਰ ਰੁਝਾਨ ਮਦਦ ਕਰ ਰਹੇ ਹਨ। ਯੂਰਪ ਦੀਆਂ ਚੋਣਾਂ ਵਿਚ ਲੀ ਪੇਨ ਤੋਂ ਬਾਅਦ ਇਕ ਹੋਰ ਵੱਡਾ ਜੇਤੂ ਮਿਸਰ ਦਾ ਮਸ਼ਹੂਰ ਯੂਟਿਊਬਰ ਫਿਦਿਆਸ ਪਨਾਈਓਤੂ ਹੈ ਜਿਸ ਨੇ ਐਲਨ ਮਸਕ ਨੂੰ ਗਲਵੱਕੜੀ ਪਾਉਣ ਦੀ ਕੋਸ਼ਿਸ਼ ਕਰ ਕੇ ਸੁਰਖ਼ੀਆਂ ਬਟੋਰੀਆਂ ਸਨ। ਟਵਿੱਟਰ ਸਦਰ ਮੁਕਾਮ ਦੇ ਬਾਹਰ ਮਸਕ ਦੇ ਆਉਣ ਦਾ ਇੰਤਜ਼ਾਰ ਕਰਦਿਆਂ ਉਸ ਨੇ ਆਪਣੇ ਫਾਲੋਅਰਾਂ ਨੂੰ ਆਪਣੀ ਇਹ ਇੱਛਾ ਮਸਕ ਦੀ ਮਾਂ ਤੱਕ 'ਸਪੈਮ' ਸੰਦੇਸ਼ਾਂ ਰਾਹੀਂ ਪੁੱਜਦੀ ਕਰਨ ਨੂੰ ਕਿਹਾ ਹੋਇਆ ਸੀ। ਆਖ਼ਿਰਕਾਰ ਮਸਕ ਆ ਪਹੁੰਚਿਆ, ਪਨਾਈਓਤੂ ਨੂੰ ਮਿਲਿਆ ਅਤੇ ਉਸ ਨੂੰ ਗਲਵੱਕੜੀ ਵੀ ਪਾਈ। ਇਸ ਤੋਂ ਬਾਅਦ ਪਨਾਈਓਤੂ ਨੇ ਯੂਰਪੀ ਸੰਸਦ ਦੀਆਂ ਚੋਣਾਂ ਵਿਚ ਉਮੀਦਵਾਰ ਹੋਣ ਦਾ ਐਲਾਨ ਕਰ ਦਿੱਤਾ। ਉਸ ਨੇ ਬਿਨਾਂ ਕਿਸੇ ਪਾਰਟੀ ਦੇ ਚੋਣ ਲੜੀ ਅਤੇ 19.4 ਪ੍ਰਤੀਸ਼ਤ ਪਾਪੂਲਰ ਵੋਟ ਹਾਸਲ ਕਰ ਕੇ ਸੰਸਦ ਵਿਚ ਆਪਣੀ ਕੁਰਸੀ ਸੁਰੱਖਿਅਤ ਕਰ ਲਈ।

ਫਰਾਂਸ, ਯੂ.ਕੇ., ਸਲੋਵੇਨੀਆ ਅਤੇ ਹੋਰ ਥਾਵਾਂ ਉਪਰ ਵੀ ਕੁਝ ਅਜਿਹੇ ਚਿਹਰੇ ਉਭਰ ਕੇ ਸਾਹਮਣੇ ਆਏ ਹਨ। ਆਪਣੀ ਉਮੀਦਵਾਰੀ ਪਿੱਛੇ ਇਨ੍ਹਾਂ ਸਾਰਿਆਂ ਦੀ 'ਖੱਬੇਵਾਦੀ' ਦਲੀਲ ਸੀ ਕਿ ਕਿਉਂਕਿ ਲੋਕਤੰਤਰੀ ਰਾਜਨੀਤੀ ਮਜ਼ਾਕ ਬਣ ਚੁੱਕੀ ਹੈ, ਇਸ ਲਈ ਹੁਣ ਮਸਖ਼ਰੇ/ਭੰਡ ਵੀ ਚੋਣ ਲੜ ਸਕਦੇ ਹਨ। ਇਹ ਖੇਡ ਬਹੁਤ ਖ਼ਤਰਨਾਕ ਹੈ। ਜਿੰਨੇ ਜ਼ਿਆਦਾ ਲੋਕ ਰਾਜਨੀਤੀ ਤੋਂ ਮਾਯੂਸ ਹੋ ਕੇ ਮਸਖ਼ਰੇਪਣ ਵੱਲ ਜਾਣਗੇ ਅਤੇ ਉਸ ਨੂੰ ਕਬੂਲ ਕਰਨਗੇ, ਨਵ-ਫਾਸ਼ੀਵਾਦ ਲਈ ਰਾਜਨੀਤਕ ਜਗ੍ਹਾ ਉਨੀ ਹੀ ਜ਼ਿਆਦਾ ਬਣਦੀ ਜਾਵੇਗੀ।

ਇਸ ਜਗ੍ਹਾ ਉਪਰ ਦਾਅਵਾ ਕਰਨਾ ਅਤੇ ਇਸ ਨੂੰ ਮੁੜ ਹਾਸਲ ਕਰਨਾ ਹੁਣ ਗੰਭੀਰ ਅਤੇ ਸੱਚੀ ਕਾਰਵਾਈ ਦੀ ਮੰਗ ਕਰਦਾ ਹੈ। ਫਰਾਸੀਸੀ ਰਾਸ਼ਟਰਪਤੀ ਇਮੈਨੁਏਲ ਮੈਕਰੌਨ ਨਾਲ ਮੇਰੀਆਂ ਕੁਲ ਅਸਹਿਮਤੀਆਂ ਦੇ ਬਾਵਜੂਦ ਮੈਨੂੰ ਲੱਗਦਾ ਹੈ ਕਿ ਉਸ ਨੇ ਘੋਰ ਸੱਜੇ ਪੱਖ ਦੇ ਜਿੱਤ ਦੇ ਅਮਲ 'ਚ ਕੌਮੀ ਅਸੰਬਲੀ ਨੂੰ ਭੰਗ ਕਰ ਕੇ ਅਤੇ ਦੁਬਾਰਾ ਚੋਣ ਕਰਾਉਣ ਦੀ ਮੰਗ ਚੁੱਕ ਕੇ ਸਹੀ ਕੰਮ ਕੀਤਾ ਹੈ। ਉਸ ਦੇ ਇਸ ਐਲਾਨ ਨਾਲ ਹਰ ਕਿਸੇ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਬੇਸ਼ੱਕ ਇਹ ਕੰਮ ਕਾਫ਼ੀ ਜੋਖ਼ਮ ਭਰਿਆ ਸੀ ਪਰ ਇਹ ਖ਼ਤਰਾ ਮੁੱਲ ਲੈਣ ਦੇ ਕਾਬਲ ਵੀ ਸੀ। ਸਾਨੂੰ ਇਸ ਲੜਾਈ ਨੂੰ ਨਵ-ਫਾਸ਼ੀਵਾਦ ਦੇ ਖ਼ਿਲਾਫ਼ ਮੁਕੰਮਲ ਕਰਨਾ ਹੀ ਪਵੇਗਾ - ਜਿੰਨੀ ਮਜ਼ਬੂਤੀ ਨਾਲ ਹੋ ਸਕੇ ਅਤੇ ਜਿੰਨੀ ਵੀ ਤੇਜ਼ੀ ਨਾਲ ਹੋ ਸਕੇ।

---

# ਜ਼ਿੰਮੇਵਾਰੀ ਤੋਂ ਇਨਕਾਰ

ਵਿਆਹ ਸਮਾਗਮ ਵਿਚ ਹਾਜ਼ਰ ਹੋਣ ਲਈ ਪੈਲੇਸ ਪੁੱਜਾ ਤਾਂ ਉਮੀਦ ਮੁਤਾਬਿਕ ਕੰਨ ਪਾੜਵੇਂ ਡੀ.ਜੇ. ਦੇ ਰੌਲੇ ਨੇ ਸਵਾਗਤ ਕੀਤਾ। ਵਿਆਹ ਵਾਲੇ ਪਰਿਵਾਰ ਨੂੰ ਹੱਥ ਜੋੜ ਕੇ ਇਸ਼ਾਰੇ ਨਾਲ ਹੀ ਵਧਾਈ ਦਿੱਤੀ। ਕੁਝ ਜਾਣੇ ਪਛਾਣੇ ਸੱਜਣਾਂ ਨਾਲ ਸਾਂਝੇ ਮੇਜ਼ 'ਤੇ ਬੈਠ ਕੇ ਚਾਹ ਪਾਣੀ ਦਾ ਆਨੰਦ ਲੈ ਰਿਹਾ ਸਾਂ ਕਿ ਸਟੇਜ ਤੋਂ ਅਚਾਨਕ

**ਸੁਖਜੀਤ ਸਿੰਘ ਵਿਰਕ**
**ਫੋਨ: +91-98158-97878**

ਗਾਣੇ ਵੱਜਣੇ ਬੰਦ ਹੋ ਗਏ। ਸਮਾਗਮ ਵਿਚ ਸ਼ਾਮਲ ਕੁਝ ਗੱਭਰੂ ਸ਼ਰਾਬ ਦੇ ਨਸ਼ੇ ਵਿਚ ਸਟੇਜ 'ਤੇ ਚੜ੍ਹ ਗਏ ਸਨ ਅਤੇ ਨੱਚਦੀਆਂ ਲੜਕੀਆਂ ਨੂੰ ਨਾ-ਵਾਜਬ ਹਰਕਤਾਂ ਕਰ ਕੇ ਪ੍ਰੇਸ਼ਾਨ ਕਰ ਰਹੇ ਸਨ। ਸਟੇਜ ਸਕੱਤਰ ਮਾਹੌਲ ਸੁਖਾਵਾਂ ਰੱਖਣ ਲਈ ਪ੍ਰਬੰਧਕਾਂ ਨੂੰ ਮਦਦ ਲਈ ਬੇਨਤੀਆਂ ਕਰ ਰਿਹਾ ਸੀ।

ਚੇਤਿਆਂ ਵਿਚ ਉਸ ਕਲਾਕਾਰ ਕੁੜੀ ਅਤੇ ਦਰਸ਼ਕਾਂ ਵਿਚਕਾਰ ਹੋਈ ਤਕਰਾਰ ਉਭਰ ਆਈ; ਇਸ ਬਦਮਜ਼ਗੀ ਨੇ ਵਿਆਹ ਸਮਾਗਮ ਦਾ ਰੰਗ ਹੀ ਬਦਲ ਦਿੱਤਾ ਸੀ। ਬਹੁਤ ਸਾਰੇ ਸੰਜੀਦਾ ਲੋਕ ਗੰਧਲੇ ਹੋ ਰਹੇ ਵਿਆਹ ਸਮਾਗਮਾਂ ਦੀਆਂ ਵਧ ਰਹੀਆਂ ਕੁਰੀਤੀਆਂ ਤੋ ਬੇਹੱਦ ਪ੍ਰੇਸ਼ਾਨ ਹਨ। ਕੋਈ ਜ਼ਮਾਨਾ ਸੀ ਜਦੋ ਸਾਦੇ ਸਮਾਗਮਾਂ ਨਾਲ ਹੀ ਵਿਆਹ ਸੰਪੂਰਨ ਹੋ ਜਾਂਦੇ ਸਨ। ਸਾਧਾਰਨ ਪਰ ਮੋਹ ਭਰੀ ਆਓ ਭਗਤ ਕਰਦੇ ਲੋਕ ਰਵਾਇਤੀ ਮਠਿਆਈਆਂ ਅਤੇ ਚਾਹ ਪਾਣੀ ਦੀ ਸੇਵਾ ਮਗਰੋਂ ਬਰਾਤ ਲਈ ਕਿਸੇ ਧਰਮਸ਼ਾਲਾ, ਸਕੂਲ ਜਾਂ ਖੁੱਲ੍ਹੀ ਸੋਹਣੀ ਥਾਂ 'ਤੇ ਮੰਜਿਆਂ 'ਤੇ ਬੈਠਣ, ਲੰਮੇ ਪੈਣ ਦੇ ਕੀਤੇ ਇੰਤਜ਼ਾਮ ਰਿਸ਼ਤਿਆਂ ਵਿਚ ਮਿਠਾਸ ਭਰ ਦਿੰਦੀ ਸੀ।

ਬਦਲਦੇ ਵਕਤ, ਆਧੁਨਿਕਤਾ, ਵਧੀ ਹੋਈ ਆਰਥਿਕ ਸਮਰੱਥਾ ਅਤੇ ਦਿਖਾਵੇ ਦੀ ਚਕਾਚੌਂਧ ਨੇ ਵਿਆਹ ਸਮਾਗਮਾਂ ਨੂੰ ਰੰਗਾਰੰਗ ਪ੍ਰੋਗਰਾਮਾਂ ਦਾ ਰੂਪ ਦੇ ਕੇ ਪੈਲੇਸਾਂ ਵਿਚ ਪਹੁੰਚਾ ਦਿੱਤਾ ਹੈ ਪਰ ਰਿਸ਼ਤੇ ਬੇਰੰਗ ਕਰ ਦਿੱਤੇ ਹਨ। ਰਿਸ਼ਤਿਆਂ ਵਿਚ ਚਾਚੇ, ਤਾਏ, ਮਾਮੇ, ਭੂਆ ਦੇ ਜੰਮੇ ਜਾਏ ਭੈਣ ਭਰਾ ਲੱਗਦੇ ਹਲਕੇ ਗਾਣਿਆਂ 'ਤੇ ਬੜੀ ਬੇਸ਼ਰਮੀ ਨਾਲ ਨੱਚਦੇ ਇੱਕ ਦੂਜੇ ਵੱਲ ਹੋਛੇ ਤੇ ਭੱਦੇ ਇਸ਼ਾਰੇ ਕਰਦੇ ਹਨ। ਫਿਰ ਸਟੇਜ 'ਤੇ ਨੱਚਦੀ ਕੁੜੀ ਉਨ੍ਹਾਂ ਦੀ ਕੀ ਲੱਗਦੀ ਸੀ/ਹੈ? ਮਨੋਰੰਜਨ ਖ਼ਾਤਿਰ ਬੁਲਾਏ ਗਰੁੱਪਾਂ ਦੀਆਂ ਅੱਧ-ਨੰਗੀਆਂ ਹੋ ਕੇ ਨੱਚਦੀਆਂ ਕੁੜੀਆਂ ਦੇ ਬੇਹੂਦਾ ਇਸ਼ਾਰਿਆਂ ਨੇ ਘਟਨਾਵਾਂ ਵਿਚ ਵਾਧਾ ਹੀ ਕੀਤਾ ਹੈ। ਹੈਰਾਨੀ ਹੁੰਦੀ ਹੈ ਜਦੋਂ ਮਾਪੇ ਅਤੇ ਹੋਰ ਰਿਸ਼ਤੇਦਾਰ ਨਵੀਂ ਪੀੜ੍ਹੀ ਨੂੰ ਕੋਝੀਆਂ ਹਰਕਤਾਂ ਤੋਂ ਰੋਕਣ ਦੀ ਥਾਂ ਖ਼ੁਦ ਉਨ੍ਹਾਂ ਵਿਚ ਜਾ ਸ਼ਾਮਲ ਹੁੰਦੇ ਹਨ। ਅਜਿਹੇ ਮੌਕੇ ਲਾਏ ਜਾਂਦੇ ਗਾਇਕਾਂ ਅਤੇ ਡੀ.ਜੇ. ਦੇ ਕੰਨ ਪਾੜਵੇਂ ਸ਼ੋਰ ਵਿਚੋਂ ਅੱਜ ਦੀ ਪੀੜ੍ਹੀ ਕਿਹੜਾ ਆਨੰਦ ਭਾਲਦੀ ਹੈ?

ਚਾਰ ਘੰਟਿਆਂ ਵਿਚ ਸਿਮਟ ਚੁੱਕੇ ਵਿਆਹ ਸਮਾਗਮਾਂ ਵਿਚ ਕਦੀ ਕਦਾਈਂ ਮਿਲੇ ਰਿਸ਼ਤੇਦਾਰ ਅਤੇ ਸੱਜਣ ਮਿੱਤਰ ਕੋਈ ਪਰਿਵਾਰਕ ਜਾਂ ਦੋਸਤਾਨਾ ਗੱਲ ਵੀ ਨਹੀਂ ਕਰ ਸਕਦੇ। ਜੇ ਕੋਈ ਗੱਲ ਕਰਨ ਦੀ ਕੋਸ਼ਿਸ਼ ਕਰਦਾ ਵੀ ਹੈ ਤਾਂ ਦੂਜਾ ਕੰਨ ਪਾੜਵੀਂ ਆਵਾਜ਼ ਕਾਰਨ ਮਜਬੂਰੀ ਵੱਸ ਬਿਨਾਂ ਸੁਣੇ/ਸਮਝੇ ਸਿਰ ਜਾਂ ਹੱਥ ਹਿਲਾ ਦਿੰਦਾ ਹੈ। ਵਿਆਹ ਸਮੇਂ ਸਮਾਜਿਕ, ਰਵਾਇਤੀ ਜਾਂ ਧਾਰਮਿਕ ਰਸਮਾਂ ਸਮੇਂ ਲੋਕ ਘੱਟ ਹੀ ਸ਼ਮੂਲੀਅਤ ਕਰਦੇ ਹਨ। ਸਿਰਫ ਖਾਣ ਪੀਣ ਅਤੇ ਪਾਰਟੀ ਸਮਾਗਮ ਨੂੰ ਤਰਜੀਹ ਦਿੱਤੀ ਜਾਂਦੀ ਹੈ। ਮਾੜੀ ਗੱਲ ਇਹ ਕਿ ਸਮਾਜ ਇਸ ਵਰਤਾਰੇ ਨੂੰ ਗੰਭਰੀਤਾ ਨਾਲ ਲੈਣ ਦੀ ਬਜਾਇ ਸਹਿਜੇ ਹੀ ਸਵੀਕਾਰ ਕਰਨ ਲੱਗ ਪਿਆ ਹੈ। ਅਜਿਹੇ ਕਈ ਸਮਾਗਮਾਂ 'ਤੇ ਫੋਕੀ ਟੌਹਰ ਖ਼ਾਤਿਰ ਕੀਤੇ ਫਾਇਰਾਂ ਨੇ ਖੁਸ਼ੀਆਂ ਨੂੰ ਮਾਤਮ ਵਿਚ ਤਬਦੀਲ ਕੀਤਾ ਹੈ ਪਰ ਅਸੀਂ ਅਜੇ ਵੀ ਸੁਧਰਨ, ਸੁਚੇਤ ਹੋਣ ਜਾਂ ਜ਼ਿੰਮੇਵਾਰੀ ਲੈਣ ਤੋਂ ਇਨਕਾਰੀ ਹਾਂ... ਸ਼ਾਲਾ ਖ਼ੈਰ ਹੋਵੇ!

# ਸ੍ਰੀ ਅਕਾਲ ਤਖਤ ਸਾਹਿਬ; ਟੌਹੜਾ/ਬਾਦਲ ਦੌਰ ਅਤੇ ਅਕਾਲੀਆਂ ਦਾ ਅਜੋਕਾ ਸੰਕਟ

## (ਜਥੇਦਾਰ ਕੋਲ ਅਕਾਲੀ ਫੂਲਾ ਸਿੰਘ ਵਰਗਾ ਕੌਤਕ ਦੁਹਰਾਉਣ ਦਾ ਮੌਕਾ)

ਹਜ਼ਾਰਾ ਸਿੰਘ
ਫੋਨ: 647-685-5997

ਲਓ ਜੀ, ਸੱਤਾ ਦੀ ਔੜ ਦੇ ਸਤਾਏ ਅਕਾਲੀ ਅਤੇ ਅਕਾਲੀ ਰਾਜਕੁਮਾਰ (ਬਜ਼ੁਰਗ ਅਕਾਲੀਆਂ ਦੀ ਮਾਡਰਨ ਆਰਾਮ ਪ੍ਰਸਤ ਔਲਾਦ ਅਤੇ ਦੋਹਤ-ਪੋਤ) ਸੱਤਾ ਲਈ ਮੱਛੀ ਵਾਂਗ ਤੜਪਦੇ ਹੋਏ ਅਕਾਲ ਤਖਤ ਜਾ ਪਹੁੰਚੇ ਹਨ। ਇਹ ਬੇਅਸੂਲੀ ਸਿਆਸਤ ਦੇ ਵਪਾਰੀ ਅਕਾਲ ਤਖਤ 'ਤੇ ਮਨ ਦੀ ਸਫ਼ਾਈ ਲਈ ਨਹੀਂ ਜਾ ਰਹੇ, ਅਕਾਲ ਤਖਤ ਨੂੰ ਆਪਣੀ ਚਤੁਰ ਬੁੱਧੀ ਨਾਲ ਵਰਤ ਕੇ ਮੁੜ ਸੱਤਾ ਹਾਸਲ ਕਰਨ ਦੇ ਰਾਹ ਪੈਣ ਦਾ ਆਹਰ-ਪਾਹਰ ਕਰ ਰਹੇ ਹਨ। ਇਨ੍ਹਾਂ ਦੀ ਬੁੱਧੀ ਇਨ੍ਹਾਂ ਨੂੰ ਕਾਇਲ ਕਰੀ ਬੈਠੀ ਹੈ ਕਿ ਲੋਕਾਂ ਨੂੰ (ਖਾਸ ਕਰਕੇ ਸਿੱਖਾਂ ਨੂੰ) ਬੇਵਕੂਫ ਬਣਾਉਣਾ ਕੋਈ ਔਖਾ ਕੰਮ ਨਹੀਂ ਹੈ। ਸੱਤਾ ਦੇ ਸੁਖ ਵਿਚ ਪਲੇ ਸਿੱਖ ਸਰੋਕਾਰਾਂ ਤੋਂ ਕੋਰੇ ਇਹ ਅਕਾਲੀ ਰਾਜਕੁਮਾਰ ਸਿਆਸਤ ਨੂੰ ਸਿਆਸੀ ਤਿਕੜਮਬਾਜ਼ੀ ਤੋਂ ਵੱਧ ਨਹੀਂ ਜਾਣਦੇ। ਇੱਕ ਧੜਾ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਅਕਾਲ ਤਖਤ 'ਤੇ ਸ਼ਿਕਾਇਤ ਲਾ ਰਿਹਾ ਹੈ ਅਤੇ ਸੁਖਬੀਰ ਬਾਦਲ ਆਪਣੇ ਧੜੇ ਨਾਲ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਦੀਆਂ ਗੱਲਾਂ ਕਰ ਰਿਹਾ ਹੈ। ਦੋਹਾਂ ਧੜਿਆਂ ਦੇ ਲੋਕ- ਖਾਸ ਕਰ ਬਾਗੀ ਧੜੇ ਦੇ ਆਗੂ ਬੜੀ ਚਤੁਰਾਈ ਨਾਲ ਅਕਾਲ ਤਖਤ ਦੀ ਵਰਤੋਂ ਨਾਲ ਨਾਤੇ-ਧੋਤੇ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਲੋਕਾਂ ਦੀ ਨਜ਼ਰ ਵਿਚ ਅਕਾਲ ਤਖਤ 'ਤੇ ਭੁੱਲਾਂ ਬਖਸ਼ਾਉਣ ਲਈ ਜਾਣ ਵਾਲੇ ਇਹ ਦੋਨੋਂ ਧੜਿਆਂ ਦੀ ਖਸਲਤ, "ਨਾਵ੍ਹਿਣ ਚਲੈ ਤੀਰਥੀਂ, ਮਨ ਖੋਟੈ ਤਨਿ ਚੋਰ" ਤੋਂ ਵੱਧ ਨਹੀਂ ਹੈ।

ਅਕਾਲੀ ਦਲ ਦਾ ਸੰਕਟ ਸਿਆਸੀ ਅਤੇ ਨੈਤਿਕ ਹੈ। ਅੱਜ ਦਾ ਅਕਾਲੀ ਦਲ ਨਾ ਲੋਕਤੰਤਰੀ ਹੈ ਤੇ ਨਾ ਕਿਸੇ ਸਿਧਾਂਤ ਨੂੰ ਪ੍ਰਣਾਇਆ ਹੋਇਆ। ਸਿਆਸਤ ਨੂੰ ਵਪਾਰ ਬਣਾਉਣ ਵਾਲੇ ਸੱਤਾ ਦੌਰਾਨ ਸਫਲ ਵਪਾਰੀ ਸਾਬਿਤ ਹੋਏ, ਪਰ ਸੱਤਾ ਜਾਣ ਤੋਂ ਬਾਅਦ ਹੁਣ 'ਮੰਦਵਾੜੇ' ਵਿਚ ਮਹਿਸੂਸ ਕਰ ਰਹੇ ਹਨ। ਸਿਆਸੀ ਸੂਝ-ਬੂਝ ਤੋਂ ਕੋਰੇ ਕੇਵਲ ਸਵਾਰਥ ਦੀ ਰਾਜਨੀਤੀ ਕਰਨ ਵਾਲੇ ਇਹ ਅਕਾਲੀ ਇਹ ਸੋਚੀ ਬੈਠੇ ਸਨ ਕਿ ਲੋਕ ਇਨ੍ਹਾਂ ਦੀਆਂ ਗਲਤੀਆਂ ਨੂੰ ਭੁੱਲ-ਭੁਲਾ ਜਾਣਗੇ। ਮਸਲਾ ਤਾਂ ਸਿਆਸਤ ਅਤੇ ਸਿਆਸੀ ਜਥੇਬੰਦਕ ਢਾਂਚੇ ਨੂੰ ਦਰੁਸਤ ਕਰਨ ਦਾ ਸੀ ਪਰ ਇਹ ਸਭ ਕੁੱਝ ਨੂੰ ਧਾਰਮਿਕ ਉਕਾਈਆਂ ਦੀ ਚਾਦਰ ਵਿਚ ਲਪੇਟਣ ਦੇ ਦਾਅ ਵਜੋਂ ਅਕਾਲ ਤਖਤ 'ਤੇ ਚਲੇ ਗਏ। ਇਸ ਅਨਾੜੀਪੁਣੇ ਵਾਲੇ ਕਦਮ ਨਾਲ ਪਿਛਲੀਆਂ ਖੁਨਾਮੀਆਂ ਦੇ ਕੱਚੇ ਚਿੱਠੇ ਫਿਰ ਤਾਜ਼ੇ ਹੋਣੇ ਸ਼ੁਰੂ ਹੋ ਗਏ ਹਨ। ਦਿੱਤੀਆਂ ਜਾਣ ਵਾਲੀਆਂ ਸਫਾਈਆਂ ਦੇ ਚੀਰ-ਫਾੜ ਵਿਚੋਂ ਲੋਕ ਇਨ੍ਹਾਂ ਦੇ ਦੰਭ ਨਿਤਾਰਨਗੇ ਅਤੇ ਹੋਰ ਸਵਾਲ ਖੜ੍ਹੇ ਹੋਣਗੇ। 'ਵਾਰਿਸ ਸ਼ਾਹ ਮੀਆਂ ਸੱਚ ਝੂਠ ਵਿਚੋਂ, ਪਾਪ ਕੱਢਦਾ ਪੁੰਨ ਨਿਤਾਰਦਾ ਈ।' ਜਿਹੜੇ ਪਾਪ ਢਕਣ ਲਈ ਅਕਾਲ ਤਖਤ ਦਾ ਓਹਲਾ ਵਰਤਣ ਦਾ ਯਤਨ ਕੀਤਾ ਹੈ, ਉਹ ਇੱਕ ਵਾਰ ਫੇਰ ਨਿੱਤਰ ਕੇ ਸਾਹਮਣੇ ਆਉਣਗੇ। ਅਕਾਲ ਤਖਤ ਦਾ ਜਥੇਦਾਰ ਲੋਕ ਭਾਵਨਾਵਾਂ ਅਨੁਸਾਰ ਫੈਸਲਾ ਨਾ ਕਰ ਸਕਿਆ ਤਾਂ ਉਸਦੀ ਤੋਏ-ਤੋਏ ਅਲੱਗ ਹੋਏਗੀ, ਜਿਹੜੀ ਕਿ ਹੋਣੀ ਸ਼ੁਰੂ ਹੋ ਵੀ ਗਈ ਹੈ।

ਅੱਜ ਬਹੁਤ ਸਾਰੇ ਸੁਹਿਰਦ ਪਰੰਤੂ ਉਨ੍ਹਾਂ ਦੇ ਨਾਲ ਹੀ ਕੁਝ ਮਨਚਲੇ, ਅੱਧਪੜ੍ਹ ਅਤੇ ਅਰਾਜਕ ਸੱਜਣਾਂ ਵਲੋਂ ਉਚੀ-ਉਚੀ ਕੂਕ ਕੇ ਕਿਹਾ ਜਾ ਰਿਹਾ ਹੈ ਕਿ ਅਕਾਲ ਤਖਤ ਦਾ ਸਿਸਟਮ ਬਾਦਲਾਂ ਨੇ ਤਬਾਹ ਕੀਤਾ। ਪਰ ਕੀ ਇਹ ਸੱਚ ਹੈ ਕਿ ਇਹ ਸਾਰੀ ਕਹਾਣੀ ਇੰਨੀ ਸਿੱਧੀ ਹੀ ਹੈ...ਨਹੀਂ ਇਹ ਇੰਨੀ ਸਿੱਧੀ ਬਿਲਕੁਲ ਵੀ ਨਹੀਂ। ਇਸ ਪਿਛੇ ਵੀ ਬਹੁਤ ਅਣਸੁਖਾਵਾਂ ਅਤੇ ਟੇਢਾ ਇਤਿਹਾਸ ਛੁਪਿਆ ਹੋਇਆ ਹੈ। ਅਕਾਲ ਤਖਤ ਨੂੰ ਆਪਣੇ ਧੜੇ ਦੀ ਸਿਆਸਤ ਲਈ ਵਰਤਣ ਦੀ ਪਿਰਤ ਕੋਈ 45 ਕੁ ਸਾਲ ਪੁਰਾਣੀ ਹੈ। ਉਦੋਂ ਅਕਾਲੀ ਦਲ ਵਿਚ ਸ਼ਕਤੀ ਦੇ ਤਿੰਨ ਕੇਂਦਰ ਹੋਇਆ ਕਰਦੇ ਸਨ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਅਕਾਲੀ ਦਲ ਦਾ ਪ੍ਰਧਾਨ ਅਤੇ ਮੁੱਖ ਮੰਤਰੀ। ਸ੍ਰ. ਬਾਦਲ ਮੁੱਖ ਮੰਤਰੀ ਦਾ ਅਹੁਦਾ ਆਪਣੇ ਲਈ ਰਾਖਵਾਂ ਸਮਝਦਾ ਸੀ ਪਰ ਦੂਸਰੇ ਸ਼ਕਤੀ ਕੇਂਦਰਾਂ ਵਾਲੇ ਵੀ ਵੱਡੀ ਕੁਰਸੀ ਦਾ ਆਨੰਦ ਮਾਨਣ ਦੇ ਚਾਹਵਾਨ ਸਨ। ਉਨ੍ਹਾਂ 1979 ਵਿਚ ਅਕਾਲ ਤਖਤ ਨੂੰ ਵਰਤ ਕੇ ਬਾਦਲ ਦੀ ਕੁਰਸੀ ਹਿਲਾਉਣ ਦੇ ਪੈਂਤੜਿਆਂ ਦੀ ਸ਼ੁਰੂਆਤ ਕਰ ਦਿੱਤੀ। ਇਨ੍ਹਾਂ ਧਿਰਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤਕ ਹੀ ਆਪਣੇ-ਆਪ ਨੂੰ ਸੀਮਤ ਨਾ ਰਖਿਆ, ਸਗੋਂ ਸ਼੍ਰੋਮਣੀ ਕਮੇਟੀ ਦੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਤਲਵੰਡੀ ਨੇ ਸ. ਬਾਦਲ ਵਿਰੁਧ ਸ਼ਿਕਾਇਤ ਪੱਤਰ







*ਸ. ਪ੍ਰਕਾਸ਼ ਸਿੰਘ ਬਾਦਲ , ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਰਣਜੀਤ ਸਿੰਘ, ਸ. ਬਰਜਿੰਦਰ ਸਿੰਘ ਹਮਦਰਦ, ਹਰਜਿੰਦਰ ਸਿੰਘ ਦਿਲਗੀਰ।*

ਦਾਖਲ ਕਰਨ ਦੇ ਨਾਲ ਨਾਲ ਉਨ੍ਹਾਂ ਵਿਰੁਧ ਪੰਜਾਬ ਦੇ ਗਵਰਨਰ ਨੂੰ ਵੀ ਮੈਮੋਰੰਡਮ ਜਾ ਦਿਤਾ ਕਿ ਸਾਡੀ ਸਰਕਾਰ ਭ੍ਰਿਸ਼ਟਾਚਾਰ ਦੇ ਸਭ ਹੱਦਾਂ-ਬੰਨ੍ਹੇ ਪਾਰ ਕਰ ਗਈ ਹੈ, ਇਸ ਨੂੰ ਖੜੇ ਪੈਰ ਭੰਗ ਕਰ ਦਿਤਾ ਜਾਵੇ-ਸਾਫ ਜ਼ਾਹਰ ਹੈ ਕਿ ਇਹ ਜਥੇਦਾਰ ਹਰ ਹੱਥਕੰਡਾ ਵਰਤ ਕੇ ਮੁਖ ਮੰਤਰੀ ਦੀ ਚੌਗੱਡੀ ਕਰਨ 'ਤੇ ਤੁਲੇ ਹੋਏ ਸਨ। ਪੰਜਾਬ ਵਿਚ ਕੁਕੜ-ਖੋਹ ਦੀ ਰਾਜਨੀਤੀ ਦੀ ਸ਼ੁਰੂਆਤ ਉਨ੍ਹਾਂ ਨੇ ਕਰ ਦਿਤੀ ਸੀ ਅਤੇ ਇਸੇ ਆਤਮਘਾਤੀ ਅਕਾਲੀ ਰਾਜਨੀਤੀ ਦੇ ਸਿੱਟੇ ਵਜੋਂ ਸਾਲ 1980 ਦੀਆਂ ਚੋਣਾਂ ਵਿਚ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਰਾਜਸੀ ਤਾਕਤ ਤੋਂ ਪਾਸੇ ਕਰ ਦਿਤਾ। ਲੋਕਾਂ ਨੇ ਸ. ਦਰਬਾਰਾ ਸਿੰਘ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੀ ਸਰਕਾਰ ਨੂੰ ਸੱਤਾ ਵਿਚ ਲੈ ਆਂਦਾ। ਅਕਾਲੀ ਬੁਰੀ ਤਰ੍ਹਾਂ ਬੇਚੈਨ ਹੋ ਗਏ। ਨਵੇਂ ਸਿਰਿਓਂ ਮੋਰਚੇ ਲਾਉਣ ਲਈ ਕਮਰਕੱਸੇ ਸ਼ੁਰੂ ਕਰ ਦਿਤੇ। ਪਿਛੋਂ ਜਿਸ ਕਿਸਮ ਦੇ ਦਰਦਨਾਕ ਸਾਕੇ ਵਾਪਰੇ, ਉਨ੍ਹਾਂ ਬਾਰੇ ਸਾਰੇ ਪੰਜਾਬੀ ਭਲੀ-ਭਾਂਤ ਜਾਣੂ ਹਨ ਤੇ ਉਨ੍ਹਾਂ ਦੀ ਤਫਸੀਲ ਵਿਚ ਜਾਣ ਦਾ ਸਾਡਾ ਕੋਈ ਇਰਾਦਾ ਵੀ ਨਹੀਂ ਹੈ।

'84 ਦੇ ਸਾਕੇ ਪਿਛੋਂ ਜਿਸ ਕਿਸਮ ਦੀ ਰਾਜਨੀਤੀ ਸ਼ੁਰੂ ਹੋਈ, ਉਸ ਤਹਿਤ ਸ੍ਰੀ ਅਕਾਲ ਤਖਤ ਸਾਹਿਬ ਦੀ 'ਸਰਵਉਚਤਾ' ਦਾ ਨਾਅਰਾ ਘੜਿਆ ਗਿਆ ਅਤੇ ਫਿਰ ਇਸ ਦੀ ਦੁਰਵਰਤੋਂ ਸ਼ੁਰੂ ਹੋਈ। ਪਹਿਲਾਂ ਖਾੜਕੂਆਂ ਨੇ ਸੰਤ ਭਿੰਡਰਾਂਵਾਲੇ ਦੇ ਨੇੜਲੇ ਸਲਾਹਕਾਰ, ਹੰਢੇ-ਵਰਤੇ, ਸੁਘੜ ਪਰੰਤੂ ਆਪਣੀ ਪੁਰਾਣੀ ਧਿਰ ਨਾਲ ਵਿਟਰੇ ਹੋਏ ਕਾਮਰੇਡ ਪੱਤਰਕਾਰ ਦਲਬੀਰ ਸਿੰਘ ਦੀਆਂ ਸੇਵਾਵਾਂ ਲੈ ਕੇ ਅਕਾਲੀਆਂ ਨੂੰ ਬਦੂ ਕਰਨ ਦੀ ਮੁਹਿੰਮ ਸ਼ੁਰੂ ਕਰ ਦਿਤੀ। ਉਸ ਤੋਂ ਪਿਛੋਂ ਜਿਵੇਂ ਮਨਮਾਨੇ ਤਰੀਕੇ ਨਾਲ ਸਿੰਘ ਸਾਹਿਬ ਤੇ ਸ਼੍ਰੋਮਣੀ ਕਮੇਟੀ ਜਿਹੀਆਂ ਸੰਸਥਾਵਾਂ ਦੀਆਂ ਧੱਜੀਆਂ ਉਡਾਉਣ ਦੀਆਂ ਕੋਸ਼ਿਸ਼ਾਂ ਹੋਈਆਂ, ਉਸ ਬਾਰੇ ਵੀ ਬਥੇਰੀਆਂ ਦੰਦ ਕਥਾਵਾਂ ਬਣ ਅਤੇ ਬਿਨਸ ਚੁਕੀਆਂ ਹਨ। ਗੁਰਬਾਣੀ ਦੇ ਸਿਰਮੌਰ ਕੀਰਤਨੀਏ ਪ੍ਰੋ. ਦਰਸ਼ਨ ਸਿੰਘ ਦੀ ਜਥੇਦਾਰੀ ਦੌਰਾਨ ਉਨ੍ਹਾਂ ਨਾਲ ਕਿਸ ਕਿਸਮ ਦੀ ਗੁਜ਼ਰੀ, ਉਸ ਦਾ ਵਿਸਤਾਰ ਵੀ ਸਾਡੇ ਇਸ ਲੇਖ ਦਾ ਹਿੱਸਾ ਨਹੀਂ ਹੈ।

ਸੰਨ '84 ਤੋਂ ਪੂਰੇ ਦਸ ਸਾਲ ਪਿਛੋਂ ਜਥੇਦਾਰ ਟੌਹੜਾ ਅਤੇ ਕੁਝ ਸਿੱਖ ਚਿੰਤਕਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀਆਂ ਸਫਾਂ ਵਿਚ ਮੁੜ ਨਵੀਂ ਰੂਹ ਫੂਕਣ ਜਾਂ ਕਹੋ ਕਿ ਖਾੜਕੂ ਲਹਿਰ ਦੇ ਬਿਖਰ ਜਾਣ ਤੋਂ ਬਾਅਦ ਮੁੜ ਤੇਜ਼ੀ ਨਾਲ ਅਗੇ ਵਧ ਰਹੇ ਸ. ਬਾਦਲ ਨੂੰ ਪੈਂਖੜ ਪਾਉਣ ਲਈ ਇਕ ਵਾਰ ਮੁੜ ਅਕਾਲ ਤਖਤ ਸਾਹਿਬ ਦੀ ਸੰਸਥਾ ਨੂੰ ਅਗੇ ਲਗਾਉਣ ਦਾ ਚੇਤਾ ਆਇਆ ਅਤੇ ਤਖਤ ਦਮਦਮਾ ਸਾਹਿਬ ਵਿਖੇ ਉਹ ਸ. ਬਾਦਲ ਨੂੰ ਘੇਰਾ ਪਾਉਣ ਵਿਚ ਸਫਲਤਾ ਦੇ ਨੇੜੇ ਵੀ ਪੁਜ ਗਏ। ਸ. ਬਾਦਲ ਨੇ ਵਕਤ ਵਿਚਾਰਦਿਆਂ ਉਦੋਂ ਤਕ ਪ੍ਰੋ. ਮਨਜੀਤ ਸਿੰਘ ਅਗੇ ਸੀਸ ਨਿਵਾ ਕੇ ਉਨ੍ਹਾਂ ਦੀ ਗੱਲ ਪ੍ਰਵਾਨ ਕਰ ਲਈ, ਪਰ ਦਿਲੋਂ ਉਸ ਨੇ ਹਾਰ ਨਾ ਮੰਨੀ, ਸਗੋਂ ਆਪਣੇ ਇਨ੍ਹਾਂ ਸੰਗੀਆਂ ਤੋਂ ਪੱਲਾ ਛੁਡਾ ਕੇ ਸਿੱਧਾ ਰੋਜ਼ਾਨਾ ਅਜੀਤ ਅਖਬਾਰ ਦੇ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਦੇ ਵਿਹੜੇ ਵਿਚ ਜਾ ਪਹੁੰਚੇ। ਬੜੀ ਹੈਰਾਨੀ ਦੀ ਗੱਲ ਹੈ ਕਿ ਸ. ਬਰਜਿੰਦਰ ਸਿੰਘ ਵਰਗਾ ਦਾਨਾ ਵਿਅਕਤੀ ਵੀ ਬਦਕਿਸਮਤੀ ਵਸ ਇਸ 'ਲੂੰਬੜ ਰਾਜਨੀਤੀ' ਦੀ ਲਪੇਟ ਵਿਚ ਨਾ ਕੇਵਲ ਅਵੇਸਲੇ ਹੀ ਖੁਦ ਫਸ ਗਿਆ ਬਲਕਿ ਉਹ ਸ. ਬਾਦਲ ਦੇ ਹੱਕ ਵਿਚ ਲੋਕ ਰਾਇ ਖੜ੍ਹੀ ਕਰਨ ਲਈ ਸਾਬਕਾ ਨਕਸਲੀ/ਸਿੱਖ ਚਿੰਤਕ ਅਜਮੇਰ ਸਿੰਘ ਦੀਆਂ ਵਿਸ਼ੇਸ਼ ਸੇਵਾਵਾਂ ਲੈਣ ਵਿਚ ਵੀ ਸਫਲ ਹੋ ਗਿਆ। ਅਜਮੇਰ ਸਿੰਘ ਨੇ ਜਥੇਦਾਰ ਟੌਹੜਾ ਵਾਲੀ ਧਿਰ ਨੂੰ ਬੇਅਸੂਲੀ ਰਾਜਨੀਤੀ ਲਈ ਦੋਸ਼ੀ ਕਰਾਰ ਦਿੰਦਿਆਂ ਲੇਖਾਂ ਦੀ ਲੜੀ ਲਾ ਦਿਤੀ। ਉਸ ਵਲੋਂ ਇਸ ਮੌਕੇ ਲਿਖੇ ਗਏ ਸਿਧਾਂਤਕ ਲੇਖਾਂ ਦਾ ਵੇਰਵਾ ਉਸ ਨੇ ਆਪਣੀ ਜੀਵਨ ਕਹਾਣੀ 'ਖਾੜਕੂ ਲਹਿਰਾਂ ਦੇ ਅੰਗ-ਸੰਗ' ਦੇ 42ਵੇਂ ਕਾਂਡ ਵਿਚ ਖੁਦ ਪੂਰੇ ਵਿਸਤਾਰ ਵਿਚ ਦਿਤਾ ਵੀ ਹੋਇਆ ਹੈ। ਉਸ ਮੌਕੇ ਜਥੇਦਾਰ ਟੌਹੜਾ ਦੀ ਬਾਦਲ ਵਿਰੋਧੀ ਮੁਹਿੰਮ ਦਾ ਮੋਹਰੀ ਰਿਹਾ ਫੈਡਰੇਸ਼ਨ ਆਗੂ ਸ. ਅਮਰੀਕ ਸਿੰਘ ਮੁਕਤਸਰ ਆਪਣੀ ਫੇਸਬੁਕ ਕੰਧ 'ਤੇ ਪੋਸਟਾਂ ਪਾ-ਪਾ ਕੇ ਝੁਰੀ ਜਾਂਦਾ ਹੈ ਕਿ ਉਨ੍ਹਾਂ ਨੇ ਅਕਾਲ ਤਖਤ ਦੇ ਜਥੇਦਾਰ ਦੀ ਮਦਦ ਨਾਲ ਬਾਦਲ ਅਤੇ ਉਸਦੇ ਸਾਥੀ 'ਜਗੀਰੂ ਲਾਣੇ' ਨੂੰ ਸਿੱਖ ਕੌਮ ਦੇ ਗਲੋਂ ਲਾਹ ਹੀ ਦਿਤਾ ਸੀ ਪਰ ਇਨ੍ਹਾਂ ਰੱਬ ਦੇ ਬੰਦਿਆਂ ਨੇ ਸਿੱਖ ਪੰਥ ਨਾਲ ਪਤਾ ਨਹੀਂ ਕਿਹੜੇ ਜਨਮਾਂ ਦਾ ਧ੍ਰੋਹ ਕਮਾਉਂਦਿਆਂ ਕਾਮਯਾਬੀ ਦੇ ਸਿਖਰ 'ਤੇ ਪਹੁੰਚੀ ਉਨ੍ਹਾਂ ਦੀ ਮੁਹਿੰਮ ਨੂੰ ਸਾਬੋਤਾਜ ਕਰ ਦਿਤਾ।

ਚੇਤੇ ਰਹੇ ਕਿ ਇਸ ਪਿਛੋਂ ਜਥੇਦਾਰ ਟੌਹੜਾ ਬਾਦਲ ਨੂੰ ਪਾਸੇ ਕਰਨ ਦੇ ਆਪਣੇ ਮਨਸੂਬਿਆਂ ਅਤੇ ਮਸ਼ਕਾਂ ਵਿਚ ਬੁਰੀ ਤਰ੍ਹਾਂ ਅਸਫਲ ਰਹਿਣ ਅਤੇ ਸਾਲ 1996 ਆਉਂਦਿਆਂ ਆਉਂਦਿਆਂ ਉਸਦੀ ਗੁਡੀ ਮੁੜ ਚੜ੍ਹਦਿਆਂ ਵਿੰਹਦੇ ਸਾਰ ਹੀ ਇਕ ਵਾਰ ਮੁੜ ਉਸੇ ਦੀ ਛਤਰੀ ਹੇਠਾਂ ਆ ਗਏ। ਉਸ ਤੋਂ ਪਿਛੋਂ ਅਗਲੇ ਦੋ-ਢਾਈ ਵਰ੍ਹਿਆਂ ਦੌਰਾਨ ਜਿਸ ਕਿਸਮ ਦੀਆਂ ਖੇਡਾਂ ਚਲੀਆਂ, ਉਨ੍ਹਾਂ ਦੇ ਵਿਸਤਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ। ਜਥੇਦਾਰ ਟੌਹੜਾ ਅਤੇ ਸ. ਬਾਦਲ ਦੇ ਵਿਰੋਧ ਹੀ ਐਸੇ ਸਨ ਕਿ ਦੇਰ-ਸਵੇਰ ਕਿਸੇ ਨਾ ਕਿਸੇ ਆਨੇ-ਬਹਾਨੇ ਉਨ੍ਹਾਂ ਦੀ ਆਪਸ ਵਿਚ ਖੜਕਣੀ ਹੀ ਸੀ ਤੇ ਉਹ ਆਦਮਪੁਰ ਜ਼ਿਮਨੀ ਚੋਣ ਵਿਚ ਅਕਾਲੀ ਉਮੀਦਵਾਰ ਦੀ ਹਾਰ ਦੇ ਓਹਲੇ ਵਿਚ ਟੌਹੜਾ ਸਾਹਿਬ ਵਲੋਂ ਕੋਈ ਚੁਸਤ ਟਿਪਣੀ ਕਰਦਿਆਂ ਸਾਰ ਹੀ ਖੜਕ ਗਈ। ਜਥੇਦਾਰ ਟੌਹੜਾ ਦੇ ਸ਼ਾਇਦ ਇਹ ਚਿੱਤ ਚੇਤੇ ਵੀ ਨਹੀਂ ਹੋਣਾ ਕਿ ਉਨ੍ਹਾਂ ਵਲੋਂ ਅਜਿਹੇ ਨਾਜ਼ੁਕ ਮੌਕੇ 'ਤੇ ਆਪਣੇ ਪੁਰਾਣੇ ਸਾਥੀ ਸ. ਬਾਦਲ ਨੂੰ ਚੂੰਡੀ ਵੱਢ ਕੇ ਜੋ 'ਮਾਸੂਮ' ਜਿਹੀ ਇੱਲਤ ਕੀਤੀ ਗਈ ਸੀ ਉਸ ਦੇ ਬਟਰਫਲਾਈ ਇਫੈਕਟ ਕਿਤਨੀ ਦੂਰ ਤੱਕ ਚਲੇ ਜਾਣੇ ਸਨ।

ਓਧਰੋਂ ਜਲਦੀ ਹੀ ਪਿਛੋਂ ਖਾਲਸਾ ਪੰਥ ਦਾ ਤਿੰਨ ਸੌ ਸਾਲਾ ਸਾਜਨਾ ਦਿਵਸ ਨੇੜੇ ਆ ਗਿਆ। ਆਪਸੀ ਵਾਦ-ਵਿਵਾਦ ਦਿਨੋਂ-ਦਿਨ ਮੁੜ ਸ਼ੁਰੂ ਹੋ ਗਏ। ਤਖਤਾਂ ਦੇ ਜਥੇਦਾਰਾਂ ਨੂੰ ਵੀ ਵਿਚੇ ਲਪੇਟ ਲਿਆ ਗਿਆ। ਕੁਝ ਸਮਾਂ ਪਹਿਲਾਂ ਜੇਲ੍ਹ 'ਚੋਂ ਬਾਹਰ ਆਏ ਸ੍ਰੀ ਅਕਾਲ ਤਖਤ ਸਾਹਿਬ ਦੇ ਨਵੇਂ ਜਥੇਦਾਰ ਭਾਈ ਰਣਜੀਤ ਸਿੰਘ ਆਪਣੇ ਸਾਥੀ ਜਥੇਦਾਰਾਂ ਪ੍ਰੋ. ਮਨਜੀਤ ਸਿੰਘ ਤੇ ਜਥੇਦਾਰ ਕੇਵਲ ਸਿੰਘ ਨੂੰ ਖਰੀਆਂ-ਖੋਟੀਆਂ ਸੁਣਾ ਕੇ ਸ. ਟੌਹੜਾ ਦੇ ਹੱਕ ਵਿਚ ਖੜ੍ਹੇ ਹੋ ਗਏ। ਪ੍ਰੋ. ਮਨਜੀਤ ਸਿੰਘ ਤੇ ਜਥੇਦਾਰ ਕੇਵਲ ਸਿੰਘ ਨੇ ਸ. ਬਾਦਲ ਦਾ ਪੱਖ ਲੈਣਾ ਸ਼ੁਰੂ ਕਰ ਦਿਤਾ।

ਜਥੇਦਾਰ ਰਣਜੀਤ ਸਿੰਘ ਨੇ ਸਾਜਨਾ ਦਿਵਸ ਮਨਾਉਣ ਤਕ ਦੋਹਾਂ ਧਿਰਾਂ ਨੂੰ ਇਕ ਦੂਸਰੇ ਵਿਰੁਧ 'ਚਾਂਦਮਾਰੀ' ਕਰਨ ਤੋਂ ਰੋਕਣ ਲਈ ਆਦੇਸ਼ ਜਾਰੀ ਕੀਤੇ, ਪਰ ਗੱਲ ਕਿਸੇ ਸਿਰ-ਪੱਤਣ ਲਗ ਨਾ ਸਕੀ। ਨਤੀਜਨ ਦੋ ਅਕਾਲੀ ਦਲ ਹੋਂਦ ਵਿਚ ਆ ਗਏ। ਸੁਖਬੀਰ ਸਿੰਘ ਬਾਦਲ ਵਿਰੁਧ ਬਾਗੀਆਂ ਦੀ ਅਜੋਕੀ ਮੁਹਿੰਮ ਦਾ ਝੰਡਾਬਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਉਦੋਂ ਜਥੇਦਾਰ ਟੌਹੜਾ ਦਾ ਸਭ ਤੋਂ ਉਚਦੁਮਾਲੜਾ ਸਾਥੀ ਬਣ ਉਭਰ ਕੇ ਸਾਹਮਣੇ ਆਇਆ। ਜਥੇਦਾਰ ਟੌਹੜਾ ਨਾਲ ਆਪਣੀ ਇਸੇ ਨੇੜਤਾ ਦਾ ਮੁੱਲ ਵਸੂਲ ਕਰਦਿਆਂ ਉਸਨੇ ਪਟਿਆਲਾ ਲੋਕ ਪਾਰਲੀਮਾਨੀ ਸੀਟ ਤੋਂ ਆਪਣੀ ਚੋਣ ਦੌਰਾਨ ਵੋਟਾਂ ਦੇ ਲਾਲਚ ਵਿਚ ਜਥੇਦਾਰ ਨੂੰ ਪਟਿਆਲਾ ਵਿਖੇ ਨਿਰੰਕਾਰੀ ਦਰਬਾਰ ਵਿਚ ਭੇਜਣ ਦਾ ਪੰਗਾ ਲੈ ਲਿਆ। ਗੱਲ ਬਾਹਰ ਨਿਕਲਣ ਕਰਕੇ ਲਾ-ਲਾ ਹੋ ਗਈ। ਵਿਰੋਧੀ ਧਿਰ ਵਾਲੇ ਮਸਲਾ ਅਕਾਲ ਤਖਤ 'ਤੇ ਲੈ ਗਏ ਅਤੇ ਜਥੇਦਾਰ ਟੌਹੜਾ ਦੇ ਹੱਕ ਵਿਚ ਖੜ੍ਹੇ ਅਕਾਲ ਤਖਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਆਪਣੇ ਸਾਥੀ ਜਥੇਦਾਰਾਂ ਪ੍ਰੋ. ਮਨਜੀਤ ਸਿੰਘ ਤੇ ਭਾਈ ਕੇਵਲ ਸਿੰਘ ਦੇ ਇਤਰਾਜ਼ਾਂ ਨੂੰ ਨਜ਼ਰ-ਅੰਦਾਜ਼ ਕਰਦਿਆਂ ਜਥੇਦਾਰ ਟੌਹੜਾ ਨੂੰ ਸਾਫ ਬਰੀ ਕਰਨ ਦਾ ਫੈਸਲਾ ਕਰ ਦਿਤਾ। ਸ਼ਾਇਦ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦੀ ਤਾਕਤ ਦਾ ਅਜਿਹੇ ਮਨਮਾਨੇ ਤਰੀਕੇ ਨਾਲ ਦੁਰਵਰਤੋਂ ਕਰਨ ਦਾ ਇਹ ਉਦੋਂ ਤਕ ਦਾ ਸਭ ਤੋਂ ਵਡਾ ਸਕੈਂਡਲ ਸੀ। ਅਕਾਲੀ ਰਾਜਨੀਤੀ ਅੰਦਰ ਇਸ ਨਾਮੁਰਾਦ ਰਸਾਕਸ਼ੀ ਦਾ ਸਿਖਰ ਉਦੋਂ ਆਇਆ, ਜਦੋਂ ਜਥੇਦਾਰ ਰਣਜੀਤ ਸਿੰਘ ਲਗਦੇ ਹੱਥ ਸ. ਬਰਜਿੰਦਰ ਸਿੰਘ ਹਮਦਰਦ ਨੂੰ ਵੀ ਅਕਾਲ ਤਖਤ 'ਤੇ ਬੁਲਾ ਕੇ ਸਬਕ ਸਿਖਾਉਣ ਵਲ ਹੋ ਤੁਰਿਆ। ਇਸ ਸਥਿਤੀ ਵਿਚ ਸ. ਬਾਦਲ ਨੂੰ ਹੱਥਾਂ-ਪੈਰਾਂ ਦੀ ਪੈ ਗਈ ਤੇ ਅੱਖਾਂ ਅੱਗੇ ਭੰਬੂਤਾਰੇ ਨੱਚਣ ਲਗ ਪਏ। ਸਾਰੀ ਉਮਰ ਆਪਣੇ ਠੰਡੇ/ਸੀਤਲ ਸੁਭਾਅ ਲਈ ਜਾਣੇ ਜਾਂਦੇ ਸ. ਬਾਦਲ ਨੂੰ ਖੜ੍ਹੇ ਪੈਰੀਂ ਜਥੇਦਾਰ ਦੇ ਵਾਰ ਨੂੰ ਰੋਕਣ ਲਈ ਐਮਰਜੈਂਸੀ ਫੈਸਲਾ ਲੈਣ ਲਈ ਮਜਬੂਰ ਹੋਣਾ ਪੈ ਗਿਆ। ਕੀ ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਆਪਣੇ ਸਾਥੀਆਂ ਨੂੰ ਅਗੇ ਲਗਾ ਕੇ ਅੱਕੀਂ-ਪਲਾਹੀਂ ਹੱਥ ਮਾਰਦਿਆਂ ਉਸ ਨੇ ਰਣਜੀਤ ਸਿੰਘ ਦੀ ਥਾਂ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮੋਹਨ ਸਿੰਘ ਨੂੰ ਸ੍ਰੀ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰਵਾਇਆ, ਪਰ ਉਹ ਦੂਸਰੀ ਧਿਰ ਤੋਂ ਡਰਦੇ ਇਹ ਜ਼ਿੰਮੇਵਾਰੀ ਲੈਣ ਤੋਂ ਇਨਕਾਰੀ ਹੋ ਗਏ। ਇਸ 'ਤੇ ਕਾਹਲੀ-ਕਾਹਲੀ ਗਿਆਨੀ ਪੂਰਨ ਸਿੰਘ ਨੂੰ ਐਕਟਿੰਗ ਜਥੇਦਾਰ ਲਗਾ ਕੇ ਬੁੱਤਾ ਸਾਰਨ ਦੀ ਕੋਸ਼ਿਸ਼ ਕੀਤੀ ਗਈ। ਜਥੇਦਾਰ ਪੂਰਨ ਸਿੰਘ ਨੇ ਪਿਛੋਂ ਜਿਸ ਕਿਸਮ ਦੇ ਚੰਦ ਚਾੜ੍ਹੇ, ਉਸ ਤੋਂ ਸਿੱਖ ਸੰਗਤਾਂ ਭਲੀ-ਭਾਂਤ ਜਾਣੂ ਹਨ। ਉਸ ਦਾ ਚਰਚਾ ਇਸ ਲੇਖ ਦਾ ਵਿਸ਼ਾ ਵੀ ਨਹੀਂ ਹੈ। ਇਸ ਪ੍ਰਕਾਰ ਉਨ੍ਹਾਂ ਸਮਿਆਂ ਦੌਰਾਨ ਅਕਾਲੀ ਸਿਆਸਤ ਦੀ ਇਹ ਸੀ ਸੰਖੇਪ ਜਿਹੀ ਪਿਛੋਕੜ, ਜਿਸ ਵਿਚ ਸ. ਬਾਦਲ ਨੂੰ ਆਉਣ ਵਾਲੇ ਸਾਲਾਂ ਦੌਰਾਨ ਐਸ.ਜੀ.ਪੀ.ਸੀ. ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਆਸਤ ਨੂੰ ਕੰਟਰੋਲ ਕਰਨ ਲਈ ਮਜਬੂਰ ਹੋਣਾ ਪਿਆ। ਨਤੀਜੇ ਵਜੋਂ ਅਕਾਲੀ ਸਿਆਸਤ ਉਨ੍ਹਾਂ ਦੇ ਹੱਥਾਂ ਵਿਚ ਕੇਂਦਰਿਤ ਹੋ ਗਈ। ਪਰੰਤੂ ਪੁਰਾਣੇ ਸਮਿਆਂ ਦੇ ਵਿਦਵਾਨ ਅਫਲਾਤੂਨ ਨੇ ਠੀਕ ਹੀ ਕਿਹਾ ਸੀ ਕਿ ਤਾਕਤ ਬੁਧੀ ਭ੍ਰਿਸ਼ਟ ਕਰ ਦੇਂਦੀ ਹੈ ਅਤੇ ਨਿਰੰਕੁਸ਼ ਤਾਕਤ ਪੂਰੀ ਤਰ੍ਹਾਂ ਹੀ ਬੁਧੀ ਨੂੰ ਭ੍ਰਿਸ਼ਟ ਕਰ ਦੇਂਦੀ ਹੈ। ਕਹਿਣ ਦਾ ਮਤਲਬ ਹੈ ਕਿ ਸ. ਬਾਦਲ ਅਤੇ ਉਸਦੇ ਜਾਨਸ਼ੀਨਾਂ ਵਲੋਂ ਅੰਨੀ ਤਾਕਤ ਦੇ ਲੋਰ ਵਿਚ ਜਾਣੇ-ਅਣਜਾਣੇ ਕੁਝ ਬੱਜਰ ਕੁਤਾਹੀਆਂ ਹੋਈਆਂ, ਜਿਨ੍ਹਾਂ ਦਾ ਸ਼ਿਲਾ ਹੁਣ ਉਹ ਭੋਗ ਰਹੇ ਹਨ।

ਅਕਾਲ ਤਖਤ ਦੀ ਅਜਿਹੀ ਬੇਦਰੇਗ ਦੁਰਵਰਤੋਂ ਕਾਰਨ ਬਦਨਾਮੀ ਹੋ ਗਈ ਜਿਸ ਕਾਰਨ ਹੁਣ ਅਕਾਲ ਤਖਤ ਦੀ ਅਥਾਰਟੀ ਇਕ ਹਿਸਾਬ ਨਾਲ ਖੀਣ ਹੋ ਗਈ। "ਕਬੀਰ ਜੋ ਹਮ ਜੰਤੁ ਬਜਾਵਤੇ, ਟੂਟਿ ਗਈਂ ਸਭ ਤਾਰ। ਜੰਤੁ ਬਿਚਾਰਾ ਕਿਆ ਕਰੇ, ਚਲੇ ਬਜਾਵਨਹਾਰ।" ਲੋਕਾਂ ਵੱਲੋਂ ਖੁਨਾਮੀਆਂ ਦੀ ਦਿੱਤੀ ਸਿਆਸੀ ਸਜ਼ਾ ਕਾਰਨ ਬਾਦਲਕਿਆਂ ਦਾ ਰਾਜਸੀ ਸ਼ਕਤੀ ਦਾ ਬੋਹੜ ਵੀ ਸੁੱਕ ਗਿਆ। ਹੁਣ ਨਾ ਤਾਂ ਇਸ ਬੋਹੜ ਥੱਲੇ ਕੋਈ ਨਵਾਂ ਬੋਹੜ ਲੱਗ ਸਕਦਾ ਹੈ ਅਤੇ ਨਾ ਅਕਾਲ ਤਖਤ ਦੇ ਜਥੇਦਾਰ ਦੀ ਮਾਫੀ ਦਾ ਪਾਣੀ ਪਾਉਣ ਨਾਲ ਨਵੀਆਂ ਕਰੂੰਬਲਾਂ ਫੁੱਟ ਸਕਦੀਆਂ ਹਨ।

ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ, ਜੋ ਸੱਤਾ ਦੀ ਔੜ ਕਾਰਨ ਪਰੇਸ਼ਾਨ ਹੈ ਅਤੇ ਮੁੜ ਸੱਤਾ ਪ੍ਰਾਪਤੀ ਲਈ ਖੇਖਣ ਕਰ ਰਹੀ ਹੈ, ਨੇ ਅਕਾਲ ਤਖਤ ਨੂੰ ਮੁੜ ਆਪਣੇ ਸਿਆਸੀ ਝਮੇਲੇ ਦਾ ਆਖਾੜਾ ਬਣਾ ਲਿਆ ਹੈ। ਸੱਚ ਇਹ ਹੈ ਕਿ ਪਿਛਲੇ 45 ਸਾਲਾਂ ਵਿਚ ਇਸ ਤਖਤ ਨੇ ਕੋਈ ਵੀ ਧਾਰਮਿਕ ਜਾਂ ਰਾਜਨੀਤਕ ਮਾਮਲਾ ਹੱਲ ਨਹੀਂ ਕੀਤਾ। ਰਾਜਨੀਤੀ ਵਿਚ ਅਕਾਲ ਤਖਤ ਦੇ ਦਖਲ ਨੇ ਇਸ ਸੰਸਥਾ ਦਾ ਵੱਕਾਰ ਮਿੱਟੀ ਵਿਚ ਮਿਲਾ ਦਿੱਤਾ ਹੈ। ਰਾਜਨੀਤਕ ਸੇਧ ਦੇ ਮਾਮਲੇ ਵਿਚ ਅਕਾਲ ਤਖਤ ਦਾ ਰੋਲ ਗੁਮਰਾਹਕੁਨ ਹੈ। ਮੇਰੀ ਸਮਝ ਅਨੁਸਾਰ ਅਕਾਲ ਤਖਤ ਦੇ ਜਥੇਦਾਰ ਵੱਲੋਂ ਅਕਾਲੀ ਸਿਆਸਤ ਦੇ ਬਿਖੇੜੇ ਸੁਲਝਾਉਣ ਦੀ ਪਾਈ ਪਿਰਤ ਹੀ ਬੇਅਸੂਲੀ ਹੈ। ਪਿਛਲੇ 46 ਸਾਲ ਦਾ ਘਟਨਾਕ੍ਰਮ ਇਹ ਦੱਸਦਾ ਹੈ ਜਦ ਵੀ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਝਮੇਲੇ ਵਿਚ ਸ਼ਾਮਿਲ ਕੀਤਾ ਗਿਆ, ਹਰ ਵਾਰ ਅਕਾਲ ਤਖਤ ਦੇ ਜਥੇਦਾਰ ਦੀ ਪਦਵੀ ਦਾ ਸਤਿਕਾਰ ਘਟਿਆ ਅਤੇ ਅਕਾਲ ਤਖਤ ਦੀ ਸੰਸਥਾ ਨੂੰ ਠੇਸ ਪੁੱਜੀ। ਐਸ ਵਕਤ ਜਥੇਦਾਰ ਦੀ ਪਦਵੀ ਦੇ ਵੱਕਾਰ ਅਤੇ ਸਤਿਕਾਰ ਦਾ ਗਰਾਫ ਸਭ ਸਮਿਆਂ ਨਾਲੋਂ ਹੇਠਾਂ ਹੈ। ਸਿੰਘ ਸਾਹਿਬਾਨ ਦੇ ਆਪਣੇ ਪੈਰ ਨਹੀਂ ਹਨ, ਨਿੱਜੀ ਯੋਗਤਾ ਅਤੇ ਲਿਆਕਤ ਦਾ ਵੀ ਕੋਈ ਵਿਲੱਖਣ ਪ੍ਰਗਟਾਵਾ ਨਹੀਂ ਹੈ। ਜਿੰਨਾ ਕੁੱਝ ਉਲਝ ਗਿਆ ਹੈ, ਉਸਨੂੰ ਸੁਲਝਾਉਣ ਲਈ ਜਿਸ ਯੋਗਤਾ, ਹੌਸਲੇ ਅਤੇ ਅਸੂਲਪ੍ਰਸਤੀ ਦੀ ਲੋੜ ਹੈ, ਉਹ ਨਜ਼ਰ ਨਹੀਂ ਆਉਂਦੀ। ਕੁਤਾਹੀਆਂ ਕੇਵਲ ਧਾਰਮਿਕ ਨਹੀਂ ਹਨ, ਸਿਆਸੀ ਅਤੇ ਕਾਨੂੰਨੀ ਵੀ ਹਨ। ਸਿੰਘ ਸਾਹਿਬ ਵੱਲੋਂ ਧਾਰਮਿਕ ਸਜ਼ਾ ਤਾਂ ਲੱਗ ਜਾਏਗੀ। ਪਰ ਸਿਆਸੀ ਅਤੇ ਕਾਨੂੰਨੀ ਉਕਾਈਆਂ ਦਾ ਸਿੰਘ ਸਾਹਿਬ ਕੀ ਕਰਨਗੇ? ਮੈਨੂੰ ਖਦਸ਼ਾ ਹੈ ਕਿ ਇਸ ਐਪੀਸੋਡ ਦੀਆਂ 'ਵਿਹਾਰ ਚਤੁਰਾਈਆਂ' ਕਾਰਨ' ਜਥੇਦਾਰ ਦੀ ਪਦਵੀ ਦੀ ਰਹਿੰਦੀ ਮਿੱਟੀ ਵੀ ਪਲੀਤ ਨਾ ਹੋ ਜਾਵੇ ਅਤੇ ਅਕਾਲ ਤਖਤ ਦੀ ਸੰਸਥਾ ਨੂੰ ਹੋਰ ਖੋਰਾ ਲੱਗੇਗਾ।

ਹੁਣ ਸੱਤਾ ਤੋਂ ਬਾਹਰ ਹੋਏ ਅਕਾਲੀ ਸੋਚ ਰਹੇ ਹਨ ਕਿ ਸੁਖਬੀਰ ਬਾਦਲ ਦਾ ਚਿਹਰਾ ਬਦਲੇ ਬਗੈਰ ਅਕਾਲੀ ਦਲ ਬਚ ਨਹੀਂ ਸਕੇਗਾ। ਸੁਖਬੀਰ ਬਾਦਲ ਸੋਚ ਰਿਹਾ ਹੈ ਕਿ ਪ੍ਰਧਾਨਗੀ ਛੱਡ ਕੇ ਬਚਾਏ ਅਕਾਲੀ ਦਲ ਦਾ ਉਸਨੂੰ ਕੀ ਲਾਭ। ਜਦ ਸੁਖਬੀਰ ਨੇ ਕਿਸੇ ਦੀ ਨਹੀਂ ਸੁਣੀ ਤਾਂ ਇਹ ਗਰੁੱਪ ਸੁਖਬੀਰ ਬਾਦਲ ਖਿਲਾਫ ਸ਼ਿਕਾਇਤ ਲੈ ਕੇ ਅਕਾਲ ਤਖਤ 'ਤੇ ਪੇਸ਼ ਹੋ ਗਿਆ ਅਤੇ ਅਕਾਲ ਤਖਤ ਦੇ ਜਥੇਦਾਰ ਨੇ ਸਪੱਸ਼ਟੀਕਰਨ ਵਾਸਤੇ ਸੁਖਬੀਰ ਬਾਦਲ ਨੂੰ ਸੱਦ ਲਿਆ ਹੈ। ਜਿਸ ਮਸਲੇ ਨੂੰ ਧਾਰਮਿਕ ਚਾਦਰ ਵਿਚ ਲਪੇਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਅਸਲ ਵਿਚ ਜਥੇਬੰਦਕ ਢਾਂਚੇ ਨੂੰ ਦਰੁਸਤ ਕਰਨ ਅਤੇ ਨਵੇਂ ਸਿਆਸੀ ਪ੍ਰੋਗਰਾਮ ਉਲੀਕਣ ਦਾ ਹੈ ਨਾ ਕਿ ਧਾਰਮਿਕ। ਜਦ ਇਹ

(ਬਾਕੀ ਅਗਲੇ ਸਫੇ 'ਤੇ)

# ਪਰਮਾਰਥ ਅਤੇ ਵਿਗਿਆਨ ਦੇ ਸੁਮੇਲ ਦੇ ਹਾਮੀ -ਬਾਬਾ ਜੈਮਲ ਸਿੰਘ ਭਿੰਡਰ

ਹਰ ਕੋਈ ਖੁਸ਼ੀ ਅਤੇ ਸੁੱਖ ਦਾ ਫਰਕ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਇਤਿਹਾਸ ਅਨੁਸਾਰ ਇਸ ਸੰਸਾਰ 'ਚ ਮਨੁੱਖ ਕਦੇ ਵੀ ਖੁਸ਼ ਨਹੀਂ ਰਿਹਾ ਪਰ ਅਥਾਹ ਭੌਤਿਕ ਖੁਸ਼ਹਾਲੀ ਅਤੇ ਅਣਗਿਣਤ ਸੁਖ-ਸਹੂਲਤਾਂ ਦੇ ਬਾਵਜੂਦ ਅੱਜ ਦੇ ਮਨੁੱਖ ਦਾ ਖੁਸ਼ ਨਾ ਰਹਿਣਾ ਇੱਕ ਗੁੰਝਲ਼ਦਾਰ ਬੁਝਾਰਤ ਹੈ। ਆਪਣੇ ਪੂਰਵਜਾਂ ਦੀ ਤੁਲਨਾ 'ਚ ਹਰ ਪੱਖ ਤੋਂ ਸੁਖਾਲ਼ਾ ਅਤੇ

**ਇੰਜ. ਈਸ਼ਰ ਸਿੰਘ**
**647-640-2014**

ਰੱਜਿਆ-ਪੁੱਜਿਆ ਹੋਣ ਦੇ ਬਾਵਜੂਦ ਇਹ ਖੁਸ਼ੀਆਂ ਤੋਂ ਵਾਂਝਾ ਹੈ। ਇਤਿਹਾਸ 'ਚ ਕਦੇ ਕਿਸੇ ਦੇਸ਼ ਜਾਂ ਰਾਜ ਦੇ ਹੁਕਮਰਾਨ ਨੇ ਆਪਣੀ ਪਰਜਾ ਦੀ ਖੁਸ਼ੀ ਨੂੰ ਆਪਣਾ ਉਦੇਸ਼ ਨਹੀਂ ਬਣਾਇਆ, ਮਨੁੱਖ ਦੀਆਂ ਖੁਸ਼ੀਆਂ ਦੀ ਗੱਲ ਸਿਰਫ ਸੰਤਾਂ-ਮਹਾਤਮਾਵਾਂ ਅਤੇ ਪਰਮਾਰਥੀ ਮਹਾਂ-ਪੁਰਖਾਂ ਨੇ ਹੀ ਕੀਤੀ ਹੈ; ਭਾਵੇਂ ਉਨ੍ਹਾਂ ਦੀ ਖੁਸ਼ੀਆਂ ਦੀ ਪਰਿਭਾਸ਼ਾ ਦੁਨਿਆਵੀ ਖੁਸ਼ੀਆਂ ਦੀ ਪਰਿਭਾਸ਼ਾ ਤੋਂ ਅੱਡ ਰਹੀ ਹੈ। ਵੈਸੇ ਤਾਂ ਪੂਰਬੀ ਮੂਲ ਦੇ ਹਰ ਮੁੱਖ ਧਰਮ-ਗ੍ਰੰਥ 'ਚ ਇਸ ਬਾਰੇ ਚਰਚਾ ਹੈ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ 'ਚ ਹੱਸਣ, ਖੇਡਣ, ਖੁਸ਼ੀਆਂ, ਪਾਤਸ਼ਾਹੀਆਂ, ਸਹਿਜ, ਅਨੰਦ ਅਤੇ ਪਰਮ-ਅਨੰਦ ਆਦਿ ਦਾ ਜ਼ਿਕਰ ਆਮ ਹੈ। ਪੂਰਬ ਦੇ ਧਰਮ-ਗ੍ਰੰਥਾਂ ਤੋਂ ਇਸ਼ਾਰਾ ਲੈ ਕੇ, ਪਿਛਲੇ ਅੱਠ-ਦਸ ਦਹਾਕਿਆਂ ਤੋਂ ਪੱਛਮ ਦੇ ਸਮਾਜ-ਵਿਗਿਆਨੀ ਅਤੇ ਮਨੋ-ਵਿਗਿਆਨੀ ਵੀ ਖੁਸ਼ੀਆਂ, ਪ੍ਰਸੰਨਤਾ ਅਤੇ ਹੈਪੀਨੈੱਸ ਦੇ ਵਿਸ਼ੇ 'ਤੇ ਗੰਭੀਰ ਖੋਜਾਂ ਕਰ ਰਹੇ ਹਨ। ਉਹ ਇਸ ਸਿੱਟੇ 'ਤੇ ਪਹੁੰਚੇ ਹਨ ਕਿ ਮਨੁੱਖੀ ਖੁਸ਼ੀਆਂ ਲਈ, ਪੂਰਬਲੇ ਮਹਾਂ-ਪੁਰਖਾਂ ਦੀਆਂ ਮੂਲ ਸਿੱਖਿਆਵਾਂ ਦੇ ਅਜੋਕੀਆਂ ਵਿਗਿਆਨਿਕ ਖੋਜਾਂ ਨਾ਼ਲ ਕੀਤੇ ਸੁਮੇਲ 'ਤੇ ਅਮਲ ਜ਼ਰੂਰੀ ਹੈ (Finidng Modern Truth in Ancient Wisdom—Jonathan Haidt). ਇਸ ਤਰ੍ਹਾਂ ਹਰ ਧਰਮ ਦੇ ਪੈਰੋਕਾਰ ਆਪੋ-ਆਪਣੇ ਮੋਢੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਦੀ ਸੁਹਿਰਦਤਾ ਨਾ਼ਲ ਪਾਲਣਾ ਕਰ ਕੇ, ਅਜੋਕੀ ਬਹੁ-ਪੱਖੀ ਭੌਤਿਕ ਖੁਸ਼ਹਾਲੀ ਨੂੰ ਵੀ ਮਾਣ ਸਕਦੇ ਹਨ ਅਤੇ ਖੁਸ਼ ਵੀ ਰਹਿ ਸਕਦੇ ਹਨ।

ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ॥

ਸਪਸ਼ਟ ਹੈ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਲੂ ਵੀ ਇਸ ਤਰ੍ਹਾਂ ਕਰ ਕੇ ਆਪਣਾ ਕਾਇਆ-ਕਲਪ ਕਰ ਸਕਦੇ ਹਨ ਅਤੇ ਇਸ ਜੀਵਨ ਨੂੰ ਸੁਖੀ (ਖੁਸ਼) ਅਤੇ ਅਗਲੇ ਨੂੰ ਸੁਹੇਲਾ ਬਣਾ ਸਕਦੇ ਹਨ। ਪਰ ਨਿਰਾਸ਼ਾਜਨਕ ਗੱਲ ਇਹ ਹੈ ਕਿ ਅਸੀਂ ਇਸ ਤਰ੍ਹਾਂ ਨਹੀਂ ਕਰ ਪਾ ਰਹੇ। ਸਾਨੂੰ ਦਰਪੇਸ਼ ਇਸ ਸਮੱਸਿਆ ਦਾ ਅਧਿਐਨ ਕਰ ਕੇ ਇਸ ਦੇ ਹੱਲ ਲਈ ਯਤਨਸ਼ੀਲ ਮੁੱਖ ਵਿਦਵਾਨਾਂ ਵਿਚੋਂ ਬਾਬਾ ਜੈਮਲ ਸਿੰਘ ਜੀ ਭਿੰਡਰ ਇੱਕ ਹਨ। ਰਸਮੀ ਤੌਰ 'ਤੇ ਆਪ 'ਗੁਰਦਵਾਰਾ ਸਤਿਸੰਗ ਭਵਨ' ਨਾਉਂ ਦੇ ਇੱਕ ਰਜਿਸਟਰਡ ਟ੍ਰਸਟ (ਨਿਊ ਮੇਹਰ ਸਿੰਘ ਕਲੋਨੀ, ਪਟਿਆ਼ਲਾ) ਦੇ ਮੁਖੀ ਹਨ, ਜਿਸ ਦਾ ਮੰਤਵ ਅਤੇ ਹਰ ਕਾਰਵਾਈ ਗੁਰਮਤਿ ਦੇ ਪ੍ਰਚਾਰ ਅਤੇ ਪਸਾਰ ਹਿਤ ਹੈ। ਆਪ ਨੇ ਆਪਣੀ ਸਾਰੀ ਪਿਤਾ-ਪੁਰਖੀ ਜਾਇਦਾਦ ਅਤੇ ਮਕਾਨ ਸਣੇ ਆਪਣੀ ਜੀਵਨ ਭਰ ਦੀ ਕਮਾਈ ਦੇ, ਇਸ ਟਰੱਸਟ ਦੀ ਸੇਵਾ ਵਿਚ ਲਾਈ ਹੋਈ ਹੈ ਅਤੇ ਆਪਣਾ ਗੁਜ਼ਾਰਾ ਆਪਣੀ ਪੈਨਸ਼ਨ 'ਚੋਂ ਕਰਦੇ ਹਨ। ਟਰੱਸਟ ਇਲਾਕੇ ਦੀ ਸਿੱਖ-ਸੰਗਤ ਦੀਆਂ ਨਿਤਾ-ਪ੍ਰਤੀ ਧਾਰਮਿਕ ਜ਼ਰੂਰਤਾਂ ਨੂੰ ਭਲੀ-ਭਾਂਤ ਪੂਰੀਆਂ ਕਰਦਾ ਹੈ ਅਤੇ ਸਭ ਧਾਰਮਿਕ ਸਮਾਗਮਾਂ ਦਾ ਸਿੱਖ ਰਹਿਤ-ਮਰਯਾਦਾ ਅਨੁਸਾਰ ਪ੍ਰਬੰਧ ਕਰਦਾ ਹੈ: ਜਿਵੇਂ ਕਿ ਖੁਸ਼ੀ-ਗਮੀ ਦੇ ਸਮਾਗਮ, ਗੁਰਪੁਰਬ, ਲੰਗਰ, ਅੰਮ੍ਰਿਤ ਸੰਚਾਰ ਆਦਿ। ਇਨ੍ਹਾਂ ਕੰਮਾਂ ਦੀ ਨਿਗਰਾਨੀ ਕਰਨ ਦੇ ਨਾ਼ਲ-ਨਾ਼ਲ ਬਾਬਾ ਜੀ ਹਰ ਰੋਜ਼ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਲੜੀਵਾਰ ਕਥਾ ਕਰਦੇ ਹਨ; ਹੁਣ ਤੱਕ ਇਸ ਕਥਾ ਦੇ ਤਿੰਨ ਵਾਰ ਭੋਗ ਪਾਏ ਜਾ ਚੁੱਕੇ ਹਨ ਅਤੇ ਅੱਜ-ਕਲ੍ਹ ਚੌਥੀ ਲੜੀ ਚੱਲ ਰਹੀ ਹੈ। ਸਪਸ਼ਟ ਹੈ ਕਿ ਇਹ ਸਭ ਸਧਾਰਨ ਅਤੇ ਬੁਨਿਆਦੀ ਧਾਰਮਿਕ ਕੰਮ ਹਨ ਜੋ ਹੋਰ ਸਿੱਖ ਸੰਸਥਾਵਾਂ ਵੀ ਕਰ ਰਹੀਆਂ ਹਨ ਅਤੇ ਇਸ ਪੱਖ ਤੋਂ ਇਹ ਸੰਸਥਾ ਹੋਰਾਂ ਸੰਸਥਾਵਾਂ ਵਰਗੀ ਹੀ ਲਗਦੀ ਹੈ। ਪਰ ਇਹ ਹੋਰਾਂ ਸੰਸਥਾਵਾਂ ਤੋਂ ਇਸ ਗੱਲੋਂ ਵਿਲੱਖਣ ਅਤੇ ਮੋਹਰੀ ਹੈ ਕਿ ਇਹ ਗੁਰਮਤਿ ਦੇ ਪ੍ਰਚਾਰ ਅਤੇ ਪਸਾਰ ਨੂੰ ਮਾਡਰਨ ਅਤੇ ਵਿਗਿਆਨਿਕ ਢੰਗਾਂ-ਤਰੀਕਿਆਂ ਨਾ਼ਲ ਕਰਦੀ ਹੈ। ਬਾਬਾ ਜੀ ਖ਼ੁਦ ਗੁਰਮਤਿ ਦੇ ਵਿਦਵਾਨ ਹੋਣ ਦੇ ਨਾ਼ਲ-ਨਾ਼ਲ ਪੂਰਨ ਅਭਿਆਸੀ ਹਨ ਅਤੇ ਦੁਨਿਆਵੀ ਪੱਖੋਂ ਤਜਰਬੇਕਾਰ 'ਐਜੂਕੇਸ਼ਨਿਸਟ' ਹੋਣ ਸਦਕਾ ਸਿਖਲਾਈ ਦੀਆਂ ਵਿਧੀਆਂ ਅਤੇ ਬਰੀਕੀਆਂ ਤੋਂ ਜਾਣੂ ਹਨ। ਆਪ ਪਰਮਾਰਥ ਦੇ ਸਿਖਿਆਰਥੀਆਂ ਦੀ ਮਾਨਸਿਕਤਾ ਨੂੰ ਜਾਣਦੇ ਹਨ ਅਤੇ ਆਪ ਨੇ ਉਨ੍ਹਾਂ ਦੀਆਂ ਜ਼ਰੂਰਤਾਂ ਦਾ ਵਿਸਤਾਰ-ਪੂਰਨ ਵਿਸ਼ਲੇਸ਼ਣ ਕੀਤਾ ਹੈ। ਆਪ ਦੀ ਪੱਕੀ ਧਾਰਨਾ ਹੈ ਕਿ ਸਿੱਖ-ਜਗਤ ਨੂੰ ਦਰਪੇਸ਼ ਇਸ ਸਮੱਸਿਆ ਦਾ ਮੁੱਖ ਅਤੇ ਪ੍ਰਭਾਵਕਾਰੀ ਹੱਲ, ਸਮੁੱਚੀ ਬਾਣੀ ਦੀਆਂ ਸਿੱਖਿਆਵਾਂ 'ਤੇ ਸਹੀ ਅਮਲ ਕਰਨਾ ਹੈ ਅਤੇ ਸਹੀ ਅਮਲ ਲਈ ਬਾਣੀ ਦੀ ਸਹੀ ਸਮਝ ਜ਼ਰੂਰੀ ਹੈ। ਬਾਣੀ ਦੀ ਸਹੀ ਸਮਝ ਲਈ ਇਸ ਦੇ ਸਹੀ ਸ਼ਬਦਾਰਥਾਂ ਅਤੇ ਭਾਵਾਰਥਾਂ ਦੀ ਸਮਝ ਅਤੇ ਇਨ੍ਹਾਂ ਦਾ ਸਹੀ ਉਚਾਰਣ ਜ਼ਰੂਰੀ ਹੈ। ਇਸ ਧਾਰਨਾ ਨੂੰ ਅਧਾਰ ਬਣਾ ਕੇ ਆਪ ਨੇ ਅਭਿਲਾਖੀ-ਸਿਖਿਆਰਥੀਆਂ ਨੂੰ, ਧਰਮ ਅਤੇ ਵਿਗਿਆਨ ਦੇ ਸੁਮੇਲ ਦੀ ਮਾਡਰਨ ਪਹੁੰਚ ਅਨੁਸਾਰ ਸੰਥਿਆ ਦੇਣ ਦੀਆਂ ਨਿਵੇਕ਼ਲੀਆਂ ਵਿਧੀਆਂ ਸਿਰਜੀਆਂ ਹਨ। ਇਹ ਸੰਥਿਆ ਹਰ ਰੋਜ਼ ਦੋ ਵਾਰ, ਗੁਰਦੁਆਰਾ ਸਾਹਿਬ ਅੰਦਰ ਦਿੱਤੀ ਜਾਂਦੀ ਹੈ ਅਤੇ ਹਰ ਸਿਖਿਆਰਥੀ ਨੂੰ ਸਮਾਂਬੱਧ ਕੋਰਸ ਪੂਰਾ ਕਰਨਾ ਪੈਂਦਾ ਹੈ। ਕੋਰਸ ਪੂਰਾ ਹੋਣ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਸਮੂਹਿਕ 'ਗਰੈਜੂਏਸ਼ਨ' ਰਸਮ ਕੀਤੀ ਜਾਂਦੀ ਹੈ ਤਾਂ ਕਿ ਹਰ ਭਾਗੀਦਾਰ ਲਈ ਇਹ ਇੱਕ ਯਾਦਗਾਰੀ ਦਿਨ ਬਣ ਸਕੇ। ਸਿਖਿਆਰਥੀਆਂ ਦੀ ਸੇਧ ਲਈ ਇੱਕ ਐਨਸਾਈਕਲੋਪੀਡੀਆ-ਕਮ-ਡਿਕਸ਼ਨਰੀ-ਨੁਮਾ ਵੱਡੀ ਪੁਸਤਕ ਤਿਆਰ ਕੀਤੀ ਗਈ ਹੈ ਜਿਸ ਵਿਚ



ਕੋਰਸ ਦਾ ਸਾਰਾ ਸਿਲੇਬਸ, ਸਿਖਲਾਈ ਦੀਆਂ ਵਿਧੀਆਂ ਅਤੇ ਆਪ ਜੀ ਦੀਆਂ ਵਿਸਤਾਰ-ਪੂਰਨ ਹਦਾਇਤਾਂ ਦਰਜ ਹਨ। ਨਾ਼ਲ ਹੀ ਸਭ ਸਿਖਲਾਈ ਨੂੰ ਅਮਲੀ ਜਾਮਾ ਪਹਿਨਾਉਣ ਦੀ 'ਕੋਚਿੰਗ' ਦਿੰਦੇ ਹਨ, ਜਿਸ ਨੂੰ ਆਪ ਪਹਿਲੀ ਪ੍ਰਾਥਮਿਕਤਾ ਦਿੰਦੇ ਹਨ।

ਫੋਕਟ ਕਰਮ-ਕਾਂਡਾਂ, ਮਨਮੱਤੀ ਵਹਿਮਾਂ-ਭਰਮਾਂ ਅਤੇ ਭੁਲੇਖਿਆਂ ਤੋਂ ਬਚਣ ਦੇ ਢੰਗ ਦੱਸ ਕੇ ਜਗਿਆਸੂਆਂ ਨੂੰ ਸਿੱਖੀ ਮਰਿਆਦਾ 'ਚ ਪਰਪੱਕ ਕਰਦੇ ਹਨ। ਸਾਰੇ ਧਰਮਾਂ ਦਾ ਸਤਿਕਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦੇ ਹੋਏ ਕਟੜਤਾ ਤੋਂ ਵਰਜਦੇ ਹਨ। ਸੰਗਤ ਅਤੇ ਸਿਖਿਆਰਥੀਆਂ ਨੂੰ ਪਰਮਾਰਥ ਪੱਖੋਂ ਵੱਧ ਉਦਾਰ-ਚਿੱਤ ਬਣਾਉਣ ਲਈ ਆਪ ਨੇ ਪਟਿਆ਼ਲੇ ਦੇ ਆ਼ਲੇ-ਦੁਆ਼ਲੇ ਦੇ ਹੋਰ ਮਹਾਂ-ਪੁਰਖਾ ਨਾ਼ਲ ਸੰਪਰਕ ਸਥਾਪਿਤ ਕੀਤਾ ਹੋਇਆ ਹੈ। ਹਰ ਗੁਰ-ਪੁਰਬ ਸਮੇਂ ਕਿਸੇ ਨਾ ਕਿਸੇ ਸੰਤ-ਮਹਾਤਮਾ ਨੂੰ ਆਪਣੇ ਅਸਥਾਨ 'ਤੇ ਬੁਲਾਵਾ ਦੇ ਕੇ ਸੰਗਤਾਂ ਨੂੰ ਉਨ੍ਹਾਂ ਦੇ ਪਰ-ਬਚਨਾਂ ਤੋਂ ਲਾਭ ਉਠਾਉਣ ਦੇ ਮੌਕੇ ਦਿੰਦੇ ਰਹਿੰਦੇ ਹਨ। ਇਹ ਪ੍ਰਥਾ ਅੱਜ ਤੋਂ ਪੱਚੀ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਸੀ ਅਤੇ ਅੱਜ ਵੀ ਚਾਲੂ ਹੈ। ਇਸ ਦਾ ਵੱਡਾ ਲਾਭ ਇਹ ਹੈ ਕਿ ਸੰਗਤ ਹਰ ਮਹਾਂ-ਪੁਰਖ ਦਾ ਸਤਿਕਾਰ ਕਰਨਾ ਸਿੱਖ ਜਾਂਦੀ ਹੈ, ਜਿਸ ਨਾ਼ਲ ਸਦਭਾਵਨਾ ਅਤੇ ਆਪਸੀ ਪ੍ਰੇਮ 'ਚ ਵਾਧਾ ਹੁੰਦਾ ਹੈ ਜੋ ਅੱਗੇ ਪਰਮਾਤਮਾ ਨਾ਼ਲ ਪ੍ਰੇਮ ਦਾ ਅਧਾਰ ਬਣਦਾ ਹੈ।

"ਸਾਚੁ ਕਹੋਂ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥

ਆਪ ਗੁਰਮਤਿ ਦੇ ਸਿਧਾਂਤਾਂ ਅਤੇ ਇਸ ਦੀਆਂ ਸਿੱਖਿਆਵਾਂ ਨੂੰ ਮਹਾਂ-ਪੁਰਖਾਂ ਦੀਆਂ ਜੀਵਨ-ਕਥਾਵਾਂ ਤੋਂ ਕਿਤੇ ਵੱਧ ਮਹੱਤਤਾ ਦਿੰਦੇ ਹਨ। ਫਿਰ ਵੀ ਸੇਵਕਾਂ ਨੂੰ ਉਤਸ਼ਾਹ ਦੇਣ ਵਾਸਤੇ ਕਦੇ-ਕਦਾਈਂ ਆਪਣੀਆਂ ਨਿਜੀ ਗੱਲਾਂ ਵੀ ਸੰਗਤ ਨਾ਼ਲ ਸਾਂਝੀਆਂ ਕਰਦੇ ਹਨ। ਆਪਣੇ ਜੀਵਨ ਦੀਆਂ ਪੁਰਾਣੀਆਂ ਯਾਦਾਂ ਅਤੇ ਦੁਸ਼ਵਾਰੀਆਂ ਸਾਂਝੀਆਂ ਕਰ ਕੇ ਆਪ ਸੰਗਤ ਨੂੰ ਇਹ ਸੁਨੇਹਾ ਦਿੰਦੇ ਹਨ ਕਿ 'ਜੇ ਮੈਂ ਇਹ ਸਭ ਕੁਛ ਕਰ ਸਕਦਾ ਹਾਂ ਤਾਂ ਤੁਸੀਂ ਵੀ ਕਰ ਸਕਦੇ ਹੋ"। ਦੱਸਦੇ ਹਨ ਕਿ ਉਨ੍ਹਾਂ ਦੇ ਮਾਤਾ ਜੀ ਆਪਣੀ ਅੱਖਾਂ ਦੀ ਰੋਸ਼ਨੀ ਉਸ ਵਕਤ ਖੋ ਬੈਠੇ ਸਨ ਜਦ ਉਨ੍ਹਾਂ (ਬਾਬਾ ਜੀ) ਦੀ ਉਮਰ ਸਿਰਫ ਚਾਰ ਸਾਲ ਦੀ ਸੀ। ਉਨ੍ਹਾਂ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਜਾਣ ਤੋਂ ਪਹਿਲਾਂ ਹਰ ਰੋਜ਼ ਘਰ ਦੇ ਖਾਣੇ ਦਾ ਕੰਮ ਕਰਨਾ ਪੈਂਦਾ ਸੀ। ਪੜ੍ਹਾਈ 'ਚ ਬਹੁਤ ਹੁਸ਼ਿਆਰ ਹੋਣ ਦੇ ਬਾਵਜੂਦ ਆਪ ਲਗਾਤਾਰ ਪੜ੍ਹਾਈ ਨਹੀਂ ਕਰ ਸਕੇ ਅਤੇ ਜੇ.ਬੀ.ਟੀ ਦਾ ਕੋਰਸ ਕਰ ਕੇ ਸਿੱਖਿਆ ਵਿਭਾਗ 'ਚ ਅਧਿਆਪਕ ਦੀ ਸਰਵਿਸ ਕਰਨ ਲੱਗ ਪਏ। ਸਰਵਿਸ ਦੌਰਾਨ ਹੀ ਆਪ ਨੇ ਚਾਰ ਵਿਸ਼ਿਆਂ ਅੰਗਰੇਜ਼ੀ, ਪੋਲਿਟੀਕਲ ਸਾਇੰਸ, ਹਿਸਟਰੀ ਅਤੇ ਐਜੂਕੇਸ਼ਨ 'ਚ ਪੋਸਟ-ਗਰੈਜੂਏਸ਼ਨ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਦੇ ਵੱਡੇ ਭਰਾ ਨੇ ਉਨ੍ਹਾਂ ਨੂੰ ਜੀਵਨ ਦੇ ਸ਼ੁਰੂ 'ਚ ਹੀ ਇਹ ਸਿੱਖਿਆ ਦਿੱਤੀ ਸੀ ਕਿ ਕਦੇ ਵੀ ਆਪਣੇ ਮਾਤਾ-ਪਿਤਾ, ਟੀਚਰਾਂ-ਪ੍ਰੋਫੈਸਰਾਂ ਅਤੇ ਸੀਨੀਅਰਾਂ ਨੂੰ ਨਾਂਹ ਨਹੀਂ ਕਹਿਣੀ ਅਤੇ ਆਪ ਨੇ ਵੱਡੇ ਭਰਾ ਦੀ ਇਸ ਨਸੀਹਤ 'ਤੇ ਸਾਰੀ ਉਮਰ ਪਹਿਰਾ ਦਿੱਤਾ। ਆਪ ਨੇ 37 ਸਾਲ ਅੱਡ-ਅੱਡ ਪ੍ਰਾਈਵੇਟ ਅਤੇ ਸਰਕਾਰੀ ਸਕੂਲਾਂ 'ਚ, ਸਮੇਂ-ਸਮੇਂ ਅਨੁਸਾਰ ਹਰ ਕਲਾਸ ਨੂੰ ਪੜ੍ਹਾਇਆ ਅਤੇ ਸਾਰੇ ਹੀ ਵਿਸ਼ੇ ਪੜ੍ਹਾਏ। ਇਸ ਤਜਰਬੇ ਸਦਕਾ ਆਪ ਜਗਿਆਸੂਆਂ ਨੂੰ ਪਰਮਾਰਥ ਦਾ ਗੂੜ੍ਹ ਗਿਆਨ ਦੇਣ 'ਚ ਮੋਹਰੀ ਸਿੱਖ ਮਹਾਂ-ਪੁਰਖਾਂ ਵਿਚੋਂ ਹਨ। ਜ਼ਿਕਰਯੋਗ ਹੈ ਕਿ ਪਰਿਵਾਰ 'ਚ ਧਾਰਮਿਕ ਮਾਹੌਲ ਹੋਣ ਦੇ ਬਾਵਜੂਦ, ਸ਼ੁਰੂ 'ਚ ਆਪ ਦਾ ਪਰਮਾਰਥ ਵਾ਼ਲੇ ਪਾਸੇ ਬਹੁਤਾ ਝੁਕਾਓ ਨਹੀਂ ਸੀ। ਆਪਣੇ ਕਿਸੇ ਸੀਨੀਅਰ ਅਧਿਆਪਕ ਦੀ ਪ੍ਰੇਰਣਾ ਸਦਕਾ ਹੀ ਆਪ ਨੇ ਇਕੱਤੀ ਸਾਲ ਦੀ ਉਮਰ 'ਚ ਅੰਮ੍ਰਿਤ ਛਕਿਆ। ਸਪਸ਼ਟ ਹੈ ਕਿ ਇਸ ਤਰ੍ਹਾਂ ਦੀਆਂ ਸ਼ਖ਼ਸੀਅਤਾਂ ਨੂੰ ਵੀ ਮਿਹਨਤਾਂ ਕਰਨੀਆਂ ਪੈਂਦੀਆਂ ਹਨ ਅਤੇ ਆਗਿਆਕਾਰੀ 'ਚ ਰਹਿਣਾ ਪੈਂਦਾ ਹੈ।

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥ ਕਰਮਿ ਮਿਲੈ ਤਾਂ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥

ਆਪਣੇ ਜੀਵਨ 'ਚ ਅਭਿਆਸ ਕਰ ਕੇ ਅਤੇ ਹਰ ਪੱਖ ਤੋਂ ਸਵੱਛ ਜੀਵਨ ਜਿਉਂ ਕੇ ਆਪ ਆਪਣੇ ਸੇਵਕਾਂ ਲਈ ਰੋਲ-ਮਾਡਲ ਬਣੇ ਹੋਏ ਹਨ। ਆਪ ਸਮਝਾਉਂਦੇ ਹਨ ਕਿ ਮਹਾਂ-ਪੁਰਖ ਸਾਡੇ ਪਰਮਾਰਥੀ ਕੰਮ ਨਹੀਂ ਕਰਦੇ, ਬਲਕਿ ਸਾਨੂੰ ਆਪਣੇ ਕੰਮ ਆਪ ਕਰਨਾ ਸਿਖਾਉਂਦੇ ਹਨ। ਆਪ ਇਸ ਗੱਲ ਨੂੰ ਬਹੁਤ ਕੋਰੇ ਹੋ ਕੇ ਸਮਝਾਉਂਦੇ ਹਨ ਕਿ ਮਹਾਂ-ਪੁਰਖਾਂ ਦਾ ਕੰਮ ਗਾਈਡੈਂਸ ਦੇਣੀ ਅਤੇ ਸਰਪ੍ਰਸਤੀ ਕਰਨਾ ਹੁੰਦਾ ਹੈ ਪਰ ਅਭਿਆਸ ਸਭ ਨੇ ਆਪੋ-ਆਪਣਾ ਕਰਨਾ ਹੈ।

"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ"।

ਆਮ ਕਰ ਕੇ ਅਸੀਂ ਆਪਣੇ ਮਨ-ਮੱਤੀ ਭੁਲੇਖਿਆਂ ਅਤੇ ਮਾਨਸਿਕ ਕਮਜ਼ੋਰੀਆਂ ਕਰਕੇ ਆਪਣੇ ਕੁਦਰਤੀ ਗੁਣਾਂ ਨੂੰ ਜਾਗ੍ਰਿਤ ਨਹੀਂ ਕਰ ਸਕਦੇ। ਪਰ ਜਦ ਸਾਡੇ ਵਰਗਾ ਕੋਈ ਇਨਸਾਨ, ਸਾਡੇ ਵਾਂਗ ਆਪਣੀਆਂ ਕਬੀਲਦਾਰੀਆਂ ਨਜਿਠਦਾ ਹੋਇਆ ਅਤੇ ਇਸ ਜੀਵਨ ਦੇ ਦੁਖ-ਸੁਖ ਜਰਦਾ ਹੋਇਆ ਆਪਣੀ ਦ੍ਰਿੜਤਾ ਅਤੇ ਅਭਿਆਸ ਦੇ ਸਿਰ 'ਤੇ, ਕੋਈ ਜ਼ਿਕਰਯੋਗ ਪ੍ਰਾਪਤੀ ਕਰਦਾ ਹੈ ਤਾਂ ਅਸੀਂ ਵੱਧ ਉਤਸ਼ਾਹਿਤ ਹੁੰਦੇ ਹਾਂ। ਬਾਬਾ ਜੀ ਦੇ ਉਤਸ਼ਾਹ ਅਤੇ ਸੇਧ ਸਦਕਾ ਬੀਬੀ ਬਲਜਿੰਦਰ ਕੌਰ ਵਲੋਂ ਕੀਤਾ ਇਸ ਤਰ੍ਹਾਂ ਦਾ ਇੱਕ ਕੰਮ ਸਾਡੇ ਸਭ ਲਈ ਉਦਾਹਰਣ ਹੈ। ਆਪ (ਬਾਬਾ) ਦੇ ਦੱਸਣ ਮੁਤਾਬਿਕ ਭਾਈ ਕਾਹਨ ਸਿੰਘ ਨਾਭਾ ਦੇ ਪਿਤਾ ਜੀ ਸੰਤ ਨਰਾਇਣ ਸਿੰਘ ਜੀ ਇੱਕ ਬੈਠਕ 'ਚ ਹੀ ਅਖੰਡ ਪਾਠ ਦਾ ਪਾਠ ਕਰ ਦਿੰਦੇ ਸਨ ਅਤੇ ਜੀਵਨ 'ਚ ਉਨ੍ਹਾਂ ਨੇ ਇੱਕੋ-ਬੈਠਕ ਦੇ ਸੈਂਕੜੇ ਅਖੰਡ ਪਾਠ ਕੀਤੇ ਸਨ। ਆਪ ਜੀ ਦੇ ਮਨ 'ਚ ਫੁਰਨਾ ਆਇਆ ਕਿ ਜੇ ਓਹ ਇੰਨੇ ਪਾਠ ਕਰ ਸਕਦੇ ਹਨ ਤਾਂ ਕਿਉਂ ਨਾ ਖ਼ੁਦ ਇਸ ਕੰਮ ਲਈ ਉਪਰਾਲਾ ਕੀਤਾ ਜਾਵੇ ਅਤੇ ਸੰਗਤ ਨਾ਼ਲ ਇਹ ਗੱਲ ਸਾਂਝੀ ਕੀਤੀ। ਬੀਬੀ ਬਲਜਿੰਦਰ ਕੌਰ 'ਤੇ ਸਤਿਗੁਰੂ ਦੀ ਐਸੀ ਮਿਹਰ ਰਹੀ ਕਿ ਓਹ ਇਕੱਲੇ ਹੀ ਇੱਕ ਬੈਠਕ 'ਚ ਪੂਰਾ ਅਖੰਡ-ਪਾਠ ਕਰਨ ਲੱਗ ਪਏ। ਪਿਛਲੇ 10-12 ਸਾਲ 'ਚ ਆਪਣੀਆਂ ਘਰੇਲੂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਇੱਕੋ ਬੈਠਕ ਦੇ 350 ਤੋਂ ਵੱਧ ਅਖੰਡ ਪਾਠ ਕੀਤੇ ਹਨ।

ਬਾਬਾ ਜੀ ਗੁਰਮੱਤ ਦੀਆਂ ਤਿੰਨ ਮੂਲ ਸਿੱਖਿਆਵਾਂ 'ਤੇ ਤਨ-ਮਨ ਨਾ਼ਲ ਪਹਿਰਾ ਦੇਣਾ ਜ਼ਰੂਰੀ ਕਰਾਰ ਦਿੰਦੇ ਹਨ:

ਗੁਰਮੱਤ ਦੀਆਂ ਸਿੱਖਿਆਵਾਂ ਦੀ ਅੱਜ ਦੇ ਸਾਇੰਸੀ ਪਰਿਪੇਖ 'ਚ ਖੁਲ੍ਹੇ ਮਨ ਨਾ਼ਲ ਵਿਆਖਿਆ ਕਰਨੀ।

ਦੱਸੀਆਂ ਵਿਧੀਆਂ ਨਾ਼ਲ ਪੂਰਾ ਅਭਿਆਸ ਕਰਨਾ।

ਸ਼ੁਭ ਕਰਮ ਕਰਨੇ; ਇਸ ਸਬੰਧ 'ਚ ਉਨ੍ਹਾਂ ਦੀ ਪਾਲਿਸੀ 'ਜ਼ੀਰੋ-ਟੌਲਰੈਂਸ' ਦੀ ਹੈ।

ਇਹ ਤਿੰਨੇ ਕੰਮ ਇੱਕ-ਦੂਜੇ ਦੇ ਪਰਿਪੂਰਕ ਹਨ। ਇੱਕ 'ਤੇ ਕਾਰਵਾਈ ਦੂਸਰੇ 'ਚ ਮੱਦਦਗਾਰ ਹੁੰਦੀ ਹੈ ਪਰ ਇੱਕ 'ਚ ਕੁਤਾਹੀ ਦੂਸਰੇ 'ਚ ਬੜੀ ਵੱਡੀ ਰੁਕਾਵਟ ਬਣ ਜਾਂਦੀ ਹੈ।

---

*(ਪਿਛਲੇ ਸਫੇ ਦੀ ਬਾਕੀ)*

ਮਾਮਲਾ ਅਕਾਲ ਤਖਤ 'ਤੇ ਚਲਾ ਹੀ ਗਿਆ ਹੈ ਤਾਂ ਹਰ ਕਿਸੇ ਦੇ ਮਨ ਵਿਚ ਸਵਾਲ ਪੈਦਾ ਹੁੰਦਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੀ ਹੁਣ ਕੀ ਕਰਨ? ਪਹਿਲੀ ਗੱਲ ਅਕਾਲ ਤਖਤ ਦੇ ਜਥੇਦਾਰ ਨੂੰ ਧਾਰਮਿਕ ਦਾਇਰੇ ਤੱਕ ਸੀਮਤ ਰਹਿਣਾ ਚਾਹੀਦਾ ਹੈ। ਸਿਆਸੀ ਅਤੇ ਕਾਨੂੰਨੀ ਦਾਇਰੇ ਦੇ ਮਾਮਲਿਆਂ ਵਿਚ ਉਲਝਣਾ ਨਹੀਂ ਚਾਹੀਦਾ। ਦੂਸਰਾ, ਕਿਸੇ ਨੂੰ ਵੀ ਤਲਬ ਕਰਨ ਵਾਲੀ ਪਿਰਤ ਦੀ ਥਾਂ ਸਵੈਇੱਛਾ ਨਾਲ ਨਿੰਜੀ ਤੌਰ 'ਤੇ ਇਕੱਲਿਆਂ ਪੇਸ਼ ਹੋਣ ਦੀ ਰਵਾਇਤ ਮੁੜ ਸੁਰਜੀਤ ਕਰਨੀ ਚਾਹੀਦੀ ਹੈ। ਪੇਸ਼ ਹੋਣ ਵਾਲਾ ਆਪਣੀ ਭੁੱਲ ਆਪ ਹੀ ਲਿਖਤੀ ਤੌਰ 'ਤੇ ਮੰਨੇ ਅਤੇ ਮੁਆਫੀ ਲਈ ਬੇਨਤੀ ਕਰੇ। ਇਹ ਸਮੂਹਿਕ ਜਾਂ ਜਥੇ ਦੇ ਰੂਪ ਵਿਚ ਨਹੀਂ ਹੋਣਾ ਚਾਹੀਦਾ, ਨਿੰਜੀ ਹੋਵੇ। ਕਿਸੇ ਸ਼ਿਕਾਇਤ ਬਾਰੇ ਸੁਣਵਾਈ ਕਰਨ ਅਤੇ ਸੁਣਵਾਈ ਤੋਂ ਬਾਅਦ ਅਦਾਲਤ ਵਾਂਗ ਫੈਸਲੇ ਕਰਨ ਦੀ ਰੀਤ ਖਤਮ ਕਰ ਦਿੱਤੀ ਜਾਵੇ। ਅਕਾਲ ਤਖਤ ਨੂੰ ਅਦਾਲਤ ਵਾਂਗ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਾਲੀ ਸੰਸਥਾ ਨਾ ਬਣਾਇਆ ਜਾਵੇ। ਮੌਜੂਦਾ ਹਾਲਾਤ ਵਿਚ ਸ਼ਿਕਾਇਤ ਕਰਨ ਵਾਲੇ ਅਕਾਲੀ ਆਗੂਆਂ ਨੂੰ ਉਨ੍ਹਾਂ ਦੇ ਨਿਭਾਏ ਰੋਲ ਦੀ ਸਵੈਇੱਛਾ ਨਾਲ ਲਿਖਤੀ ਗਲਤੀ ਮੰਨਣ ਅਤੇ ਮਾਫੀ ਮੰਗਣ ਲਈ ਕਹਿ ਕੇ ਫਾਰਗ ਕਰ ਦਿੱਤਾ ਜਾਵੇ। ਜਿਨ੍ਹਾਂ ਕੋਲੋਂ ਸਪੱਸ਼ਟੀਕਰਨ ਮੰਗਿਆ ਹੈ, ਉਹ ਸਪੱਸ਼ਟੀਕਰਨ ਜਨਤਕ ਕਰ ਦਿੱਤਾ ਜਾਏ। ਸਪੱਸ਼ਟੀਕਰਨ ਦੇਣ ਵਾਲਾ ਜੇ ਆਪਣੀ ਗਲਤੀ ਮੰਨਦਾ ਹੈ ਤਾਂ ਮਾਫੀ ਲਈ ਅਗ਼ਲੀ ਕਾਰਵਾਈ ਕੀਤੀ ਜਾਏ, ਨਹੀਂ ਤਾਂ ਫੈਸਲਾ ਲੋਕਾਂ 'ਤੇ ਛੱਡ ਦਿੱਤਾ ਜਾਏ। ਕਾਨੂੰਨੀ ਗਲਤੀ ਦੀ ਸਜ਼ਾ ਅਦਾਲਤ ਅਤੇ ਸਿਆਸੀ ਸਜ਼ਾ ਲੋਕ ਹੀ ਦੇ ਸਕਦੇ ਹਨ। ਧਾਰਮਿਕ ਸਜ਼ਾ ਸਵੈ ਇੱਛਾ ਤੱਕ ਸੀਮਿਤ ਰੱਖੀ ਜਾਵੇ। ਪਿਛਲੇ ਸਮੇਂ ਵਿਚ ਅਕਾਲ ਤਖਤ ਤੋਂ ਕੀਤੇ ਫੈਸਲਿਆਂ 'ਤੇ ਮੁੜ ਵਿਚਾਰ ਕੀਤਾ ਜਾਏ। ਪੰਥ ਵਿਚੋਂ ਖਾਰਿਜ ਕੀਤੇ ਵਿਅਕਤੀਆਂ ਨਾਲ ਸੰਬੰਧਿਤ ਸਾਰੇ ਹੀ ਫੈਸਲੇ ਵਾਪਸ ਲੈ ਲਏ ਜਾਣ। ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦੇ ਮਾਮਲੇ ਅਕਾਲੀ ਦਲ ਨੂੰ ਆਪ ਨਿਬੇੜਨ ਲਈ ਕਿਹਾ ਜਾਏ।

ਹੁਣ ਕੋਈ ਕਹਿ ਸਕਦਾ ਹੈ ਕਿ ਜੇ ਅਕਾਲ ਤਖਤ 'ਤੇ ਕੋਈ ਸ਼ਿਕਾਇਤ ਹੀ ਨਹੀਂ ਲਿਜਾਣੀ, ਧਾਰਮਿਕ ਭੁੱਲ ਦੀ ਮਾਫੀ ਕਿਸੇ ਗੁਰਦੁਆਰੇ ਜਾ ਕੇ ਹੀ ਮੰਗ ਲੈਣੀ ਹੈ, ਸਿਆਸੀ ਅਤੇ ਕਾਨੂੰਨੀ ਮਸਲੇ ਅਕਾਲ ਤਖਤ ਤੋਂ ਪਰ੍ਹੇ ਹੀ ਰੱਖਣੇ ਹਨ ਤਾਂ ਅਕਾਲ ਤਖਤ ਦੇ ਜਥੇਦਾਰ ਤੋਂ ਕੀ ਕਰਾਉਣਾ ਹੈ? ਅਸਲ ਵਿਚ ਅਕਾਲ ਤਖਤ ਦੇ ਜਥੇਦਾਰ ਦੀ ਨਿੰਜੀ ਅਤੇ ਸੌੜੇ ਹਿਤਾਂ ਲਈ ਵਰਤੋਂ ਕਰਨ ਦੀ ਪਿਰਤ ਤੋੜਨ ਤੋਂ ਬਾਅਦ ਹੀ ਸਪੱਸ਼ਟ ਹੋਏਗਾ ਕਿ ਅਕਾਲ ਤਖਤ ਦੇ ਜਥੇਦਾਰ ਲਈ ਕਰਨਯੋਗ ਸਾਰਥਕ ਕੰਮ ਵੀ ਬੜੇ ਹਨ।

ਅਕਾਲ ਤਖਤ 'ਤੇ ਪੈਦਾ ਹੋਏ ਮੌਜੂਦਾ ਹਾਲਾਤ ਕਾਰਨ ਸਿੱਖ ਵਿਦਵਾਨ ਅਤੇ ਬੁੱਧੀਜੀਵੀ ਬਹੁਤ ਸਾਰੇ ਪੱਖਾਂ 'ਤੇ ਵਿਚਾਰ ਕਰ ਰਹੇ ਹਨ। ਬਹੁਤ ਸਾਰੇ ਲੋਕ ਇਸ ਵਿਚਾਰ ਦੇ ਹਨ ਕਿ ਹੁਣ ਰਵਾਇਤੀ ਅਕਾਲੀ ਦਲ ਅਤੇ ਅਕਾਲ ਤਖਤ ਦੀ ਆਜ਼ਾਦ ਹਸਤੀ ਦੀ ਮੁੜ ਬਹਾਲੀ ਦੀ ਲੋੜ ਹੈ। ਜੇ ਅਕਾਲ ਤਖਤ ਦਾ ਜਥੇਦਾਰ ਮਿਸਾਲੀ ਹੌਸਲੇ ਨਾਲ ਇਤਿਹਾਸਕ ਫੈਸਲਾ ਕਰਨ ਦੀ ਜੁਅਰਤ ਦਿਖਾ ਜਾਏ ਤਾਂ ਐਸਾ ਹੋ ਵੀ ਸਕਦਾ ਹੈ। ਹੁਣ ਅਕਾਲੀ ਦਲ ਦੇ ਸਾਰੇ ਆਗੂ ਅਕਾਲ ਤਖਤ ਅੱਗੇ ਝੁਕੇ ਹੋਏ ਹਨ, ਰਾਜਸੀ ਤਾਕਤ ਤੋਂ ਬਾਹਰ ਹਨ, ਸ਼ਕਤੀਸ਼ਾਲੀ ਨਹੀਂ ਹਨ, ਬਦਨਾਮ ਹਨ ਅਤੇ ਹੋਰ ਬਦਨਾਮੀ ਤੋਂ ਡਰਦੇ ਹਨ। ਸਿੰਘ ਸਾਹਿਬ ਨਵੇਂ ਅਕਾਲੀ ਦਲ ਦਾ ਰਾਹ ਪੱਧਰਾ ਕਰਨ ਲਈ ਅਕਾਲੀ ਦਲ ਦੇ ਮੌਜੂਦਾ ਅਤੇ ਸਾਬਕਾ ਵਿਧਾਇਕਾਂ, ਸੰਸਦ ਮੈਂਬਰਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਕਾਲ ਤਖਤ 'ਤੇ ਸੱਦ ਕੇ ਅਗਲੇ ਕੁਝ ਸਮੇਂ ਲਈ ਕੋਈ ਵੀ ਅਹੁਦਾ ਨਾ ਲੈਣ ਦਾ ਹੁਕਮਨਾਮਾ ਸੁਣਾ ਦੇਣ। ਇਸ ਵਿਚ ਮੌਜੂਦਾ ਵਿਧਾਇਕਾਂ, ਸੰਸਦਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਹੁਦੇ ਦੀ ਮਿਆਦ ਤੱਕ ਕੰਮ ਕਰਦੇ ਰਹਿਣ ਦੀ ਛੋਟ ਦਿੱਤੀ ਜਾਏ। ਇਨ੍ਹਾਂ 'ਤੇ ਮਿਥਿਆ ਸਮਾਂ ਅਹੁਦਾ ਨਾ ਲੈਣ ਵਾਲੀ ਸ਼ਰਤ ਅਹੁਦੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਲਾਗੂ ਹੋਏ। ਇਸ ਤੋਂ ਸਭ ਦੇ ਅਕਾਲ ਤਖਤ ਪ੍ਰਤੀ ਸਮਰਪਣ ਦਾ ਵੀ ਪਤਾ ਲੱਗ ਜਾਏਗਾ ਅਤੇ ਲੋਕਤੰਤਰੀ ਲੀਹਾਂ 'ਤੇ ਨਵੇਂ ਜੋਸ਼ ਵਾਲਾ ਨਵਾਂ ਅਕਾਲੀ ਦਲ ਸਿਰਜਣ ਦਾ ਰਾਹ ਵੀ ਪੱਧਰਾ ਹੋ ਜਾਏਗਾ। ਜੇ ਐਸਾ ਹੋ ਜਾਂਦਾ ਹੈ ਤਾਂ ਅਕਾਲ ਤਖਤ ਦੀ ਸਰਵਉੱਚ ਹਸਤੀ ਸੱਚ-ਮੁੱਚ ਹੀ ਉਜਾਗਰ ਹੋ ਜਾਵੇਗੀ, ਪੰਥ ਵਿਚ ਨਵੀਂ ਹਵਾ ਰੁਮਕਣੀ ਸ਼ੁਰੂ ਹੋ ਜਾਏਗੀ, ਖੜੋਤ ਟੁੱਟ ਜਾਏਗੀ ਅਤੇ ਸਾਰੇ ਸੰਸਾਰ ਵਿਚ ਜਥੇਦਾਰ ਦੀ ਮਹਿਮਾ ਅਪਰ-ਅਪਾਰ ਹੋ ਜਾਵੇਗੀ ਅਤੇ ਚਹੁੰ ਕੂਟਾਂ ਅੰਦਰ ਇਸ ਦੀ ਮਹਿਮਾ ਦਾ ਡੰਕਾ ਵਜ ਜਾਵੇਗਾ। ਪਰ ਕੀ ਐਸਾ ਕ੍ਰਿਸ਼ਮਾ ਹੋ ਸਕੇਗਾ?...ਸੱਚ ਕਹੀਏ ਤਾਂ ਇਸ ਸਮੇਂ ਅਕਾਲੀ ਦਲ ਦਾ ਬੇੜਾ ਬੰਧਨ ਲਈ ਸੁਣੀ ਦਾ ਹੈ ਕਿ ਸ਼ੁਧ ਹਿਰਦੇ ਵਾਲੇ ਭਾਈ ਅਮਰੀਕ ਸਿੰਘ ਮੁਕਤਸਰ ਵਰਗੇ ਬੇਗਰਜ਼ ਨਵੇਂ ਨੌਜਵਾਨ ਆਗੂਆਂ ਦੀ ਟੀਮ ਦੀ ਲੋੜ ਹੈ। ਸੁਖਬੀਰ ਸਿੰਘ ਬਾਦਲ ਨੂੰ ਨਕਾਰ ਕੇ ਕੀ ਅਜਿਹੇ ਬੇਗਰਜ਼ ਨੌਜਵਾਨਾਂ ਦੀ ਟੀਮ ਜਥੇਦਾਰ ਸਾਹਿਬ ਲੱਭ ਸਕਣਗੇ ਜਾਂ ਸੁਝਾਅ ਸਕਣਗੇ? ਇਕ ਅਮਰੀਕ ਸਿੰਘ ਮੁਕਤਸਰ ਤਾਂ ਹੈਗਾ, ਤੇ ਲੋੜ ਪੈਣ 'ਤੇ ਉਹ ਪੰਜਾਬ ਵਾਪਸ ਚਲਿਆ ਵੀ ਜਾਵੇਗਾ, ਹੋਰ ਮੁਕਤਸਰ ਵਰਗੇ ਅਕਾਲੀ ਆਗੂ ਕਿਥੋਂ ਆਉਣਗੇ। ਇਹ ਇਤਹਾਸਕ ਮੋੜ ਹੈ। ਕੁਦਰਤੀ ਹੈ ਕਿ ਇਤਹਾਸਕ ਮੋੜ ਕਹਿੰਦਿਆਂ ਸਾਡੇ ਮਨਾਂ ਵਿਚ ਆਪ-ਮੁਹਾਰੇ ਅਕਾਲੀ ਫੂਲਾ ਸਿੰਘ ਦੀ ਯਾਦ ਆ ਜਾਂਦੀ ਹੈ। ਸਿੱਖ ਯਾਦ ਅੰਦਰ ਉਨ੍ਹਾਂ ਵਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਕੋਰੜੇ ਮਾਰਨ ਦੀ ਦਿੱਤੀ ਸਜ਼ਾ ਲਗਾਏ ਜਾਣ ਕਾਰਨ ਸਤਿਕਾਰਤ ਥਾਂ ਹੈ। ਬੇਸ਼ਕ ਹੁਣੇ ਹੁਣੇ ਚਰਚਿਤ ਸਿੱਖ ਇਤਿਹਾਸਕਾਰ ਸ. ਹਰਜਿੰਦਰ ਸਿੰਘ ਦਿਲਗੀਰ ਵਲੋਂ ਇਸੇ ਸਾਰੇ ਵਿਵਾਦ ਬਾਰੇ 'ਸਾਂਝਾ ਟੀਵੀ ਚੈਨਲ' ਉਤੇ ਮਦਨਜੀਤ ਸਿੰਘ ਨਾਲ ਦਿਤੀ ਇੰਟਰਵਿਊ ਵਿਚ ਉਨ੍ਹਾਂ ਠੋਸ ਹਵਾਲਿਆਂ ਨਾਲ ਦਾਅਵਾ ਕੀਤਾ ਹੈ ਕਿ ਅਕਾਲ ਤਖਤ ਵਰਗੀ ਸੰਸਥਾ ਦਾ ਉਸ ਸਮੇਂ ਕੋਈ ਵਜੂਦ ਹੀ ਨਹੀਂ ਸੀ। ਉਥੇ ਅਕਾਲੀ ਬੁੰਗਾ ਜ਼ਰੂਰ ਸੀ, ਜਿਥੇ ਸਿੱਖ ਜਰਨੈਲ ਅਕਾਲੀ ਫੂਲਾ ਸਿੰਘ ਦਾ ਠਿਕਾਣਾ ਸੀ। ਉਨ੍ਹਾਂ ਦਸਿਆ ਕਿ ਮਹਾਰਾਜਾ ਰਣਜੀਤ ਸਿੰਘ ਦਾ ਰੋਜ਼ਾਨਾਮਚਾ ਛੇ ਜਿਲਦਾਂ ਵਿਚ ਪਰਸ਼ੀਅਨ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪਹਿਲਾਂ ਤੋਂ ਮੌਜੂਦ ਹੈ ਅਤੇ ਹੁਣ ਉਸਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪੰਜਾਬੀ ਅੱਖਰਾਂ ਵਿਚ ਵੀ ਛਾਪ ਦਿਤਾ ਹੋਇਆ ਹੈ। ਉਸ ਅੰਦਰ ਅਕਾਲੀ ਫੂਲਾ ਸਿੰਘ ਵਲੋਂ ਮਹਾਰਾਜੇ ਨੂੰ ਕਿਸੇ ਕੁਤਾਹੀ ਬਦਲੇ ਆਪਣੇ ਕੋਲ ਬੁਲਾਏ ਜਾਣ ਦਾ ਕੋਈ ਜ਼ਿਕਰ ਨਹੀਂ ਹੈ। ਫਿਰ ਵੀ ਸਿੱਖ ਯਾਦ ਅਨੁਸਾਰ ਇਹ ਕੌਤਕ ਵਾਪਰਿਆ ਜ਼ਰੂਰ ਸੀ।

ਜ਼ਾਹਰ ਹੈ ਕਿ ਵੀਹਵੀਂ ਸਦੀ ਦੇ ਦੂਸਰੇ ਅੱਧ ਦੇ ਇਤਿਹਾਸ ਦੌਰਾਨ ਵਾਪਰੀ ਬੜੀ ਹੀ ਤ੍ਰਾਸਦਿਕ ਤੇ ਆਪ-ਧਾਪੀ ਵਾਲੀ ਸਿੱਖ ਰਾਜਨੀਤੀ ਦਾ ਇਹ ਮੋਟਾ-ਮੋਟਾ ਸਰਵੇਖਣ ਦੱਸਦਾ ਹੈ:

1. 90ਵਿਆਂ ਵਿਚ ਆ ਕੇ ਸ. ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਦੀਆਂ ਸਾਰੀਆਂ ਤਾਕਤਾਂ ਦਾ ਕੇਂਦਰੀਕਰਨ ਆਪਣੇ ਹੱਥਾਂ ਵਿਚ ਜ਼ਰੂਰ ਕੀਤਾ, ਪਰੰਤੂ ਉਸਨੂੰ ਇਸ ਪਾਸੇ ਧੱਕਣ ਵਾਸਤੇ ਪਿਛਲੇ ਲੰਮੇ ਸਮੇਂ ਤੋਂ ਸਿੱਖੀ ਸਪਿਰਟ ਦੇ ਐਨ ਉਲਟ ਚਲੀ ਹਉਮੈਵਾਦੀ ਅਤੇ ਬੇਅਸੂਲੀ ਰਾਜਨੀਤੀ ਹੀ ਸਭ ਤੋਂ ਵੱਧ ਜ਼ਿੰਮੇਵਾਰ ਸੀ।

2. ਅਗਲੇ ਦਸ ਵਰ੍ਹਿਆਂ ਦੇ ਅਰਸੇ ਦੌਰਾਨ ਸੁਖਬੀਰ ਬਾਦਲ ਨੇ ਬੱਜਰ ਕੋਤਾਹੀਆਂ ਕੀਤੀਆਂ ਪਰ ਉਹ ਇਕੱਲਾ ਅਜਿਹਾ ਕਦੀ ਵੀ ਨਹੀਂ ਸੀ ਕਰ ਸਕਦਾ, ਉਸ ਦੇ ਪੁਰਾਣੇ ਸਾਥੀਆਂ ਦੀ ਜੁੰਡਲੀ ਹੀ ਸਭ ਤੋਂ ਵੱਧ ਜ਼ਿੰਮੇਵਾਰ ਹੈ। ਖਾਸ ਕਰਕੇ ਸੁਮੇਧ ਸੈਣੀ ਅਤੇ ਇਜ਼ਹਾਰ ਆਲਮ ਵਰਗੇ ਬਦਨਾਮ ਪੁਲਿਸ ਅਧਿਕਾਰੀਆਂ ਨੂੰ ਲਾਣੇਦਾਰ ਬਣਾਉਣ ਬਾਰੇ ਜਿਸ ਬੱਜਰ ਗੁਨਾਹ ਲਈ ਸਭ ਤੋਂ ਉਚੀ ਉਂਗਲ ਬਾਦਲਾਂ ਉਪਰ ਉੱਠਦੀ ਹੈ, ਉਸ ਬਾਰੇ ਸਾਰੇ ਜਹਾਨ ਵਿਚ ਕਿਸ ਨੂੰ ਨਹੀਂ ਪਤਾ ਕਿ ਉਹ 'ਗੁਨਾਹ' ਤਾਂ ਉਨ੍ਹਾਂ ਕੋਲੋਂ ਕਿਸੇ ਹੋਰ ਨੇ ਨਹੀਂ ਬਲਕਿ ਉਨ੍ਹਾਂ ਦੇ ਅਜੋਕੇ ਬਾਗੀ ਧੜੇ ਦੇ ਅਲੰਬਰਦਾਰ ਸੁਖਦੇਵ ਸਿੰਘ ਢੀਂਡਸਾ ਵਲੋਂ ਹੀ ਕਰਵਾਇਆ ਗਿਆ ਸੀ।


ਇਸੇ ਕਰਕੇ ਆਉਣ ਵਾਲੇ ਕੁਝ ਦਿਨਾਂ ਦੌਰਾਨ ਵੇਖਣ ਵਾਲੀ ਗੱਲ ਇਹ ਕਿ ਜਥੇਦਾਰ ਹੁਣ 'ਸਿੱਖ ਯਾਦ' ਦੇ ਅਨੁਸਾਰੀ ਜਥੇਦਾਰ ਅਕਾਲੀ ਫੂਲਾ ਸਿੰਘ ਵਰਗਾ 'ਕੌਤਕ' ਦੁਹਰਾ ਕੇ ਸਿੱਖ ਸੰਗਤਾਂ ਦੀਆਂ ਬੇਚੈਨ ਰੂਹਾਂ ਨੂੰ ਆਰਾਮ ਪਹੁੰਚਾਉਣ ਦਾ ਜੋਖਮ ਉਠਾਉਂਦੇ ਹਨ ਕਿ ਨਹੀਂ। ਉਨ੍ਹਾਂ ਕੋਲ ਮੌਕਾ ਜ਼ਰੂਰ ਹੈ!

# ਸੁਰਜੀਤ ਪਾਤਰ ਕਾਵਿ; ਸੰਪਾਦਕ ਦਾ ਜੋਖ਼ਮ ਅਤੇ ਪੰਜਾਬ ਦੇ ਖੱਬੇ ਪੱਖ ਦੀ 'ਗ਼ਦਾਰੀ' ਦਾ ਦੋਸ਼!

***ਪੰਜਾਬ 'ਚ ਸਾਡੇ ਸਮਿਆਂ ਦਾ ਸਭ ਤੋਂ ਮਹਿਬੂਬ ਸ਼ਾਇਰ, ਸੁਰਜੀਤ ਪਾਤਰ ਸਥਾਪਤੀ ਦਾ ਸ਼ਾਇਰ ਸੀ ਜਾਂ ਉਸ ਦੇ ਕਾਵਿ ਅੰਦਰ ਖੱਬੀ-ਸੈਕੂਲਰ ਸੁਰ ਨੁਮਾਇਆ ਰੂਪ ਵਿਚ ਹਾਵੀ ਸੀ। ਇਹ ਵਿਵਾਦ ਅੱਜ ਤੋਂ ਕਰੀਬਨ ਅੱਧੀ ਸਦੀ ਪਹਿਲਾਂ ਉਨ੍ਹਾਂ ਵਲੋਂ ਆਪਣੇ ਕਾਵਿ ਸਫ਼ਰ ਦੇ ਮੁੱਢਲੇ ਵਰ੍ਹਿਆਂ ਦੌਰਾਨ ਹੀ ਲਿਖੀ ਗਈ 'ਬੁੱਢੀ ਜਾਦੂਗਰਨੀ' ਦੇ ਸਮੇਂ ਤੋਂ ਹੀ ਚਲਦਾ ਰਿਹਾ ਹੈ। 'ਪੰਜਾਬ ਸੰਕਟ' ਦੇ ਸਾਰੇ ਸਾਲਾਂ ਦੌਰਾਨ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਨਾਲ ਹੀ ਖੱਬੀਆਂ ਧਿਰਾਂ ਦੀ ਭੂਮਿਕਾ ਨੂੰ ਲੈ ਕੇ ਵੀ ਲਗਾਤਾਰ ਤਿੱਖੇ ਸਵਾਲ ਉਠਦੇ ਰਹੇ ਹਨ, ਇਨ੍ਹਾਂ ਸਵਾਲਾਂ ਨੂੰ ਹੀ ਮੁਖਾਤਿਬ ਹੈ ਡਾ. ਸੁਖਪਾਲ ਹੁਰਾਂ ਵਲੋਂ 'ਪੰਜਾਬ ਟਾਈਮਜ਼' ਨੂੰ ਭੇਜਿਆ ਗਿਆ ਇਹ ਹਾਲੀਆ ਲੇਖ, ਜਿਸ ਵਿਚ ਉਨ੍ਹਾਂ ਵਲੋਂ ਬਹੁਤ ਹੀ ਧੀਮੀ ਸੁਰ ਵਾਲੇ ਪਰ ਬੜੇ ਹੀ ਬੇਬਾਕ ਅਤੇ ਸਪੱਸ਼ਟ ਅੰਦਾਜ਼ ਵਿਚ ਵਿਸਥਾਰ ਚਰਚਾ ਕੀਤੀ ਗਈ ਹੈ।***

ਕਿਤਾਬ ਨੂੰ ਪੜ੍ਹਨਾ ਸਹਿਜ ਹੋ ਕੇ ਬੈਠਣ ਦੀ ਕਿਰਿਆ ਹੈ। ਕਿਤੇ ਵੀ ਰੁਕ ਸਕਦੇ ਹੋ, ਪਿੱਛੇ ਪਰਤ ਸਕਦੇ, ਬਾਰ ਬਾਰ ਪੜ੍ਹ ਸਕਦੇ ਜਾਂ ਸਫ਼ਾ ਮੋੜ ਕੇ ਸੋਚਣ ਲੱਗ ਸਕਦੇ ਹੋ।

ਫ਼ੇਸਬੁੱਕ ਭੱਜੇ ਜਾਂਦੇ ਪਾਠਕ ਲਈ ਲਿਖੀ ਰਚਨਾ ਹੈ। ਪਾਠਕ ਪੜ੍ਹਦਾ ਨਹੀਂ, ਨਿਰੰਤਰ ਸਕ੍ਰੋਲਦਾ ਹੈ। ਪੰਜਾਬੀ ਵਿਚ ਕਹੋ ਤਾਂ "ਫ਼ਰੋਲਦਾ" ਹੈ। ਟਰੰਕ ਵਿਚੋਂ ਮਰਜ਼ੀ ਦਾ ਕਪੜਾ ਫ਼ਰੋਲਣ ਵੇਲ਼ੇ ਅਸੀਂ ਬਾਕੀ ਕਪੜਿਆਂ ਨੂੰ ਚੁੱਕ ਚੁੱਕ ਪਾਸੇ ਸੁਟਦੇ ਹਾਂ। ਫ਼ੇਸਬੁੱਕ 'ਤੇ ਪੜ੍ਹਦਾ ਪਾਠਕ ਅਣਜਾਣੇ ਹੀ ਇਹੀ ਕਿਰਿਆ ਸ਼ਬਦਾਂ ਨਾਲ਼ ਕਰਦਾ ਹੈ। ਲੰਮੀ ਰਚਨਾ ਪੜ੍ਹਣ ਲਈ ਉਸ ਕੋਲ ਸਮਾਂ ਵੀ ਹੋਵੇ ਤਾਂ ਸਬਰ ਨਹੀਂ ਹੁੰਦਾ। ਪਾਠਕ ਨੂੰ (ਅਚੇਤ ਹੀ) ਜਾਪਦਾ ਹੈ ਕਿ ਜੋ ਉਹ ਪੜ੍ਹ ਰਿਹਾ ਹੈ, ਉਸਦੇ ਹੇਠਾਂ ਉਸ ਤੋਂ ਬੇਹਤਰ ਪੜ੍ਹਨ ਵਾਲ਼ਾ ਕੁਝ



**ਸੁਖਪਾਲ**

ਪਿਆ ਹੈ, ਉਹ ਕਿਤੇ ਰਹਿ ਨਾ ਜਾਵੇ। ਫ਼ੇਸਬੁੱਕ ਮ੍ਰਿਗ-ਤ੍ਰਿਸ਼ਨਾ ਪੜ੍ਹਤ ਹੈ।

ਨਵਤੇਜ ਭਾਰਤੀ ਕਹਿੰਦੇ ਹਨ : ਮੋਟਰਸਾਈਕਲ 'ਤੇ ਜਾਂਦੇ ਬੰਦੇ ਦੇ ਨਕਸ਼ ਪਛਾਣਨੇ ਅਸੰਭਵ ਹਨ, ਸਿਰਫ਼ ਚਿਹਰੇ ਦਾ ਝਾਉਲਾ ਪੈਂਦਾ ਹੈ, ਬਾਕੀ ਵੇਰਵਾ ਅਸੀਂ ਆਪਣੀ ਕਲਪਨਾ ਨਾਲ ਪੂਰਾ ਕਰਦੇ ਹਾਂ, ਤੇ ਇਹ ਕਲਪਨਾ ਬਹੁਤ ਵਾਰੀ ਭੁਲੇਖੇ-ਭਰੀ ਹੁੰਦੀ ਹੈ। ਇਸੇ ਕਰਕੇ ਅੱਜ ਦੇ ਸਮੇਂ ਵਿਚ ਅਸੀਂ ਇਕ ਦੂਜੇ ਨੂੰ ਬੇਪਛਾਣ ਹੋਈ ਜਾ ਰਹੇ ਹਾਂ।

ਮੈਂ ਪਹਿਲਾਂ ਇਕ ਲੇਖ ਵਿਚ ਲਿਖ਼ਿਆ ਸੀ : ਇਹ ਸ਼ਬਦ ਵੀ ਪੰਜਾਬ ਦੀ "ਇਕ ਖੱਬੀ ਧਿਰ" ਵੱਲੋਂ ਹੀ ਆਏ ਹਨ : ਪਾਤਰ ਦੇ ਜਾਣ ਦਾ ਸਾਨੂੰ ਕੋਈ ਅਫ਼ਸੋਸ ਨਹੀਂ।

ਮੈਂ ਉਪਰਲੇ ਵਾਕ ਵਿਚ 'ਇਕ ਖੱਬੀ ਧਿਰ' ਲਿਖ਼ਿਆ ਸੀ। 'ਖੱਬੀ ਧਿਰ' ਜਾਂ 'ਖੱਬੀਆਂ ਧਿਰਾਂ' ਜਾਂ 'ਕੁੱਲ ਖੱਬੀ ਧਿਰ' ਨਹੀਂ ਲਿਖਿਆ ਸੀ। ਪਰ ਫ਼ੇਸਬੁੱਕ ਦੀ ਪੜ੍ਹਨ-ਦੌੜ ਵਿਚ 'ਇੱਕ' ਸ਼ਬਦ ਗੁਆਚ ਗਿਆ। ਇਹ ਇਉਂ ਪੜ੍ਹਿਆ ਗਿਆ: 'ਇਹ ਸ਼ਬਦ ਪੰਜਾਬ ਦੀ ਖੱਬੀ ਧਿਰ ਵੱਲੋਂ ਆਏ ਹਨ …'।

ਇਸ ਘਟਨਾ ਨੇ ਗ਼ਲਤਫ਼ਹਿਮੀ ਪੈਦਾ ਕੀਤੀ ਕਿ ਸਭ ਖੱਬੀਆਂ ਧਿਰਾਂ ਪਾਤਰ ਦੇ ਵਿਰੋਧ ਵਿਚ ਸਨ। ਇਹ ਸਹੀ ਨਹੀਂ। ਸੁਰਜੀਤ ਪਾਤਰ ਅਤੇ ਖੱਬੀ ਧਿਰ ਸਾਰੀ ਉਮਰ ਇਕ ਦੂਜੇ ਦੇ ਸਮਾਨਾਂਤਰ ਵਗਦੇ ਦਰਿਆ ਸਨ, ਜਿਹੜੇ ਇਕ ਦੂਜੇ ਵਿਚ ਆਪਣਾ ਪਾਣੀ ਪਾਉਂਦੇ ਰਹਿੰਦੇ ਸਨ। ਇਹ ਨਕਸਲੀ ਲਹਿਰ ਵੇਲੇ ਵੀ ਸੱਚ ਸੀ, ਤੇ 50 ਵਰ੍ਹੇ ਮਗਰੋਂ ਵਾਪਰੇ ਕਿਸਾਨ ਮੋਰਚੇ ਵੇਲ਼ੇ ਵੀ। ਪਾਤਰ ਦੇ ਜਾਣ ਮਗਰੋਂ ਉਨ੍ਹਾਂ ਦੀ ਕਵਿਤਾ ਦੇ ਸਨਮਾਨ ਵਿਚ ਬਰਨਾਲੇ ਵਿਚ ਖੱਬੀਆਂ ਧਿਰਾਂ ਵੱਲੋਂ ਕੀਤਾ ਦਸ ਹਜ਼ਾਰ ਤੋਂ ਵੱਧ ਬੰਦਿਆਂ ਦਾ ਇਕੱਠ ਏਹਦਾ ਸਬੂਤ ਹੈ।

ਪਰ ਉਸ ਇਕ ਖੱਬੀ ਧਿਰ ਵੱਲੋਂ ਪਾਤਰ ਦੇ ਜਾਣ ਮਗਰੋਂ ਪਾਤਰ ਵਿਰੁੱਧ ਕਹੇ ਉਪਰਲੇ ਸਖ਼ਤ ਸ਼ਬਦਾਂ 'ਤੇ ਹੈਰਾਨ ਵੀ ਨਹੀਂ ਹੋਣਾ ਚਾਹੀਦਾ। ਹਰ ਲਹਿਰ ਵਿਚ ਹਰ ਬੰਦਾ ਇਕੋ ਜਿਹੇ ਬੌਧਿਕ ਪੱਧਰ 'ਤੇ ਨਹੀਂ ਜੀਂਦਾ। ਕਈ ਲਹਿਰ ਦੇ ਸਿਧਾਂਤਾਂ ਨੂੰ ਬੇਪਰਵਾਹੀ ਨਾਲ਼ ਜੀਂਦੇ ਹਨ, ਕਈ ਪੂਰਣਤਾ ਨਾਲ, ਕਈ ਕੱਟੜਤਾ ਨਾਲ। ਏਹਦਾ ਅਰਥ ਇਹ ਵੀ ਨਹੀਂ ਕਿ ਜਿਨ੍ਹਾਂ ਨੇ ਉਹ ਸ਼ਬਦ ਕਹੇ ਹਨ, ਉਹ ਬੁਰੇ ਲੋਕ ਹਨ, ਜਾਂ ਖੱਬੀ ਲਹਿਰ ਪ੍ਰਤੀ ਇਮਾਨਦਾਰ ਨਹੀਂ। ਉਹ ਸ਼ਾਇਦ ਆਪਣੇ ਵੱਲੋਂ ਬਹੁਤ ਜ਼ਿਆਦਾ ਇਮਾਨਦਾਰ ਹਨ, ਇਸੇ ਲਈ ਅਜਿਹੀ Extreme Position 'ਤੇ ਜੀਂਦੇ ਅਤੇ ਸੋਚਦੇ ਹਨ।

*

ਖੱਬੀ ਧਿਰ ਦੇ ਇਕ ਹਿੱਸੇ ਨੇ ਪਾਤਰ ਦੀ ਵਿਰੋਧਤਾ ਕੀਤੀ। ਖ਼ੁਦ ਖੱਬੀ ਧਿਰ ਦੀ ਅਸੰਤੁਲਿਤ ਵਿਰੋਧਤਾ ਵੀ ਬਹੁਤ ਵਾਪਰੀ ਹੈ ਜੋ ਅੱਧਸੋਚੀ, ਨਾਵਾਜਬ ਅਤੇ ਮੌਕਾਪ੍ਰਸਤ ਵੀ ਹੈ। ਮੈਂ ਕਮਿਊਨਿਸਟ ਪਾਰਟੀ ਦਾ ਮੈਂਬਰ ਨਹੀਂ ਪਰ ਕੁਝ ਸਾਲ ਪਹਿਲਾਂ ਇਹ ਗੱਲ ਸੁਣ ਕੇ ਮੈਨੂੰ ਧੱਕਾ ਲੱਗਾ ਕਿ: ਪੰਜਾਬ ਵਿਚ ਹੁਣ ਕਿਸੇ ਨੂੰ ਗਾਲ੍ਹ ਕੱਢਣੀ ਹੋਵੇ ਤਾਂ ਉਹਨੂੰ ਕਾਮਰੇਡ ਕਹਿ ਦਿਓ! ਮੈਨੂੰ ਜਾਪਿਆ : ਕੀ ਅਸੀਂ ਵਿਚਾਰਧਾਰਾ ਫ਼ੈਸ਼ਨ ਵਾਂਗ ਬਦਲਦੇ ਹਾਂ ਜੋ ਅਜਕਲ੍ਹ ਕਾਮਰੇਡ ਹੋਣ ਦਾ ਫ਼ੈਸ਼ਨ ਨਹੀਂ ਰਿਹਾ? ਦੂਜੇ ਅਰਥਾਂ ਵਿਚ : ਸਾਨੂੰ ਪਤਾ ਹੀ ਨਹੀਂ ਕਿ ਸਾਡੀ ਵਿਚਾਰਧਾਰਕ ਚਮੜੀ ਕਿਹੜੀ ਸੂਝ ਦੀ ਬਣੀ ਹੋਈ ਹੈ?

ਖੱਬੀ-ਧਿਰ ਦੀ ਅਸੰਤੁਲਿਤ ਆਲੋਚਨਾ ਦੀ ਇਕ ਉਦਾਹਰਣ ਅੰਮ੍ਰਿਤਸਰੋਂ ਛਪੇ ਨਵੇਂ ਪਰਚੇ 'ਸੁਰਤਿ' ਵਿਚ ਛਪੀ ਮੁੱਖ ਮੁਲਾਕਾਤ ਹੈ। ਇਸ ਮੁਲਾਕਾਤ ਦੇ ਇਹ ਸ਼ਬਦ ਸੋਸ਼ਲ ਮੀਡੀਆ 'ਤੇ ਕਾਫ਼ੀ ਪ੍ਰਚੱਲਤ ਹੋਏ: "ਪੰਜਾਬ ਦੇ ਲੈਫ਼ਟ ਨੇ ਪੰਜਾਬ ਨੂੰ ਨਾ ਮਾਨਸਿਕ ਤੌਰ 'ਤੇ ਅਤੇ ਨਾ ਬੌਧਿਕ ਤੌਰ 'ਤੇ ਸਮਝਿਆ ਹੈ। ਉਨ੍ਹਾਂ ਨੇ ਤਾਂ ਮਾਰਕਸਵਾਦ ਨੂੰ ਵੀ ਨਹੀਂ ਸਮਝਿਆ। ਪੰਜਾਬ ਨਾਲ ਜੋ ਅਨਿਆਂ ਲੈਫ਼ਟ ਨੇ ਕੀਤਾ ਉਹ ਜੜ੍ਹ ਹੋ ਚੁੱਕੀ ਸੋਚ ਕਰਕੇ ਕੀਤਾ'।

ਇਸ ਬਿਆਨ ਵਿਚ "ਅਨਿਆਂ" ਸ਼ਬਦ ਵੱਡਾ ਅਤੇ ਭਾਰਾ ਹੈ।

ਅਗਲੀ ਗੱਲ ਕਰਨੋਂ ਪਹਿਲਾਂ ਇਸ ਮੁਲਾਕਾਤ ਵਿਚ ਕਹੀਆਂ ਚੰਗੀਆਂ ਗੱਲਾਂ ਦੀ ਪ੍ਰਸ਼ੰਸਾ ਕਰ ਲਈਏ। ਲੇਖਕ ਨੇ ਪਦਾਰਥਵਾਦੀ ਕਾਰਪੋਰੇਟ ਵਰਤਾਰੇ ਦੇ ਮਨੁੱਖ ਦੀ ਮਨੁੱਖਤਾ, ਵਿਦਿਆ, ਵਿਚਾਰ, ਜੜ੍ਹਾਂ, ਜੀਵਨ-ਜਾਚ, ਅਤੇ ਬੌਧਿਕਤਾ 'ਤੇ ਪੈ ਰਹੇ ਪ੍ਰਭਾਵ ਨੂੰ ਨੀਝ ਨਾਲ ਬਿਆਨਿਆ ਹੈ। ਪੂੰਜੀ-ਤੰਤਰ ਦੀ ਅਸੀਮ ਤਾਕਤ ਦਾ ਸਹੀ ਜ਼ਿਕਰ ਕੀਤਾ ਹੈ। ਦੂਜਾ - ਉਹਨੇ ਲੇਖਕ ਅਤੇ ਸ਼ਬਦ-ਪੁਰਸ਼ ਵਿਚ ਫ਼ਰਕ ਸਮਝਾਇਆ ਹੈ। ਪੰਜਾਬੀ ਸਾਹਿਤ ਅਤੇ ਲੇਖਕ ਦੇ ਨਿਘਾਰ ਦੇ ਕਾਰਨਾਂ ਦਾ ਬਿਆਨ ਕੀਤਾ ਹੈ। ਤੀਜਾ : ਧਰਮ ਨੂੰ ਤਲਾਸ਼ਕਾਰੀ ਨਾਲ ਖ਼ੂਬਸੂਰਤੀ ਸਹਿਤ ਜੋੜਿਆ ਹੈ। ਚੌਥਾ : ਕਿਰਤ ਨੂੰ ਮਨੁੱਖ ਦੀ ਸਵੈ-ਸੱਤਾ ਦਾ ਰਾਹ ਦੱਸਿਆ ਹੈ ਪਰ ਪੰਜਾਬ ਵਿਚ ਇਸ ਬਿਰਤਾਂਤ ਦੀ ਅਸਫ਼ਲਤਾ ਲਈ ਅੰਗਰੇਜ਼ੀ ਰਾਜ ਦੀ ਚਾਲਬਾਜ਼ੀ ਨੂੰ ਸਹੀ ਦੋਸ਼ੀ ਠਹਿਰਾਇਆ ਹੈ। ਪੰਜਵਾਂ : ਪੰਜਾਬੀ ਬੰਦੇ ਦਾ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦਾ ਤਰਲਾ ਦਰਸਾਇਆ ਹੈ। ਸੁਖਦਾਈ ਪਰਵਾਸ ਅੰਦਰ ਵੀ ਵਾਪਰਦੀ ਟੁੱਟ-ਭੱਜ ਦੀ ਜੜ੍ਹ ਨੂੰ ਪਛਾਣਿਆ ਹੈ। ਇਹ ਉਸ ਲੇਖਕ ਦੀਆਂ ਕਹੀਆਂ ਸਹੀ ਗੱਲਾਂ ਹਨ।

ਪਰ ਇਸ ਮੁਲਾਕਾਤ ਵਿਚ ਚਲਾਕੀ ਨਾਲ ਕੁਝ ਹਕੀਕਤਾਂ ਤੋਂ ਪਾਸਾ ਵੱਟਿਆ ਗਿਆ ਹੈ। ਲੇਖਕ ਸ਼ਿਵ ਕੁਮਾਰ ਨੂੰ ਤਾਂ 'ਰੋਸ਼ਨੀ ਦਾ ਦੂਤ' ਗਿਣਦਾ ਹੈ, ਸੁਰਜੀਤ ਪਾਤਰ ਨੂੰ ਨਹੀਂ। ਹੋ ਸਕਦਾ ਹੈ ਕਿਸੇ ਨੂੰ ਸ਼ਿਵ ਕੁਮਾਰ ਦੀ ਕਾਵਿਕ ਸਮਰੱਥਾ ਅਤੇ ਭਾਸ਼ਾਈ-ਸੂਝ ਸੁਰਜੀਤ ਪਾਤਰ ਤੋਂ ਵੱਡੀ ਜਾਪੇ, ਪਰ ਪਾਤਰ ਦੀ ਪੰਜਾਬ ਨੂੰ ਬੌਧਿਕ ਦੇਣ ਸ਼ਿਵ ਕੁਮਾਰ ਤੋਂ ਵਡੇਰੀ ਅਤੇ ਵੱਧ-ਦਿਸ਼ਾਵੀ ਹੈ। ਇਹੀ ਲੇਖਕ ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਪੂਰਨ ਸਿੰਘ, ਭਾਈ ਵੀਰ ਸਿੰਘ ਨੂੰ ਤਾਂ ਪੰਜਾਬੀ ਪਾਠਕ ਪੈਦਾ ਕਰਨ ਦਾ ਸਿਹਰਾ ਦਿੰਦਾ ਹੈ, ਪਰ ਮੋਹਨ ਸਿੰਘ ਜਾਂ ਅੰਮ੍ਰਿਤਾ ਪ੍ਰੀਤਮ ਨੂੰ ਨਹੀਂ ਜਦ ਕਿ 'ਪੰਜ ਦਰਿਆ' ਅਤੇ 'ਨਾਗਮਣੀ' ਨੇ ਵੀ ਪੰਜਾਬੀ ਵਿਚ ਬਹੁਤ ਸਾਰੇ ਪਾਠਕ ਹੀ ਨਹੀਂ, ਲੇਖਕ ਵੀ ਪੈਦਾ ਕੀਤੇ। ਅੰਮ੍ਰਿਤਾ ਦੀ ਨਿਜੀ ਜੀਵਨ ਸ਼ੈਲੀ ਨਾਲ ਕਿਸੇ ਨੂੰ ਇਤਰਾਜ਼ ਵੀ ਹੋ ਸਕਦਾ ਹੈ, ਉਸਦੀ ਲੇਖਣੀ ਲੋੜੋਂ ਵੱਧ ਭਾਵੁਕ ਵੀ ਜਾਪ ਸਕਦੀ ਹੈ, ਪਰ ਅੰਮ੍ਰਿਤਾ ਦੀ ਲਿਖ਼ਤ ਨੂੰ ਧਿਆਨ ਨਾਲ ਅਤੇ ਪੂਰੀ ਤਰ੍ਹਾਂ ਪੜ੍ਹਨ ਵਾਲਾ ਬੰਦਾ ਇਸਤ੍ਰੀ ਦਾ ਅਪਮਾਨ ਨਹੀਂ ਕਰ ਸਕਦਾ। ਜੇ ਕੋਈ ਲੇਖਕ ਜੀਵਨ ਵਿਚ ਏਨਾ ਕੰਮ ਵੀ ਕਰ ਜਾਵੇ ਤਾਂ ਕੀ ਉਹਨੂੰ ਵੱਡਾ ਨਹੀਂ ਗਿਣਨਾ ਚਾਹੀਦਾ? ਕੀ ਉਹ ਵੀ ਰੋਸ਼ਨੀ ਦਾ ਦੂਤ ਕਹਾਉਣ ਦਾ ਹੱਕਦਾਰ ਨਹੀਂ?

*


ਉਸ ਲੇਖਕ ਦੀ ਟੂਕ ਨੂੰ ਦੁਬਾਰਾ ਪੜ੍ਹਦੇ ਹਾਂ :

"ਪੰਜਾਬ ਦੇ ਲੈਫ਼ਟ ਨੇ ਪੰਜਾਬ ਨੂੰ ਨਾ ਮਾਨਸਿਕ ਤੌਰ ਅਤੇ ਨਾ ਬੌਧਿਕ ਤੌਰ 'ਤੇ ਸਮਝਿਆ ਹੈ। ਉਹਨੇ ਤਾਂ ਮਾਰਕਸਵਾਦ ਨੂੰ ਵੀ ਨਹੀਂ ਸਮਝਿਆ। ਲੈਫ਼ਟ ਨੇ ਤੈਅਸ਼ੁਦਾ ਥਿਰ ਮਾਡਲ ਦੀ ਨਜ਼ਰ ਤੋਂ ਧਰਮ ਨੂੰ ਸਮਝਿਆ। ਮੈਂ ਕਹਿਨਾਂ ਸਿੱਖੀ ਨੂੰ ਸਿਰਫ਼ ਧਰਮ ਤਕ ਸੀਮਤ ਨਾ ਰੱਖੋ। ਸਿੱਖੀ ਇਤਿਹਾਸਕ ਘਟਨਾਵਾਂ ਦੀ ਸਟਰੱਕਚਰ ਵੀ ਹੈ। ਜਿਹੜੀਆਂ ਚੀਜ਼ਾਂ ਪੰਜਾਬੀ ਬੰਦੇ ਦੇ ਅੰਦਰ ਰਮੀਆਂ ਹੋਈਆਂ ਨੇ, ਉਹਦੇ ਸਭਿਆਚਾਰਕ ਅਵਚੇਤਨ ਦਾ ਹਿੱਸਾ ਨੇ, ਉਹਨੂੰ ਅਣਗੌਲਿਆਂ ਕਰਕੇ ਆਪਣੀ ਰੱਟ ਨਾ ਲਗਾਈ ਜਾਉ। ਅਜਿਹਾ ਲੈਫ਼ਟ ਨੇ ਕੀਤਾ। ਪੰਜਾਬ ਨਾਲ ਜੋ ਅਨਿਆਂ ਲੈਫ਼ਟ ਨੇ ਕੀਤਾ, ਉਹ ਜੜ੍ਹ ਹੋ ਚੁੱਕੀ ਸੋਚ ਕਰਕੇ ਕੀਤਾ"।

ਪਹਿਲੀ ਗੱਲ : ਇਹ ਸਹੀ ਹੈ ਕਿ ਖੱਬੀ ਧਿਰ ਨੇ ਸਿੱਖੀ ਨੂੰ ਮਾਰਕਸਵਾਦ ਨਾਲ ਗੁੰਨ੍ਹੇ



**ਸੁਰਜੀਤ ਪਾਤਰ**



**ਗੁਰਬਚਨ ਸਿੰਘ**

(Amalgamate ਕੀਤੇ) ਬਿਨਾਂ ਹੀ ਲਹਿਰ ਵਿੱਢ ਲਈ। ਜਿਹੜਾ ਸੰਘਰਸ਼ ਉਹ ਕਰਨਾ ਚਾਹੁੰਦੇ ਸਨ, ਉਹਦੇ ਬੀਜ ਸਿੱਖ/ਪੰਜਾਬੀ ਇਤਿਹਾਸ ਵਿਚ ਪਹਿਲਾਂ ਹੀ ਪਏ ਸਨ, ਪਰ ਉਨ੍ਹਾਂ ਵਰਤੇ ਨਾ। ਉਨ੍ਹਾਂ ਨੇ ਮਾਰਕਸਵਾਦ ਨੂੰ Import ਕਰ ਕੇ ਜਿਉਂ ਦਾ ਤਿਉਂ ਲਾਗੂ ਕਰਨ ਦਾ ਯਤਨ ਕੀਤਾ ਜਿਸਦਾ ਇਹ ਨੁਕਸਾਨ ਹੋਇਆ ਕਿ ਉਹਦੀ ਜੜ੍ਹ ਪੰਜਾਬ ਦੀ ਧਰਤੀ ਵਿਚ ਸਹਿਜ ਸੁਭਾਏ ਨਾ ਲੱਗੀ। ਪੰਜਾਬ ਦੀਆਂ ਕੰਧਾਂ 'ਤੇ ਲਾਲ ਰੰਗ ਵਿਚ ਲਿਖੇ ਸ਼ਬਦ - ਪ੍ਰੋਲੋਤਾਰੀ ਦੀ ਏਕਤਾ, ਜਾਂ ਬੁਰਜੁਆਜ਼ੀ ਮੁਰਦਾਬਾਦ - ਪੜ੍ਹੇ ਲਿਖੇ ਲੋਕਾਂ ਨੂੰ ਵੀ ਸਮਝ ਨਾ ਆਏ।

ਪਰ ਗ਼ਲਤੀ ਕਰਨ ਅਤੇ ਅਨਿਆਂ ਕਰਨ ਵਿਚ ਫ਼ਰਕ ਹੈ। ਜੇ ਖੱਬੇ-ਪੱਖ ਦੇ ਪੰਜਾਬ ਵਿਚ ਕੀਤੇ ਕੰਮ ਨੂੰ ਅਨਿਆਂ ਕਹਿਣਾ ਹੈ ਤਾਂ ਫ਼ਿਰ ਮੋਦੀ-ਯੋਗੀ-ਸ਼ਾਹ-ਆਰ.ਐਸ.ਐਸ ਦੀ ਦੇਸ਼-ਭਰ ਵਿਚ ਵਿੱਢੀ ਹੋਈ ਮੌਜੂਦਾ Systematic Institutional Strangulation ਨੂੰ ਕੀ ਕਹੋਗੇ? ਉਨ੍ਹਾਂ ਵੱਲੋਂ ਲੋਕਰਾਜ ਵਿਚ ਨਿਆਂ ਲੈਣ ਦੀ ਆਖ਼ਰੀ ਠਾਹਰ ਅਦਾਲਤਾਂ ਨੂੰ ਵੀ ਢਹਿ-ਢੇਰੀ ਕਰ ਦੇਣ ਦੇ ਕੁਕਰਮ ਨੂੰ ਕੀ ਕਹੋਗੇ? ਫ਼ਿਰ ਸੰਨ 84-ਦਿੱਲੀ ਜਾਂ 2002-ਗੁਜਰਾਤ ਜਾਂ 2023-ਮਨੀਪੁਰ ਦੀ ਨਸਲਕੁਸ਼ੀ ਨੂੰ ਕੀ ਕਹੋਗੇ?

*

ਉਸ ਲੇਖਕ ਦਾ ਇਹੀ ਉਪਰਲਾ ਬਿਆਨ ਪੰਜਾਬ ਦੀ ਸੱਜੀ ਧਿਰ ਬਾਰੇ ਵੀ ਦਿੱਤਾ ਜਾ ਸਕਦਾ ਹੈ। ਜੇ ਉਪਰਲੀ ਟੂਕ ਵਿਚ ਸ਼ਬਦ 'ਲੈਫ਼ਟ' ਨੂੰ 'ਖਾੜਕੂਆਂ', ਅਤੇ 'ਮਾਰਕਸਵਾਦ' ਨੂੰ 'ਸਿੱਖੀ' ਨਾਲ ਬਦਲ ਕੇ ਪੜ੍ਹਿਆ ਜਾਵੇ ਤਾਂ ਏਦਾਂ ਹੋਵੇਗਾ :

'ਪੰਜਾਬ ਦੇ ਖਾੜਕੂਆਂ ਨੇ ਪੰਜਾਬ ਨੂੰ ਨਾ ਮਾਨਸਿਕ ਤੌਰ 'ਤੇ ਸਮਝਿਆ ਹੈ ਨਾ ਬੌਧਿਕ ਤੌਰ 'ਤੇ। ਉਨ੍ਹਾਂ ਨੇ ਤਾਂ ਸਿੱਖੀ ਨੂੰ ਵੀ ਨਹੀਂ ਸਮਝਿਆ। ਖਾੜਕੂਆਂ ਨੇ ਤੈਅਸ਼ੁਦਾ ਥਿਰ (ਹਥਿਆਰਬੰਦ) ਮਾਡਲ ਦੀ ਨਜ਼ਰ ਤੋਂ ਧਰਮ ਨੂੰ ਸਮਝਿਆ। ਮੈਂ ਕਹਿਨਾਂ ਸਿੱਖੀ ਨੂੰ ਸਿਰਫ਼ ਧਰਮ ਤਕ ਸੀਮਤ ਨਾ ਰੱਖੋ। ਸਿੱਖੀ ਇਤਿਹਾਸਕ ਘਟਨਾਵਾਂ ਦੀ ਸਟਰੱਕਚਰ ਵੀ ਹੈ। ਜਿਹੜੀਆਂ ਚੀਜ਼ਾਂ (ਨਿਰਭਉ ਨਿਰਵੈਰ, ਭਾਈਚਾਰਕ ਏਕਤਾ, ਸਰਬੱਤ ਦਾ ਭਲਾ) ਪੰਜਾਬੀ ਬੰਦੇ ਦੇ ਅੰਦਰ ਰਮੀਆਂ ਹੋਈਆਂ ਨੇ, ਉਹਦੇ ਸਭਿਆਚਾਰਕ ਅਵਚੇਤਨ ਦਾ ਹਿੱਸਾ ਨੇ, ਉਹਨੂੰ ਅਣਗੌਲਿਆਂ ਕਰਕੇ ਆਪਣੀ ਰੱਟ ਨਾ ਲਗਾਈ ਜਾਉ। ਅਜਿਹਾ ਖਾੜਕੂ ਲਹਿਰ ਨੇ ਕੀਤਾ। ਪੰਜਾਬ ਨਾਲ ਜੋ ਅਨਿਆਂ ਸੱਜੇ ਖਾੜਕੂਵਾਦ ਨੇ ਕੀਤਾ, ਉਹ ਜੜ੍ਹ ਹੋ ਚੁੱਕੀ ਸੋਚ ਕਰਕੇ ਕੀਤਾ"।

ਗੱਲ ਤਾਂ ਇਹ ਵੀ ਵਾਜਬ ਜਾਪਦੀ ਹੈ, ਪਰ 'ਸੁਰਤਿ' ਪਰਚੇ ਦੀ ਮੁਲਾਕਾਤ ਦਾ ਮੁੱਖ ਲੇਖਕ ਏਹ ਗੱਲ ਨਹੀਂ ਕਹੇਗਾ। ਕਿਉਂ? ਸ਼ਾਇਦ ਏਸ ਲਈ ਕਿ ਪੰਜਾਬ ਦੀ ਸੱਜੀ ਖਾੜਕੂ ਧਿਰ ਹੱਥੋਂ ਮਾਰੇ ਜਾਣ ਦਾ ਡਰ ਅਜੇ ਵੀ ਬਰਕਰਾਰ ਹੈ ਜਦ ਕਿ ਖੱਬੇ ਪੰਜਾਬੀ ਕਾਮਰੇਡ ਹੁਣ ਕਿਸੇ ਦਾ ਕੁਝ ਵਿਗਾੜਣ ਜੋਗੇ ਨਹੀਂ ਰਹੇ, ਇਸ ਲਈ ਕੁਝ ਵੀ ਆਖਣ ਲਈ 'ਸੇਫ਼ ਟਾਰਗੈਟ' ਹਨ। 'ਸੁਰਤਿ' ਪਰਚੇ ਵਿਚ ਛਪੀ ਲੰਮੀ ਗੱਲਬਾਤ ਦੌਰਾਨ ਲੇਖਕ ਨੇ ਪੰਜਾਬ ਦੀ ਅਜੋਕੀ ਬਰਬਾਦੀ ਵਾਸਤੇ ਪੰਜਾਬ ਵਿਚ ਫੈਲੀ ਅੱਤਵਾਦੀ ਲਹਿਰ ਦੇ ਪ੍ਰਭਾਵ ਦਾ ਮਾਮੂਲੀ ਜ਼ਿਕਰ ਵੀ ਨਹੀਂ ਕੀਤਾ। ਨਾ ਹੀ ਉਹ ਦਿੱਲੀ ਸਰਕਾਰਾਂ ਦੀ ਪਾਲਸੀ ਨੂੰ ਪੰਜਾਬ ਦੇ ਦੁੱਖਾਂ ਵਾਸਤੇ ਕਿਤੇ ਨਿੰਦਦਾ ਹੈ। ਅਜਿਹਾ ਅੱਧਾ ਸੱਚ ਲਿਖਣਾ ਚੰਗੀ ਗੱਲ ਨਹੀਂ। ਜੇ ਪਰਖ ਕਰਨ ਹੀ ਲੱਗੇ ਹੋ ਤਾਂ ਪੂਰੀ ਪੂਰੀ ਕਰੋ, ਸੰਤੁਲਿਤ ਕਰੋ, ਅਤੇ ਹਿੰਮਤ ਕਰਕੇ ਸਭਨਾਂ ਦੀ ਹੀ ਕਰੋ। ਮੁਲਾਕਾਤ ਵਿਚ ਲੇਖਕ ਦਾ ਮੁੱਖਵਾਕ ਹੈ : 'ਮੇਰੀ ਲਿਖ਼ਤ ਪਿੱਛੇ ਅਜਿਹਾ ਬੰਦਾ ਹੈ ਜਿਸਨੇ ਜ਼ੋਖਮ-ਦਰ-ਜ਼ੋਖਮ ਉਠਾਇਆ ਹੈ'। ਜੇ 'ਜ਼ੋਖਮ' ਉਠਾਉਣਾ ਸੀ ਤਾਂ ਫ਼ਿਰ ਸਾਰਾ ਹੀ ਉਠਾਅ ਲੈਣਾ ਸੀ …!

ਇਸ ਕਰਕੇ ਲੇਖਕ ਦੀ ਦ੍ਰਿਸ਼ਟੀ ਸਹੀ ਦਿਸ਼ਾ ਵਿਚ ਹੁੰਦਿਆਂ ਵੀ ਉਹਦਾ ਦ੍ਰਿਸ਼ਟੀਕੋਣ ਗ਼ਲਤ ਹੈ - ਕਿਉਂਕਿ ਇਕ-ਤਰਫ਼ਾ ਹੈ। ਗੋਲ ਧਰਤੀ ਨੂੰ ਇਕੋ ਵੇਲੇ ਪੂਰੀ ਤਰ੍ਹਾਂ ਚਾਨਣਾ ਕਰਨਾ ਹੋਵੇ ਤਾਂ ਦੋ ਸੂਰਜ ਚਾਹੀਦੇ ਹਨ ਜਿਹੜੇ ਇਕ ਦੂਜੇ ਤੋਂ ਉਲਟ ਖੜ੍ਹੇ ਹੋਣ। ਕਿਸੇ ਵੀ ਪੁਸਤਕ, ਲੇਖਕ, ਜਾਂ ਕਿਸੇ ਲਹਿਰ ਦੀ ਕੁੱਲ-ਦੇਣ ਬਾਰੇ ਗੱਲ ਕਰੀਏ ਤਾਂ ਉਸ ਵਿਚ ਗੁਣ ਤੇ ਔਗੁਣ, ਪ੍ਰਾਪਤੀਆਂ ਤੇ ਕਮੀਆਂ - ਦੋਹਾਂ ਦਾ ਜ਼ਿਕਰ ਹੁੰਦਾ ਹੈ, ਹੋਣਾ ਚਾਹੀਦਾ ਹੈ। ਜਿਸ ਵੀ ਆਲੋਚਨਾ ਵਿਚ ਸਿਰਫ਼ ਪ੍ਰਸ਼ੰਸਾ ਜਾਂ ਸਿਰਫ਼ ਨਿੰਦਾ ਹੋਵੇ, ਉਹ ਇਕ ਅੱਖ ਨਾਲ ਵੇਖ਼ ਕੇ ਲਿਖ਼ੀ ਹੁੰਦੀ ਹੈ। ਆਮ ਬੰਦੇ ਕੋਲ ਇਕ ਅੱਖ ਹੁੰਦੀ ਹੈ, ਲੇਖਕ ਕੋਲ ਦੋਵੇਂ ਹੋਣੀਆਂ ਚਾਹੀਦੀਆਂ, ਅਤੇ ਆਲੋਚਕ ਦੀ ਤਾਂ ਤੀਜੀ ਅੱਖ ਵੀ ਖੁੱਲ੍ਹੀ ਹੋਣੀ ਚਾਹੀਦੀ ਹੈ।

'ਪੰਜਾਬ ਨਾਲ ਜੋ ਅਨਿਆਂ ਲੈਫ਼ਟ ਨੇ ਕੀਤਾ' - ਅਜਿਹੀ ਅੱਧੀ-ਸੱਚੀ Blanket Statement ਨਾਲ ਸਨਸਨੀ ਫ਼ੈਲਾਅ ਕੇ ਆਪਾਂ ਵਿਚਾਰਧਾਰਕ ਦਾਇਰਿਆਂ ਵਿਚ ਸਭ ਦਾ ਧਿਆਨ ਤਾਂ ਆਪਣੇ ਵੱਲ ਖਿੱਚ ਸਕਦੇ ਹਾਂ, ਕੁਝ ਸਾਲਾਂ ਦੀ ਗੁਮਨਾਮੀ ਮਗਰੋਂ ਕੁਝ ਹਫ਼ਤਿਆਂ ਲਈ ਸੋਸ਼ਲ ਮੀਡੀਆ 'ਤੇ ਪ੍ਰਸਿੱਧ ਵੀ ਹੋ ਸਕਦੇ ਹਾਂ, ਪਰ ਸਮੁੱਚੇ ਵਰਤਾਰੇ ਬਾਰੇ ਦੂਜਿਆਂ ਨੂੰ ਚੇਤੰਨ ਨਹੀਂ ਕਰਦੇ। ਅਜਿਹੇ ਬਿਆਨ ਸਾਡਾ ਇਕ ਪਾਸਾ ਚਾਨਣਾ ਤੇ ਦੂਜਾ ਪਾਸਾ ਹਨੇਰਾ ਕਰਦੇ ਜਾਂਦੇ ਹਨ। ਅੱਧਾ ਸੱਚ - ਝੂਠ ਨਾਲ਼ੋਂ ਵੱਧ ਖ਼ਤਰਨਾਕ ਹੈ। ਝੂਠ ਨੂੰ ਬੰਦਾ ਦੇਰ ਸਵੇਰ ਪਛਾਣ ਸਕਦਾ ਹੈ, ਛੱਡ ਸਕਦਾ ਹੈ। ਅੱਧੇ ਸੱਚ ਦੀ ਕੁੜਿੱਕੀ ਵਿਚ ਫ਼ਸਿਆ ਬੰਦਾ - ਅੱਧੇ-ਸੱਚ ਨਾਲ ਜੁੜੇ ਅਣਦਿਸਦੇ ਅੱਧੇ ਝੂਠ ਦੀ ਬੁਰਕੀ ਵੀ ਵਿਸ਼ਵਾਸ ਨਾਲ ਖਾ ਜਾਂਦਾ ਹੈ। ਉਹਦੀ ਸਮਝ ਵਿਚ ਭੁਲੇਖੇ ਦਾ ਜ਼ਹਿਰ ਫ਼ੈਲ ਜਾਂਦਾ ਹੈ। ਇਸ ਲਈ ਚਲਾਕ ਬੰਦੇ ਕਦੀ ਵੀ ਪੂਰਾ ਝੂਠ ਨਹੀਂ ਬੋਲਦੇ। ਪਹਿਲਾਂ ਉਹ ਥੋੜ੍ਹਾ ਜਿਹਾ ਸੱਚ ਬੋਲਦੇ ਹਨ, ਫ਼ਿਰ ਜਦੋਂ ਅਸੀਂ ਅਵੇਸਲੇ ਹੋ ਜਾਂਦੇ ਹਾਂ, ਉਨ੍ਹਾਂ ਦੀ ਗੱਲ 'ਤੇ ਯਕੀਨ ਕਰਨ ਲੱਗ ਜਾਂਦੇ ਹਾਂ, ਤਾਂ ਮਨ-ਮਰਜ਼ੀ ਦਾ ਝੂਠ ਉਸੇ ਬਿਆਨ ਵਿਚ ਸਰਕਾਅ ਦਿੰਦੇ ਹਨ। ਪੰਜਾਬ ਵਿਚ ਕਈ 'ਸਿੱਖ-ਚਿੰਤਕ' ਅਤੇ ਦਿੱਲੀ ਜਾਂ ਦੇਸ਼-ਭਰ ਵਿਚ ਕਈ 'ਹਿੰਦੂਵਾਦੀ' ਇਹ ਵਿਧੀ ਬੜੀ ਨਿਪੁੰਨਤਾ ਨਾਲ਼ ਵਰਤ ਰਹੇ ਹਨ, ਤੇ ਇਉਂ ਇਕ ਦੂਜੇ ਦੀ ਸਿਆਸੀ ਮਦਦ ਕਰ ਰਹੇ ਹਨ।

*

ਕਾਮਰੇਡਾਂ ਨੇ ਰੱਬ ਦੇ ਹੋਣ ਤੋਂ ਨਾਂਹ ਕੀਤੀ ਅਤੇ ਧਾਰਮਿਕ ਕਰਮ-ਕਾਂਡ ਨੂੰ ਦੁਰਕਾਰਿਆ। ਪਰ ਉਨ੍ਹਾਂ ਨੇ ਧਰਮ ਨਾਲ ਛੇੜ-ਛਾੜ ਤਾਂ ਨਹੀਂ ਕੀਤੀ। ਨਾ ਏਹਦੇ ਮਨ-ਮਰਜ਼ੀ ਦੇ ਅਰਥ ਕੱਢੇ। ਨਾ ਧਰਮ ਨੂੰ ਨਿੱਜੀ ਲਾਭ ਲਈ ਵਰਤਿਆ। ਨਾ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾਇਆ। ਕੀ ਏਸ ਗੱਲ ਦਾ ਆਦਰ ਕਰਨਾ ਨਹੀਂ ਬਣਦਾ? ਕੀ ਏਸ ਗੱਲ ਨੂੰ ਵੀ ਖੱਬੇ-ਪੱਖੀਆਂ ਦਾ ਪੰਜਾਬ ਨਾਲ ਕੀਤਾ ਅਨਿਆਂ ਕਹੋਗੇ?

ਜਿਨ੍ਹਾਂ ਨੇ ਧਰਮ ਦੀ ਗੱਲ ਕੀਤੀ ਉਨ੍ਹਾਂ ਵਿਚੋਂ ਕਈਆਂ ਨੇ ਧਰਮ ਨਾਲ, ਪੰਜਾਬ ਦੀ ਧਾਰਮਿਕ ਮਾਨਸਿਕਤਾ ਨਾਲ, ਅਤੇ ਸਿਹਤਮੰਦ ਧਾਰਮਿਕ ਵਿਸ਼ਵਾਸਾਂ ਨਾਲ ਵਧੇਰੇ ਧੱਕਾ ਕੀਤਾ ਹੈ। ਸ. ਪ੍ਰਕਾਸ਼ ਸਿੰਘ ਬਾਦਲ ਦੀ ਇਹ ਸਿਫ਼ਤ ਰਹੀ ਕਿ ਉਨ੍ਹਾਂ ਦੇ ਜਨਸੰਘ (ਅਤੇ ਬਾਅਦ ਵਿਚ ਭਾਰਤੀ ਜਨਤਾ ਪਾਰਟੀ) ਨਾਲ ਰਲ਼ ਕੇ ਸਰਕਾਰ ਬਣਾਉਣ ਨੇ ਪੰਜਾਬ ਦੇ ਸਿੱਖ ਅਤੇ ਹਿੰਦੂ ਤਬਕੇ ਨੂੰ ਸਿਆਸੀ ਤੌਰ 'ਤੇ ਨੇੜੇ ਨੇੜੇ ਰੱਖਿਆ। ਇਨ੍ਹਾਂ ਸਰਕਾਰਾਂ ਨੇ ਲੋਕਾਂ ਲਈ ਚੰਗਾ ਕੰਮ ਨਹੀਂ ਕੀਤਾ, ਪਰ ਪੰਜਾਬੀ ਸੂਬੇ ਦੀ ਕਾਇਮੀ ਵੇਲ਼ੇ ਪੈਦਾ ਹੋਈ ਹਿੰਦੂ-ਸਿੱਖ ਫ਼ੁੱਟ ਨੂੰ ਮੱਧਮ ਜ਼ਰੂਰ ਕੀਤਾ ਜੋ ਚੰਗੀ ਗੱਲ ਸੀ। ਪਰ ਬਾਦਲ ਹੁਰਾਂ ਦਾ ਸਭ ਤੋਂ ਭਿਆਨਕ ਕੰਮ ਸੀ - ਆਪਣੀ ਸਿਆਸੀ ਤਾਕਤ ਬਣਾਈ ਰੱਖਣ ਖ਼ਾਤਰ ਅਕਾਲ ਤਖ਼ਤ ਦੇ ਜਥੇਦਾਰ ਨੂੰ ਤਨਖ਼ਾਹਦਾਰ ਨੌਕਰ ਬਣਾਉਣ ਦੀ ਹੈਸੀਅਤ ਵਿਚ ਲੈ ਆਉਣਾ। ਅੱਜ ਦੀ ਤਾਰੀਖ਼ ਵਿਚ ਅਕਾਲ ਤਖ਼ਤ ਦੇ ਜਥੇਦਾਰ ਕੋਈ ਹੁਕਮਨਾਮਾ ਜਾਰੀ ਕਰਨ ਤਾਂ 50 ਸਾਲ ਪਹਿਲਾਂ ਨਾਲੋਂ ਕਿਤੇ ਥੋੜ੍ਹੇ ਸਿੱਖ ਅੱਜ ਉਹਦੀ ਪਰਵਾਹ ਕਰਨਗੇ। ਸਿੱਖਾਂ ਨੇ ਅੱਜ ਆਪਣੇ ਧਰਮ ਦੇ ਕਿਸੇ ਮਾਮਲੇ 'ਤੇ ਨਿਰਪੱਖ, ਅਕਲਮੰਦ, ਸੰਤੁਲਿਤ, ਨਵੀਂ, ਅਗਾਂਹਵਧੂ ਅਤੇ ਦਲੇਰ ਦਿਸ਼ਾ ਚੁਣਨੀ ਹੋਵੇ ਜਾਂ ਪੁਰਾਣੇ ਤਰੀਕਿਆਂ ਵਿਚ ਤਬਦੀਲੀ ਕਰਨੀ ਹੋਵੇ ਤਾਂ ਨਿਰਦੇਸ਼ ਦੇਣ ਵਾਲੀ ਕੋਈ ਸਾਂਝੀ, ਸਿਆਣੀ, ਸੰਤੁਲਿਤ ਅਤੇ ਸਹੀ ਅਥਾਰਿਟੀ ਨਹੀਂ ਬਚੀ। ਏਸ ਨੂੰ ਕੈਥੋਲਿਕ ਚਰਚ ਦੇ ਮੌਜੂਦਾ ਪੋਪ ਫ੍ਰਾਂਸਿਸ ਦੀ ਸੋਚ ਅਤੇ 'ਹੁਕਮਨਾਮਿਆਂ' ਨਾਲ ਤੁਲਨਾ ਕਰਕੇ ਵੇਖੋ :

ਲਗਭਗ ਦੋ ਹਜ਼ਾਰ ਸਾਲਾਂ ਤੋਂ ਇਸਾਈਅਤ ਦਾ ਵਿਸ਼ਵਾਸ ਹੈ ਕਿ ਰੱਬ ਨੇ ਛੇ ਦਿਨਾਂ ਵਿਚ ਸਾਰੀ ਸ੍ਰਿਸ਼ਟੀ ਰਚ ਦਿੱਤੀ, ਸੱਤਵੇਂ ਦਿਨ ਆਰਾਮ ਫ਼ਰਮਾਇਆ। ਪਰ ਵਧੇਰੇ ਪੱਛਮ ਹੁਣ ਚਾਰਲਸ ਡਾਰਵਿਨ ਦੇ ਵਿਗਿਆਨਕ ਜੀਵ-ਵਿਕਾਸ ਸਿਧਾਂਤ (Evolution) ਵਿਚ ਭਰੋਸਾ ਰਖਦਾ ਹੈ ਕਿ ਸ੍ਰਿਸ਼ਟੀ ਲੱਖਾਂ ਸਾਲਾਂ ਵਿਚ ਸਾਧਾਰਣ ਅਣੂਆਂ ਦੇ ਜੋੜ ਤੋਂ ਕਦਮ-ਦਰ-ਕਦਮ ਜੀਵਨ ਦੀ ਮੌਜੂਦਾ ਸਥਿਤੀ ਵਿਚ ਪਹੁੰਚੀ ਹੈ। ਇਸਾਈਅਤ ਅਤੇ ਡਾਰਵਿਨ - ਇਕ ਦੂਜੇ ਦੇ ਉਲਟ ਹਨ। ਵੈਟੀਕਨ ਦਾ ਮੌਜੂਦਾ ਪੋਪ ਫ੍ਰਾਂਸਿਸ ਪਹਿਲਾ ਇਸਾਈ ਮੁੱਖ-ਜਥੇਦਾਰ ਹੈ ਜਿਸਨੇ ਸਵੀਕਾਰ ਕਰ ਲਿਆ ਕਿ ਡਾਰਵਿਨ ਸਹੀ ਹੈ, ਜੀਵ-ਵਿਕਾਸ ਵਾਪਰਿਆ ਹੈ। ਨਾਲ ਇਹ ਵੀ ਕਹਿ ਦਿੱਤਾ ਕਿ ਏਹ ਵੀ ਰੱਬ ਦੇ ਹੁਕਮ ਵਿਚ ਹੀ ਹੋਇਆ ਹੈ। ਉਹਨੇ ਰੱਬ ਦੇ ਰੋਲ ਨੂੰ ਵੀ ਨਹੀਂ ਨਕਾਰਿਆ ਪਰ ਇਖ਼ਤਲਾਫ਼ੀ ਲੀਕ ਵੀ ਮੇਟ ਦਿੱਤੀ। ਸਿਆਣਾ ਅਤੇ ਦਲੇਰ ਮੁਖੀ ਇਉਂ ਕਾਰਜ ਕਰਦਾ ਹੈ। ਉਹਦੀ ਏਸ ਗੱਲ ਨੇ ਸਾਇੰਸ ਵਿਚ ਭਰੋਸਾ ਰੱਖਣ ਵਾਲੇ ਇਸਾਈਆਂ ਦਾ ਚਰਚ ਨਾਲ ਵਖਰੇਵਾਂ ਘਟਾਅ ਦਿੱਤਾ, ਤੇ ਚਰਚ ਦਾ ਪ੍ਰਭਾਵ ਅਸਲ ਵਿਚ ਵਧਾਅ ਦਿੱਤਾ।

ਇਸਾਈਅਤ ਮਰਦ-ਔਰਤ ਦੇ ਰਿਸ਼ਤੇ ਵਿਚ ਭਰੋਸਾ ਰਖਦੀ ਹੈ, ਸਮਲਿੰਗੀ ਰਿਸ਼ਤਿਆਂ ਵਿਚ ਨਹੀਂ। ਪਰ ਪੱਛਮ ਵਿਚ ਮਰਦ-ਔਰਤ ਦਾ ਰਿਸ਼ਤਾ ਏਸ ਹੱਦ ਤਕ ਬਰਬਾਦ ਹੋ ਚੁੱਕਾ ਹੈ ਕਿ ਲੋਕ ਸਮਲਿੰਗੀ ਰਿਸ਼ਤਿਆਂ ਵੱਲ ਮੁੜ ਪਏ ਹਨ। ਇਸ ਦਾ ਕਾਰਣ ਨਿਰਾ ਲਿੰਗ-ਭੋਗ ਦਾ ਨਵਾਂ ਰਸ ਨਹੀਂ ਹੈ। ਮਾਨਸਿਕ ਤੌਰ 'ਤੇ ਹੁਣ ਔਰਤਾਂ ਨੂੰ ਜਾਪਣ ਲੱਗ ਪਿਆ ਹੈ ਕਿ ਮਰਦ ਨਹੀਂ, ਕੋਈ ਔਰਤ ਹੀ ਉਨ੍ਹਾਂ ਨੂੰ ਸਹੀ ਤਰ੍ਹਾਂ ਸਮਝ ਸਕਦੀ ਹੈ। ਮਰਦਾਂ

*(ਬਾਕੀ ਅਗਲੇ ਸਫੇ 'ਤੇ)*

# ਮਿ.ਲ ਜਾਏ ਕੋਈ 'ਜੇ.ਸੀ.ਬੀ ਜਿਹਾ' ਜਥੇਦਾਰ?

ਸਾਡੇ ਇਲਾਕੇ ਦੀ ਕਈ ਦਹਾਕੇ ਪਹਿਲਾਂ ਦੀ ਇਹ ਗੱਲ ਹੈ। ਰੋਪੜ-ਬ.ਲਾਚੌਰ-ਹੁਸ਼ਿਆਰਪੁਰ ਵਾ.ਲਾ ਮੇਨ ਰੋਡ ਚੌੜਾ ਕੀਤਾ ਜਾ ਰਿਹਾ ਸੀ। ਇਹ ਸੜਕ ਜ਼ਿਲ੍ਹਾ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਸ਼ਹਿਰ ਦੇ ਐਨ ਵਿਚਕਾਰੋਂ ਲੰਘਦੀ ਹੈ। ਮਿੱਥੀ ਯੋਜਨਾ ਅਨੁਸਾਰ ਚੌੜੀ ਕੀਤੀ ਜਾ ਰਹੀ ਇਹ ਸੜਕ ਗੜ੍ਹਸ਼ੰਕਰ ਤੱਕ ਵੀ ਮੁਕੰਮਲ ਹੋ ਗਈ ਅਤੇ ਇਸ ਸ਼ਹਿਰ ਦੇ ਦੂਸਰੇ ਪਾਸੇ ਵੱਲ ਵੀ ਧੁਰ ਹੁਸ਼ਿਆਰਪੁਰ ਤੱਕ ਲਗਭਗ ਪੂਰੀ ਚੌੜੀ ਬਣ

**ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

ਚੁੱਕੀ ਸੀ। ਪਰ ਗੜ੍ਹਸ਼ੰਕਰ ਸ਼ਹਿਰ ਵਿਚ ਕਿਉਂਕਿ ਸੜਕ ਦੇ ਦੋਹੀਂ ਪਾਸੀਂ ਭਰਿਆ-ਭਕੁੰਨਾਂ ਬਜ਼ਾਰ ਬਣਿਆ ਹੋਇਆ ਸੀ, ਉਹ ਸਾਰੇ ਦੁਕਾਨਦਾਰ ਸੜਕ ਚੌੜੀ ਕਰਨ ਦਾ ਵਿਰੋਧ ਕਰਦਿਆਂ ਕੋਈ ਨਾ ਕੋਈ ਅੜਿੱਕਾ ਪਾਉਂਦੇ ਰਹਿੰਦੇ ਸਨ। ਕਦੇ ਸੜਕ ਉੱਤੇ ਧਰਨੇ ਮਾਰ ਕੇ ਅਤੇ ਕਦੇ ਅਫਸਰਾਂ ਨੂੰ ਡਰਾ ਧਮਕਾ ਕੇ!

ਉਨ੍ਹਾਂ ਦਿਨਾਂ ਵਿਚ ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ ਸੀ ਕੋਈ ਸਾਊਥ ਇੰਡੀਅਨ ਅਫਸਰ, ਜੋ ਸੀ ਤਾਂ ਬੜਾ ਇਮਾਨਦਾਰ ਪਰ ਗੜ੍ਹਸ਼ੰਕਰ ਵਾ.ਲਾ ਮਸਲਾ ਉਹਤੋਂ ਹੱਲ ਨਹੀਂ ਸੀ ਹੋ ਰਿਹਾ। ਕਈ ਮਹੀਨੇ ਕੰਮ ਲਟਕਿਆ ਰਿਹਾ, ਜਿਸ ਕਰਕੇ ਸਰਕਾਰੇ-ਦਰਬਾਰੇ ਉਹਦੀ ਇੱਕ ਦੋ ਵਾਰ ਖਿਚਾਈ ਵੀ ਹੋਈ ਸੀ!

ਉਨ੍ਹਾਂ ਹੀ ਦਿਨਾਂ ਵਿਚ ਗੜ੍ਹਸ਼ੰਕਰ ਦੇ ਲਾਗਲੇ ਜ਼ਿਲ੍ਹੇ ਨਵਾਂ ਸ਼ਹਿਰ ਦਾ ਡੀ.ਸੀ ਹੁੰਦਾ ਸੀ ਨਾਮਵਰ ਅਫਸਰ ਸ੍ਰੀ ਕ੍ਰਿਸ਼ਨ ਕੁਮਾਰ, ਜਿਹਦੇ ਕੰਮ ਕਾਜ ਕਰਨ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਕਹਿੰਦੇ ਉਸਨੇ ਉਤਲੇ ਅਫਸਰਾਂ ਕੋਲ ਖੁਦ ਪੇਸ਼ਕਸ਼ ਕੀਤੀ ਕਿ ਜੇਕਰ ਹੁਸ਼ਿਆਰਪੁਰ ਦੇ ਡੀ.ਸੀ ਨੂੰ ਕੁੱਝ ਦਿਨ ਛੁੱਟੀ 'ਤੇ ਭੇਜ ਕੇ ਜ਼ਿਲ੍ਹੇ ਦਾ ਵਾਧੂ ਚਾਰਜ ਮੈਨੂੰ ਦੇ



ਦਿੱਤਾ ਜਾਵੇ ਤਾਂ ਮੈਂ ਗੜ੍ਹਸ਼ੰਕਰ ਸ਼ਹਿਰ 'ਚੋਂ ਸੜਕ ਦਾ ਰੁਕਿਆ ਪਿਆ ਪ੍ਰਸਤਾਵਿਤ ਨਿਰਮਾਣ ਕਾਰਜ ਕੁੱਝ ਹੀ ਦਿਨਾਂ ਵਿਚ ਕਰਵਾ ਸਕਦਾ ਹਾਂ!

ਉਹੀ ਗੱਲ ਹੋਈ! ਨਵਾਂ ਸ਼ਹਿਰੀਏ ਡੀ.ਸੀ ਕ੍ਰਿਸ਼ਨ ਕੁਮਾਰ ਨੇ ਜ਼ਿਲ੍ਹੇ ਹੁਸ਼ਿਆਰਪੁਰ ਦਾ ਚਾਰਜ ਲੈਂਦਿਆਂ ਹੀ ਗੜ੍ਹਸ਼ੰਕਰ ਵਿਖੇ ਦੁਕਾਨਦਾਰਾਂ ਦੀ ਹੰਗਾਮੀ ਮੀਟਿੰਗ ਬੁਲਾਈ ਅਤੇ ਉਹ ਆਪਣੇ ਨਾ.ਲ ਲੈ ਗਿਆ ਜੇ.ਸੀ.ਬੀ ਮਸ਼ੀਨ ਤੇ ਢਾਅ-ਢੁਹਾਈ ਦਾ ਅਮਲਾ ਫੈਲਾ! ਉਸਨੇ ਦੁਕਾਨਦਾਰਾਂ ਨੂੰ ਪ੍ਰੇਰਿਆ ਵੀ ਹੋਵੇਗਾ ਪਰ ਸਮਾਨ ਵਗੈਰਾ ਚੁੱਕਣ ਲਈ ਕੁੱਝ ਘੰਟਿਆਂ ਦਾ ਨੋਟਿਸ ਦੇ ਕੇ ਸੜਕ 'ਤੇ ਭੇਜ ਦਿੱਤੀ ਜੇ.ਸੀ.ਬੀ ਮਸ਼ੀਨ! ਲੋਕਾਂ ਦੇ ਦੇਖਦੇ ਦੇਖਦੇ ਹੀ ਗੜ੍ਹਸ਼ੰਕਰ ਵਿਚੋਂ ਵੀ ਸੜਕ ਚੌੜੀ ਹੋ ਗਈ ਸੀ!!

ਹੁਣ ਆਈਏ ਅਸਲ ਗੱਲ ਵੱਲ- ਇਨ੍ਹੀਂ ਦਿਨੀਂ ਬਾਦਲ ਦਲ ਦੇ 'ਵਾਅਦਾ ਮੁਆਫ ਗਵਾਹਾਂ' ਵਲੋਂ ਸੁਖਬੀਰ ਸਿੰਘ ਬਾਦਲ ਦਾ ਕੱਚਾ ਚਿੱਠਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਕੀਤਾ ਹੋਇਆ ਹੈ। ਮੌਜੂਦਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਰਘੁਬੀਰ ਸਿੰਘ, ਸੁਖਬੀਰ ਬਾਦਲ ਦੀ ਪਸੰਦ ਅਤੇ ਮਰਜ਼ੀ ਮੁਤਾਬਕ ਹੀ ਨਿਯੁਕਤ ਹੋਇਆ ਜਥੇਦਾਰ ਹੈ। ਇਕ ਏਸ ਵੱਡੇ ਕਾਰਨ ਅਤੇ ਦੂਜੇ ਜਥੇਦਾਰ ਪਦਵੀ ਦੀ ਘੋਰ ਦੁਰਵਰਤੋਂ ਦੇ ਪਿਛਲੇ ਰਿਕਾਰਡ ਨੂੰ ਦੇਖਦਿਆਂ ਸਮੁੱਚੇ ਸਿੱਖ ਜਗਤ ਦੇ ਮਨਾਂ ਵਿਚ ਗਹਿਰੇ ਸ਼ੱਕ ਅਤੇ ਖਦਸ਼ੇ ਹਨ ਕਿ ਕੀ ਸੁਖਬੀਰ ਬਾਦਲ ਜਾਂ 'ਸੱਚ ਕੀ ਵੇਲਾ' ਮੌਕੇ ਬੁੱਲ੍ਹ ਸੀਤੇ ਰੱਖਣ ਵਾ.ਲੇ 'ਵਾਅਦਾ ਮੁਆਫ ਗਵਾਹਾਂ' ਨੂੰ ਯੋਗ ਸਜ਼ਾਵਾਂ ਦੇ ਸਕਣਗੇ ਇਹ ਜਥੇਦਾਰ ਜੀ?

ਸੋ ਕਿੰਨਾ ਚੰਗਾ ਹੋਵੇ ਜੇ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ 'ਪੂਰਾ ਨਿਆਂ ਹੁੰਦਾ' ਦੇਖਣ ਲਈ ਮੌਜੂਦਾ ਜਥੇਦਾਰ ਨੂੰ ਹੁਸ਼ਿਆਰਪੁਰੀਏ ਡੀ.ਸੀ ਵਾਂਗ ਕੁੱਝ ਦਿਨਾਂ ਲਈ ਛੁੱਟੀ ਭੇਜ ਕੇ ਕਿਸੇ 'ਜੇ.ਸੀ.ਬੀ ਜਿਹੇ ਜਥੇਦਾਰ' ਨੂੰ ਕੁੱਝ ਹਫਤਿਆਂ ਲਈ ਚਾਰਜ ਦੇ ਦਿੱਤਾ ਜਾਵੇ!

---

*(ਪਿਛਲੇ ਸਫੇ ਦੀ ਬਾਕੀ)*

ਨੂੰ ਵੀ ਇਹੀ ਜਾਪਣ ਲੱਗਾ ਹੈ ਕਿ ਔਰਤ ਨਾਲ ਤਾਂ 'ਕਮਿਊਨੀਕੇਟ' ਕਰਨਾ ਹੀ ਅਸੰਭਵ ਹੈ, ਮਰਦ ਹੀ ਮਰਦ ਦੇ ਦੁੱਖ-ਸੁੱਖ ਨੂੰ ਸਮਝ ਸਕਦਾ ਹੈ। ਪਿਛਲੇ 20 ਸਾਲਾਂ ਵਿਚ ਇਹ ਤਬਦੀਲੀ ਲਹਿਰ ਬਣ ਗਈ ਹੈ। ਏਨੀ ਵੱਡੀ ਕਿ ਏਹਦਾ ਸਿਆਸਤ 'ਤੇ ਅਸਰ ਪੈਣ ਲੱਗਾ ਹੈ। ਹਰ ਦੇਸ਼ ਵਿਚ ਕੁਝ ਪਾਰਟੀਆਂ ਲਿੰਗ-ਆਜ਼ਾਦੀ ਦਾ ਨਾਅਰਾ ਲਾ ਕੇ ਏਨ੍ਹਾਂ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੀਆਂ ਹਨ। ਇਹ ਵੱਡਾ ਵੋਟ ਬੈਂਕ ਹੈ। ਇਹ ਲੋਕ ਚਰਚ ਤੋਂ ਵੀ ਦੂਰ ਹੋਣ ਲੱਗ ਪਏ ਕਿਉਂਕਿ ਚਰਚ ਸਮਲਿੰਗੀ ਰਿਸ਼ਤੇ ਨੂੰ ਮਾਨਤਾ ਨਹੀਂ ਦਿੰਦੀ ਸੀ। ਪਰ ਪੋਪ ਫ਼੍ਰਾਂਸਿਸ ਨੇ ਆਖ਼ਰਕਾਰ ਕਹਿ ਦਿੱਤਾ ਕਿ ਜੇ ਰੱਬ ਨੇ ਏਨ੍ਹਾਂ ਲੋਕਾਂ ਨੂੰ ਇਉਂ ਦਾ ਹੀ ਬਣਾਇਆ ਹੈ ਤਾਂ ਏਹਨੂੰ ਨਿੰਦਣ ਦੀ ਥਾਂ ਸਵੀਕਾਰ ਕਰਨਾ ਬਣਦਾ ਹੈ। ਉਹ ਤਾਂ ਏਸ ਲਈ ਵੀ ਰਾਜ਼ੀ ਸੀ ਕਿ ਏਹ ਲੋਕ ਚਰਚ ਵਿਚ ਆ ਕੇ ਸਮਲਿੰਗੀ ਵਿਆਹ ਕਰਨਾ ਚਾਹੁਣ ਤਾਂ ਇਜਾਜ਼ਤ ਹੋਵੇ, ਪਰ ਕੱਟੜਪੰਥੀ ਕੈਥੋਲਿਕ ਪਾਦਰੀ ਅੜ ਗਏ। ਜੇ ਕਦੀ ਇਹ ਸਮੱਸਿਆ ਪੰਜਾਬ ਵਿਚ ਆਵੇ ਤਾਂ ਕਿਸੇ ਧਾਰਮਿਕ ਮੁਖੀ ਤੋਂ ਕਿਸੇ ਸੰਤੁਲਿਤ ਨਿਰਣੇ ਦੀ ਆਸ ਹੈ? ਸਾਡੇ ਤੋਂ ਤਾਂ ਇਹ ਆਸ ਵੀ ਨਹੀਂ ਕਿ ਪੰਜਾਬ ਵਿਚ ਹੋ ਰਹੇ ਏਨੇ ਮਹਿੰਗੇ ਤੇ ਦੌਲਤ-ਵਿਖਾਊ ਗਲ-ਘੋਟੂ ਵਿਆਹਾਂ 'ਤੇ ਰੋਕ ਲਾਉਣ ਲਈ ਹੀ ਕੋਈ ਹੁਕਮਨਾਮਾ ਨਹੀਂ ਤਾਂ ਕੋਈ ਸਲਾਹਨਾਮਾ ਹੀ ਜਾਰੀ ਕਰਵਾ ਸਕੀਏ!

ਹਾਂ, ਜਦੋਂ ਡਾ. ਸੁਰਜੀਤ 'ਤੇ ਹਮਲਾ ਹੁੰਦਾ ਹੈ ਤਾਂ ਜਥੇਦਾਰ ਹੁਰੀਂ ਹਮਲੇ ਦੀ ਹਮਾਇਤ ਕਰਦਿਆਂ ਜ਼ਰੂਰ ਕਹਿ ਦਿੰਦੇ ਹਨ ਕਿ ਅਜਿਹੇ ਅਧਾਰਮਿਕ ਬੰਦੇ ਯੂਨੀਵਰਸਿਟੀਆਂ ਵਿਚ ਨਹੀਂ ਹੋਣੇ ਚਾਹੀਦੇ! ਇਹ ਉਨ੍ਹਾਂ ਨੂੰ ਵੱਡਾ ਅਤੇ ਜ਼ਰੂਰੀ ਧਾਰਮਿਕ ਮੁੱਦਾ ਜਾਪਦਾ ਹੈ।

ਕੁਝ ਸਾਲ ਪਹਿਲਾਂ ਪੋਪ ਨੇ ਇਹ ਗੱਲ ਵੀ ਕਹੀ ਕਿ ਆਪਣੇ ਖਰਚਿਆਂ ਦੀ ਪੂਰਤੀ ਅਤੇ ਕਾਇਮ ਰਹਿਣ ਲਈ ਚਰਚ ਅਮੀਰ ਲੋਕਾਂ ਦੇ ਦਾਨ 'ਤੇ ਵੱਧ ਨਿਰਭਰ ਹੋਣ ਲੱਗ ਪਈ ਹੈ ਜਦਕਿ ਚਰਚ ਦਾ ਮੁੱਖ ਕੰਮ ਗਰੀਬ-ਗੁਰਬੇ ਨੂੰ ਸਾਂਭਣਾ ਅਤੇ ਖੜ੍ਹਾ ਰਖਣਾ ਹੈ ਪਰ ਚਰਚ ਆਪਣੇ ਇਸ ਧਰਮ ਤੋਂ ਹੁਣ ਥਿੜਕਦੀ ਜਾ ਰਹੀ ਹੈ। ਅਮਰੀਕਾ ਦੇ ਪਿਛਲੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪੋਪ ਦੇ ਏਸ ਬਿਆਨ ਦੀ ਨਿੰਦਾ ਕਰਦਿਆਂ ਉਹਨੂੰ 'ਕਾਮਰੇਡ ਪੋਪ' ਆਖਿਆ ਪਰ ਪੋਪ ਫ੍ਰਾਂਸਿਸ ਆਪਣੇ ਬਿਆਨ 'ਤੇ ਅੜੇ ਰਹੇ। ਅਮਰੀਕੀ ਪ੍ਰਧਾਨ ਦੁਨੀਆਂ ਦਾ ਸਭ ਤੋਂ ਤਾਕਤਵਰ ਬੰਦਾ ਗਿਣਿਆ ਜਾਂਦਾ ਹੈ। ਪਰ ਪੋਪ ਨੂੰ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਪਣੀ ਗੱਲ ਕਹਿਣ ਤੋਂ ਡਰ ਨਹੀਂ ਲਗਦਾ।

ਕੀ ਅਜਿਹੀ ਦਲੇਰੀ ਅਕਾਲ ਤਖ਼ਤ ਦੇ ਜਥੇਦਾਰ ਤੋਂ ਉਮੀਦ ਕਰ ਸਕਦੇ ਹਾਂ? ਕੀ ਪੰਜਾਬ ਦੀ ਕਿਸੇ ਵੀ ਧਾਰਮਿਕ, ਸਮਾਜਿਕ ਜਾਂ ਸਿਆਸੀ ਸਮੱਸਿਆ ਦੇ ਹੱਲ ਲਈ ਜਥੇਦਾਰ ਹੁਰਾਂ ਤੋਂ ਕਿਸੇ ਗਾਈਡੈਂਸ ਦੀ ਉਮੀਦ ਕਰ ਸਕਦੇ ਹਾਂ? ਜੇ ਨਹੀਂ ਤਾਂ ਉਹਦਾ ਕਸੂਰ ਜਥੇਦਾਰ ਦਾ ਨਹੀਂ, ਉਨ੍ਹਾਂ ਦਾ ਹੈ ਜਿਨ੍ਹਾਂ ਨੇ ਉਨ੍ਹਾਂ ਦੀ ਪਦਵੀ, ਰਸੂਖ, ਸੁਤੰਤਰਤਾ ਅਤੇ ਅਧਿਕਾਰਾਂ ਨੂੰ ਬੇਅਸਰ ਕੀਤਾ ਹੈ। ਪਰ ਇਕ ਗੱਲ ਪੱਕੀ ਹੈ - ਉਨ੍ਹਾਂ ਨੂੰ ਕਾਮਰੇਡਾਂ ਨੇ ਬੇਅਸਰ ਨਹੀਂ ਕੀਤਾ।

ਕਈ ਖਾੜਕੂ ਧਿਰਾਂ ਵੀ ਜਥੇਦਾਰ ਦੀ ਕਮਜ਼ੋਰੀ ਬਾਰੇ ਇਹੀ ਕਹਿੰਦੀਆਂ ਹਨ। ਵਕਤ ਵਕਤ 'ਤੇ ਉਨ੍ਹਾਂ ਆਪਣੀ ਮਰਜ਼ੀ ਦੇ ਮੁੱਖ-ਜਥੇਦਾਰ ਵੀ ਨਿਯੁਕਤ ਕੀਤੇ ਹਨ। ਪਰ ਕਿਸੇ ਵੀ ਜਥੇਦਾਰ ਨੂੰ ਮੁਕੰਮਲ ਸੁਤੰਤਰਤਾ ਉਹ ਵੀ ਨਹੀਂ ਦੇਣਗੀਆਂ। ਪ੍ਰਕਾਸ਼ ਸਿੰਘ ਬਾਦਲ ਸਿਆਸੀ ਅਤੇ ਆਰਥਿਕ ਤਾਕਤ ਵਰਤਦੇ ਸੀ, ਉਹ ਬੰਦੂਕ ਤਾਂ ਨਹੀਂ ਸੀ ਚੁੱਕੀ ਫਿਰਦੇ। ਖਾੜਕੂ-ਬੰਦੂਕ ਦੇ ਸਾਏ ਹੇਠ ਜਥੇਦਾਰ ਹੋਰ ਵੀ ਮਜਬੂਰ ਫ਼ੈਸਲੇ ਲੈਣਗੇ। ਏਹਦੀ ਉਦਾਹਰਣ ਮੈਂ 30 ਸਾਲ ਪਹਿਲਾਂ ਜਾਣੀ ...।

*

30 ਕੁ ਸਾਲ ਪਹਿਲਾਂ ਮੈਂ ਕਨੇਡਿਓਂ ਪੜ੍ਹਾਈ ਪੂਰੀ ਕਰਕੇ ਪੰਜਾਬ ਪਰਤਦਿਆਂ ਆਪਣੇ ਮਿੱਤਰ ਕੋਲ 3 ਦਿਨ ਲਈ ਲੰਡਨ ਠਹਿਰ ਗਿਆ। ਉਹਨੇ ਮੈਨੂੰ ਉਸ ਬੰਦੇ ਨਾਲ ਮਿਲਾਇਆ ਜਿਹੜਾ ਲੰਡਨ (ਯੂ.ਕੇ.) ਵਿਚ ਇੰਡੀਆ-ਟੂਡੇ ਪਰਚੇ ਦਾ ਪੱਤਰਕਾਰ ਸੀ। ਆਪਣੇ ਪਰਚੇ ਵੱਲੋਂ ਉਹ ਦੋ ਵਾਰੀ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦਾ ਇੰਟਰਵਿਊ ਕਰਨ ਗਿਆ ਸੀ ਜਿਸ ਬਾਰੇ ਉਹਨੇ ਕੁਝ ਦਿਲਸਚਪ ਗੱਲਾਂ ਦੱਸੀਆਂ :

'ਮੈਨੂੰ ਪਹਿਲੀ ਮੁਲਾਕਾਤ ਦੀ ਇਜਾਜ਼ਤ ਮਿਲਦਿਆਂ 2 ਮਹੀਨੇ ਲੱਗੇ। ਜਦ ਮੈਂ ਦਰਬਾਰ ਸਾਹਿਬ ਪਹੁੰਚਿਆ ਤਾਂ ਛੱਤ ਉਤੇ ਭਿੰਡਰਾਂਵਾਲ਼ਿਆਂ ਦਾ ਦਰਬਾਰ ਲੱਗਾ ਸੀ। ਸ਼ਸਤਰਧਾਰੀ ਬੰਦੇ ਪਹਿਰੇ 'ਤੇ ਸਨ। ਭਿੰਡਰਾਂਵਾਲਿਆਂ ਦੀ ਆਦਤ ਸੀ - ਪੱਤਰਕਾਰਾਂ, ਸਰਕਾਰੀ ਬੰਦਿਆਂ, ਖਾਸ ਕਰਕੇ ਗੈਰ-ਪੰਜਾਬੀਆਂ ਦਾ - ਪੈਂਦੀ ਸੱਟੇ ਅਪਮਾਨ ਕਰਨਾ। ਇਕ ਤਰ੍ਹਾਂ ਨਾਲ ਉਨ੍ਹਾਂ ਦੀ ਧੌਣ 'ਤੇ ਪਹਿਲਾਂ ਹੀ ਆਪਣਾ ਗੋਡਾ ਰੱਖ ਕੇ ਉਨ੍ਹਾਂ ਨਾਲ ਗੱਲ ਕਰਨਾ। ਮੈਨੂੰ ਵੀ ਖੜਾ ਕਰਕੇ ਪਹਿਲਾ ਸੁਆਲ ਪੁੱਛਿਆ: 'ਦਿੱਲੀ ਤੋਂ ਅੰਮ੍ਰਿਤਸਰ ਕਿਵੇਂ ਪਹੁੰਚੇ?' ਮੈਂ ਦੱਸਿਆ : 'ਹਵਾਈ ਜਹਾਜ਼ ਤੇ'। ਉਹ ਆਪਣੀ ਸੰਗਤ ਨੂੰ ਮੁਖ਼ਾਤਿਬ ਹੋ ਕੇ ਬੋਲੇ : 'ਵੇਖੋ ! ਆਮ ਬੰਦਾ ਬੱਸ ਜਾਂ ਗੱਡੀ 'ਤੇ ਸਫ਼ਰ ਕਰਦਾ ਹੈ। ਹਵਾਈ ਜਹਾਜ਼ 'ਤੇ ਤਾਂ ਸਰਕਾਰੀ ਬੰਦੇ ਹੀ ਆਉਂਦੇ ਹਨ। ਸਰਕਾਰ ਨੇ ਏਹਨੂੰ ਸਾਡੀ ਸੂਹ ਲੈਣ ਭੇਜਿਆ ਹੈ'। ਮੈਂ ਆਖਿਆ : 'ਨਹੀਂ ਜੀ, ਮੈਂ ਤਾਂ ਗੱਡੀ ਜਾਂ ਬਸ 'ਤੇ ਹੀ ਆਉਣਾ ਸੀ। ਮੇਰੇ ਪਰਚੇ ਦੇ ਸੰਪਾਦਕ ਨੂੰ ਫ਼ਿਕਰ ਸੀ ਪੰਜਾਬ ਦੇ ਮੌਜੂਦਾ ਹਾਲਾਤ ਵਿਚ ਕੋਈ ਪਤਾ ਨਹੀਂ ਕਿਸ ਹਿੰਦੂ ਬੰਦੇ ਨੂੰ ਕਦੋਂ ਬੱਸ ਜਾਂ ਗੱਡੀ ਤੋਂ ਲਾਹ ਕੇ ਝਟਕਾਅ ਦਿੱਤਾ ਜਾਵੇ। ਉਨ੍ਹਾਂ ਦੀ ਜ਼ਿੱਦ ਸੀ - ਮੈਂ ਹਵਾਈ ਜਹਾਜ਼ ਰਾਹੀਂ ਸੁਰੱਖਿਅਤ ਅੰਮ੍ਰਿਤਸਰ ਪਹੁੰਚਾਂ!' ਭਿੰਡਰਾਂਵਾਲੇ ਨੂੰ ਜਾਪਿਆ ਮੈਂ ਉਨ੍ਹਾਂ 'ਤੇ ਨਿਸ਼ਾਨਾ ਬੰਨ੍ਹ ਰਿਹਾ ਹਾਂ। ਬੋਲੇ : 'ਇਹ ਝੂਠ ਬੋਲਦੈ। ਕਿਹੜੇ ਪਰਚੇ ਕੋਲ ਏਨੇ ਪੈਸੇ ਹੁੰਦੇ ਜੋ ਆਪਣੇ ਮੁਲਾਜ਼ਮਾਂ ਨੂੰ ਹਵਾਈ ਜਹਾਜ਼ 'ਤੇ ਸੈਰ ਕਰਾਉਂਦਾ ਫਿਰੇ?'

''ਮੈਨੂੰ ਭਿੰਡਰਾਂਵਾਲਿਆਂ ਦੀ ਹਮਲਾਵਰ ਟੋਨ 'ਤੇ ਕੋਈ ਇਤਰਾਜ਼ ਨਹੀਂ ਸੀ। ਜਿਹੜਾ ਬੰਦਾ ਜੰਗ ਵਿਚ ਹੋਵੇ, ਉਹਦਾ ਹਰ ਓਪਰੇ 'ਤੇ ਸ਼ੱਕ ਕਰਨਾ ਸੁਭਾਵਕ ਹੈ। ਪਰ ਜਦੋਂ ਉਨ੍ਹਾਂ ਮੈਨੂੰ ਝੂਠਾ ਕਿਹਾ ਮੈਨੂੰ ਗੁੱਸਾ ਆ ਗਿਆ ਕਿਉਂਕਿ ਮੈਂ ਝੂਠ ਨਹੀਂ ਬੋਲ ਰਿਹਾ ਸੀ। ਮੈਂ ਉਨ੍ਹਾਂ ਨੂੰ ਕਿਹਾ : 'ਮੈਨੂੰ ਤੁਹਾਡੇ ਦੋ ਬੰਦੇ ਚਾਹੀਦੇ ਹਨ। ਇੱਕ - ਜਿਹੜਾ ਜ਼ਬਾਨੀ ਜੋੜ ਕਰਨਾ ਜਾਣਦਾ ਹੋਵੇ।' ਦੋ ਬੰਦੇ ਖੜੇ ਹੋ ਗਏ। ਇਕ ਜਣੇ ਨੂੰ ਮੈਂ 'ਇੰਡੀਆ ਟੂਡੇ' ਦਾ ਨਵਾਂ ਅੰਕ ਬੈਗ ਵਿਚੋਂ ਕੱਢ ਕੇ ਫ਼ੜਾਇਆ ਤੇ ਕਿਹਾ : ਏਹਦੇ ਪਹਿਲੇ ਸਫ਼ੇ ਤੋਂ ਸ਼ੁਰੂ ਕਰਕੇ ਪੰਨਿਆਂ ਨੂੰ ਲਗਾਤਾਰ ਪਲਟੀ ਜਾਣਾ, ਇਉਂ ਕਿ ਸਾਰੀ ਸੰਗਤ ਨੂੰ ਦਿਸੇ। ਉਸਨੇ ਉਵੇਂ ਹੀ ਕੀਤਾ। ਜਿਸ ਵੀ ਪੰਨੇ 'ਤੇ ਇਸ਼ਤਿਹਾਰ ਆਉਂਦਾ, ਮੈਂ ਉਹਦਾ (ਪਰਚੇ ਵੱਲੋਂ ਵਸੂਲ ਕੀਤਾ) ਮੁੱਲ ਦੱਸੀ ਜਾਂਦਾ। ਥੋੜ੍ਹੇ ਜਿਹੇ ਪੰਨੇ ਹੀ ਪਲਟੇ ਗਏ ਜਦੋਂ ਕੁੱਲ ਰਾਸ਼ੀ ਇਕ ਲੱਖ ਰੁਪਏ ਨੂੰ ਟੱਪ ਗਈ। ਭਿੰਡਰਾਂਵਾਲੇ ਓਥੇ ਹੀ ਰੋਕ ਕੇ ਬੋਲੇ : 'ਏਹ ਮੁੰਡਾ ਚਲਾਕ ਵੀ ਹੈ, ਤੇ ਕਾਬਲ ਵੀ। ਏਹਨੂੰ ਆਪਣਾ ਕੰਮ ਆਉਂਦਾ ਹੈ। ਬੋਲ ਕਾਕਾ - ਤੂੰ ਕੀ ਪੁੱਛਣਾ ਮੈਥੋਂ?' ਉਸ ਮਗਰੋਂ ਉਨ੍ਹਾਂ ਆਰਾਮ ਨਾਲ ਘੰਟਾ ਭਰ ਸਭ ਦੇ ਸਾਮ੍ਹਣੇ ਹੀ ਮੇਰੇ ਸੁਆਲਾਂ ਦੇ ਜੁਆਬ ਦਿੱਤੇ। ਸਾਲ ਭਰ ਮਗਰੋਂ ਜਦੋਂ ਮੈਂ ਦੁਬਾਰਾ ਮੁਲਾਕਾਤ ਲਈ ਸਮਾਂ ਮੰਗਿਆ ਤਾਂ ਫ਼ੌਰਨ ਸੱਦਾ ਮਿਲ ਗਿਆ। ਉਨ੍ਹਾਂ ਨੂੰ ਮੇਰਾ ਪੁਰਾਣਾ ਚੇਤਾ ਸੀ।

ਗੱਲਾਂ ਕਰਦਿਆਂ ਉਹ ਉਦਾਸ ਹੋ ਗਿਆ ਤੇ ਬੋਲਿਆ: 'ਮੈਂ ਕਈ ਖਾੜਕੂਆਂ ਨੂੰ ਮਿਲਿਆ ਹਾਂ। ਉਨ੍ਹਾਂ ਦੇ ਘਰਾਂ ਵਿਚ ਵੀ ਗਿਆ ਤੇ ਲੁੱਕਣਗਾਹਾਂ 'ਤੇ ਵੀ। ਮੈਂ ਉਨ੍ਹਾਂ ਦੀ ਤਕਲੀਫ਼ ਅੱਖੀਂ ਵੇਖੀ ਹੈ। ਬਹੁਤੇ ਜਣੇ ਉੱਜੜੇ ਹੋਏ ਖ਼ਾਨਾਬਦੋਸ਼ ਬੰਦੇ ਸਨ। ਜੀਵਨ ਦਾ ਕੋਈ ਭਰੋਸਾ ਨਹੀਂ ਕਦੋਂ ਕੋਈ ਨਾਲ ਦਾ ਹੀ ਸੂਹ ਦੇ ਕੇ ਮਰਵਾ ਦੇਵੇ। ਸੁੱਤੇ ਪਏ ਵੀ ਜਾਗਦੇ ਸਨ, ਤੇ ਰੋਟੀ ਖਾ ਕੇ ਵੀ ਭੁੱਖੇ ਰਹਿ ਜਾਂਦੇ ਸਨ ਕਿਉਂਕਿ ਧਿਆਨ ਰੋਟੀ ਵਿਚ ਹੈ ਈ ਨਹੀਂ ਸੀ। ਉਹ ਵੀ ਆਮ ਬੰਦਿਆਂ ਤਰ੍ਹਾਂ ਨੌਕਰੀ ਕੰਮ ਅਤੇ ਟੱਬਰ ਪਾਲਣ ਦਾ ਜੀਵਨ ਜੀਅ ਸਕਦੇ ਸਨ ਪਰ ਉਨ੍ਹਾਂ ਨੂੰ ਇਉਂ ਲੜਣਾ ਕਿਸੇ ਪੱਧਰ 'ਤੇ ਵੱਡਾ ਜਾਂ ਜ਼ਰੂਰੀ ਕੰਮ ਜਾਪਿਆ, ਜਾਂ ਮਜਬੂਰੀ ਜਾਪੀ। ਪੁਲਿਸ ਉਨ੍ਹਾਂ ਦੇ ਟੱਬਰਾਂ ਨੂੰ ਚੁੱਕ ਕੇ ਲੈ ਜਾਂਦੀ, ਪਰਵਾਰ ਦੇ ਉਨ੍ਹਾਂ ਮੈਂਬਰਾਂ ਨੂੰ ਤਸੀਹੇ ਦਿੰਦੀ ਜਿਨ੍ਹਾਂ ਦਾ ਇਸ ਲੜਾਈ ਵਿਚ ਕੋਈ ਕਸੂਰ ਨਹੀਂ ਹੁੰਦਾ। ਖਾੜਕੂ ਪੁਲਿਸ ਵਾਲਿਆਂ ਦੇ ਟੱਬਰ ਮਾਰ ਦਿੰਦੇ ਜਿਨ੍ਹਾਂ ਦਾ ਇਸ ਲੜਾਈ ਨਾਲ ਕੋਈ ਲੈਣ ਦੇਣ ਨਹੀ ਹੁੰਦਾ। ਜਾਂ ਫਿਰ ਬੱਸਾਂ ਗੱਡੀਆਂ ਵਿਚੋਂ ਲਾਹ ਕੇ, ਜਾਂ ਨਹਿਰਾਂ ਕੰਢੇ ਕੰਮ ਕਰਦੇ, ਜਾਂ ਸੜਕ 'ਤੇ ਤੁਰੇ ਜਾਂਦੇ ਬੰਦੇ ਭੁੰਨ ਕੇ ਸਮਝਦੇ ਕਿ ਉਹ ਸੰਘਰਸ਼ ਵਿਚ ਹਿੱਸਾ ਪਾ ਰਹੇ ਹਨ। ਕਿੱਡਾ ਲਹੂ ਲੁਹਾਨ ਪਾਗਲਪਣ ਸੀ ਇਹ! ਪਰ ਇਹ ਪਾਗਲਪਣ ਵੀ ਸਵੀਕਾਰ ਕੀਤਾ ਜਾ ਸਕਦਾ ਹੈ ਜੇਕਰ ਕਿਸੇ ਲਹਿਰ ਨੂੰ ਆਪਣੀ ਉਸ ਕੌਮ ਦੀ ਹਮਾਇਤ ਹੋਵੇ ਜਿਸ ਦਾ ਨਾਂ ਲੈ ਕੇ ਉਹ ਲਹਿਰ ਚੱਲ ਰਹੀ ਹੈ। ਅੱਸੀਵਿਆਂ ਦੇ ਆਰੰਭ ਵਿਚ ਜਦੋਂ ਭਿੰਡਰਾਂਵਾਲਿਆਂ ਦੀ ਪੂਰੀ ਚੜ੍ਹਾਈ ਹੋ ਚੁੱਕੀ ਸੀ ਤਾਂ ਸਾਡੇ ਪਰਚੇ ਨੇ ਪੰਜਾਬ ਵਿਚ ਸਰਵੇਅ ਕੀਤਾ ਇਹ ਜਾਣਨ ਲਈ ਕਿ - ਪੰਜਾਬ ਦੇ ਕਿੰਨੇ ਕੁ ਸਿੱਖ ਭਿੰਡਰਾਂਵਾਲਿਆਂ ਦੀ ਸੋਚ ਅਤੇ ਲੜਾਈ ਦੀ ਹਮਾਇਤ ਕਰਦੇ ਹਨ? ਸਿਰਫ਼ ਸਾਢੇ 3% ਸਿੱਖ ਹਮਾਇਤੀ ਨਿਕਲੇ। ਮੈਂ ਖਾੜਕੂਆਂ ਦੀ ਸਮਝ 'ਤੇ ਸ਼ੱਕ ਕਰ ਸਕਦਾਂ, ਉਨ੍ਹਾਂ ਦੀ Sincierty 'ਤੇ, ਜਾਂ ਆਪਣੇ ਮਕਸਦ ਪ੍ਰਤੀ ਨਿਸ਼ਠਾ 'ਤੇ ਸ਼ੱਕ ਨਹੀਂ ਕਰਦਾ। ਉਨ੍ਹਾਂ ਦਾ ਜਾਨ ਤਲੀ 'ਤੇ ਧਰ ਕੇ ਲੜਣਾ ਵੀ ਛੋਟੀ ਗੱਲ ਨਹੀਂ। ਪਰ ਜਿਸ ਕੌਮ ਦੇ ਨਾਂ 'ਤੇ ਤੁਸੀਂ ਲੜ ਰਹੇ ਹੋ, ਜੇ ਤੁਸੀਂ ਸਮਝਿਆ ਹੀ ਨਹੀਂ ਕਿ ਉਨ੍ਹਾਂ ਨੂੰ ਇਹ ਲੜਾਈ ਚਾਹੀਦੀ ਵੀ ਹੈ ਕਿ ਨਹੀਂ, ਤਾਂ ਤੁਸੀਂ ਕੌਮ ਵੱਲੋਂ ਲੜ ਨਹੀਂ ਰਹੇ, ਤੁਸੀਂ ਆਪਣੀ ਸਮਝ ਨੂੰ ਕੌਮ 'ਤੇ ਥੋਪ ਰਹੇ ਹੋ। ਤੁਹਾਡੀ ਪ੍ਰਤੀਬੱਧਤਾ ਉਨ੍ਹਾਂ ਦੀ ਆਜ਼ਾਦੀ ਦੀ ਥਾਂ ਉਨ੍ਹਾਂ ਦੀ ਬਰਬਾਦੀ ਬਣ ਰਹੀ ਹੈ। ਕੌਮ ਨੂੰ ਤੁਹਾਡੀ ਅਜਾਈਂ ਮੌਤ ਕਰਕੇ ਤੁਹਾਡੇ ਨਾ.ਲ ਹਮਦਰਦੀ ਹੋਵੇਗੀ, ਪਰ ਤੁਹਾਡੇ ਕਾਜ਼ ਦਾ ਆਦਰ ਕਦੀ ਨਹੀਂ ਹੋਵੇਗਾ ਕਿਉਂਕਿ ਤੁਹਾਡੇ ਕਾਜ਼ ਨੇ ਕੌਮ ਨੂੰ ਬਰਬਾਦ ਕੀਤਾ ਹੈ। ਹਮਦਰਦੀ ਅਤੇ ਹਮਾਇਤ - ਦੋ ਵੱਖਰੀਆਂ ਗੱਲਾਂ ਹਨ। ਜੇ ਤੁਸੀਂ ਮਰਨ ਲਈ ਗਲਤ ਰਾਹ ਚੁਣਿਆ ਹੈ ਤਾਂ ਏਹ ਤੁਹਾਡੇ ਸਹੀ ਹੋਣ ਦੀ ਦਲੀਲ ਨਹੀਂ ਬਣ ਜਾਂਦਾ'।

ਤਿੰਨ ਘੰਟਿਆਂ ਦੀ ਲੰਮੀ ਗੱਲਬਾਤ ਮਗਰੋਂ ਉਹਦਾ ਗਲ ਭਰ ਆਇਆ ਜਦੋਂ ਉਸ ਕਿਹਾ : 'ਮੈਂ ਦਿੱਲੀ ਵਿਚ ਜੰਮਿਆ ਪਲਿਆ ਹਾਂ। ਮੇਰੇ ਮਾਂ ਬਾਪ ਪੱਛਮੀ ਪੰਜਾਬ ਤੋਂ ਹਿਜਰਤ ਕਰਕੇ ਆਏ। ਮੇਰੇ ਘਰ ਵਿਚ ਕਈ ਵਾਰੀ ਗੁਰਬਾਣੀ ਪੜ੍ਹੀ ਜਾਂਦੀ ਹੈ। ਮੈਂ ਹਿੰਦੂ ਹਾਂ ਤੇ ਪੰਜਾਬ ਦਾ ਬਹੁਤ ਆਦਰ ਕਰਦਾ ਹਾਂ ਕਿਉਂਕਿ ਇਹ ਮੇਰੀ ਅਸਲੀ ਧਰਤੀ ਹੈ। ਪਰ ਵੇਖੋ, ਮੈਨੂੰ ਆਪਣੀ ਹੀ ਧਰਤੀ ਤੋਂ ਓਪਰਾ ਕਰ ਦਿੱਤਾ ਗਿਆ ਬਾਵਜੂਦ ਕਿ ਮੈਂ ਕੋਈ ਕਸੂਰ ਨਹੀਂ ਕੀਤਾ। ਕਿਉਂ? ਗੁਰੂ ਗੋਬਿੰਦ ਸਿੰਘ ਨੇ ਲੜਾਈ ਕੀਤੀ ਤਾਂ ਹਿੰਦੂ ਅਤੇ ਮੁਸਲਮਾਨ ਵੀ ਉਨ੍ਹਾਂ ਵੱਲੋਂ ਆ ਕੇ ਲੜੇ। ਚਾਰ ਪੁੱਤ ਗੁਰੂ ਗੋਬਿੰਦ ਸਿੰਘ ਨੇ ਵਾਰੇ ਤਾਂ ਚਾਰ ਪੁੱਤ ਪੀਰ ਬੁੱਧੂ ਸ਼ਾਹ ਨੇ ਵੀ ਸਢੌਰੇ ਦੀ ਲੜਾਈ ਵਿਚ ਗੁਰੂ ਵੱਲੋਂ ਲੜਦਿਆਂ ਕੁਰਬਾਨ ਕਰ ਦਿੱਤੇ। ਸੱਚੀ ਲੜਾਈ ਦਾ ਇਹੀ ਪੈਮਾਨਾ ਹੁੰਦਾ ਹੈ ਕਿ ਤੁਹਾਡਾ ਦੁਸ਼ਮਣ ਵੀ ਤੁਹਾਡੇ ਤੋਂ ਮੁਤਾਸਿਰ ਹੋਵੇ। ਤੁਹਾਡੀ ਹੁਣ ਦੀ ਲੜਾਈ ਨੇ ਤਾਂ ਆਪਣੇ ਵੀ ਓਪਰੇ ਕਰ ਦਿੱਤੇ। ਤੁਸੀਂ ਠੀਕ ਕਿਵੇਂ ਹੋਏ? ਮੈਂ ਆਪਣੇ ਕੰਮ ਦੌਰਾਨ ਪੰਜਾਬ ਵਿਚ ਜੋ ਜੋ ਕੁਝ ਵਾਪਰਦਾ ਵੇਖਿਆ ਹੈ, ਉਸ ਦੇ ਆਸਰੇ ਬਹੁਤ ਦੁੱਖ ਨਾਲ ਕਹਿਣਾ ਚਾਹੁੰਨਾਂ - ਤੁਹਾਡਾ ਸਿੱਖਾਂ ਦਾ ਕੁਝ ਨਹੀਂ ਬਣ ਸਕਦਾ!'

ਮੈਂ ਕਾਰਣ ਪੁੱਛਿਆ ਤਾਂ ਬੋਲਿਆ:

'ਏਸ ਲਈ ਕਿ - ਨਾਨਕ ਨੇ ਹਿੰਦੂ ਮੁਸਲਮਾਨ ਇਕੱਠੇ ਕੀਤੇ। ਗੁਰੂ ਗੋਬਿੰਦ ਸਿੰਘ ਨੇ ਜਾਤ ਪਾਤ ਦਾ ਭੇਦ ਅੰਮ੍ਰਿਤ ਛਕਾ ਕੇ ਮਿਟਾਇਆ। ਪਰ ਤੁਸੀਂ ਗੁਰੂ ਨਾਨਕ ਤੋਂ ਵੀ ਪਿੱਛੇ ਚਲੇ ਗਏ ਹੋ। ਏਹਦਾ ਸਬੂਤ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਪ੍ਰੋ. ਦਰਸ਼ਨ ਸਿੰਘ ਅਕਾਲ ਤਖ਼ਤ ਦੇ ਜਥੇਦਾਰ ਸਨ। ਆਪਰੇਸ਼ਨ ਨੀਲਾ-ਤਾਰਾ ਦੇ ਸਾਲ ਭਰ ਅੰਦਰ ਹੀ ਖਾੜਕੂ ਜਥੇਬੰਦੀਆਂ ਦਾ ਦਰਬਾਰ ਸਾਹਿਬ 'ਤੇ ਦੁਬਾਰਾ ਕਬਜ਼ਾ ਹੋ ਗਿਆ ਸੀ। ਵੱਖੋ ਵੱਖਰੇ ਬੰਦੇ ਥੋੜ੍ਹੇ ਥੋੜ੍ਹੇ ਚਿਰ ਲਈ 'ਸੱਤਾ' ਵਿਚ ਰਹੇ। ਉਨ੍ਹਾਂ ਵਿਚ ਦੋ ਭਰਾ ਵੀ ਸਨ ਜਿਨ੍ਹਾਂ ਦੇ ਹੁਕਮ ਨਾਲ ਓਥੇ ਸਭ ਫ਼ੈਸਲੇ ਹੁੰਦੇ ਸਨ।

ਮੈਂ ਉਨ੍ਹਾਂ ਭਰਾਵਾਂ ਨਾਲ ਇੰਟਰਵਿਊ ਕਰਨ ਗਿਆ ਤੇ ਕਿਹਾ : 'ਆਪਣੀ ਗੱਲ ਮੈਂ ਬਾਹਰਲਾ ਬੰਦਾ ਅਤੇ ਅਜਿਹਾ ਨਿਰਪੱਖ ਪੱਤਰ ਪ੍ਰੇਰਕ ਹੋਣ ਦੇ ਨਾਤੇ ਦਸ ਰਿਹਾ ਹਾਂ ਜਿਹੜਾ ਲਗਾਤਾਰ ਪੰਜਾਬ ਵਿਚ ਹੋ ਰਹੀਆਂ ਕਾਰਵਾਈਆਂ ਨੂੰ ਗਹੁ ਨਾਲ ਵੇਖ਼ਦਾ ਹੈ, ਰੋਜ਼ ਪੜ੍ਹਦਾ ਹੈ, ਤੇ ਪੰਜਾਬ ਦਾ ਹਮਦਰਦ ਹੈ। ਅਕਾਲ ਤਖ਼ਤ ਦੇ ਅਜ ਤੱਕ ਜਿੰਨੇ ਵੀ ਜਥੇਦਾਰ ਹੋਏ ਹਨ, ਉਨ੍ਹਾਂ ਵਿਚੋਂ ਸਭ ਤੋਂ ਅਸਰਦਾਰ ਪ੍ਰੋ. ਦਰਸ਼ਨ ਸਿੰਘ ਰਹੇ ਹਨ। ਉਨ੍ਹਾਂ ਨੂੰ ਗੁਰਬਾਣੀ ਅਤੇ ਇਤਿਹਾਸ ਦੀ ਪੂਰੀ ਸਮਝ ਹੈ। ਉਹ ਦਲੀਲ ਨਾਲ ਗੱਲ ਕਰਦੇ ਹਨ। ਜਿਸਨੂੰ ਪੰਜਾਬੀ ਨਹੀਂ ਆਉਂਦੀ, ਉਹਦੇ ਨਾਲ ਹਿੰਦੀ ਜਾਂ ਅੰਗਰੇਜ਼ੀ ਵਿਚ ਵਧੀਆ ਗੱਲ ਕਰ ਲੈਂਦੇ ਹਨ। ਪੰਜਾਬ ਵਿਚ ਜਿੰਨੇ ਵੀ ਲੋਕ ਬਾਹਰੋਂ ਗੱਲ ਕਰਨ ਆਏ, ਭਾਵੇਂ ਉਹ ਪੱਤਰਕਾਰ ਸਨ, ਭਾਵੇਂ ਸਿਆਸੀ ਨੇਤਾ, ਸਮਾਜਿਕ ਕਾਰਕੁਨ, ਜਾਂ ਬਦੇਸ਼ੀ ਮੁਖੀ - ਪ੍ਰੋ. ਦਰਸ਼ਨ ਸਿੰਘ ਨੇ ਸਭ ਨੂੰ ਪੰਜਾਬ ਦੀ ਸਿੱਖ ਸਮੱਸਿਆ ਪ੍ਰਤੀ ਦਲੀਲਾਂ ਨਾਲ ਕਾਇਲ ਕਰਕੇ ਹੀ ਵਾਪਸ ਭੇਜਿਆ। ਜਿਹੜਾ ਵੀ ਅਕਾਲ ਤਖ਼ਤ 'ਤੇ ਆਇਆ, ਉਹ ਭੁਲੇਖੇ ਲੈ ਕੇ ਆਇਆ, ਪਰ ਸਿੱਖਾਂ ਦਾ ਹਮਦਰਦ ਬਣ ਕੇ ਪਰਤਿਆ। ਇਹ ਸੱਚਾਈ ਮੈਂ ਪੱਤਰਕਾਰ ਹੋਣ ਦੇ ਨਾਤੇ ਬਾਅਦ ਵਿਚ ਉਨ੍ਹਾਂ ਲੋਕਾਂ ਨਾਲ ਮੁਲਾਕਾਤਾਂ ਕਰਨ ਕਰਕੇ ਜਾਣਦਾ ਹਾਂ। ਪਰ ਮੈਨੂੰ ਪਤਾ ਲੱਗਾ ਹੈ ਤੁਸੀਂ ਪ੍ਰੋਫ਼ੈਸਰ ਸਾਹਿਬ ਨੂੰ ਜਥੇਦਾਰੀ ਤੋਂ ਲਾਹੁਣਾ ਚਾਹੁੰਦੇ ਹੋ। ਹੋ ਸਕਦਾ ਹੈ ਦਰਸ਼ਨ ਸਿੰਘ ਹੁਰੀਂ ਤੁਹਾਡੇ ਅਨੁਸਾਰ ਪਰਫ਼ੈਕਟ ਨਾ ਹੋਣ, ਤੁਹਾਡੇ ਉਨ੍ਹਾਂ ਨਾਲ ਮਤਭੇਦ ਹੋਣ। ਪਰ ਮਸਾਂ ਤਾਂ ਤੁਹਾਨੂੰ ਕੋਈ ਬੰਦਾ ਮਿਲਿਆ ਹੈ ਜਿਹੜਾ ਵਿਦਵਾਨ ਵੀ ਹੈ, ਬਾਣੀ-ਗਾਇਕ ਵੀ, ਧਾਰਮਿਕ ਵੀ, ਭਾਸ਼ਾ ਵੀ ਜਾਣਦਾ ਹੈ, ਦਲੀਲ ਵੀ ਦਿੰਦਾ ਹੈ, ਨਿਰਪੱਖ ਵੀ ਹੈ, ਸਾਬਤ ਸੂਰਤ ਸਿੱਖ ਵੀ, ਤੇ ਹਰ ਆਏ ਗਏ ਵੱਡੇ ਛੋਟੇ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਵੀ ਰਖਦਾ ਹੈ। ਤੁਹਾਨੂੰ ਤਾਂ ਉਹਦੇ ਰਾਹੀਂ ਆਪਣੀ ਗੱਲ ਸੰਸਾਰ ਵਿਚ ਦੂਰ ਦੂਰ ਤਕ ਪੁਚਾਉਣੀ ਚਾਹੀਦੀ ਹੈ। ਉਹਨੂੰ ਸਾਲਸ ਬਣਾ ਕੇ ਸਰਕਾਰ ਪਾਸੋਂ ਆਪਣੇ ਹੱਕਾਂ ਲਈ ਹੱਕ ਨਾਲ ਗੱਲ ਚਾਹੀਦੀ ਹੈ। ਤੁਸੀਂ ਉਹਨੂੰ ਘਰੋਂ ਕੱਢ ਰਹੇ ਹੋ। ਕਿਉਂ?'

ਉਹ ਭਰਾ ਬੋਲੇ : 'ਤੈਨੂੰ ਪਤੈ - ਦਰਸ਼ਨ ਸਿੰਘ ਦੀ ਜਾਤ ਕੀ ਹੈ? ਇਹ ਭਾਪਾ ਹੈ! ਇਹ ਤਾਂ ਪੰਥ ਨੂੰ ਵੇਚ ਕੇ ਖਾ ਜਾਊ! ਏਹਨੂੰ ਏਥੇ ਨਹੀਂ ਰਹਿਣ ਦੇਣਾ!'

*

ਇਹ ਗੱਲ ਉਨ੍ਹਾਂ ਬੰਦਿਆਂ ਨੇ ਕਹੀ ਜਿਨ੍ਹਾਂ ਦੇ ਕਬਜ਼ੇ ਵਿਚ ਸਿੱਖਾਂ ਦੀ ਸਰਵਉੱਚ ਥਾਂ ਅਕਾਲ ਤਖ਼ਤ ਸੀ। ਜਿਨ੍ਹਾਂ ਨੇ ਉਹ ਅੰਮ੍ਰਿਤ ਛਕਿਆ ਹੋਇਆ ਸੀ ਜਿਹੜਾ ਜਾਤ-ਪਾਤ ਨੂੰ ਖ਼ਤਮ ਕਰਨ ਲਈ ਸੀ। ਏਹ ਬੰਦੇ ਆਪਣੇ ਆਪ ਨੂੰ ਸ਼ੁੱਧ-ਸਿੱਖ, ਸਭ ਸਿੱਖਾਂ ਤੋਂ ਬੇਹਤਰ ਅਤੇ ਕੁੱਲ ਰਵਾਇਤੀ ਅਕਾਲੀ ਲੀਡਰਸ਼ਿਪ ਤੋਂ ਉੱਪਰ ਸਮਝਦੇ ਸਨ। ਦੋ ਕੁ ਸਾਲ ਪਹਿਲਾਂ ਖਾੜਕੂ ਲਹਿਰ ਵਿਚ ਕਿਸੇ ਸਮੇਂ ਹਿੱਸਾ ਲੈਣ ਵਾ.ਲੇ ਇਕ ਸਿਆਣੇ ਬੰਦੇ ਨੇ ਮੈਨੂੰ ਦੱਸਿਆ : 'ਜਾਤ ਪਾਤ ਖਾੜਕੂਆਂ ਵਿਚ ਵੀ ਸੀ। ਲਹਿਰ ਵਿਚ ਕਈ ਮੁੰਡੇ ਮਜ਼੍ਹਬੀ ਸਿੱਖ ਵੀ ਸਨ। ਮੈਂ ਕਈ ਵਾਰੀ ਵੱਡੇ ਖਾੜਕੂ ਨੂੰ ਦੂਜੇ ਛੋਟੇ ਖਾੜਕੂ ਨੂੰ ਕਹਿੰਦਿਆਂ ਸੁਣਿਆ : ਓਏ ਚੂਹੜਿਆ! ਚਾਹ ਬਣਾ ਕੇ ਲਿਆ ...'

ਅਜਿਹੀਆਂ ਗੱਲਾਂ ਪੰਜਾਬ ਦੇ ਕਾਮਰੇਡਾਂ ਨੇ ਨਹੀਂ ਕਹੀਆਂ, ਨਾ ਕੀਤੀਆਂ। ਤਾਂ ਫ਼ਿਰ ਪੰਜਾਬ ਜਾਂ ਸਿੱਖੀ ਨਾਲ ਅਨਿਆਂ ਹੋਰ ਕਿਸ ਕਿਸ ਨੇ ਕੀਤਾ ਹੈ? ਸਿੱਖੀ ਵਿਚ ਜਾਤ-ਪਾਤ ਨੂੰ ਪਿਛਲੇ ਦਰਵਾਜ਼ਿਓਂ ਕਾਮਰੇਡਾਂ ਨੇ ਨਹੀਂ ਵਾੜਿਆ। ਪਿੰਡਾਂ ਵਿਚ ਅਖੌਤੀ ਨੀਵੀਆਂ ਜਾਤਾਂ ਦੇ ਵੱਖਰੇ ਸ਼ਮਸ਼ਾਨਘਾਟ ਵੀ ਕਾਮਰੇਡਾਂ ਨੇ ਨਹੀਂ ਬਣਾਏ। ਅੰਮ੍ਰਿਤ ਛਕਾਉਣ ਵੇਲੇ ਜੱਟਾਂ ਨੂੰ ਪਹਿਲਾਂ ਅਤੇ ਮਜ਼੍ਹਬੀ ਸਿੱਖਾਂ ਨੂੰ ਬਾਅਦ ਵਿਚ ਵੱਖਰੀ ਪਾਹੁਲ ਦੇਣ ਦਾ ਆਈਡੀਆ ਵੀ ਕਾਮਰੇਡਾਂ ਦਾ ਨਹੀਂ ਹੈ। ਕਾਮਰੇਡਾਂ ਤਾਂ ਏਸ ਸਭ ਦਾ ਵਿਰੋਧ ਹੀ ਕੀਤਾ ਹੈ। ਕੀ ਇਹ ਵਿਰੋਧ ਵੀ ਉਨ੍ਹਾਂ ਦਾ ਪੰਜਾਬ ਨਾਲ 'ਅਨਿਆਂ' ਕਿਹਾ ਜਾਣਾ ਚਾਹੀਦਾ ਹੈ?


ਖਾੜਕੂ ਲਹਿਰ ਨੇ ਸ਼ੁਰੂ ਹੁੰਦੇ ਸਾਰ ਹੀ ਪੰਜਾਬ ਵਿਚੋਂ ਖੱਬੀ ਧਿਰ ਦੀ ਪਹਿਲੀ ਤੇ ਦੂਜੀ ਸਫ਼ ਸਾਫ਼ ਕਰ ਦਿੱਤੀ। ਪਾਸ਼ ਅਤੇ ਸੁਮੀਤ ਸਿੰਘ ਵਰਗੇ ਜ਼ਹੀਨ ਬੰਦੇ ਜਿਹੜੇ ਕਿਸੇ ਤਰ੍ਹਾਂ ਵੀ ਸਰਕਾਰੀ ਨਹੀਂ ਸਨ, ਬਲਕਿ ਸਰਕਾਰ ਦੇ ਖ਼ਿਲਾਫ਼ ਸਨ - ਉਹ ਮਾਰ ਦਿੱਤੇ। ਏਸ ਵਰਤਾਰੇ ਨੂੰ ਵੀ ਕਾਮਰੇਡਾਂ ਦਾ ਅਨਿਆਂ ਕਹੋਗੇ? ਜਾਂ ਕਾਮਰੇਡਾਂ ਨਾਲ ਹੋਇਆ ਅਨਿਆਂ ਕਹੋਗੇ?

ਤਾਂ ਫ਼ਿਰ ਪੰਜਾਬ ਦੀ ਮਾਨਸਿਕਤਾ ਅਤੇ ਬੌਧਿਕਤਾ ਨੂੰ ਹੋਰ ਕਿਸ ਕਿਸ ਨੇ ਨਹੀਂ ਸਮਝਿਆ? 'ਸੁਰਤਿ' ਪਰਚੇ ਦੀ ਮੁਲਾਕਾਤ ਦੇ ਨਾਇਕ ਲੇਖਕ ਨੂੰ ਇਹ ਗੱਲ ਵੀ ਕਰ ਲੈਣੀ ਚਾਹੀਦੀ ਸੀ ...।

# ਪੰਜਾਬੀ ਦੇ ਭਲੇ ਲਈ ਚਾਰ ਅੱਖਰ

**ਜਵਾਹਰਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਪ੍ਰੋਫੈਸਰ ਅਮੈਰੀਟਸ, ਭਾਸ਼ਾ ਮਾਹਿਰ ਹਰਜੀਤ ਸਿੰਘ ਗਿੱਲ ਨੇ ਅਮਰਜੀਤ ਚੰਦਨ ਦੀ ਨਵੀਂ ਆਈ ਕਿਤਾਬ 'ਦੁੱਧ ਵਿਚ ਕਾਂਜੀ: ਪੰਜਾਬੀ ਦਾ ਸੱਤਿਆਨਾਸ' ਲਈ ਮੁੱਖਬੰਦ ਵਜੋਂ ਇਹ 'ਚਾਰ ਅੱਖਰ' ਲਿਖੇ ਹਨ...**

ਕਲਾ ਪਰਿਕਰਮਾ



ਹਰਜੀਤ ਸਿੰਘ ਗਿੱਲ

ਅਮਰਜੀਤ ਚੰਦਨ ਹੋਣਹਾਰ ਕਵੀ, ਸਿਆਸਤਦਾਨ ਤੇ ਵਿਦਵਾਨ ਏ। ਸਿਆਸਤ ਦੇ ਸੱਚ ਦੀ ਖੋਜ ਵਿਚ ਇਹਨੇ ਤਸੀਹੇ ਝੱਲੇ। ਕਵਿਤਾ ਦੇ ਖੇਤਰ ਵਿਚ ਜੁਝਾਰੂ ਵੀ ਰਿਹਾ ਤੇ ਫਿਰ ਗੁਰੂ ਨਾਨਕ ਦੀ ਸੱਚ ਦੀ ਟਕਸਾਲ ਦੀ ਭਾਲ ਵਿਚ ਆਪ ਵੀ ਸੱਚ ਦੀ ਟਕਸਾਲ ਰਚੀ। ਏਨਿਆਂ ਰੁਝੇਵਿਆਂ ਦੇ ਨਾਲ਼-ਨਾਲ਼ ਇਹਨੂੰ ਪੰਜਾਬੀ ਬੋਲੀ ਦਾ ਫ਼ਿਕਰ ਵੀ ਰਹਿੰਦਾ ਏ - ਪੰਜਾਬੀ ਦੇ ਸ਼ਬਦਜੋੜਾਂ ਬਾਰੇ, ਪੰਜਾਬੀ ਵਿਚ ਦੂਸਰੀਆਂ ਬੋਲੀਆਂ ਦੇ ਪ੍ਰਭਾਵ ਬਾਰੇ ਸੋਚਦਾ ਏ। ਇਹਦੀ ਖੋਜ ਬਹੁਤ ਸਲਾਹੁਣਯੋਗ ਏ ਪਰ ਇਸ 'ਤੇ ਚੰਗੀ ਤਰ੍ਹਾਂ ਸੋਚ-ਵਿਚਾਰ ਕਰਨ ਦੀ ਲੋੜ ਏ।

ਪਹਿਲੀ ਗੱਲ ਤੇ ਇਹ ਕਿ ਕੋਈ ਵੀ ਬੋਲੀ, ਕੋਈ ਵੀ ਪਰੰਪਰਾ ਅਸਲ ਸ਼ੁੱਧ ਨਹੀਂ ਹੁੰਦੀ। ਉਰਦੂ ਤੇ ਫਿਰ ਅੰਗਰੇਜ਼ੀ ਦਾ ਥੋਹੜਾ-ਬਹੁਤਾ ਪ੍ਰਭਾਵ ਰਿਹਾ। ਸੂਫ਼ੀਆਂ ਦੀ ਬੋਲੀ ਦੀ ਪਰੰਪਰਾ। ਸੰਤਾਲ਼ੀ ਦੀ ਵੰਡ ਪਿੱਛੋਂ ਹੁਣ ਏਧਰ ਹਿੰਦੀ ਸੰਸਕ੍ਰਿਤ ਦਾ ਪ੍ਰਭਾਵ। ਦੂਜੇ ਪਾਸੇ ਹਾਲੀ ਵੀ ਸਿਰਫ਼ ਉਰਦੂ ਤੇ ਥੋਹੜੀ-ਬਹੁਤੀ ਅੰਗਰੇਜ਼ੀ। ਭਾਰਤੀ ਪੰਜਾਬ ਵਿਚ ਪੰਜਾਬੀ ਵਿਚ (ਪੜ੍ਹਨ-ਲਿਖਣ ਦੀ ਪਰੰਪਰਾ ਬੜੇ ਜ਼ੋਰ 'ਤੇ ਹੈ। ਓਧਰ ਦੇ ਪੰਜਾਬ ਵਿਚ ਉਰਦੂ ਸਰਕਾਰੀ ਬੋਲੀ ਏ। ਪੰਜਾਬੀ ਬੋਲੀ ਤਾਂ ਜਾਂਦੀ ਏ, ਪਰ ਲਿਖਣ-ਪੜ੍ਹਨ ਵਿਚ ਬਹੁਤੀ ਨਹੀਂ ਵਰਤੀ ਜਾਂਦੀ।

ਹੁਣ ਸਵਾਲ ਇਹ ਹੈ ਕਿ ਇਨ੍ਹਾਂ ਹਾਲਾਤ ਵਿਚ ਕੀ ਕੀਤਾ ਜਾਵੇ? ਮੇਰੇ ਵਿਚਾਰ ਵਿਚ ਜਿੱਥੋਂ ਤਾਈਂ ਹੋ ਸਕੇ, ਸਾਨੂੰ ਅਪਣੀ ਬੋਲੀ ਦੇ ਆਮ ਸ਼ਬਦਾਂ ਵਿਚ ਹੀ ਗੂੜ੍ਹੇ ਫ਼ਲਸਫ਼ੇ 'ਤੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਏ। ਗੁਰੂ ਨਾਨਕ ਜੀ ਨੇ ਕਿਸਾਨਾਂ ਦੇ, ਘੁਮਿਆਰ ਦੇ, ਸੁਨਿਆਰੇ ਦੇ ਆਮ ਸ਼ਬਦਾਂ ਨਾਲ਼ ਰਹਾਨੀ ਸੱਚ ਦੀ ਵਿਆਖਿਆ ਕੀਤੀ। ਸੁਨਿਆਰੇ ਦੀ ਟਕਸਾਲ ਨੂੰ ਰੂਹਾਨੀ ਟਕਸਾਲ ਨਾਲ਼ ਜੋੜਿਆ। ਉਂਜ ਕੱਲ੍ਹ ਦੇ ਗੂੜ੍ਹੇ ਫ਼ਲਸਫ਼ੇ ਦੀ ਵਿਆਖਿਆ ਲਈ ਸਾਡੇ ਕੋਲ਼ ਬੇਅੰਤ ਸ਼ਬਦ ਹਨ। ਪੰਜਾਬੀ ਦੇ ਬੜੇ ਠੇਠ ਸ਼ਬਦ-ਜੁਗਤ, ਗੋਂਦ, ਵਿਉਂਤ, ਵਿਧੀ, ਜੋੜ/ਨਿਖੇੜ, ਉਸਾਰਨਾ/ਉਖੇੜਨਾ, ਤਾਣਾਪੇਟਾ, ਅਪਣਾ/ਦੂਜਾ ਆਦਿ ਸ਼ਬਦਾਂ ਨਾਲ਼ ਇਸ ਫ਼ਲਸਫ਼ੇ ਦੀਆਂ ਸਾਰੀਆਂ ਗੁੰਝਲਾਂ ਖੋਲ੍ਹੀਆਂ ਜਾ ਸਕਦੀਆਂ ਹਨ। ਇਨ੍ਹਾਂ ਸ਼ਬਦਾਂ ਦੀ ਵਰਤੋਂ ਵੀ ਬੜੇ ਧਿਆਨ ਨਾਲ਼ ਕਰਨੀ ਚਾਹੀਦੀ ਏ। ਪੰਜਾਬੀ ਵਿਦਵਾਨ ਅੱਜ ਕੱਲ੍ਹ 'ਡਿਸਕੋਰਸ' ਦਾ ਤਰਜਮਾ 'ਪ੍ਰਵਚਨ' ਕਰਦੇ ਹਨ। ਏਦੂੰ ਵੱਧ ਕੁਤਾਹੀ ਕੀ ਹੋ ਸਕਦੀ ਏ? 'ਸੰਰਚਨਾ' ਤਾਂ ਭੰਗੜੇ, ਗਿੱਧੇ ਦੀ, ਪੇਕੇ ਸਹੁਰੇ ਦੀ, ਘੋੜ-ਦੌੜ ਦੀ, ਜੰਗ ਅਮਨ ਦੀ, ਸ਼ਤਰੰਜ ਦੀ ਖੇਡ ਦੀ, ਹਵੇਲੀ ਦੀ, ਅਸਬਾਤ ਦੀ ਵੱਖ-ਵੱਖ ਹੁੰਦੀ ਏ। ਇਹਦਾ ਗੁਰੂਆਂ ਪੀਰਾਂ ਦੇ 'ਪ੍ਰਵਚਨ' ਨਾਲ਼ ਕੀ ਸਬੰਧ ਏ?



ਕਿਤਾਬ 'ਦੁੱਧ ਵਿਚ ਕਾਂਜੀ' ਦਾ ਮੁਖੜਾ।



ਕਿਤਾਬ ਦਾ ਲੇਖਕ ਅਮਰਜੀਤ ਚੰਦਨ।

ਸਮੱਸਿਆ ਸ਼ਬਦਾਂ ਦੀ ਨਹੀਂ, ਸਮੱਸਿਆ ਸਾਡੇ ਕੱਚਘੜ ਵਿਦਵਾਨਾਂ ਦੀ ਏ। ਜੇ ਏਨੇ ਪੇਚੀਦਾ ਫ਼ਲਸਫ਼ੇ ਦੀ ਸਮਝ ਨਹੀਂ ਆਈ ਤਾਂ ਵਿਆਖਿਆ ਕੀ ਕਰੂ? ਫਿਰ ਮੋਟੇ-ਮੋਟੇ ਸ਼ਬਦਾਂ ਦੀ ਵਰਤੋਂ ਕਰੋ। ਨਾ ਆਪ ਨੂੰ ਕੁਝ ਪਤਾ ਲੱਗਾ, ਨਾ ਹੁਣ ਪੜ੍ਹਨ ਵਾਲਿਆਂ ਦੇ ਕੁਝ ਪੱਲੇ ਪਊ। ਸਵਾਲ ਇਹ ਨਹੀਂ ਕਿ ਬੋਲੀ ਠੇਠ ਏ ਕਿ ਨਹੀਂ। ਬੋਲੀ ਦਾ ਅਪਣੇ-ਆਪ ਵਿਚ ਕੋਈ ਵਜੂਦ ਨਹੀਂ ਹੁੰਦਾ। ਹਰ ਬੋਲੀ ਨੇ ਚਿੰਤਨ ਦੇ ਨਾਲ਼-ਨਾਲ਼ ਤੁਰਨਾ ਹੁੰਦਾ ਏ। ਜੇ ਚਿੰਤਨ ਈ ਖੋਟਾ ਏ ਤਾਂ ਬੋਲੀ ਖਰੀ ਕਿਵੇਂ ਹੋ ਸਕਦੀ ਏ? ਸੰਤ ਸਿੰਘ ਸੇਖੋਂ ਸਾਡੀ ਪਰੰਪਰਾ ਵਿਚ ਮਾਰਕਸਵਾਦੀਆਂ ਦਾ ਗੁਰੂ ਸੀ। ਉਹਨੇ ਮਾਰਕਸ ਦੇ ਫ਼ਲਸਫ਼ੇ 'ਤੇ ਇਕ ਅੱਖਰ ਨਹੀਂ ਲਿਖਿਆ ਜਿਸ ਨੂੰ ਕਿ ਮਾਰਕਸਵਾਦ ਦੇ ਚਿੰਤਨ ਦੇ ਇਤਿਹਾਸ ਵਿਚ ਕੋਈ ਥਾਂ ਮਿਲ਼ੇ। ਪੰਜਾਬੀ ਮਾਰਕਸਵਾਦ ਸਤਾਲਿਨਵਾਦ ਤੋਂ ਅੱਗੇ ਨਹੀਂ ਵਧਿਆ। ਸੇਖੋਂ ਤੇ ਕਿਸ਼ਨ ਸਿੰਘ ਅਖੀਰ ਤਕ ਸਤਾਲਿਨ ਦੀ ਪੂਜਾ ਕਰਦੇ ਰਹੇ। ਇਹ ਸਾਡੇ ਅਗਾਂਹਵਧੂ ਲਿਖਾਰੀਆਂ ਦਾ ਹਾਲ ਸੀ। ਜਦੋਂ ਸਤਾਲਿਨ ਵੇਲੇ ਸਾਇਬੇਰੀਆ ਦੀਆਂ ਬਰਫ਼ਾਂ ਵਿਚ ਹਜ਼ਾਰਾਂ ਕੈਦੀ ਮਰ ਰਹੇ ਸਨ, ਸਾਰੀ ਦੁਨੀਆ ਵਿਚ ਤੋਏ-ਤੋਏ ਹੋ ਰਹੀ ਸੀ, ਓਦੋਂ ਸਾਡੇ ਮਾਰਕਸਵਾਦੀ ਅਗਾਂਹਵਧੂ ਲਿਖਾਰੀਆਂ ਦੇ ਕੰਨੀਂ ਜੂੰ ਵੀ ਨਾ ਸਰਕੀ।

ਸਾਡੇ ਕੱਚਘੜ ਵਿਦਵਾਨਾਂ ਨੇ ਪਹਿਲੋਂ ਮਾਰਕਸਵਾਦ ਦਾ ਭੱਠਾ ਬਹਾ ਦਿੱਤਾ, ਹੁਣ ਸੰਰਚਨਾਵਾਦ ਦੇ ਮਗਰ ਪਏ ਹਨ। ਨਕਸਲਵਾਦੀ ਚਿੰਤਕਾਂ ਨੂੰ ਵੀ ਸਿਵਾਇ 'ਹਿੰਸਾ' ਦੇ ਹੋਰ ਕੋਈ ਚਿੰਤਨ ਵਾਲ਼ੀ ਗੱਲ ਨਜ਼ਰ ਨਹੀਂ ਆਈ। ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਕਿ ਪਿੱਛੋਂ ਬਹੁਤੇ ਨਕਸਲੀਏ ਖ਼ਾਲਿਸਤਾਨੀ ਬਣ ਗਏ। ਏਸੇ ਕਰ ਕੇ ਮਾਰਕਸਵਾਦੀ ਅਮਰਜੀਤ ਚੰਦਨ ਨੇ ਦੋ ਸਾਲ ਜੇਲ੍ਹ ਕੱਟਣ ਦੇ ਬਾਵਜੂਦ ਨਕਸਲੀ-ਸਤਾਲਿਨਵਾਦੀ ਚਿੰਤਨ ਨੂੰ ਅਲਵਿਦਾ ਕਹਿ ਦਿੱਤਾ; ਪਰ ਖ਼ਾਲਿਸਤਾਨੀ ਨਹੀਂ ਬਣਿਆ।

ਇਸ ਕਿਤਾਬ ਵਾਸਤੇ ਅਮਰਜੀਤ ਦੀ ਜਿੰਨੀ ਤਾਰੀਫ਼ ਕੀਤੀ ਜਾਏ, ਥੋਹੜੀ ਏ। ਇਹਨੇ ਪਿਛਲੇ ਕਈ ਸਾਲਾਂ ਤੋਂ ਲਿਖੀ ਜਾਂਦੀ ਪੰਜਾਬੀ ਦੇ ਸ਼ਬਦਜੋੜ, ਵਿਆਕਰਣ ਅਤੇ ਦੂਸਰੀਆਂ ਬੋਲੀਆਂ ਦੇ ਸ਼ਬਦਾਂ ਦੇ ਪ੍ਰਭਾਵ ਨੂੰ ਬਹੁਤ ਬਾਰੀਕੀ ਨਾਲ਼ ਘੋਖਿਆ ਵਿਚਾਰਿਆ ਏ। ਇਹ ਪੰਜਾਬੀ ਬੋਲੀ ਨੂੰ ਸਹੀ ਰਸਤੇ ਪਾਉਣ ਦਾ ਯਤਨ ਬਹੁਤ ਮਹੱਤਵਪੂਰਨ ਏ। ਅਮਰਜੀਤ ਨੂੰ ਬਹੁਤ-ਬਹੁਤ ਵਧਾਈ ਹੋਵੇ।

## ਪੰਜਾਬੀ ਦੇ ਸੱਤਿਆਨਾਸ ਦਾ ਸਫਰ

*'ਪੰਜਾਬੀ ਦਾ ਸੱਤਿਆਨਾਸ' ਲੇਖ ਮੈਂ ਸੰਨ 2004 ਵਿਚ ਲਿਖਿਆ ਸੀ। 'ਪੰਜਾਬੀ ਟ੍ਰਿਬਿਊਨ' ਵਾਲ਼ਿਆਂ ਛਾਪਣੋਂ ਨਾਂਹ ਕਰ ਦਿੱਤੀ ਸੀ। ਫੇਰ ਇਹ ਕੈਨੇਡਾ-ਇੰਗਲੈਂਡ 'ਚ ਨਿਕਲ਼ਦੇ 'ਅਜੀਤ ਵੀਕਲੀ' ਤੇ ਸਾਹਿਤਕ ਤ੍ਰੈਮਾਸਿਕ 'ਲਕੀਰ' (ਜੁਲਾਈ-ਸਤੰਬਰ 2004) ਵਿਚ ਛਪਿਆ। ਵੈਨਕੂਵਰ ਵਾਲ਼ੇ ਪੰਜਾਬੀ ਰੇਡੀਓ 'ਤੇ ਗੁਰਚਰਨ ਰਾਮਪੁਰੀ ਨੇ ਆਪ ਪੜ੍ਹਿਆ ਤੇ ਸਰੋਤੇ ਦੋ ਘੰਟੇ ਵਿਚਾਰ-ਚਰਚਾ ਕਰਦੇ ਰਹੇ। ਫੇਰ ਇਹ ਲੇਖ ਦੇਸ਼ ਸੇਵਕ ਅਖ਼ਬਾਰ ਵਿਚ ਵੀ ਛਪਿਆ; ਨਾਲ਼ ਇਹਦੇ ਸੰਪਾਦਕ ਨੇ ਮੈਨੂੰ ਇਹ ਸੁਨੇਹਾ ਘੱਲਿਆ ਸੀ ਕਿ ਸਾਡਾ ਕੰਮ ਖ਼ਬਰਾਂ ਛਾਪਣਾ ਹੈ; ਲੋਕਾਂ ਨੂੰ ਪੰਜਾਬੀ ਪੜ੍ਹਾਉਣਾ ਨਹੀਂ।*

*ਉਸ ਤੋਂ ਮਗਰੋਂ ਕਈ ਸੱਜਣ ਪਾਠਕ ਮੈਨੂੰ ਇਹ ਕਹਿੰਦੇ ਰਹੇ ਕਿ ਇਸ ਲੇਖ ਵਿਚ ਹੋਰ ਵਾਧਾ ਕਰਨਾ ਚਾਹੀਦਾ ਹੈ। ਹੁਣ ਵਾਧਾ ਤਾਂ ਮੈਂ ਕਰ ਦਿੱਤਾ ਹੈ; ਪਰ ਵਿਚਲੀ ਗੱਲ ਮੁੱਢਲੇ ਲੇਖ ਵਾਲ਼ੀ ਹੀ ਹੈ। ਵਾਧਾ ਕਰਦਿਆਂ ਕਈ ਗੱਲਾਂ ਦਾ ਚਾਨਣ ਹੋਇਆ; ਖ਼ਾਸ ਕਰ ਕੇ ਇਹ ਕਿ ਅੰਗਰੇਜ਼ੀ ਦੇ ਦਾਬੇ ਕਰ ਕੇ ਪੰਜਾਬੀ ਦਾ ਵਿਗਾੜ ਹੁਣ ਦਾ ਨਹੀਂ; ਇਕ ਸਦੀ ਪਹਿਲਾਂ ਹੀ ਪੈਣ ਲੱਗ ਪਿਆ ਸੀ।*

*ਅੱਧੀ ਸਦੀ ਪਹਿਲਾਂ ਪੂਰਬੀ ਪੰਜਾਬ ਵਿਚ ਪੰਜਾਬੀ ਵਿਦਵਾਨਾਂ ਤੇ ਲੇਖਕਾਂ ਨੂੰ ਅਪਣੀ ਬੋਲੀ ਦੀ ਸੰਭਾਲ਼ ਤੇ ਤਰੱਕੀ ਵਾਸਤੇ ਜੋ ਚਿੰਤਾ ਹੁੰਦੀ ਸੀ, ਹੁਣ ਇਹ ਕਿਤੇ ਨਜ਼ਰ ਨਹੀਂ ਆਉਂਦੀ। ਹੁਣ ਭਾਣਾ ਵਰਤ ਜਾਣ ਪਿੱਛੋਂ ਵਾਲ਼ੀ ਚੁੱਪ ਵਰਤੀ ਹੋਈ ਹੈ। ਪੰਜਾਬੀ ਦਾ ਜਿੰਨਾ ਕੁ ਸੱਤਿਆਨਾਸ ਹੋ ਸਕਦਾ ਸੀ, ਉਹ ਹੋ ਚੁੱਕਾ ਹੈ। ਇਹਦੀ ਚਿੰਤਾ ਨਾ ਕਿਸੇ ਵਿਦਵਾਨ ਨੂੰ ਹੈ, ਨਾ ਲਿਖਾਰੀ ਤੇ ਨਾ ਕਿਸੇ ਪੱਤ੍ਰਕਾਰ ਨੂੰ। ਮੇਰੇ ਸੱਜਣ ਦਿਲਾਸਾ ਦਿੰਦੇ ਹਨ ਕਿ ਇਸ ਲੇਖ ਦੀ ਹਾਲੇ ਵੀ ਲੋੜ ਹੈ।*

*ਮੈਨੂੰ ਸੈਹੇ ਦੀ ਨਹੀਂ, ਪੈਹੇ ਦੀ ਪਈ ਹੋਈ ਹੈ। ਦੁਨੀਆ ਬੜੀ ਛੋਟੀ ਹੋ ਗਈ ਹੈ। ਵੱਡੀ ਬੋਲੀ ਛੋਟੀ ਬੋਲੀ ਨੂੰ ਖਾਂਦੀ ਆਈ ਹੈ। ਪਹਿਲਾਂ ਅੰਗਰੇਜ਼ੀ ਬਰਤਾਨੀ ਸਾਮਾਰਾਜ ਦੀ ਬੋਲੀ ਸੀ; ਹੁਣ ਇਹ ਵਿਸ਼ਵ ਪੂੰਜੀਵਾਦ ਦੀ ਬੋਲੀ ਹੋ ਗਈ ਹੈ। ਇਹ ਗੱਲ ਸਹੀ ਹੈ ਕਿ ਵੇਲੇ ਨਾਲ਼ ਭਾਸ਼ਾ ਤੇ ਇਹਦੀ ਗਰਾਮਰ ਵੀ ਬਦਲਦੀ ਰਹਿੰਦੀ ਹੈ; ਬੋਲੀਆਂ ਦਾ ਮੇਲਜੋਲ ਹੁੰਦਾ ਹੈ, ਸ਼ਬਦਾਂ ਦੇ ਅਰਥ ਬਦਲਦੇ ਨੇ। ਇਸ ਤਰ੍ਹਾਂ ਕੋਈ ਵੀ ਬੋਲੀ ਨਿਰੋਲ 'ਨਖ਼ਾਲਸ' ਨਹੀਂ ਹੁੰਦੀ ਪਰ ਲੇਖਕਾਂ, ਪੱਤ੍ਰਕਾਰਾਂ ਤੇ ਉਸਤਾਦਾਂ ਦਾ ਕੰਮ ਬੋਲੀ ਦੀ ਰਾਖੀ ਕਰਨਾ ਹੁੰਦਾ ਹੈ; ਨਾ ਕਿ ਇਹਦਾ ਸੱਤਿਆਨਾਸ ਕਰਨਾ। ਸਾਡੀਆਂ ਅੱਖਾਂ ਦੇ ਸਾਹਮਣੇ ਤਰੱਕੀ ਦੇ ਨਾਂ 'ਤੇ ਬੋਲੀ ਦਾ ਘਾਣ ਹੋਈ ਜਾਂਦਾ ਹੈ। ਬੋਲੀ ਦੀ ਰੂਹ, ਇਹਦਾ ਸਰੂਪ ਬਚਾਈ ਰੱਖਣੀ ਸਾਡਾ ਕੌਮੀ ਤੇ ਸਿਆਸੀ ਫ਼ਰਜ਼ ਹੈ।*

*ਇਹ ਕਿਤਾਬ ਜੋੜਦਿਆਂ ਇਹ ਗੱਲ ਮੈਨੂੰ ਬੜੀ ਰੜਕਦੀ ਰਹੀ ਕਿ ਸਾਰੀ ਵਾਰਤਾ ਵਿਚ ਕਿਸੇ ਇਕ ਵੀ ਪੰਜਾਬੀ ਭਾਸ਼ਾ-ਵਿਗਿਆਨਣ ਦਾ ਨਾਂ ਨਹੀਂ ਆਇਆ।*

*ਮੈਂ ਇਹ ਪੂਰਾ ਜਤਨ ਕੀਤਾ ਹੈ ਕਿ ਇਸ ਕਿਤਾਬ ਵਿਚ ਹਰ ਹਵਾਲੇ ਦੇ ਸ਼ਬਦ-ਜੋੜ ਓਹੀ ਰੱਖੇ ਜਾਣ ਜੋ ਹਰ ਲੇਖਾਰੀ ਨੇ ਆਪ ਵਰਤੇ ਸਨ। ਇਸ ਕਿਤਾਬ ਦੇ ਕਈ/ਹਵਾਲੇ ਸੰਨ ਸੰਤਾਲੀ ਤੋਂ ਪਹਿਲਾਂ ਦੀਆਂ ਛਪੀਆਂ ਉਨ੍ਹਾਂ ਦੁਰਲਭ ਕਿਤਾਬਾਂ ਵਿੱਚੋਂ ਲਏ ਹਨ ਜੋ ਹੁਣ ਲਹੌਰ ਦੀ ਦਿਆਲ ਸਿੰਘ ਲਾਇਬ੍ਰੇਰੀ ਵਿਚ ਪਈਆਂ ਹਨ। ਮਾੜੀ ਗੱਲ ਹੈ ਕਿ ਪੂਰੀ ਇਕ ਸਦੀ ਬੀਤ ਜਾਣ 'ਤੇ ਵੀ ਪੰਜਾਬੀ ਭਾਸ਼ਾਵਿਦ ਇਕਸਾਰ ਟਕਸਾਲੀ ਸ਼ਬਦਜੋੜ ਨਹੀਂ ਬਣਾ ਸਕੇ।*

**-ਅਮਰਜੀਤ ਚੰਦਨ**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਅਗਸਤ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-649



*ਬਲਦਾਂ ਦੀ ਖੇਤੀ ਭਾਵੇਂ ਭੁੱਲਦੇ ਜਾਂਦੇ, ਬਦਲਿਆ ਯੁੱਗ ਹੋ ਵਿਗਿਆਨੀ,*
*ਲਾਹੇਵੰਦ ਰਿਹਾ ਨਾ ਹੁਣ ਧੰਦਾ ਖੇਤੀ, ਪਾਣੀ ਬਿਨ ਹੋਈ ਧਰਤ ਬਰਾਨੀ।*
*ਭੁੱਖਿਆਂ ਦੇ ਢਿੱਡ ਭਰਨ ਦੀ ਖਾਤਰ, ਅੰਨਦਾਤਾ ਹੰਢਾ ਰਿਹਾ ਪਰੇਸ਼ਾਨੀ,*
*ਹੱਕਾਂ ਲਈ ਧਰਨਾ ਲਾ ਬੈਠੇ ਬਾਡਰ, ਸਰਕਾਰ ਕਰਦੀ ਹੈ ਆਨਾ-ਕਾਨੀ।*

### ਕੈਪਸ਼ਨ ਮੁਕਾਬਲਾ-647



ਕਾਵਾਂ ਨੇ ਕਾਵਾਂਰੌਲੀ ਛੱਡ ਕੇ,
ਬਹਿ ਕੇ ਕੀਤੀ ਸੋਚ ਵਿਚਾਰ।
ਪਾਣੀ ਦੀ ਦੁਰਵਰਤੋਂ ਕਰਕੇ,
ਬੰਦਾ ਰਿਹੈ ਪੈਰ ਕੁਹਾੜੀ ਮਾਰ।
ਗਲੋਬਲ ਵਾਰਮਿੰਗ ਨੇ ਜ਼ੋਰ ਫੜ ਲਿਆ,
ਜਨ-ਜੀਵਨ ਵਿਚ ਹਾਹਾਕਾਰ।
ਸਮਝ ਨਾ ਆਵੇ! ਕਿੱਥੇ ਚੱਲੀਏ?
ਇੱਥੇ ਤਾਂ ਰਹਿਣਾ,ਹੋਇਆ ਦੁਸ਼ਵਾਰ।
**-ਗੁਰਦੇਵ ਸਿੰਘ ਢਪਾਲੀ**
**ਫੋਨ: 94176-49275**

---

ਮਾਂ ਕਾਉਣੀ ਆਈ ਚੋਗਾ ਲੈ ਕੇ,
ਬੱਚਿਆਂ ਨੇ ਲਾਈਨ ਲਗਾਈ,
ਮੂੰਹ ਵਿਚ ਪਾਏਗੀ ਵਾਰੋ ਵਾਰੀ,
ਸਬਰ ਕਰੀ ਬੈਠੇ ਭੈਣਾਂ-ਭਾਈ।
ਭਾਵੇਂ ਢਿੱਡ ਵਿਚ ਪੈਂਦੀ ਖੋਹ ਹੈ,
ਪਰ ਮਾਂ ਨੇ ਹੈ ਗੱਲ ਸਮਝਾਈ,
ਬੰਦਿਆਂ ਤੋਂ ਚੰਗੇ ਹਨ ਪਰਿੰਦੇ,
ਜਿਨ੍ਹਾਂ ਖੋਹ-ਖਿੱਚ ਨਹੀਂ ਹੈ ਪਾਈ।
**-ਸੇਵਾ ਸਿੰਘ 'ਨੂਰਪੁਰੀ'**

---

ਰਲ਼ ਮਿਲ਼ ਕਾਵਾਂ ਮਜਲਸ ਕੀਤੀ
ਵਿਚਾਰੀ ਗੱਲ ਜੋ ਹੱਡੀਂ ਬੀਤੀ।
ਕੋਈ ਆਖੇ 'ਸਿਆਣਾ' ਸਾਨੂੰ
ਕੋਈ ਕਹਿੰਦਾ ਹੈ 'ਕਾਣਾ' ਸਾਨੂੰ।
ਸਾਡੇ ਨਾਲ਼ 'ਚਲਾਕ' ਲਾ ਦਿੱਤਾ
ਸਾਨੂੰ 'ਧੋਖੇਬਾਜ਼' ਬਣਾ ਦਿੱਤਾ।
ਆਪਾਂ ਵੀ ਹੁਣ ਲੀਹ 'ਤੇ ਆਈਏ
ਛੱਡ ਚਲਾਕੀ ਪਿਆਰ ਵਧਾਈਏ।
**- ਜਗਮੀਤ ਸਿੰਘ ਪੰਧੇਰ**

---

ਕਾਵਾਂ-ਰੌਲੀ ਪੈਂਦੀ
ਖਤਰੇ ਦਾ ਘੁੱਗੂ ਵੱਜੇ
ਕਹਿੰਦੇ ਜਿੱਥੇ ਕਾਂ ਬੋਲੇ
ਉਜਾੜ ਹੈ ਭਾਲਦਾ।
ਕਾਵਾਂ ਦੀ ਪੰਚਾਇਤ ਤੋਂ ਕਾਹਦੀਆਂ ਆਸਾਂ
ਸਾਊ ਜਾਨਵਰਾਂ ਦੇ ਅੰਡੇ ਭੰਨ ਨਿਘਾਲਦਾ।
ਸੰਸਦ ਭਵਨ ਤੋਂ ਥੱਲੇ
ਪੰਚਾਇਤ ਪੱਧਰ ਤੱਕ
ਰਾਜਸੀ ਲੋਕਾਂ ਦੀ ਕਾਵਾਂ ਰੌਲੀ ਪੈਂਦੀ।
ਆਮ ਜਨਤਾ ਦੀ ਕਮਾਈ ਨੂੰ ਲੁੱਟ ਕੇ
ਮੁਫਤ ਦਾ ਮਾਲ
ਡਾਂਗਾਂ ਦੇ ਭਾਅ ਉੜਾ ਕੇ
ਆਪਣੀ ਬਣਾਉਂਦੇ ਚਾਂਦੀ।
**-ਅਮਰਜੀਤ ਸਿੰਘ ਤੂਰ**
**ਕੁਲਬੁਰਛਾਂ (ਪਟਿਆਲਾ)**

---

ਹਰ ਪਸ਼ੂ ਪੰਛੀ ਜੀਵ ਜੰਤੂ
ਆਪਸੀ ਗੂੰਗੀ ਬੋਲੀ ਹੁੰਦੀ
ਪੈ ਗਈ ਬਿਪਤਾ ਕਾਵਾਂ ਨੂੰ
ਮੂੰਹ ਹਨ ਅੱਡੇ ਹੋਏ ਥਿਆਏ
ਤੜਪ ਰਹੇ ਪਾਣੀ ਦੀ ਬੂੰਦ ਨੂੰ।
ਰਲ਼ ਕਾਵਾਂ ਇਕੱਠ ਕੀਤਾ
ਕੀ ਲੈਣਾ ਆਪਾਂ ਇੱਥੋਂ
ਬੰਜਰ ਅਤੇ ਪਾਣੀ ਰਹਿਤ ਧਰਤੀ ਤੋਂ
ਸਾਨੂੰ ਕਿਸੇ ਹਲਕੇ ਕੁੱਤੇ ਨੇ ਵੱਢਿਆ
ਕਾਂ ਕਾਂ ਕਰ ਚੜ੍ਹ ਮਮਟੀ 'ਤੇ
ਸੁਨੇਹਾ ਸੀ ਦਿੰਦੇ
ਘਰ ਪ੍ਰਾਹੁਣਾ ਆ ਰਿਹਾ
ਆਓ ਚੱਲੀਏ ਹਰੇ ਭਰੇ ਪੰਜਾਬ 'ਚ
ਖਾਵਾਂਗੇ ਚੰਗਾ ਪੀਵਾਂਗੇ ਚੋਖਾ।
**-ਦਰਸ਼ਨ ਪਾਲ ਦੋਸਾਂਝ**

## ਪੈੜਾਂ ਦੇ ਨਿਸ਼ਾਨ

ਕੁੱਝ ਦੇਰ ਤੱਕ ਰਹਿੰਦੇ ਨੇ
ਪੈੜਾਂ ਦੇ ਨਿਸ਼ਾਨ ਰੇਤ ਉੱਪਰ
ਹਵਾ ਦੇ ਬੁੱਲੇ
ਫ਼ਿਰ ਮਿਟਾ ਦਿੰਦੇ ਨੇ
ਇੱਕ ਨਵੀਂ ਪੈੜ ਦੀ ਉਡੀਕ ਵਿਚ ।
ਓਹ ਰੇਤਾ ਇੰਤਜ਼ਾਰ ਕਰਦੀ ਹੈ
ਕਿਸੇ ਦੇ ਆਉਣ ਦੀ
ਉਸ ਉੱਪਰ ਫ਼ਿਰ ਤੋਂ
ਨੰਨ੍ਹੇ ਨੰਨ੍ਹੇ ਪੈਰਾਂ ਦੇ ਨਿਸ਼ਾਨ
ਆਪਣੀ ਪੈੜ ਬਣਾਉਂਦੇ ਹਨ।
ਪੈੜਾਂ ਮਿਟਦੀਆਂ ਨੇ,
ਪੈੜਾਂ ਬਣਦੀਆਂ ਨੇ
ਸਦੀਆਂ ਤੋਂ ਇਹੀ ਹੋ ਰਿਹਾ ਹੈ
ਇਹੀ ਹੋਵੇਗਾ
ਜਦੋਂ ਤੱਕ ਕੋਈ ਆਪਣੀ ਪੈੜ
ਪਰਮਾਤਮਾ ਦੀ ਪੈੜ ਵਿਚ ਨਹੀਂ ਧਰਦਾ
ਜਿਉਂਦੇ ਜੀਅ ਨਹੀਂ ਮਰਦਾ
ਆਤਮਾ ਅਮਰ ਨਹੀਂ ਕਰਦਾ।
ਇਸ ਸਰੀਰ ਤੋਂ
ਪੈੜਾਂ ਬਣਨਗੀਆਂ
ਪੈੜਾਂ ਮਿਲਣਗੀਆਂ
ਬੋਦਲਾਂ ਦੇ ਸੁੱਖਵਿੰਦਰਾ।
**-ਸੁੱਖਵਿੰਦਰ ਬੋਦਲਾਂਵਾਲਾ**
**ਫੋਨ: 360-281-2624**

# ਪ੍ਰਤਾਪ ਬਾਜਵਾ ਵੱਲੋਂ ਐਸ.ਵਾਈ.ਐਲ. ਮੁੱਦੇ ’ਤੇ ਮੁੱਖ ਮੰਤਰੀ ਦੀ ਚੁੱਪ ‘ਤੇ ਸਵਾਲ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਵੱਲੋਂ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਵਿਚ ਵਾਰ-ਵਾਰ ਅਸਫਲ ਰਹਿਣ ‘ਤੇ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ ‘ਤੇ ਬੋਲਣ ਤੋਂ ਇਨਕਾਰ ਕਰ ਦਿੱਤਾ ਹੈ। ਬਾਜਵਾ ਨੇ ਕਿਹਾ ਕਿ ਜਦੋਂ ਪੱਤਰਕਾਰਾਂ ਨੇ ਉਨ੍ਹਾਂ ਨੂੰ ਐਸ.ਵਾਈ.ਐਲ. ਬਾਰੇ ਸਵਾਲ ਪੁੱਛਿਆ ਤਾਂ ਭਗਵੰਤ ਮਾਨ ਨੇ ਪਾਣੀਆਂ ‘ਤੇ ਪੰਜਾਬ ਦੇ ਦਾਅਵੇ ਦੀ ਜ਼ੋਰਦਾਰ ਵਕਾਲਤ ਕਰਨ ਦੀ ਥਾਂ ਕਿਹਾ ਕਿ ਇਹ ਮਾਮਲਾ ਅਦਾਲਤ ਵਿਚ ਵਿਚਾਰ ਅਧੀਨ ਹੈ ਅਤੇ ਉਹ ਇਸ ਮੁੱਦੇ ‘ਤੇ ਕੋਈ ਟਿੱਪਣੀ ਨਹੀਂ ਕਰ ਸਕਦੇ। ਕਾਂਗਰਸ ਆਗੂ ਨੇ ਕਿਹਾ ਕਿ ਜਦੋਂ ਪੰਜਾਬ ਨਾਲ ਜੁੜੇ ਮੁੱਦਿਆਂ ਦੀ ਗੱਲ ਆਉਂਦੀ ਹੈ ਤਾਂ ਉਹ ਬਹੁਤ ਕਮਜ਼ੋਰ ਰਵੱਈਆ ਅਪਣਾਉਂਦੇ ਹਨ। ਉਨ੍ਹਾਂ (ਮਾਨ) ਅਤੇ ਉਨ੍ਹਾਂ ਦੀ ਪਾਰਟੀ ਦੇ ਸਾਥੀਆਂ ਨੇ ਕਦੇ ਵੀ ਪੰਜਾਬ ਦੇ ਅਧਿਕਾਰਾਂ ਦੀ ਰਾਖੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਜੇ ਤੱਕ ਆਪਣਾ 9 ਜੁਲਾਈ 2022 ਦਾ ਟਵੀਟ ਵੀ ਡਿਲੀਟ ਨਹੀਂ ਕੀਤਾ, ਜਿਸ ਵਿਚ ਉਨ੍ਹਾਂ ਨੇ ਵੱਖਰੀ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਵਿਚ ਕੇਂਦਰ ਸਰਕਾਰ ਤੋਂ ਜ਼ਮੀਨ ਮੰਗੀ ਸੀ। ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਇਕ ਵਾਰ ਫਿਰ ਹਰਿਆਣਾ ਵਿਚ ਚੋਣ ਮੁਹਿੰਮ ਦੀ ਅਗਵਾਈ ਕਰਨ ਲਈ ਪੰਜਾਬ ਅਤੇ ਪੰਜਾਬੀਆਂ ਨੂੰ ‘ਰੱਬ ਦੇ ਰਹਿਮ’ ਉੱਤੇ ਛੱਡਣ ਜਾ ਰਹੇ ਹਨ।


TBF THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION Motorcycle vs. Truck Collision


$8 MILLION Wrongful Death

$5.25 MILLION Traumatic Brain Injury

$1.1 MILLION Burn Injury

$1.1 MILLION Pedestrian vs. Motor Vehicle Collision

*Past Performance Not a Guarantee of Future Results



WILLIAM E. WEISS Of Counsel

Offices in San Francisco and Union City

No Fees Unless Recovery for Your Injuries is Made

CONTACT US AT:

Phone: (510) 474-0028 • E-mail: info@thebainsfirm.com

www.thebainsfirm.com

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA IMMIGRATION SERVICES INC.

Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।

Homeopathicvibes

Harminder Singh Gill

Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com

We sell and ship homeopathic remedies through out North America.

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

**ਨਵੇਂ ਵਿੱਤੀ ਬਿੱਲ ਤਹਿਤ ਜ਼ਰੂਰੀ ਵਰਤੋਂ ਵਾਲੀਆਂ ਵਸਤਾਂ 'ਤੇ ਭਾਰੀ ਟੈਕਸ ਲਾਉਣ ਦੀ ਤਜ਼ਵੀਜ਼ ਸੀ। ਇਹ ਟੈਕਸ ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਦੀਆਂ ਹਦਾਇਤਾਂ 'ਤੇ ਲਾਇਆ ਜਾਣਾ ਸੀ ਕੀਨੀਆ ਜਿਸ ਦਾ ਕਰਜ਼ਈ ਹੈ ਤੇ ਕਰਜ਼ੇ ਦਾ ਵਿਆਜ ਮੋੜਨ ਲਈ ਇਹ ਲੋਕਾਂ ਤੋਂ ਉਗਰਾਹੀ ਕਰਨ ਦੀ ਬਣਾਈ ਵਿਉਂਤ ਸੀ ਪਰ ਲੋਕ ਇਹ ਭਾਰ ਚੁੱਕਣ ਤੋਂ ਇਨਕਾਰੀ ਹੋ ਗਏ ਅਤੇ ਅਜਿਹੀ ਵਿਉਂਤ ਮੋੜ ਕੇ ਹਕੂਮਤ ਨੂੰ ਜੇਬ 'ਚ ਪਾਉਣ ਲਈ ਮਜਬੂਰ ਕਰ ਦਿੱਤਾ। ਲੋਕਾਂ ਦਾ ਰੋਹ ਮੌਜੂਦਾ ਹਕੂਮਤ ਦੇ ਨਾਲ-ਨਾਲ ਸਾਮਰਾਜੀ ਵਿਤੀ ਸੰਸਥਾਵਾਂ ਆਈ.ਐੱਮ.ਐੱਫ. ਖ਼ਿਲਾਫ਼ ਵੀ ਸੇਧਤ ਹੋਇਆ ਹੈ। ਇੱਕ ਮੁਜ਼ਾਹਰਾਕਾਰੀ ਕੋਲ ਚੁੱਕੀ ਤਖਤੀ ਨੇ ਲੋਕਾਂ ਦੀ ਨਾਬਰੀ ਦਾ ਇਉਂ ਜ਼ਾਹਰ ਕੀਤਾ: ਕੀਨੀਆ ਆਈ.ਐੱਮ.ਐੱਫ. ਦੀ ਪ੍ਰਯੋਗਸ਼ਾਲਾ ਦਾ ਚੂਹਾ ਨਹੀਂ।**

# ਕੀਨੀਆ ਵਿਚ ਸਰਕਾਰੀ ਨੀਤੀ ਖਿਲਾਫ ਉਥਲ-ਪੁਥਲ

ਅਫਰੀਕੀ ਮਹਾਂਦੀਪ ਦਾ ਮੁਲਕ ਕੀਨੀਆ ਇਨ੍ਹੀਂ ਦਿਨੀਂ ਲੋਕ ਰੋਹ ਦੀ ਕਾਂਗ 'ਚੋਂ ਗੁਜ਼ਰ ਰਿਹਾ ਹੈ। ਮੁਲਕ 'ਚ ਹੋ ਰਹੇ ਜ਼ਬਰਦਸਤ ਮੁਜ਼ਾਹਰੇ ਤੂਫ਼ਾਨੀ ਹਲਚਲ ਦਾ ਰੂਪ ਬਣੇ ਹੋਏ ਹਨ। ਲੋਕਾਂ ਦਾ ਰੋਹ ਸੜਕਾਂ ਤੋਂ ਲੈ ਕੇ ਮੁਲਕ ਦੀ ਪਾਰਲੀਮੈਂਟ ਘੇਰਨ ਤੱਕ ਫੈਲਦਾ ਗਿਆ ਹੈ। ਰਾਸ਼ਟਰਪਤੀ ਵਿਲੀਅਮ ਰੂਟੋ ਦੀ ਹਕੂਮਤ ਨੇ ਇਨ੍ਹਾਂ ਮੁਜ਼ਾਹਰਿਆਂ ਨਾਲ ਹੋਰਨਾਂ ਲੋਕ ਦੋਖੀ ਹਕੂਮਤਾਂ ਵਾਂਗ ਹੀ ਨਜਿੱਠਿਆ ਹੈ ਤੇ ਫੌਜੀ-ਪੁਲੀਸ ਬਲਾਂ ਨੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਹੈ। ਹੁਣ ਤੱਕ 30 ਲੋਕ ਮਾਰੇ ਗਏ ਹਨ ਤੇ ਸੈਂਕੜੇ ਜ਼ਖ਼ਮੀ ਹੋਏ ਹਨ। ਇਹ ਰੋਸ ਮੁਜ਼ਾਹਰੇ 30 ਕਾਊਂਟੀਆਂ 'ਚ ਫੈਲੇ ਹਨ ਤੇ ਰਾਜਧਾਨੀ ਨੈਰੋਬੀ

ਪਾਵੇਲ ਕੁੱਸਾ

ਇਨ੍ਹਾਂ ਮੁਜ਼ਾਹਰਿਆਂ ਦਾ ਸਭ ਤੋਂ ਤਿੱਖਾ ਕੇਂਦਰ ਬਣ ਕੇ ਉੱਭਰੀ ਹੈ। ਇਹ ਰੋਹ ਭਰੇ ਮੁਜ਼ਾਹਰੇ ਸਰਕਾਰ ਵੱਲੋਂ ਨਵਾਂ ਵਿੱਤੀ ਬਿੱਲ ਲਿਅਉਣ ਖ਼ਿਲਾਫ਼ ਫੁੱਟੇ ਲੋਕਾਂ ਦੇ ਗੁੱਸੇ ਦਾ ਪ੍ਰਗਟਾਵਾ ਹਨ। ਲੋਕ ਰੋਹ ਤੋਂ ਘਬਰਾਉਂਦਿਆਂ ਰਾਸ਼ਟਰਪਤੀ ਨੇ ਭਾਵੇਂ ਨਵਾਂ ਵਿੱਤੀ ਬਿੱਲ ਨਾ ਲਿਆਉਣ ਦਾ ਐਲਾਨ ਕੀਤਾ ਹੈ ਪਰ ਲੋਕ ਰੋਹ ਦੀ ਮੰਗ ਹੁਣ ਰਾਸ਼ਟਰਪਤੀ ਦੇ ਅਸਤੀਫ਼ੇ ਤੱਕ ਪੁੱਜ ਗਈ ਹੈ।

ਨਵੇਂ ਵਿੱਤੀ ਬਿੱਲ ਤਹਿਤ ਜ਼ਰੂਰੀ ਵਰਤੋਂ ਵਾਲੀਆਂ ਵਸਤਾਂ 'ਤੇ ਭਾਰੀ ਟੈਕਸ ਲਾਉਣ ਦੀ ਤਜ਼ਵੀਜ਼ ਸੀ। ਇਹ ਟੈਕਸ ਕੌਮਾਂਤਰੀ ਮੁਦਰਾ ਕੋਸ਼ (ਆਈ.ਐੱਮ.ਐੱਫ.) ਦੀਆਂ ਹਦਾਇਤਾਂ 'ਤੇ ਲਾਇਆ ਜਾਣਾ ਸੀ ਕੀਨੀਆ ਜਿਸ ਦਾ ਕਰਜ਼ਈ ਹੈ ਤੇ ਕਰਜ਼ੇ ਦਾ ਵਿਆਜ ਮੋੜਨ ਲਈ ਇਹ ਲੋਕਾਂ ਤੋਂ ਉਗਰਾਹੀ ਕਰਨ ਦੀ ਬਣਾਈ ਵਿਉਂਤ ਸੀ ਪਰ ਲੋਕ ਇਹ ਭਾਰ ਚੁੱਕਣ ਤੋਂ ਇਨਕਾਰੀ ਹੋ ਗਏ ਅਤੇ ਅਜਿਹੀ ਵਿਉਂਤ ਮੋੜ ਕੇ ਹਕੂਮਤ ਨੂੰ ਜੇਬ 'ਚ ਪਾਉਣ ਲਈ ਮਜਬੂਰ ਕਰ ਦਿੱਤਾ। ਲੋਕਾਂ ਦਾ ਰੋਹ ਮੌਜੂਦਾ ਹਕੂਮਤ ਦੇ ਨਾਲ-ਨਾਲ ਸਾਮਰਾਜੀ ਵਿਤੀ ਸੰਸਥਾਵਾਂ ਆਈ.ਐੱਮ.ਐੱਫ. ਖ਼ਿਲਾਫ਼ ਵੀ ਸੇਧਤ ਹੋਇਆ ਹੈ। ਇੱਕ ਮੁਜ਼ਾਹਰਾਕਾਰੀ ਕੋਲ ਚੁੱਕੀ ਤਖਤੀ ਨੇ ਲੋਕਾਂ ਦੀ ਨਾਬਰੀ ਦਾ ਇਉਂ ਜ਼ਾਹਰ ਕੀਤਾ: ਕੀਨੀਆ ਆਈ.ਐੱਮ.ਐੱਫ. ਦੀ ਪ੍ਰਯੋਗਸ਼ਾਲਾ ਦਾ ਚੂਹਾ ਨਹੀਂ।

ਆਈ.ਐੱਮ.ਐੱਫ. ਦੇ ਕਰਜ਼ੇ ਦੀ ਮਾਰ ਥੱਲੇ ਆਇਆ ਕੀਨੀਆ ਕੋਈ ਇੱਕਲਾ ਅਫ਼ਰੀਕੀ ਮੁਲਕ ਨਹੀਂ ਸਗੋਂ ਇਹ ਦੁਨੀਆ ਭਰ ਦੇ ਗਰੀਬ ਤੇ ਪਛੜੇ ਮੁਲਕਾਂ ਦੀ ਹਾਲਤ ਦਾ ਨਮੂਨਾ ਹੈ ਜਿਹੜੇ ਮੁਲਕ ਸਾਮਰਾਜੀ ਵਿੱਤੀ ਗ੍ਰਾਂਟਾਂ ਤੇ ਕਰਜ਼ਿਆਂ ਦੀ ਮਾਰ ਰਾਹੀਂ ਲੁੱਟੇ ਜਾ ਰਹੇ ਹਨ। ਕੀਨੀਆ ਨੇ 2021 'ਚ ਆਈ.ਐੱਮ.ਐੱਫ. ਤੋਂ 4 ਸਾਲਾ ਕਰਜ਼ੇ ਦਾ ਸਮਝੌਤਾ ਕੀਤਾ ਸੀ ਜਿਸ ਤਹਿਤ 2.39 ਬਿਲੀਅਨ ਡਾਲਰ ਕਰਜ਼ ਲਿਆ। ਆਈ.ਐੱਮ.ਐੱਫ. ਦੀਆਂ ਨੀਤੀਆਂ



ਅਨੁਸਾਰ ਇਹ ਕਰਜ਼ਾ ਸ਼ਰਤਾਂ ਤਹਿਤ ਸੀ ਜਿਸ 'ਚ ਅਹਿਮ ਸ਼ਰਤ ਇਹ ਸੀ ਕਿ ਕੀਨੀਆ ਆਪਣੇ ਮਾਲੀਏ ਨੂੰ ਜੀ.ਡੀ.ਪੀ. ਦੇ 25% ਤੱਕ ਵਧਾਏਗਾ। ਇਸ ਲਈ ਟੈਕਸਾਂ 'ਚ ਵਾਧੇ ਕਰਨ, ਬਜਟ ਕਟੌਤੀਆਂ, ਤੇਲ ਤੇ ਬਿਜਲੀ ਦੀ ਸਬਸਿਡੀ 'ਤੇ ਕਟੌਤੀਆਂ ਅਤੇ ਸਿੱਖਿਆ ਸਿਹਤ ਦੇ ਬਜਟਾਂ 'ਚ ਕਟੌਤੀਆਂ ਦੀਆਂ ਸ਼ਰਤਾਂ ਸ਼ਾਮਲ ਸਨ। ਇਹ ਸ਼ਰਤਾਂ ਲਾਗੂ ਕਰਦਿਆਂ ਸਤੰਬਰ 22 'ਚ ਸੱਤਾ 'ਤੇ ਬੈਠੇ ਰਾਸ਼ਟਰਪਤੀ ਰੂਟੋ ਨੇ ਸਰ੍ਹੋਂ ਅਤੇ ਤੇਲ (ਬਾਲਣ) 'ਤੇ ਸਬਸਿਡੀਆਂ 'ਚ ਕਟੌਤੀ ਕੀਤੀ ਸੀ ਜਿਸ ਦਾ ਅਸਰ ਮਹਿੰਗਾਈ ਵਾਧੇ ਦੇ ਰੂਪ 'ਚ ਸਾਹਮਣੇ ਆਇਆ ਸੀ। ਇਸ ਮਗਰੋਂ ਲੋਕਾਂ ਅੰਦਰਲੀ ਬੇਚੈਨੀ ਤਿੱਖੀ ਤਰ੍ਹਾਂ ਜ਼ਾਹਿਰ ਹੋਣੀ ਸ਼ੁਰੂ ਹੋ ਗਈ ਸੀ ਤੇ ਜਿਹੜੀ ਆਖ਼ਿਰਕਾਰ ਜ਼ਬਰਦਸਤ ਰੋਹ ਫੁਟਾਰੇ ਦਾ ਰੂਪ ਲੈ ਗਈ। ਮੁਲਕ 'ਤੇ ਮੜ੍ਹੀਆਂ ਜਾ ਰਹੀਆਂ ਸਾਮਰਾਜੀ ਨੀਤੀਆਂ ਲੋਕਾਂ ਦੇ ਨਿਸ਼ਾਨੇ 'ਤੇ ਆ ਗਈਆਂ। ਕੀਨੀਆ ਹਕੂਮਤ ਇੱਕ ਪਾਸੇ ਲੋਕ ਰੋਹ ਤੇ ਦੂਜੇ ਪਾਸੇ ਸਾਮਰਾਜੀ ਵਿੱਤੀ ਸੰਸਥਾਵਾਂ ਦੇ ਦਾਬੇ ਦੇ ਪੁੜਾਂ 'ਚ ਫਸ ਗਈ ਹੈ।

ਇਹ ਸਿਰਫ ਕੀਨੀਆ ਦੀ ਹੀ ਕਹਾਣੀ ਨਹੀਂ; ਇਹ ਸਾਮਰਾਜੀ ਲੁੱਟ ਤੇ ਦਾਬੇ ਤੋਂ ਪੀੜਤ ਬਹੁਤੇ ਮੁਲਕਾਂ ਦੀ ਕਹਾਣੀ ਹੈ ਜਿਹੜੇ ਸਾਮਰਾਜੀ ਵਿੱਤੀ ਸੰਸਥਾਵਾਂ ਵੱਲੋਂ ਕਰਜ਼ ਦੇ ਭਾਰ ਥੱਲੇ ਦੱਬੇ ਪਏ ਹਨ ਤੇ ਇਹ ਕਰਜ਼ ਉਨ੍ਹਾਂ ਮੁਲਕਾਂ ਦੀ ਹੋਰ ਜ਼ਿਆਦਾ ਲੁੱਟ ਦਾ ਸਾਧਨ ਬਣ ਰਿਹਾ ਹੈ। 54 ਅਫਰੀਕੀ ਮੁਲਕਾਂ 'ਚੋਂ 31 ਆਈ.ਐੱਮ.ਐੱਫ. ਦੇ ਕਰਜ਼ ਥੱਲੇ ਬੁਰੀ ਤਰ੍ਹਾਂ ਦੱਬੇ ਹੋਏ ਹਨ ਤੇ ਇਸ ਕਰਜ਼ ਦੀ ਆੜ 'ਚ ਇਹ ਸਾਮਰਾਜੀ ਵਿੱਤੀ ਸੰਸਥਾਵਾਂ (ਸੰਸਾਰ ਬੈਂਕ ਤੇ ਸੰਸਾਰ ਵਪਾਰ ਸੰਸਥਾ) ਕਰਜ਼ਈ ਮੁਲਕਾਂ ਨੂੰ ਢਾਂਚਾ ਢਲਾਈ ਲਈ ਦਬਾਅ ਪਾਉਂਦੀਆਂ ਹਨ। ਇਸ ਢਾਂਚਾ ਢਲਾਈ ਦਾ ਭਾਵ ਅਮਰੀਕੀ ਤੇ ਯੂਰਪੀ ਸਾਮਰਾਜੀ ਕੰਪਨੀਆਂ ਦੇ ਕਾਰੋਬਾਰਾਂ ਲਈ ਇਨ੍ਹਾਂ ਮੁਲਕਾਂ ਦੀ ਆਰਥਿਕਤਾ ਨੂੰ ਹੋਰ ਵਧੇਰੇ ਖੋਲ੍ਹਣਾ ਹੁੰਦਾ ਹੈ; ਸਰਕਾਰੀ ਅਦਾਰੇ ਇਨ੍ਹਾਂ ਕੰਪਨੀਆਂ ਹਵਾਲੇ ਕਰਨਾ ਹੁੰਦਾ ਹੈ; ਜ਼ਮੀਨਾਂ, ਜੰਗਲ, ਪਾਣੀ ਤੇ ਹੋਰ ਕੁਦਰਤੀ ਸਰੋਤਾਂ ਨੂੰ ਕੰਪਨੀਆਂ ਦੀ ਮਨਚਾਹੀ ਲੁੱਟ ਲਈ ਪਰੋਸਣਾ ਹੁੰਦਾ ਹੈ; ਸਸਤੀ ਕਿਰਤ ਮੰਡੀ ਹਾਸਲ ਕਰਨਾ ਹੁੰਦਾ ਹੈ ਤੇ ਤਿਆਰ ਮਾਲ ਦੀ ਮੰਡੀ ਵਜੋਂ ਖੋਲ੍ਹਣਾ ਹੁੰਦਾ ਹੈ। ਆਈ.ਐੱਮ.ਐੱਫ. ਤੇ ਸੰਸਾਰ ਬੈਂਕ ਇਹ ਕਰਜ਼ ਪਛੜੇ ਮੁਲਕਾਂ ਦੇ ਵਿਕਾਸ ਲਈ ਸਹਾਇਤਾ ਦੇ ਨਾਮ ਹੇਠ ਦਿੰਦੇ ਹਨ ਜਦਕਿ ਇਨ੍ਹਾਂ ਦਾ ਤੱਤ ਉਸੇ ਬਸਤੀਵਾਦੀ ਲੁੱਟ ਨੂੰ ਜਾਰੀ ਰੱਖਣਾ ਹੈ ਜਿਹੜੀ ਪਹਿਲਾਂ ਸਾਮਰਾਜੀ ਤਾਕਤਾਂ ਦੁਨੀਆ ਨੂੰ ਸਿੱਧੇ ਤੌਰ 'ਤੇ ਬਸਤੀਆਂ ਬਣਾ ਕੇ ਲੁੱਟਦੀਆਂ ਸਨ। ਹੁਣ ਬਦਲੇ ਹਾਲਾਤ ਵਿਚ ਚਾਹੇ ਇਨ੍ਹਾਂ ਮੁਲਕਾਂ ਲਈ ਦਾਅਵਾ ਪ੍ਰਭੂਸੱਤਾ ਵਾਲੇ ਮੁਲਕਾਂ ਦਾ ਕੀਤਾ ਜਾਂਦਾ ਹੈ ਜਦਕਿ ਇਹ ਨਵ-ਬਸਤੀਵਾਦ ਦੀ ਸ਼ਕਲ ਹੈ ਜਿਸ ਤਹਿਤ ਇਨ੍ਹਾਂ ਮੁਲਕਾਂ ਦੀਆਂ ਲੁਟੇਰੀਆਂ ਜਮਾਤਾਂ ਸਾਮਰਾਜੀ ਸੇਵਾ 'ਚ ਜੁਟੀਆਂ ਹੋਈਆਂ ਹਨ ਤੇ ਸਾਮਰਾਜੀ ਵਿੱਤੀ ਸੰਸਥਾਵਾਂ ਦੇ ਚੌਖਟੇ 'ਚ ਨੀਤੀਆਂ ਘੜਦੀਆਂ ਹਨ।

ਆਈ.ਐੱਮ.ਐੱਫ. ਅਮਰੀਕਾ ਦੀ ਪੁੱਗਤ ਵਾਲੀ ਤੇ ਯੂਰਪੀ ਸਾਮਰਾਜੀਆਂ ਦੀ ਸ਼ਮੂਲੀਅਤ ਵਾਲੀ ਕੌਮਾਂਤਰੀ ਵਿੱਤੀ ਸੰਸਥਾ ਹੈ ਜਿਸ ਦਾ ਕੰਟਰੋਲ ਅਮਰੀਕਾ ਤੇ ਉਸ ਦੀਆਂ ਸੰਗੀ ਸਾਮਰਾਜੀ ਤਾਕਤਾਂ ਕੋਲ ਹੈ; ਇੱਥੋਂ ਤੱਕ ਕਿ ਇਸ ਵਿਚ ਸ਼ਾਮਲ ਮੈਂਬਰ ਦੇਸ਼ਾਂ ਨੂੰ ਬਰਾਬਰ ਦਾ ਵੋਟਿੰਗ ਦਾ ਅਧਿਕਾਰ ਵੀ ਨਹੀਂ। ਇਹਦੇ ਮੰਤਵ ਵਾਂਗ ਹੀ ਇਹ ਕੰਮ ਢੰਗ ਕਿਸੇ ਤਰ੍ਹਾਂ ਵੀ ਜਮਹੂਰੀ ਨਹੀਂ ਹੈ ਤੇ ਨਾ ਹੀ ਕੋਈ ਦਿਖਾਵਾ ਕਰਨ ਦੀ ਲੋੜ ਸਮਝੀ ਗਈ ਹੈ। ਇਸ ਵਿਚ ਡਾਲਰਾਂ ਦੀ ਹਿੱਸੇਦਾਰੀ ਦੇ ਹਿਸਾਬ ਨਾਲ ਵੋਟਾਂ ਦਾ ਕੋਟਾ ਸਿਸਟਮ ਲਾਗੂ ਕੀਤਾ ਗਿਆ ਹੈ, ਜਿਵੇਂ ਇਕੱਲੇ ਅਮਰੀਕੀ ਸਾਮਰਾਜੀਆਂ ਕੋਲ 16.5% ਵੋਟ ਹਿੱਸਾ ਹੈ। ਜੀ-7 ਦੇ ਸਾਰੇ ਅਮੀਰ ਮੁਲਕ ਇਸ ਦਾ 40% ਵੋਟ ਹਿੱਸਾ ਕੰਟਰੋਲ ਕਰਦੇ ਹਨ। ਜੇ ਸਾਰੇ ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਮੁਲਕਾਂ ਨੂੰ ਜੋੜ ਲਈਏ ਤਾਂ ਵੀ ਉਹ ਇਸ ਹਿੱਸੇ ਤੋਂ ਪਿੱਛੇ ਰਹਿੰਦੇ ਹਨ। ਇਹ ਪੁੱਗਤ ਇੰਨੀ ਜ਼ਾਹਿਰਾ ਹੈ ਕਿ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੂੰ ਕਹਿਣਾ ਪਿਆ ਕਿ ਇਹ ਸਿਸਟਮ ਤਾਂ 1940 ਵਿਆਂ ਦੇ ਹਾਲਾਤ ਨੂੰ ਦਰਸਾਉਂਦਾ ਹੈ; ਭਾਵ, ਜਦੋਂ ਦੂਜੀ ਸੰਸਾਰ ਜੰਗ ਤੋਂ ਮਗਰੋਂ ਅਮਰੀਕੀ ਪੁੱਗਤ ਸਿਖ਼ਰ 'ਤੇ ਸੀ।

ਇਸ ਚਰਚਾ ਦਾ ਅਰਥ ਕੀਨੀਆ ਤੱਕ ਹੀ ਸੀਮਤ ਨਹੀਂ, ਦੁਨੀਆ ਦੇ ਪੱਛੜੇ ਤੇ ਗਰੀਬ ਮੁਲਕ ਸਾਮਰਾਜੀ ਵਿੱਤੀ ਸੰਸਥਾਵਾਂ ਦੀਆਂ ਥੋਪੀਆਂ ਜਾ ਰਹੀਆਂ ਨੀਤੀਆਂ ਦਾ ਹੀ ਸਾਹਮਣਾ ਕਰ ਰਹੇ ਹਨ। ਪਿਛਲੇ ਵਰ੍ਹੇ ਸ੍ਰੀਲੰਕਾ 'ਚ ਵੀ ਅਜਿਹੀ ਹਿਲਜੁਲ ਹੋਈ ਸੀ ਤੇ ਉਸ ਦੇ ਆਰਥਿਕ ਸੰਕਟਾਂ ਦਾ ਲਾਹਾ ਲੈ ਕੇ ਆਈ.ਐੱਮ.ਐੱਫ. ਨੇ ਸ੍ਰੀਲੰਕਾ ਨੂੰ ਹੋਰ ਕਰਜ਼ ਜਾਲ 'ਚ ਜਕੜ ਲਿਆ। ਇਹੋ ਕੁਝ ਪਾਕਿਸਤਾਨ ਨਾਲ ਹੋ ਰਿਹਾ ਹੈ। ਅਮਰੀਕੀ ਸਾਮਰਾਜੀ ਖੇਮੇ ਨਾਲ ਪਾਕਿਸਤਾਨੀ ਹਾਕਮਾਂ ਦੀ ਅਣਬਣ ਕਾਰਨ ਇਸ ਨੂੰ ਹੋਰ ਕਰਜ਼ ਨਾ ਦੇਣ ਲਈ ਧਮਕਾਇਆ ਵੀ ਗਿਆ ਸੀ। ਇਹ ਸਚਾਈ ਦਿਨੋ-ਦਿਨ ਹੋਰ ਜ਼ਿਆਦਾ ਜੱਗ ਜ਼ਾਹਿਰ ਹੋ ਰਹੀ ਹੈ ਕਿ ਗਰੀਬ ਤੇ ਪੱਛੜੇ ਮੁਲਕਾਂ ਦੀਆਂ ਨੀਤੀਆਂ ਇਨ੍ਹਾਂ ਦੀਆਂ ਆਪਣੀਆਂ ਕਹੀਆਂ ਜਾਂਦੀਆਂ ਪਾਰਲੀਮੈਂਟਾਂ 'ਚ ਨਹੀਂ ਬਣਦੀਆਂ ਸਗੋਂ ਇਹ ਆਈ.ਐੱਮ.ਐੱਫ. ਵਰਗੀਆਂ ਸੰਸਥਾਵਾਂ ਦੇ ਵਾਸ਼ਿੰਗਟਨ ਸਥਿਤ ਹੈੱਡਕੁਆਰਟਰ 'ਚ ਬਣਦੀਆਂ ਹਨ।

ਸਾਡੇ ਆਪਣੇ ਮੁਲਕ ਭਾਰਤ ਦੀ ਹਾਲਤ ਵੀ ਅਜਿਹੀ ਹੈ। ਇੱਥੇ ਜੋ ਕੁਝ ਪਿਛਲੇ 3 ਦਹਾਕਿਆਂ ਤੋਂ ਹੋ ਰਿਹਾ ਹੈ, ਉਹ ਆਈ.ਐੱਮ.ਐੱਫ. ਅਤੇ ਸੰਸਾਰ ਬੈਂਕ ਵਰਗੀਆਂ ਸੰਸਥਾਵਾਂ ਦੀਆਂ ਹਦਾਇਤਾਂ 'ਤੇ ਲਾਗੂ ਹੋ ਰਹੀਆਂ ਨਵੀਆਂ ਆਰਥਿਕ ਨੀਤੀਆਂ ਹਨ ਜਿਹੜੀਆਂ ਇਨ੍ਹਾਂ ਕਰਜ਼ਿਆਂ 'ਤੇ ਦੇਸ਼ ਦੇ ਵਿਕਾਸ ਦਾ ਦਾਅਵਾ ਕਰਦੀਆਂ ਹਨ ਜਦਕਿ ਇਹ ਕਰਜ਼ੇ ਦੇਸ਼ ਦੇ ਵਿਨਾਸ਼ ਦਾ ਕਾਰਨ ਬਣੇ ਹੋਏ ਹਨ। ਆਈ.ਐੱਮ.ਐੱਫ. ਤੇ ਸੰਸਾਰ ਬੈਂਕ ਦੇ ਕਰਜ਼ੇ ਅਤੇ ਸੰਸਾਰ ਵਪਾਰ ਸੰਸਥਾ ਦੀਆਂ ਸੰਧੀਆਂ ਹੁਣ ਪਛੜੇ ਮੁਲਕਾਂ ਦੇ ਲੋਕਾਂ ਦੇ ਨਿਸ਼ਾਨੇ 'ਤੇ ਆ ਰਹੀਆਂ ਹਨ ਤੇ ਇਨ੍ਹਾਂ ਮੁਲਕਾਂ 'ਚ ਸਿਆਸੀ ਉਥਲ-ਪੁਥਲ ਨੂੰ ਜਨਮ ਦੇ ਰਹੀਆਂ ਹਨ।

# ਇਹ ਕੇਹੇ ਦਰਿਆ ਵਗਦੇ ਨੇ...

ਇਸ ਵੇਲੇ ਦੋ ਭਰਵੇਂ ਦਰਿਆ ਪੰਜਾਬ ਵਿਚ ਵਗ ਰਹੇ ਨੇ। ਨਸ਼ਿਆਂ ਦੇ ਦਰਿਆ ਨੂੰ ਪੰਜਾਬ ਵਿਚ ਵਹਿੰਦਾ ਛੇਵਾਂ ਦਰਿਆ ਕਿਹਾ ਜਾਂਦਾ ਹੈ; ਜਵਾਨੀ ਦੇ ਵਿਦੇਸ਼ਾਂ ਵੱਲ ਰੁਝਾਨ ਨੇ ਸੱਤਵੇਂ ਦਰਿਆ ਦਾ ਰੂਪ ਧਾਰਨ ਕਰ ਲਿਆ ਹੈ। ਦੋਹਾਂ ਦਰਿਆਵਾਂ ਨੇ ਘਰਾਂ ਦੇ ਵਿਹੜਿਆਂ ਦੀ ਰੌਣਕ ਗੁੰਮ ਕਰ ਦਿੱਤੀ ਹੈ। ਗਲੀਆਂ, ਕਾਲਜ ਅਤੇ ਤਕਨੀਕੀ

ਮੋਹਨ ਸ਼ਰਮਾ
ਫੋਨ: +91-94171-48866

ਕਾਲਜਾਂ ਵਿਚ ਸੁੰਨ ਜਿਹੀ ਪਸਰੀ ਹੋਈ ਹੈ। "ਕਿਤੇ ਸਾਡਾ ਮੁੰਡਾ ਨਸ਼ਿਆਂ ਦੇ ਦਰਿਆ ਵਿਚ ਹੀ ਨਾ ਰੁੜ੍ਹ ਜਾਵੇ। ਕਿਤੇ ਹੋਰ ਮੁੰਡਿਆਂ ਦੇ ਧੱਕੇ ਚੜ੍ਹ ਕੇ ਇਹ ਵੀ...।" ਇਸ ਸੋਚ ਨਾਲ ਮਾਂ ਬਾਪ ਕੰਬ ਉਠਦੇ ਨੇ। ਪਿੰਡ ਦੇ ਖੋਲਿਆਂ, ਬੇਆਬਾਦ ਥਾਵਾਂ ਜਾਂ ਫਿਰ ਸੁੰਨੀਆਂ ਗਲੀਆਂ ਵਿਚ ਪਿੰਡ ਦੇ ਮੁੰਡਿਆਂ ਨੂੰ ਨਸ਼ੇ ਦੇ ਟੀਕੇ ਲਾਉਂਦਿਆਂ ਮਾਪੇ ਦੇਖਦੇ ਹਨ ਤਾਂ ਖੜ੍ਹੇ-ਖੜੋਤੇ ਰਹਿ ਜਾਂਦੇ ਹਨ। ਇਕਲੌਤੇ ਪੁੱਤ ਦੀ ਜਾਨ ਦੀ ਸਲਾਮਤੀ ਲਈ ਉਹ ਕਾਲਜੇ 'ਤੇ ਹੱਥ ਧਰ ਕੇ ਉਸ ਨੂੰ ਵਿਦੇਸ਼ ਭੇਜਣ ਲਈ ਸਿਰ ਤੋੜ ਯਤਨ ਕਰਦੇ ਨੇ। ਘਰ ਦੀ ਰਹਿੰਦ-ਖੂੰਹਦ, ਗਹਿਣੇ, ਇੱਕ ਦੋ ਕਿੱਲੇ ਜ਼ਮੀਨ ਗਹਿਣੇ ਕਰ ਕੇ ਪੁੱਤ ਨੂੰ ਵਿਦੇਸ਼ ਭੇਜਣ ਦਾ ਹੂਲਾ ਫੱਕਦੇ ਹਨ। ਅੰਦਰੋ-ਅੰਦਰੀ ਖ਼ੁਸ ਨੂੰ ਦਿਲਾਸਾ ਵੀ ਦਿੰਦੇ ਨੇ- "ਓਹ ਜਾਣੇ, ਇਹਦਾ ਵਿਗੋਚਾ ਤਾਂ ਕਿਵੇਂ ਨਾ ਕਿਵੇਂ ਝੱਲ ਲਵਾਂਗੇ ਪਰ ਇਹ ਇੱਥੋਂ ਦੇ ਮੌਤ ਜਾਲ ਤੋਂ ਤਾਂ ਬਚਿਆ ਰਹੂ।"

ਛੇਵੇਂ ਦਰਿਆ ਦੇ ਕਹਿਰ ਕਾਰਨ ਮਾਪਿਆਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਹੋ ਗਈ ਹੈ। ਘਰਾਂ ਦੇ ਚੁੱਲ੍ਹੇ ਠੰਢੇ, ਮਾਪਿਆਂ ਦੇ ਚਿਹਰੇ 'ਤੇ ਛਾਈ ਉਦਾਸੀ ਦੀ ਇਬਾਰਤ ਅਤੇ ਭਾਂ-ਭਾਂ ਕਰਦੇ ਮਕਾਨ ਉਨ੍ਹਾਂ ਨੂੰ ਵੱਢ ਵੱਢ ਖਾਣ ਨੂੰ ਪੈਂਦੇ ਹਨ। ਨਸ਼ਾ ਛੁਡਾਊ ਕੇਂਦਰ ਦੇ ਨਿਰਦੇਸ਼ਕ ਵਜੋਂ ਅਜਿਹੇ ਮਾਪਿਆਂ ਦੀ ਬੇਵਸੀ ਦੇਖ ਕੇ ਰੂਹ ਕੰਬ ਜਾਂਦੀ ਸੀ। ਇੰਦਾਂ ਹੀ ਇੱਕ ਬਜ਼ੁਰਗ ਆਪਣੇ ਨੌਜਵਾਨ ਪੁੱਤ ਨੂੰ ਨਸ਼ਾ ਮੁਕਤ ਕਰਨ ਦੇ ਮੰਤਵ ਨਾਲ ਨਸ਼ਾ ਛੁਡਾਊ ਕੇਂਦਰ ਵਿਚ ਲਿਆਇਆ। ਨੌਜਵਾਨ ਨਸ਼ਿਆਂ ਦੀ ਲਪੇਟ ਵਿਚ ਆਉਣ ਅਤੇ ਬਾਪ ਪੁੱਤ ਦੀ ਚਿੰਤਾ ਕਾਰਨ ਮਰਨ ਹਕੀ ਹਾਲਤ ਵਿਚ ਸਨ। ਨੌਜਵਾਨ ਦੀ ਕੌਂਸਲਿੰਗ ਲਈ ਮੈਂ ਆਪਣੇ ਕਰਮਚਾਰੀ ਦੀ ਡਿਊਟੀ ਲਾਈ ਅਤੇ ਆਪ ਬਜ਼ੁਰਗ ਦਾ ਅੰਦਰਲਾ ਫਰੋਲਣ ਦਾ ਯਤਨ ਕਰਨ ਲੱਗ ਪਿਆ। ਕੁਝ ਮਿੰਟ ਗੱਲਾਂ ਕਰਨ ਤੋਂ ਬਾਅਦ ਬਜ਼ੁਰਗ ਦੀਆਂ ਅੱਖਾਂ 'ਚੋਂ ਪਰਲ-ਪਰਲ ਹੰਝੂ ਵਹਿਣ ਲੱਗੇ। ਉਹਦਾ ਗੱਚ ਭਰ ਆਇਆ, "ਮੇਰਾ ਦੁੱਖ ਸੁਣੋਗੇ?" ਮੇਰੇ ਹਮਦਰਦੀ ਭਰੇ ਹੁੰਗਾਰੇ ਨਾਲ ਉਹਨੇ ਮੇਰੇ ਵੱਲ ਪਿੱਠ ਕੀਤੀ। ਪਿੱਠ ਤੋਂ ਕਮੀਜ਼ ਚੁੱਕ ਕੇ ਡੁਸਕਦਿਆਂ ਕਹਿਣ ਲੱਗਿਆ, "ਪਿੱਠ 'ਤੇ ਲਾਸਾਂ ਦੇ ਨਿਸ਼ਾਨ ਦੇਖਦੇ ਹੋਂ ਨਾ। ਇਹ ਅੱਜ ਸਵੇਰੇ ਮੇਰੇ ਇਸੇ ਪੁੱਤ ਨੇ ਮੈਨੂੰ ਛੱਲੀਆਂ ਵਾਂਗ ਡਾਂਗ ਨਾਲ ਕੁੱਟਿਆ। ਇਹ ਨਸ਼ੇ ਲਈ ਹਜ਼ਾਰ ਰੁਪਿਆ ਮੰਗਦਾ ਸੀ। ਭਲਾ ਮੈਂ ਹਰ ਰੋਜ਼ ਨਸ਼ੇ ਲਈ ਕਿਥੋਂ ਦਿੰਦਾ ਐਨੀ ਰਕਮ? ਬਸ ਮੇਰੇ ਨਾਂਹ ਕਰਨ 'ਤੇ ਡਾਂਗ ਚੁੱਕ ਲਈ। ਇਹਦੀ ਮਾਂ ਰੋਕਣ ਵਾਸਤੇ ਆਈ, ਉਹਦੇ ਵੀ ਦੋ ਡਾਂਗਾਂ ਜੜ੍ਹ ਦਿੱਤੀਆਂ। ਉਹ ਇਹਦੇ ਦੁੱਖ ਵਿਚ ਮੰਜੇ 'ਤੇ ਪਈ ਐ। ਆਂਢ-ਗੁਆਂਢ ਇਕੱਠਾ ਹੋ ਗਿਆ। ਉਨ੍ਹਾਂ ਦੇ ਸਮਝਾਉਣ 'ਤੇ ਇਹ ਹੁਣ ਥੋਡੇ ਕੋਲੋਂ ਦਵਾਈ ਲੈਣ ਆਇਆ। ਰੱਬ ਦਾ ਵਾਸਤਾ ਇਹਨੂੰ ਦਾਖ਼ਲ ਕਰ ਲਵੋ। ਨਹੀਂ ਫਿਰ ਸਾਡੇ ਵਿਚੋਂ ਇੱਕ ਅੱਧਾ ਮਰਜੂਗਾ।"

ਬਜ਼ੁਰਗ ਦੀ ਹਾਲਤ ਦੇਖ ਕੇ ਮੁੰਡੇ ਨੂੰ ਤੁਰੰਤ ਦਾਖ਼ਲ ਕਰ ਲਿਆ। ਬਜ਼ੁਰਗ ਦੇ ਮੋਢੇ 'ਤੇ ਹੱਥ ਰੱਖਿਆ, "ਤੁਸੀਂ ਹੁਣ ਘਰ ਜਾਉ। ਅਸੀਂ ਇਹਨੂੰ ਨਸ਼ਾ ਮੁਕਤ ਕਰਨ ਲਈ ਪੂਰੀ ਕੋਸ਼ਿਸ਼ ਕਰਾਂਗੇ।" ਬਜ਼ੁਰਗ ਨੇ ਸ਼ੁਕਰਾਨੇ ਭਰੀਆਂ ਨਜ਼ਰਾਂ ਨਾਲ ਮੇਰੇ ਵੱਲ ਦੇਖਿਆ ਤੇ ਫਿਰ ਅੱਖਾਂ ਪੂੰਝਦਾ ਨਸ਼ਾ ਛੁਡਾਊ ਕੇਂਦਰ ਤੋਂ ਬਾਹਰ ਜਾਣ ਲੱਗਿਆ। ਵਾਰਡ ਵਿਚੋਂ ਜਿਉਂ ਹੀ ਉਸ ਨੌਜਵਾਨ ਦੀ ਨਜ਼ਰ ਆਪਣੇ ਜਾਂਦੇ ਬਾਪ 'ਤੇ ਪਈ ਤਾਂ ਉਹ ਉੱਚੀ ਆਵਾਜ਼ ਵਿਚ ਗੁੱਸੇ ਨਾਲ ਬੋਲਿਆ, "ਮੈਨੂੰ ਇੱਥੇ ਛੱਡ ਤਾਂ ਚੱਲਿਐਂ, ਆਪਣੇ ਭਣੋਈਏ ਨੂੰ ਛੇਤੀ ਆ ਕੇ ਲੈ ਜਾਈਂ।" ਬਜ਼ੁਰਗ ਇੰਝ ਨੀਵੀਂ ਪਾ ਕੇ ਜਾ ਰਿਹਾ ਸੀ ਜਿਵੇਂ ਉਹਨੇ ਪੁੱਤ ਨੂੰ ਜਨਮ ਦੇ ਕੇ ਕੋਈ ਬਹੁਤ ਵੱਡਾ ਗੁਨਾਹ ਕੀਤਾ ਹੋਵੇ।

ਇੱਕ ਹੋਰ ਨੌਜਵਾਨ ਨੂੰ ਉਹਦੇ ਮਾਪੇ ਲੈ ਕੇ ਆਏ। ਨਾਲ ਪਿੰਡ ਦੇ ਦੋ ਪੰਚ ਵੀ ਸਨ। ਆਉਂਦਿਆਂ ਹੀ ਬਾਪ ਨੇ ਦੱਸਿਆ, "ਅੰਤਾਂ ਦਾ ਤਪਾ ਰੱਖਿਐ ਇਹਨੇ ਸਾਨੂੰ। ਜਿਹੜਾ ਇਹਨੂੰ ਸਮਝਾਉਂਦੈ, ਉਹਦੇ ਗਲ ਪੈ ਜਾਂਦਾ। ਮੰਦਾ ਚੰਗਾ ਬੋਲਦਾ। ਪਹਿਲਾਂ ਘਰੋਂ ਚੋਰੀ ਕਰ ਕੇ ਸਮਾਨ ਵੇਚਦਾ ਸੀ, ਹੁਣ ਬਾਹਰੋਂ ਵੀ ਉਲਾਂਭੇ ਆਉਣੇ ਸ਼ੁਰੂ ਹੋ ਗਏ। ਸਾਡੇ ਪਿੰਡ ਕੱਪੜੇ ਦੀ ਦੁਕਾਨ ਐ। ਦੁਕਾਨਦਾਰ ਬੜਾ ਭਲਾ ਮਾਨਸ ਐ। ਉਹਨੇ ਪਿਛਲੇ ਹਫ਼ਤੇ ਇਹਨੂੰ ਰੋਕ ਕੇ ਸਮਝਾਉਣਾ ਸ਼ੁਰੂ ਕਰ ਦਿੱਤਾ। ਉਦੋਂ ਤਾਂ ਇਹ ਕੁਛ ਨਾ ਬੋਲਿਆ, ਰਾਤ ਨੂੰ ਇੱਕ ਹੋਰ ਨਸ਼ੱਈ ਨੂੰ ਨਾਲ ਲੈ ਕੇ ਉਹਦੀ ਦੁਕਾਨ ਦੀ ਛੱਤ ਪਾੜ ਕੇ ਅੱਗ ਲਾ ਦਿੱਤੀ। ਉੱਥੇ ਲੱਗੇ ਹੋਏ ਕੈਮਰਿਆਂ ਵਿਚ ਇਹਦੀ ਕਰਤੂਤ ਸਾਹਮਣੇ ਆ ਗਈ। ਪੁਲੀਸ ਕੇਸ ਬਣ ਗਿਆ। ਸੇਠ ਦਾ ਨੁਕਸਾਨ ਪੂਰਾ ਕਰਨ ਅਤੇ ਪੁਲੀਸ ਤੋਂ ਖਹਿੜਾ ਛੁਡਵਾਉਣ ਲਈ ਕਿੱਲਾ ਜ਼ਮੀਨ ਬੈਅ ਕਰਨੀ ਪੈ ਗਈ।" ਬਾਪ ਅਤੇ ਪੰਚਾਂ ਦੇ ਚਿਹਰਿਆਂ 'ਤੇ ਚਿੰਤਾ ਦੀਆਂ ਰੇਖਾਵਾਂ ਸਨ ਪਰ ਮੁੰਡੇ ਦੇ ਚਿਹਰੇ 'ਤੇ ਸ਼ਰਮਿੰਦਗੀ ਦੀ ਥਾਂ ਢੀਠਪੁਣਾ ਦਿਖਾਈ ਦੇ ਰਿਹਾ ਸੀ।

ਇੰਦਾਂ ਹੀ ਇੱਕ ਹੋਰ ਨੌਜਵਾਨ ਨੂੰ ਮਾਪੇ ਲੈ ਕੇ ਆਏ। ਪੁੱਛਣ 'ਤੇ ਬਜ਼ੁਰਗ ਨੇ ਪ੍ਰਗਟਾਵਾ ਕੀਤਾ, "ਘਰੋਂ ਜਿਹੜਾ ਕੁਝ ਵੀ ਇਹਦੇ ਹੱਥ ਲਗਦੈ, ਚੋਰੀ ਕਰ ਕੇ ਨਸ਼ਾ ਡੱਫ ਲੈਂਦੈ। ਕੱਲ੍ਹ ਅਸੀਂ ਤਾਂ ਖੇਤ ਗਏ ਹੋਏ ਸੀ, ਇਹਦੀ ਮਾਂ ਘਰ ਸੀ। ਕਣਕ ਵਾਲੇ ਢੋਲ ਦੇ ਉਪਰਲੇ ਢੱਕਣ ਨੂੰ ਅਸੀਂ ਜੰਦਰਾ ਲਾਇਆ ਹੋਇਆ ਸੀ। ਇਹਨੇ ਕਿਵੇਂ ਨਾ ਕਿਵੇਂ ਜੰਦਰਾ ਖੋਲ੍ਹਿਆ। ਜਦੋਂ ਕਣਕ ਵਾਲੇ ਢੋਲ ਤੇ ਚੜ੍ਹ ਕੇ ਕੋਡਾ ਹੋ ਕੇ ਕਣਕ ਕੱਢਣ ਲੱਗਿਆਂ ਤਾਂ ਇਹ ਸਿਰ ਪਰਨੇ ਢੋਲ ਵਿਚ ਡਿੱਗ ਪਿਆ। ਇਹਦੀ ਮਾਂ ਨੂੰ ਜਦੋਂ ਖੜਕਾ ਸੁਣਿਆ ਤਾਂ ਭੱਜ ਕੇ ਆਈ। ਦੇਖਿਆ, ਇਹ ਅੰਦਰ ਮੂਧੇ ਮੂੰਹ ਡਿੱਗਿਆ ਬਾਹਰ ਆਉਣ ਲਈ ਤਰਲੋਮੱਛੀ ਹੋ ਰਿਹਾ ਸੀ। ਇਹਦੀ ਮਾਂ ਨੇ ਗਲੀ ਵਿਚ ਰੌਲਾ ਪਾ ਕੇ ਬੰਦੇ ਇਕੱਠੇ ਕੀਤੇ, ਫਿਰ ਇਹਨੂੰ ਬੜੀ ਮੁਸ਼ਕਿਲ ਨਾਲ ਬਾਹਰ ਕੱਢਿਆ; ਨਹੀਂ ਤਾਂ ਕੱਲ੍ਹ ਇਹਨੇ ਮੁੱਕ ਜਾਣਾ ਸੀ।

ਹਰ ਰੋਜ਼ ਆ ਰਹੇ ਅਜਿਹੇ ਕੇਸਾਂ ਕਾਰਨ ਸਿਵਿਆਂ ਦੇ ਰਾਹ ਪਈ ਜਵਾਨੀ, ਮਾਪਿਆਂ ਦੇ ਖ਼ੂਨ ਦੇ ਹੰਝੂ ਅਤੇ ਨਸ਼ਿਆਂ ਦੇ ਵਧ ਰਹੇ ਮਾਰੂ ਪ੍ਰਭਾਵ ਕਾਰਨ ਸਮਾਜ ਬਿਮਾਰ ਹੈ ਤੇ ਬਿਮਾਰ ਸਮਾਜ ਦਾ ਭਵਿੱਖ ਹਮੇਸ਼ਾ ਧੁੰਦਲਾ ਹੁੰਦਾ ਹੈ।

# ਖ਼ਾਲਸਾ, ਖ਼ਾਲਿਸਤਾਨ ਤੇ ਪੰਜਾਬ: ਵਿਚਾਰਨ ਵਾਲੇ ਕੁਝ ਨੁਕਤੇ

***ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ ਹਕੂਮਤ ਵਿਰੁੱਧ ਇਕੱਲਾ ਪੰਜਾਬ ਲੜ ਹੀ ਨਹੀਂ ਸੀ ਸਕਦਾ। ਇਹੀ ਕਾਰਨ ਸੀ ਕਿ ਗ਼ਦਰ ਪਾਰਟੀ ਨੇ ਆਪਣਾ ਦੇਸ ਪੰਜਾਬ ਨਹੀਂ, ਹਿੰਦੋਸਤਾਨ ਅਪਣਾਇਆ। ਮਗਰੋਂ ਜਿੰਨੀਆਂ ਕੁਰਬਾਨੀਆਂ ਹੋਈਆਂ, ਉਹ ਪੰਜਾਬ ਜਾਂ ਸਿੱਖ ਰਾਜ ਦੀ ਆਜ਼ਾਦੀ ਲਈ ਨਹੀਂ, ਹਿੰਦ ਦੀ ਆਜ਼ਾਦੀ ਲਈ ਦਿੱਤੀਆਂ। ਆਜ਼ਾਦੀ ਨਾਲ ਹੀ ਦੇਸ ਵੰਡਿਆ ਗਿਆ। ਪੰਜਾਬ ਉਸ ਪ੍ਰਭੁਤਾ ਵਾਲੇ ਦੇਸ ਦਾ ਸੂਬਾ ਬਣਿਆ ਜਿਹੜਾ ਲੋਕ ਰਾਜੀ ਸੰਸਦੀ ਸਿਸਟਮ ਦੀ ਸੰਵਿਧਾਨਕ ਗਰੰਟੀ ਵਾਲਾ ਹੈ। ਅੰਗਰੇਜ਼ ਵੱਖਰਾ ਦੇਸ ਸਿੱਖਾਂ ਨੂੰ ਦੇ ਸਕਦੇ ਸਨ, ਆਗੂਆਂ ਦੀ ਨਾਲਾਇਕੀ ਕਾਰਨ ਨਹੀਂ ਮਿਲਿਆ, ਇਹ ਝੂਠ ਹੈ। ਇੱਥੋਂ ਹੀ ਖ਼ਾਲਸਾ ਰਾਜ ਲਈ ਮ੍ਰਿਗ ਤ੍ਰਿਸ਼ਨਾ ਜਨਮ ਲੈਂਦੀ ਹੈ।***

ਖ਼ਾਲਿਸਤਾਨ ਦੀ ਧਾਰਨਾ ਉਤੇ ਪ੍ਰਿੰਟ ਅਤੇ ਬਿਜਲਈ ਪ੍ਰਚਾਰ ਸਾਧਨ ਭਰਪੂਰ ਚਰਚਾਵਾਂ ਕਰਵਾ ਰਹੇ ਹਨ। ਧਾਰਨਾ ਦੀ ਸਮੁੰਦਰ ਰਿੜਕਨ ਪ੍ਰਕਿਰਿਆ ਵਿਚ ਵਿਸ਼ਾ ਸਮੱਗਰੀ ਦੇ ਵਾਧੇ ਵਜੋਂ ਨਿਤ ਕੁਝ ਨਾ ਕੁਝ ਪੈਂਦਾ ਰਹਿਣਾ ਚਾਹੀਦਾ ਹੈ ਤਾਂ ਕਿ ਲੋਕ ਮਨਾਂ ਵਿਚੋਂ ਕੁਝ ਵੀ ਅਜਿਹਾ ਅਣ-ਵਿਆਖਿਅਤ ਨਾ ਰਹੇ ਜੋ ਸਮਾਜ ਦਾ ਨਾਸੂਰ ਬਣ ਕੇ ਮੁੜ ਰਿਸਣ ਲੱਗ ਜਾਵੇ।

1699 ਵਿਚ ਜਿਸ ਮਾਨਵ ਨੂੰ ਖ਼ਾਲਸਾ ਬਣਾਇਆ, ਉਸ ਦੀ ਰੂਹ ਦੀ ਘਾੜਤ ਤਾਂ ਬਾਬੇ ਨਾਨਕ ਤੋਂ ਸ਼ੁਰੂ ਸੀ। ਇਸ ਦੇ ਆਧਾਰ ਸਨ ਇੱਕ ਈਸ਼ਵਰ, ਅਸੀਂ ਸਭ ਉਸ ਦੇ ਬਾਲਕ। ਇੱਥੇ ਜਾਤ-ਪਾਤ, ਊਚ-ਨੀਚ ਸਮਾਪਤ ਹੈ। ਔਰਤ ਲਈ



ਬਰਾਬਰੀ ਤੈਅ ਹੋ ਗਈ। ਕਿਰਤ ਅਤੇ ਕਿਰਤੀ ਸਤਿਕਾਰਤ ਹੋ ਗਏ। ਜ਼ੁਲਮ ਤੇ ਜ਼ਾਲਮ ਵਿਰੁੱਧ ਡਟਾ ਕਿਰਦਾਰ ਦਾ ਹਿੱਸਾ ਬਣ ਗਿਆ। ਪਰਾਇਆ ਹੱਕ ਪਾਪ ਹੋ ਗਿਆ। ਇਉਂ ਖ਼ਾਲਸਾ ਬਣਨਾ ਸ਼ੁਰੂ ਸੀ।

**ਸੁੱਚਾ ਸਿੰਘ ਖੱਟੜਾ**
ਫੋਨ: +91-94176-52947

1699 ਵਿਚ ਖ਼ਾਲਸਾ ਪੰਥ ਨੂੰ ਸਾਕਾਰ ਕਰਨ ਲਈ ਖ਼ਾਲਸਾ ਫ਼ੌਜ ਦਾ ਨੀਂਹ ਪੱਥਰ ਰੱਖਿਆ ਗਿਆ। ਭਾਵ ਵਾਚਕ ਹੁਣ ਵਿਸ਼ੇਸ਼ਣ ਬਣ ਸ਼ਖ਼ਸੀਅਤ ਅਤੇ ਸਮੂਹ ਨਾਲ ਜੁੜ ਗਿਆ। ਇਤਿਹਾਸ ਦੇ ਕਾਲ ਖੰਡ ਵਿਚ ਚੁਣੌਤੀਆਂ ਆਈਆਂ, ਮੌਕੇ ਆਏ ਅਤੇ ਮਿਲੀ ਭੂਮਿਕਾ ਨਿਭਾਈ। ਸਰਹੰਦ ਦੀ ਇੱਟ ਨਾਲ ਇੱਟ ਖੜਕਾਈ, ਜ਼ਿਮੀਂਦਾਰੀ ਸਮਾਪਤ ਕਰ ਜ਼ਮੀਨਾਂ ਹਲ ਵਾਹਕਾਂ ਵਿਚ ਵੰਡ ਦਿੱਤੀਆਂ। ਮੌਤ ਸਾਹਮਣੇ ਆਈ, ਈਨ ਮੰਨਣ ਦੀ ਥਾਂ ਹੱਸਦਿਆਂ ਸ਼ਹੀਦੀਆਂ ਪਾ ਲਈਆਂ। ਅਬਦਾਲੀ ਅਤੇ ਦੁੱਰਾਨੀ ਨੇ ਦਿੱਲੀ ਉਤੇ ਹਮਲੇ ਕੀਤੇ। ਲੁੱਟੇ ਮਾਲ ਵਜੋਂ ਹਿੰਦੂ ਧੀਆਂ ਵੀ ਨਾਲ ਲਿਜਾਣ ਲੱਗੇ। ਪੰਜਾਬ ਦੀ ਧਰਤੀ ਉਤੇ ਖ਼ਾਲਸੇ ਨੇ ਧੀਆਂ ਛੁਡਵਾਈਆਂ ਅਤੇ ਪਰਿਵਾਰਾਂ ਪਾਸ ਵਾਪਸ ਪਹੁੰਚਾਈਆਂ। ਸਮਾਜ ਵਿਚ ਨਵਾਂ ਸੂਰਮਾ ਪੈਦਾ ਹੋ ਚੁੱਕਾ ਸੀ। ਖ਼ਾਲਸਾ ਇਉਂ ਸਮਾਜ ਦੀ ਸ਼ਰਧਾ ਤੇ ਸਤਿਕਾਰ ਦਾ ਪਾਤਰ ਬਣ ਗਿਆ। ਹਰ ਘਰ ਦੀ ਕਾੜ੍ਹਨੀ ਦਾ ਦੁੱਧ ਅਤੇ ਚਾਟੀ ਦਾ ਦਹੀਂ ਖ਼ਾਲਸੇ ਦਾ ਸੀ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ ਹਕੂਮਤ ਵਿਰੁੱਧ ਇਕੱਲਾ ਪੰਜਾਬ ਲੜ ਹੀ ਨਹੀਂ ਸੀ ਸਕਦਾ। ਇਹੀ ਕਾਰਨ ਸੀ ਕਿ ਗ਼ਦਰ ਪਾਰਟੀ ਨੇ ਆਪਣਾ ਦੇਸ ਪੰਜਾਬ ਨਹੀਂ, ਹਿੰਦੋਸਤਾਨ ਅਪਣਾਇਆ। ਮਗਰੋਂ ਜਿੰਨੀਆਂ ਕੁਰਬਾਨੀਆਂ ਹੋਈਆਂ, ਉਹ ਪੰਜਾਬ ਜਾਂ ਸਿੱਖ ਰਾਜ ਦੀ ਆਜ਼ਾਦੀ ਲਈ ਨਹੀਂ, ਹਿੰਦ ਦੀ ਆਜ਼ਾਦੀ ਲਈ ਦਿੱਤੀਆਂ। ਆਜ਼ਾਦੀ ਨਾਲ ਹੀ ਦੇਸ ਵੰਡਿਆ ਗਿਆ। ਪੰਜਾਬ ਉਸ ਪ੍ਰਭੁਤਾ ਵਾਲੇ ਦੇਸ ਦਾ ਸੂਬਾ ਬਣਿਆ ਜਿਹੜਾ ਲੋਕ ਰਾਜੀ ਸੰਸਦੀ ਸਿਸਟਮ ਦੀ ਸੰਵਿਧਾਨਕ ਗਰੰਟੀ ਵਾਲਾ ਹੈ। ਅੰਗਰੇਜ਼ ਵੱਖਰਾ ਦੇਸ ਸਿੱਖਾਂ ਨੂੰ ਦੇ ਸਕਦੇ ਸਨ, ਆਗੂਆਂ ਦੀ ਨਾਲਾਇਕੀ ਕਾਰਨ ਨਹੀਂ ਮਿਲਿਆ, ਇਹ ਝੂਠ ਹੈ। ਬੱਸ ਇੱਥੋਂ ਹੀ ਖ਼ਾਲਸਾ ਰਾਜ ਲਈ ਮ੍ਰਿਗ ਤ੍ਰਿਸ਼ਨਾ ਜਨਮ ਲੈਂਦੀ ਹੈ।



*ਖ਼ਾਲਸਾ ਪੰਥ ਦੀ ਸਾਜਨਾ ਬਾਰੇ ਚਿੱਤਰ।*

ਅੰਮ੍ਰਿਤਸਰ ਦੇ ਨਿਰੰਕਾਰੀ ਕਾਂਡ ਪਿੱਛੋਂ ਸੰਤ ਜਰਨੈਲ ਸਿੰਘ ਦੇ ਹਥਿਆਰਬੰਦ ਅੰਗ ਰੱਖਿਅਕਾਂ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਠਿਕਾਣਾ ਬਣਾਉਣ ਤੋਂ ਬਾਅਦ ਸਾਕਾ ਨੀਲਾ ਤਾਰਾ ਤੱਕ ਅਨੇਕ ਹਿੰਦੂ ਸਿੱਖ ਮਾਰੇ ਜਾ ਚੁੱਕੇ ਸਨ। ਇਨ੍ਹਾਂ ਵਿਚ ਸਿੱਖਾਂ ਨੂੰ ਪੰਜਾਬ ਪੁਲੀਸ ਨੇ ਮਾਰਿਆ ਦੱਸਿਆ ਜਾਂਦਾ ਹੈ। 21 ਅਪਰੈਲ 1986 ਨੂੰ ਪੰਥਕ ਕਮੇਟੀ ਦੇ ਖ਼ਾਲਿਸਤਾਨ ਦੇ ਐਲਾਨ ਤੋਂ ਬਾਅਦ ਬੱਸਾਂ ਵਿਚੋਂ ਇੱਕ ਫ਼ਿਰਕੇ ਦੇ ਲੋਕਾਂ ਨੂੰ ਕੱਢ-ਕੱਢ ਕੇ ਮਾਰਨਾ ਆਮ ਹੋ ਗਿਆ ਸੀ।

ਮਾਨਵ ਦਾ ਬਾਬੇ ਨਾਨਕ ਤੋਂ ਦਸਵੇਂ ਪਾਤਸ਼ਾਹ ਤੱਕ ਪਹੁੰਚ ਕੇ ਖ਼ਾਲਸਾ ਬਣਨਾ ਅਤੇ ਆਪਣੇ ਕਿਰਦਾਰ ਨਾਲ ਦੂਰ-ਦੂਰ ਤੱਕ ਸਤਿਕਾਰ ਹਾਸਿਲ ਕਰਨਾ ਅਤੇ ਵੀਹਵੀਂ ਸਦੀ ਦੇ ਅੱਸੀਵਿਆਂ ਵਿਚ ਤਥਾਕਥਿਤ ਖ਼ਾਲਸੇ ਦਾ 180 ਡਿਗਰੀ ਦਾ ਮੋੜਾ ਕੱਟਣਾ ਅਤੇ ਦਹਿਸ਼ਤੀ ਹੋ ਜਾਣਾ ਸਮਝਣਾ ਬਣਦਾ ਹੈ। ਉਹ ਵੀ ਖ਼ਾਲਸਾ ਸੀ ਜੋ ਹਿੰਦੂ ਧੀਆਂ ਛੁਡਵਾ ਕੇ ਉਨ੍ਹਾਂ ਦੇ ਮਾਪਿਆਂ ਹਵਾਲੇ ਕਰਦਾ ਸੀ; ਇਹ ਵੀ ਖ਼ਾਲਸਾ ਸੀ ਜੋ ਬੱਸਾਂ ਵਿਚੋਂ ਕੱਢ-ਕੱਢ ਹਿੰਦੂਆਂ ਨੂੰ ਮਾਰਨ ਲੱਗ ਪਿਆ। ਕਾਹਦਾ ਬਦਲਾ? ਕਾਹਦੀ ਸਜ਼ਾ? ਮੁਗ਼ਲ ਹਕੂਮਤ ਨੇ ਗੁਰੂ ਤੇਗ਼ ਬਹਾਦਰ, ਚਾਰ ਸਾਹਿਬਜ਼ਾਦੇ ਸ਼ਹੀਦ ਕੀਤੇ, ਖ਼ਾਲਸੇ ਨੇ ਕਿਸੇ ਨਿਹੱਥੇ ਮੁਸਲਮਾਨ ਨੂੰ ਨਿਸ਼ਾਨਾ ਨਹੀਂ ਬਣਾਇਆ। ਅੱਸੀਵਿਆਂ ਵਿਚ ਖ਼ਾਲਸਾ ਸਨਮਾਨ ਖੋਅ ਗਿਆ।

ਖ਼ਾਲਿਸਤਾਨ ਬਣਨ ਵਿਚ ਕੁਝ ਮੁੱਖ ਅੜਿੱਕੇ ਹਨ। ਸਿੱਖ ਗੁਰੂਆਂ ਅਤੇ ਆਜ਼ਾਦੀ ਘੁਲਾਟੀਆਂ, ਸਭ ਦੇ ਹਿੰਦੋਸਤਾਨ ਨਾਲ ਜੁੜਾਓ ਨੇ ਪੰਜਾਬੀਆਂ ਦੀ ਮਾਨਸਿਕਤਾ ਸਿਰਜੀ ਹੈ। ਇਹ ਅ-ਬਦਲ ਹੈ। ਖ਼ਾਲਿਸਤਾਨ ਇਸ ਮਾਨਸਿਕਤਾ ਨੂੰ ਬਦਲ ਕੇ ਹੀ ਬਣੇਗਾ। ਖ਼ਾਲਿਸਤਾਨ ਲਈ ਅੱਸੀਵਿਆਂ ਦੇ ਯਤਨਾਂ ਨੇ ਪੰਜਾਬ ਦੀ ਆਰਥਿਕਤਾ ਨੂੰ ਅਜਿਹੀ ਸੱਟ ਮਾਰੀ ਕਿ ਪੰਜਾਬ ਬਾਕੀ ਸੂਬਿਆਂ ਦੇ ਸਿਖਰ ਤੋਂ ਅੱਧੇ ਸੂਬਿਆਂ ਤੋਂ ਵੀ ਹੇਠਾਂ ਜਾ ਡਿੱਗਾ। ਉਦਯੋਗ ਬਾਹਰ ਚਲੇ ਗਏ। ਸਿੱਖਿਆ, ਸੁਰੱਖਿਆ, ਸਿਹਤ ਅਤੇ ਕੌਮੀ ਮੁਕਾਬਲਿਆਂ ਵਿਚ ਪੰਜਾਬੀ ਗੱਭਰੂਆਂ ਦੀਆਂ ਸਫਲਤਾਵਾਂ, ਸਭ ਚੌਪਟ ਹੋ ਗਿਆ। ਖ਼ਾਲਿਸਤਾਨ ਹੁਣ ਡਰਾਉਣਾ ਭੂਤ ਬਣ ਚੁੱਕਾ ਹੈ। ਪੰਜਾਬ ਤੋਂ ਬਾਹਰ ਦੇਸ ਦੇ ਕੋਨੇ-ਕੋਨੇ ਵਿਚ ਵੱਸਦੇ ਸਿੱਖ ਖ਼ਾਲਿਸਤਾਨ ਦੀ ਥਾਂ ਪੰਜਾਬ ਨੂੰ ਭਾਰਤ ਦੇ ਹਿੱਸੇ ਵਜੋਂ ਰੱਖਣ ਵਿਚ ਸੁਰੱਖਿਅਤ ਮਹਿਸੂਸ ਕਰਦੇ ਹਨ। ਅੱਜ ਧਰਮ ਦੇ ਆਧਾਰ ਉਤੇ ਦੇਸ ਖੜ੍ਹਾ ਕਰਨਾ ਪਿਛਾਖੜੀ ਸੋਚ ਹੈ। ਸੱਭਿਅਤਾ ਧਰਮ ਨਿਰਪੱਖ ਲੋਕਤੰਤਰੀ ਪ੍ਰਣਾਲੀਆਂ ਅਪਣਾ ਚੁੱਕੀ ਹੈ। ਇਸ ਤੋਂ ਇਲਾਵਾ ਭਾਰਤ ਦਾ ਜੋ ਵੀ ਮਹਾਨ ਹੈ, ਪੰਜਾਬੀ ਅਤੇ ਸਿੱਖ ਉਸ ਉਤੇ ਮਾਣ ਕਰਦਾ ਹੈ ਤੇ ਉਸ ਨੂੰ ਆਪਣਾ ਸਮਝਦਾ ਹੈ।

ਸਭ ਤੋਂ ਵੱਡਾ ਅੜਿੱਕਾ ਇਹ ਹੈ ਕਿ ਜਿਸ ਦੇਸ ਤੋਂ ਵੱਖ ਹੋ ਕੇ ਖ਼ਾਲਿਸਤਾਨ ਬਣਾਉਣਾ ਹੈ, ਉਸ ਨਾਲ ਟਕਰਾਅ ਖ਼ਾਲਿਸਤਾਨ ਦਾ ਨੀਂਹ ਪੱਥਰ ਹੈ। ਸਪਸ਼ਟ ਹੈ ਕਿ ਖ਼ਾਲਿਸਤਾਨ ਲਈ ਭਾਰਤੀ ਫ਼ੌਜ ਤੋਂ ਵੱਡੀ ਫ਼ੌਜ ਰੱਖਣੀ ਪਵੇਗੀ। ਪੰਜਾਬ ਦਾ ਰੇਲਵੇ ਸਿਸਟਮ ਸ਼ੰਭੂ ਤੱਕ ਰਹੇਗਾ। ਆਰਥਿਕਤਾ ਗਲੋਬਲ ਵਰਤਾਰਾ ਹੈ; ਦੇਸ-ਵਿਦੇਸ਼ ਦਾ ਕੋਈ ਖ਼ਾਲਿਸਤਾਨੀ ਆਪਣੇ ਆਰਥਿਕ ਮਾਡਲ ਦਾ ਚਾਰਟ ਬਣਾ ਕੇ ਦੇ ਦੇਵੇ ਪਰ ਭਾਰਤੀ ਫ਼ੌਜ ਤੋਂ ਵੱਡੀ ਫ਼ੌਜ, ਫ਼ੌਜੀ ਸਾਜ਼ੋ-ਸਮਾਨ, ਟੈਂਕ, ਲੜਾਕੂ ਹਵਾਈ ਜਹਾਜ਼ ਆਦਿ ਦੀ ਸਾਂਭ-ਸੰਭਾਲ ਦਾ ਖ਼ਰਚਾ ਪੂਰਾ ਕਰਨ ਵਾਲਾ ਆਰਥਿਕ ਮਾਡਲ ਹੋਣਾ ਚਾਹੀਦਾ ਹੈ। ਯਾਦ ਰਹੇ, ਇਸ ਫ਼ੌਜੀ ਅਤੇ ਆਰਥਿਕ ਪੱਖ ਨੂੰ ਡਾ. ਜਗਜੀਤ ਸਿੰਘ ਚੌਹਾਨ ਨੇ ਵੀ 16 ਜੂਨ 1980 ਦੇ ਆਪਣੇ ਐਲਾਨੇ ਖ਼ਾਲਿਸਤਾਨ ਦੇ ਖ਼ਾਕੇ ਵਿਚ ਕਿਤੇ ਦਰਜ ਨਾ ਕੀਤਾ। ਪੰਜਾਬ ਤੋਂ ਜਾ ਕੇ ਵਿਦੇਸ਼ ਬੈਠ ਕੇ ਖ਼ਾਲਿਸਤਾਨ ਪੰਜਾਬ ਵਿਚ ਬਣਾਉਣਾ ਖ਼ੁਫ਼ੀਆ ਏਜੰਸੀਆਂ ਦੀ ਖੇਡ ਹੈ। ਵਿਦੇਸ਼ ਬੈਠੇ ਖ਼ਾਲਿਸਤਾਨੀਆਂ ਨੂੰ ਅਪੀਲ ਹੈ ਕਿ ਉਨ੍ਹਾਂ ਨੂੰ ਸੱਜੇ ਖੱਬੇ ਵਾਰ-ਵਾਰ ਦੇਖਣ- ਕੀ ਉਨ੍ਹਾਂ ਦੇ ਫ਼ੈਸਲੇ ਸੁਤੰਤਰ ਹਨ?

ਪੰਜਾਬ ਵਿਚ ਕਿਸੇ ਅਜਿਹੀ ਸਿਆਸੀ ਲੀਡਰਸ਼ਿਪ ਦਾ ਉਠਣਾ ਜ਼ਰੂਰੀ ਹੈ ਜਿਹੜੀ ਪੰਜਾਬ ਨੂੰ ਸਿੱਖਿਆ ਅਤੇ ਸਕਿੱਲ (ਹੁਨਰ) ਦੀ ਹੱਬ ਬਣਾ ਸਕੇ। ਭਾਰਤ ਹੀ ਨਹੀਂ, ਵਿਦੇਸ਼ਾਂ ਤੋਂ ਵੀ ਵਿਦਿਆਰਥੀ ਪੰਜਾਬ ਵਿਚ ਸਿੱਖਿਆ ਪ੍ਰਾਪਤ ਕਰਨ ਆਉਣ ਅਤੇ ਪੰਜਾਬ ਤੋਂ ਸਿੱਖਿਅਤ ਹੋ ਕੇ ਦੁਨੀਆ ਦੇ ਹਰ ਕੋਨੇ ਵਿਚ ਜਾ ਕੇ ਆਪਣੀ ਬੌਧਿਕਤਾ ਦਾ ਕਮਾਲ ਦਿਖਾਉਣ। ਪੁਰਾਣੇ ਸਮਿਆਂ ਦਾ ਭਾਰਤ ਦਾ ਤਕਸ਼ਿਲਾ ਵਿਸ਼ਵਵਿਦਿਆਲਾ ਅਣਵੰਡੇ ਪੰਜਾਬ ਵਿਚ ਹੀ ਤਾਂ ਸੀ। ਇਸ ਅਮਲ ਨਾਲ ਪੰਜਾਬੀ ਵੀ ਸਿੱਖਿਅਤ ਹੋ ਕੇ ਬਾਹਰ ਜਾ ਕੇ ਪੰਜਾਬ ਨੂੰ ਵਿਦੇਸ਼ੀ ਕਰੰਸੀ ਨਾਲ ਮਾਲਾਮਾਲ ਕਰ ਸਕਣਗੇ। ਜਦੋਂ ਪੰਜਾਬ ਦੀ ਆਰਥਿਕਤਾ ਹੈ ਹੀ ਖੇਤੀਬਾੜੀ ਉਤੇ ਆਧਾਰਿਤ, ਫਿਰ ਖੇਤੀ ਜਿਨਸਾਂ ਵਿਚ ਵੰਨ-ਸਵੰਨਤਾ ਅਤੇ ਹਰ ਵੰਨਗੀ ਲਈ ਮੁੱਲ-ਵਾਧੇ ਦੇ ਛੋਟੇ ਵੱਡੇ ਉਦਯੋਗ ਖੜ੍ਹੇ ਕਰਨੇ ਪੈਣਗੇ। ਇਉਂ ਸਿੱਖਿਆ ਅਤੇ ਖੇਤੀ ਖੇਤਰ ਪੰਜਾਬ ਵਿਚ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੋਣਗੇ।

ਨਵੀਂ ਲੀਡਰਸ਼ਿਪ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹਾਸਲ ਕਰੇ, ਪੰਜਾਬ ਦੇ ਦਰਿਆਈ ਪਾਣੀਆਂ ਉਤੇ ਹੱਕਦਾਰੀ ਅਤੇ ਧਰਤੀ ਹੇਠਲੇ ਪਾਣੀ ਦੀ ਸੰਭਾਲ ਕਰੇ। ਪੰਜਾਬ ਰੰਗਲਾ ਤਾਂ ਹੀ ਬਣੇਗਾ ਜੇ ਨਸ਼ਾ ਮੁਕਤ ਹੋਵੇਗਾ। ਪੰਜਾਬ ਵਿਚ ਹਿੰਦੂਆਂ ਸਿੱਖਾਂ ਦੀ ਸਾਂਝ ਬਾਦਲਾਂ ਦੇ ਫਾਰਮੂਲੇ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਵੇਲਿਆਂ ਦੀ ਭਾਵਨਾ ਉਤੇ ਆਧਾਰਿਤ ਹੋਵੇ। ਨਵੀਂ ਲੀਡਰਸ਼ਿਪ ਨੂੰ ਨਵੀਂ ਪਾਰਟੀ ਵੀ ਬਣਾਉਣੀ ਪੈ ਜਾਵੇ, ਬਣਾ ਲਈ ਜਾਵੇ ਪਰ ਇਸ ਨਵੀਂ ਬਣੀ ਪਾਰਟੀ ਵਿਚੋਂ 'ਪੰਜਾਬ ਸਾਰਾ ਜਿਊਂਦਾ ਗੁਰਾਂ ਦੇ ਨਾਮ 'ਤੇ' ਵਾਲੀ ਝਲਕ ਹੀ ਨਹੀਂ, ਇਸ ਵਿਚਾਰ ਨਾਲ ਓਤ-ਪੋਤ ਹੋਣੀ ਚਾਹੀਦੀ ਹੈ। ਇਤਿਹਾਸਕ ਗੁਰਦੁਆਰਿਆਂ ਨੂੰ ਅੰਦਰੂਨੀ ਬਹਿਰੂਨੀ ਏਜੰਸੀਆਂ ਦੀ ਘੁਸਪੈਠ ਤੋਂ ਬਚਾਉਣਾ ਪਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਰੈਡੀਕਲਾਂ ਦੇ ਕਬਜ਼ੇ ਵਿਚ ਜਾਣ ਤੋਂ ਰੋਕਣਾ, ਨਾਲ ਹੀ ਸਿਆਸਤ ਤੋਂ ਮੁਕਤ ਕਰਵਾ ਕੇ ਨਿਰੋਲ ਸਿੱਖੀ ਪ੍ਰਚਾਰ ਲਈ ਵਚਨਬੱਧ ਸ਼ਖ਼ਸੀਅਤਾਂ ਦੇ ਹੱਥਾਂ ਵਿਚ ਦੇਣਾ ਸੰਭਵ ਬਣਾਉਣਾ ਪਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਅਕਾਲੀ ਆਗੂਆਂ ਦੇ ਕਿਰਦਾਰਾਂ ਵਿਚ ਗਿਰਾਵਟ ਦਰ ਗਿਰਾਵਟ ਰੋਕਣ ਵਿਚ ਅਸਫਲ ਹੈ ਅਤੇ ਅਸਫਲ ਰਹੇਗਾ। ਵਾਰ-ਵਾਰ ਗ਼ਲਤੀਆਂ ਕਰਨਾ, ਮੁਆਫ਼ੀਆਂ ਦੇਣਾ ਅਤੇ ਤਨਖ਼ਾਹਾਂ ਲਾਉਣ ਦੀ ਕਵਾਇਦ ਤੋਂ ਸਿੱਖਾਂ ਦੀ ਇਸ ਸਰਵਉਚ ਸੰਸਥਾ ਨੂੰ ਹੁਣ ਬਾਹਰ ਹੋ ਜਾਣਾ ਚਾਹੀਦਾ ਹੈ। ਇਨ੍ਹਾਂ ਆਦਤਨ ਗੁਨਾਹਗਾਰਾਂ ਨੂੰ ਕਿਹਾ ਜਾਵੇ ਕਿ ਇਹ ਆਪ ਹੀ ਸੇਵਾ ਕਰ ਕੇ ਆਪਣੀ ਸ਼ੁੱਧੀ ਕਰ ਲਿਆ ਕਰਨ। ਪੰਜਾਬ ਦੀ ਨਵ-ਉਸਾਰੀ ਲਈ ਸਿਰਫ ਰਚਨਾਤਮਕ ਏਜੰਡਾ ਹੀ ਖ਼ਾਲਿਸਤਾਨ ਦੀ ਮ੍ਰਿਗ ਤ੍ਰਿਸ਼ਨਾ ਦੂਰ ਕਰ ਸਕਦਾ ਹੈ।

ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਨੂੰ ਬਚ ਕੇ ਰਹਿਣਾ ਪਏਗਾ। ਇਨ੍ਹਾਂ ਤੋਂ ਏਜੰਸੀਆਂ ਅਜਿਹਾ ਕੁਝ ਲਾਜ਼ਿਮ ਕਰਵਾਉਣਗੀਆਂ ਜਿਸ ਨਾਲ ਪੰਜਾਬ ਅੱਸੀਵਿਆਂ ਨੂੰ ਦੁਹਰਾਉਣ ਵੱਲ ਧੱਕਿਆ ਜਾਵੇਗਾ। ਆਰ.ਐੱਸ.ਐੱਸ. ਦੇ ਅਨੇਕ ਵਿੰਗ ਪੰਜਾਬ ਅੰਦਰ ਸਿੱਖੀ ਅਤੇ ਸਿੱਖਾਂ ਵਿਰੁੱਧ ਨਿਤ ਊਲ-ਜਲੂਲ ਬੋਲਦੇ ਹਨ; ਦੂਜੇ ਪਾਸੇ, ਨਿਹੰਗ ਬਾਣੇ ਵਿਚ ਮੋੜਵਾਂ ਜਵਾਬ ਦੇਣ ਵਾਲੇ ਪਹਿਲਾਂ ਹੀ ਤਿਆਰ ਹਨ। ਅਕਸਰ ਕੋਈ ਤਾਂ ਇਨ੍ਹਾਂ ਪਿੱਛੇ ਜ਼ਰੂਰ ਹੈ। ਸਰਕਾਰਾਂ ਦੀ ਨਾਲਾਇਕੀ ਕਾਰਨ ਪੰਜਾਬ ਬਾਰੂਦ ਦੇ ਢੇਰ ਉਤੇ ਲਿਆ ਖੜ੍ਹਾ ਕਰ ਦਿੱਤਾ ਹੈ। ਹਿੰਦੂ ਅਤੇ ਸਿੱਖ ਵੀਰਾਂ ਨੂੰ ਆਪੋ-ਆਪਣੇ ਖ਼ਰੂਦੀ ਤੱਤਾਂ ਵਿਰੁੱਧ ਹੁਣ ਖੁੱਲ੍ਹ ਕੇ ਆਵਾਜ਼ ਉਠਾਉਣੀ ਚਾਹੀਦੀ ਹੈ; ਵਰਨਾ ਬਾਰੂਦ ਦੇ ਢੇਰ ਨੂੰ ਪਲੀਤਾ ਕਦੇ ਵੀ ਲਾਇਆ ਜਾ ਸਕਦਾ ਹੈ।

---

# ਘਰ ਪਹੁੰਚਣ ਲਈ ਹਿੰਮਤ

ਉਸ ਦਿਨ ਘਰ ਜਾਣ ਦੀ ਬਹੁਤ ਕਾਹਲ ਸੀ। ਅੱਧੇ ਘੰਟੇ ਤੋਂ ਜਾਮ 'ਚ ਫਸਿਆ ਖੜ੍ਹਾ ਸਾਂ। ਪਤਾ ਨਹੀਂ ਕੋਈ ਧਾਰਮਿਕ ਸਮਾਗਮ ਸੀ ਜਾਂ ਕੁਝ ਹੋਰ, ਸ਼ਹਿਰ ਦੀਆਂ ਸੜਕਾਂ 'ਤੇ ਹਰ ਪਾਸੇ ਭੀੜ ਸੀ। ਗੱਡੀਆਂ, ਮੋਟਰਾਂ ਦਾ ਹੜ੍ਹ ਜਾਮ ਹੋਇਆ ਖਲੋਤਾ ਸੀ। ਖੜ੍ਹੀਆਂ ਗੱਡੀਆਂ ਹਿਲਦੀਆਂ ਤਾਂ ਸਨ ਪਰ ਕਦੀ ਕਦਾਈਂ। ਫਿਰ ਉਹੀ ਹਾਲ ਜਿਸ

**ਦੀਪ ਦੇਵਿੰਦਰ ਸਿੰਘ**
ਫੋਨ: +91-98721-65707

ਕਰ ਕੇ ਘਰ ਦਾ ਪੈਂਡਾ ਮੁੱਕਣ ਦਾ ਨਾਂ ਨਹੀਂ ਸੀ ਲੈ ਰਿਹਾ। ਮੈਂ ਇਸ ਜਮਘਟੇ 'ਚੋਂ ਉਡ ਕੇ ਨਿਕਲ ਜਾਣਾ ਚਾਹੁੰਦਾ ਸਾਂ।

ਘਰੋਂ ਕਈ ਵਾਰੀ ਫੋਨ ਆ ਗਿਆ ਸੀ। ਪਤਨੀ ਦੀ ਸਿਹਤ ਦਿਨਾਂ ਤੋਂ ਢਿੱਲੀ ਮੱਠੀ ਜਿਹੀ ਹੈ, ਕਿਸੇ ਹੋਰ ਡਾਕਟਰ ਨੂੰ ਦਿਖਾਉਣ ਦਾ ਸਮਾਂ ਲਿਆ ਸੀ ਜਿਹੜਾ ਤੇਜ਼ੀ ਨਾਲ ਲੰਘ ਰਿਹਾ ਸੀ। ਉਪਰੋਂ ਮੇਰੇ ਆਸ-ਪਾਸ ਦੀ ਭੀੜ ਹਿੱਲਣ ਦਾ ਨਾਂ ਨਹੀਂ ਸੀ ਲੈ ਰਹੀ। ਲਗਾਤਾਰ ਵਜ ਰਹੇ ਹਾਰਨ ਕੰਨਾਂ 'ਚ ਕਿਰਚਾਂ ਵਾਂਗ ਵਜ ਰਹੇ ਸਨ ਤੇ ਗੂੜ੍ਹੇ ਘਸਮੈਲੇ ਰੰਗ ਦੇ ਧੂੰਏਂ ਦਾ ਗੁਬਾਰ ਦਿਮਾਗ਼ ਨੂੰ ਚੜ੍ਹ ਰਿਹਾ ਸੀ। ਹਾੜ੍ਹ ਮਹੀਨਾ ਅੱਧਿਉਂ ਬਹੁਤਾ ਬੀਤ ਚੁਕਿਆ ਸੀ ਪਰ ਮੀਂਹ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਸੀ। ਦਿਨ ਚੜ੍ਹਦਿਆਂ ਸਾਰ ਅਸਮਾਨੋਂ ਅੱਗ ਵਰ੍ਹਨ ਲੱਗਦੀ। ਅੱਜ ਵੀ ਕਿਤੇ ਪਹਿਲੇ ਵੇਲੇ ਦੋ ਚਾਰ ਬੱਦਲ ਉਠੇ ਤਾਂ ਸਨ, ਫਿਰ ਕਿਧਰੇ ਖਿੰਡ-ਪੁੰਡ ਗਏ। ਮੈਂ ਮੱਥੇ 'ਤੇ ਟਪਕਦੀਆਂ ਪਸੀਨੇ ਦੀਆਂ ਬੂੰਦਾਂ ਰੁਮਾਲ ਨਾਲ ਮੁੜ-ਮੁੜ ਪੂੰਝਦਾਂ।

ਫੋਨ ਦੀ ਘੰਟੀ ਫਿਰ ਵੱਜੀ। ਭੀੜ ਹੋਣ ਕਰ ਕੇ ਮੇਰੇ ਕੋਲੋਂ ਵਾਰ-ਵਾਰ ਫੋਨ ਚੁੱਕ ਨਹੀਂ ਹੁੰਦਾ। ਕਦੀ ਪਤਨੀ 'ਤੇ ਵੀ ਖਿਝ ਆਉਂਦੀ ਹੈ। ਬੰਦਾ ਥੋੜ੍ਹਾ ਧੀਰਜ ਰੱਖਦਾ। ਐਵੇਂ ਬੱਚਿਆਂ ਵਾਂਗ ਕਰਨ ਲੱਗ ਜਾਂਦੀ ਕਈ ਵਾਰੀ। ਫਿਰ ਸੋਚਦਾ, ਉਹ ਵੀ ਤਾਂ ਬੇਵੱਸ ਹੈ, ਪਿਛਲੀਆਂ ਦੋ ਰਾਤਾਂ ਤੋਂ ਚੱਜ ਨਾਲ ਸੁੱਤੀ ਨਹੀਂ। ਉਹਦੇ ਨਾਲ ਮੇਰੀ ਵੀ ਚੱਤੇ ਪਹਿਰ ਅਵਾਜ਼ਾਰੀ ਜਿਹੀ ਬਣੀ ਰਹਿੰਦੀ ਹੈ। ਧਿਆਨ ਹਮੇਸ਼ਾ ਘਰ ਵੱਲ ਲੱਗਿਆ ਰਹਿੰਦਾ।

ਖੜ੍ਹੀ ਭੀੜ ਥੋੜ੍ਹਾ-ਥੋੜ੍ਹਾ ਹਿੱਲੀ ਹੈ ਅੱਗੇ ਨਾਲੋਂ। ਅਗਲੀਆਂ ਗੱਡੀਆਂ ਤੁਰੀਆਂ ਨੇ ਸਹਿਜ-ਸਹਿਜ। ਮਨ ਦੀ ਤਲਖ਼ੀ ਥੋੜ੍ਹੀ ਘਟੀ ਹੈ। ਬੱਸ ਅੱਡੇ ਵਾਲਾ ਮੋੜ ਮੁੜ ਕੇ ਭੀੜ ਆਪਣੀ ਚਾਲੇ ਅਜੇ ਤੁਰਨ ਹੀ ਲੱਗੀ ਸੀ ਜਦੋਂ ਇਕਹਿਰੇ ਜਿਹੇ ਸਰੀਰ ਵਾਲੇ ਉਸ ਮੁੰਡੇ ਨੇ ਹੱਥ ਦੇ ਇਸ਼ਾਰੇ ਨਾਲ ਰੁਕਣ ਦਾ ਤਰਲਾ ਜਿਹਾ ਮਾਰਿਆ। ਘਰ ਜਾਣ ਦੀ ਕਾਹਲ, ਉਪਰੋਂ ਇਸ ਜਾਮ ਤੋਂ ਮਸਾਂ ਮਿਲੇ ਛੁਟਕਾਰੇ ਕਰ ਕੇ ਹੁਣ ਖਲੋਣ ਦਾ ਕੋਈ ਇਰਾਦਾ ਨਹੀਂ ਸੀ। ਮੈਂ ਆਪਣੀ ਚਾਲੇ ਚਲਦੇ ਨੇ ਉਹਦੇ ਵੱਲ ਥੋੜ੍ਹੀ ਧੌਣ ਭੁਆਈ। ਤਿੰਨ ਕੁ ਵਰ੍ਹਿਆਂ ਦਾ ਬਾਲ ਉਸ ਆਪਣੀ ਬਾਂਹ ਦੇ ਸਹਾਰੇ ਕੁੱਛੜ ਚੁੱਕਿਆ ਹੋਇਆ ਸੀ ਜਿਸ ਨੇ ਆਪਣੀਆਂ ਪਤਲੀਆਂ-ਪਤਲੀਆਂ ਬਾਹਾਂ ਉਸ ਮੁੰਡੇ ਦੇ ਗਲ ਦੁਆਲੇ ਵਲੀਆਂ ਹੋਈਆਂ ਸਨ। ਫੁਟਪਾਥ ਦੇ ਨਾਲ ਲੱਗ ਕੇ ਖਲੋਤਿਆਂ ਤਿੱਖੀ ਧੁੱਪ ਉਨ੍ਹਾਂ ਦੇ ਚਿਹਰਿਆਂ 'ਤੇ ਪੈ ਰਹੀ ਸੀ। ਕੁੱਛੜ ਚੁੱਕਿਆ ਬੱਚਾ ਮੁੰਡੇ ਦੀ ਧੌਣ ਹੇਠ ਆਪਣਾ ਸਿਰ ਘਸੋੜ-ਘਸੋੜ ਕੇ ਧੁੱਪ ਤੋਂ ਬਚਣ ਦਾ ਯਤਨ ਕਰ ਰਿਹਾ ਸੀ। ਮਨ ਪਸੀਜ ਗਿਆ ਸੀ ਤੇ ਇੰਨੀ ਕਾਹਲ ਦੇ ਬਾਵਜੂਦ ਬਰੇਕ ਵੱਜ ਗਈ।

ਉਹ ਮੁੰਡਾ ਮੇਰੇ ਕਰੀਬ ਹੋ ਗਿਆ ਸੀ। ਕੱਪੜੇ ਲੱਤੇ ਤੋਂ ਉਹਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਸੀ ਲਗਦੀ ਤੇ ਉਹਦੀਆਂ ਅੱਖਾਂ ਵੀ ਸਿੱਲ੍ਹੀਆਂ ਜਿਹੀਆਂ ਸਨ ਜਿਵੇਂ ਰੋ ਕੇ ਹਟਿਆ ਹੋਵੇ। ਉਸ ਘਗਿਆਈ ਜਿਹੀ ਆਵਾਜ਼ 'ਚ ਬੋਲਣਾ ਸ਼ੁਰੂ ਕੀਤਾ ਸੀ, "ਭਾ ਜੀ, ਵੱਡੇ ਹਸਪਤਾਲ 'ਚ ਮੇਰਾ ਕਾਕਾ ਪੂਰਾ ਹੋ ਗਿਆ, ਥੋੜ੍ਹੇ ਦਿਨਾਂ ਦਾ ਸੀ। ਘਰ ਦੀ ਮੇਰੀ ਉਥੇ ਈ ਐ, ਛੁੱਟੀ ਨਹੀਂ ਮਿਲੀ ਉਹਨੂੰ। ਭਾ ਜੀ, ਪਿੰਡ ਜਾਣਾ ਮੈਂ ਆਪਣੇ, ਬਥੇਰਿਆਂ ਨੂੰ ਕਿਹਾ ਪਰ ਕਿਸੇ ਨੇ ਬਾਂਹ ਨਹੀਂ ਫੜੀ। ਸਿਰਫ ਵੀਹਾਂ-ਤੀਹਾਂ ਦੀ ਗੱਲ ਐ।" ਕਹਿੰਦਿਆਂ ਉਹਦਾ ਗੱਚ ਭਰ ਆਇਆ ਸੀ।

ਮੈਂ ਸੁੰਨ ਹੋ ਗਿਆ ਸਾਂ। ਉਹਦੀਆਂ ਕਹੀਆਂ ਗੱਲਾਂ ਦਿਲ 'ਚ ਆਰੀ ਦੇ ਦੰਦਿਆਂ ਵਾਂਗ ਖੁੱਭੀਆਂ ਸਨ। ਉਹਦੀ ਪ੍ਰੇਸ਼ਾਨੀ ਮੇਰੇ ਨਾਲੋਂ ਕਈ ਗੁਣਾ ਭਾਰੀ ਲੱਗ ਰਹੀ ਸੀ। ਉਹਦੇ ਕੁੱਛੜ ਚੁਕਿਆ ਬਾਲ ਉਹਦੇ ਵਾਂਗ ਹੀ ਉਦਾਸ ਸੀ। ਫੋਨ 'ਤੇ ਵੱਜੀ ਘੰਟੀ ਮੈਂ ਇਸ ਵਾਰੀ ਬਿਨ ਦੇਖਿਆਂ ਬੰਦ ਕਰ ਦਿੱਤੀ ਤਾਂ ਜੋ ਮੇਰਾ ਧਿਆਨ ਉਨ੍ਹਾਂ ਦੋਹਾਂ ਵਲੋਂ ਲਾਂਭੇ ਨਾ ਹੋ ਜਾਵੇ। ਆਦਤ ਮੂਜਬ ਉਹਦੇ ਨਾਲ ਹੋਰ ਗੱਲਾਂ ਕਰਨਾ ਚਾਹੁੰਦਾ ਸਾਂ- ਉਹਦੇ ਬਾਰੇ, ਉਹਦੇ ਬੱਚੇ ਬਾਰੇ, ਉਹਦੇ ਪਰਿਵਾਰ ਦੇ ਹੋਰਨਾਂ ਜੀਆਂ ਬਾਰੇ। ਉਹ ਨਿੱਕੇ ਨਿੱਕੇ ਜਵਾਬ ਦੇਈ ਜਾਂਦਾ ਤੇ ਨਾਲ ਦੀ ਨਾਲ ਆਪਣੀ ਵੀਹਾਂ-ਤੀਹਾਂ ਵਾਲੀ ਲੋੜ ਵੀ ਦੁਹਰਾਈ ਜਾਂਦਾ।

ਸਾਨੂੰ ਇੰਝ ਭਰ ਵਗਦੀ ਸੜਕ ਕੰਢੇ ਖਲੋ ਕੇ ਗੱਲਾਂ ਕਰਦਿਆਂ ਦੇਖ ਅੱਧਖੜ ਜਿਹੀ ਉਮਰ ਦਾ ਬੰਦਾ ਸੜਕ ਪਾਰੋਂ ਬਚਦਾ ਬਚਾਉਂਦਾ ਸਾਡੇ ਤੱਕ ਆਣ ਪਹੁੰਚਿਆ ਤੇ ਥੋੜ੍ਹਾ ਨੇੜੇ ਹੁੰਦਿਆਂ ਬੋਲਿਆ ਸੀ, "ਕੀ ਗੱਲ ਹੋ ਗਈ ਭਾ ਜੀ?" ਮੈਥੋਂ ਇੰਨਾ ਹੀ ਕਹਿ ਹੋਇਆ- "ਇਹ ਪ੍ਰੇਸ਼ਾਨ ਐ ਵਿਚਾਰਾ, ਹਸਪਤਾਲ 'ਚ ਬੱਚਾ ਪੂਰਾ ਹੋ ਗਿਆ ਇਹਦਾ।" ਉਹਨੇ ਹੈਰਾਨੀ ਨਾਲ ਉਹਦੇ ਵੱਲ ਦੇਖਿਆ, ਦੋ ਕੁ ਪੈਰ ਉਹਦੇ ਵੱਲ ਪੁੱਟੇ ਤੇ ਮੋਢੇ 'ਤੇ ਹੱਥ ਧਰਦਾ ਬੋਲਿਆ, "ਤੂੰ ਤਾਂ ਦੋ ਕੁ ਮਹੀਨੇ ਪਹਿਲਾਂ ਵੀ ਮੈਨੂੰ ਬੱਸ ਸਟੈਂਡ ਲਾਗੇ ਮਿਲਿਆ ਸੈਂ ਇਸੇ ਬੱਚੇ ਨਾਲ। ਉਦੋਂ ਵੀ ਤੂੰ ਮੈਨੂੰ ਇਸੇ ਤਰ੍ਹਾਂ 'ਮੇਰਾ ਕਾਕਾ ਪੂਰਾ ਹੋ ਗਿਆ' ਕਹਿ ਕੇ ਪੰਜ ਸੌ ਰੁਪਇਆ ਲੈ ਗਿਆ ਸੈਂ। ਤੈਨੂੰ ਭੋਰਾ ਸ਼ਰਮ ਨਹੀਂ ਆਉਂਦੀ ਇਸ ਤਰ੍ਹਾਂ ਮੁੜ-ਮੁੜ ਆਪਣੀ ਔਲਾਦ ਨੂੰ ਮਾਰਦਿਆਂ।"

ਗੱਲ ਸੁਣਦਿਆਂ ਸਾਹਮਣੇ ਵਾਲੇ ਦਾ ਰੰਗ ਫੱਕ ਹੋ ਗਿਆ ਤੇ ਉਹ ਪਿਛਾਂਹ ਖਿਸਕਣ ਲੱਗਿਆ। ਮੇਰੀਆਂ ਅੱਖਾਂ ਅੱਡੀਆਂ ਦੀਆਂ ਅੱਡੀਆਂ ਰਹਿ ਗਈਆਂ ਤੇ ਮੈਨੂੰ ਤ੍ਰੇਲੀਓ ਤ੍ਰੇਲੀ ਹੋਏ ਨੂੰ ਕੋਈ ਸ਼ਬਦ ਨਹੀਂ ਸੀ ਅਹੁੜ ਰਿਹਾ। ਭੀੜ ਪਹਿਲਾਂ ਵਾਂਗ ਹੀ ਮੇਰੇ ਲਾਗਿਉਂ ਭੱਜੀ ਜਾ ਰਹੀ ਸੀ ਤੇ ਮੈਂ ਘਰ ਪਹੁੰਚਣ ਲਈ ਹਿੰਮਤ ਜੁਟਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ।

# ਕੋਰੇ ਵਰਕਿਆਂ 'ਤੇ ਕੁਝ ਲਿਖੀਏ?



ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਫ਼ੇ, ਸ਼ਬਦਾਂ ਨੂੰ ਉਡੀਕਦੇ। ਸ਼ਬਦ ਜੋ ਸਫ਼ਿਆਂ ਨੂੰ ਸਾਂਭਣ-ਜੋਗ ਬਣਾਉਣ। ਆਉਣ ਵਾਲੇ ਸਮੇਂ ਨੂੰ ਸੇਧ ਤੇ ਸੰਦੇਸ਼ ਦੇ ਸਕਣ ਅਤੇ ਇਨ੍ਹਾਂ ਦੀ ਕੀਮਤ ਪਵੇ।

ਜ਼ਿੰਦਗੀ ਦੇ ਸਫ਼ੇ ਕੋਰੇ ਹੋਣ ਤਾਂ ਬਹੁਤ ਝੂਰਦੇ। ਇਨ੍ਹਾਂ ਦੀ ਤੜਪ ਨੂੰ ਸਮਝਣ ਅਤੇ ਹੂਕ ਨੂੰ ਕਲਮ ਦੇ ਨਾਮ ਕਰਨ ਵਾਲੇ ਬਹੁਤ ਹੀ ਵਿਰਲੇ। ਪਰ ਇਹੀ ਵਿਰਲੇ ਦਰਅਸਲ ਵਕਤ ਦਾ ਮਾਣ ਹੁੰਦੇ।

ਜ਼ਿੰਦਗੀ ਦੀ ਕਿਤਾਬ ਦੇ ਸਾਰੇ ਵਰਕੇ ਕਦੇ ਵੀ ਨਾ ਤਾਂ ਭਰੇ ਹੁੰਦੇ ਅਤੇ ਨਾ ਹੀ ਕੋਰੇ। ਕੁਝ ਭਰੇ ਅਤੇ ਕੁਝ ਕੋਰੇ। ਕੁਝ ਸਫ਼ੇ ਅਜਿਹੇ ਵੀ ਜਿਹੜੇ ਆਪਣੇ ਪਿੰਡੇ 'ਤੇ ਲਿਖੀ ਅੱਧ- ਪਚੱਧੀ ਲਿਖਤ ਵਿਚੋਂ ਆਪਣੇ ਅਧੂਰੇਪਣ ਨੂੰ ਹੀ ਪੜ੍ਹਨ ਜੋਗੇ ਰਹਿ ਜਾਂਦੇ। ਕਦੇ ਇਨ੍ਹਾਂ ਅਧੂਰੇ ਸਫ਼ਿਆਂ ਦੇ ਦਰਦ ਨੂੰ ਪੜ੍ਹਨਾ। ਇਨ੍ਹਾਂ ਵਿਚਲੇ ਸਿੰਮਦੇ ਸ਼ਬਦਾਂ ਦੀਆਂ ਤਹਿਆਂ ਫਰੋਲਣਾ, ਅਰਥਾਂ ਦੀ ਥਾਹ ਪਾਉਣਾ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਅਧੂਰਾਪਣ ਕੀ ਹੁੰਦਾ, ਅਧੂਰੇ ਜੀਵਨ ਦੀ ਅਰਥਕਾਰੀ ਕਿੰਨੀ ਕਠਨ ਅਤੇ ਅਧੂਰੇ ਤੋਂ ਪੂਰਾ ਕਿਵੇਂ ਬਣੀਦਾ?

ਹਰ ਸਫ਼ੇ ਦੀ ਆਪਣੀ ਤਾਸੀਰ ਅਤੇ ਤਕਦੀਰ ਜਿਹੜੀ ਬੰਦਾ ਖ਼ੁਦ ਕਲਮ ਅਤੇ ਸੋਚ ਨਾਲ ਉਕਰਦਾ। ਵਰਕੇ ਨੇ ਕਿਹੜੇ ਸਮਿਆਂ ਵਿਚ ਕਿਹੜੀ ਤਰਾਸਦੀ ਹੰਢਾਈ? ਕਿਸ ਵੇਲੇ ਅੱਖ ਸਿੰਮਣ ਲਾਈ? ਕਦੋਂ ਦਰਾਂ ਨੂੰ ਮਿਲੀ ਵਧਾਈ? ਕਿਸ ਹਨੇਰੀ ਨੇ ਬਨੇਰੇ 'ਤੇ ਜਗਦੀ ਮੋਮਬੱਤੀ ਬੁਝਾਈ? ਰਾਤ ਦੇ ਕਿਸ ਪਹਿਰ 'ਚ ਨੀਂਦ ਆਈ? ਕਿਹੜੀਆਂ ਰਾਤਾਂ ਨੇ ਝੋਲੀ 'ਚ ਪਾਈ ਤਨਹਾਈ? ਕਿਹੜੇ ਪਲਾਂ ਨੇ ਵਿਛੋੜੇ ਦੀ ਹੂਕ ਪਲੰਘ ਦੇ ਨਾਮ ਲਾਈ? ਕਿਹੜੇ ਸੁਪਨੇ ਨੇ ਨੈਣਾਂ 'ਚ ਮਿਲਣ ਦੀ ਆਸ ਜਗਾਈ? ਕਿਸ ਡੰਗੋਰੀ ਨੇ ਮਾਪਿਆਂ ਦੀ ਆਸ ਪੁਗਾਈ? ਕਿਹੜੀ ਔਲਾਦ ਨੇ ਉਨ੍ਹਾਂ ਦੇ ਪੱਲੇ ਨਮੋਸ਼ੀ ਪਾਈ, ਇਹ ਸਭ ਕੁਝ ਸਫ਼ਿਆਂ ਵਿਚੋਂ ਪੜ੍ਹਿਆ ਜਾ ਸਕਦਾ।

ਬੀਤੇ ਦੇ ਕੁਝ ਸੱਖਣੇ ਅਤੇ ਕੁਝ ਭਰੇ ਹੋਏ ਸਫ਼ੇ ਹੀ ਹੁੰਦੇ ਜਿਹੜੇ ਸਾਡੀਆਂ ਕਮੀਆਂ ਅਤੇ ਕੁਤਾਹੀਆਂ ਦਾ ਨਮੂਨਾ। ਕੁਝ ਪ੍ਰਾਪਤੀਆਂ ਅਤੇ ਮਾਣ-ਸਨਮਾਨ ਦੇ ਜ਼ਾਮਨ। ਕੁਝ ਅਵੱਗਿਆਵਾਂ ਅਤੇ ਉਲੰਘਣਾਵਾਂ ਦਾ ਜ਼ਿਕਰ। ਕੁਝ ਸੁਪਨਿਆਂ ਦੀ ਤਫ਼ਸੀਲ ਅਤੇ ਤਸ਼ਬੀਹ। ਕੁਝ ਕਦਮਾਂ ਦਾ ਸਫ਼ਰਨਾਮਾ। ਕੁਝ ਹਰਫ਼ਾਂ ਦਾ ਸ਼ਬਦ ਨਾਮਾ। ਕੁਝ ਦਿਸਹੱਦਿਆਂ ਦੀ ਨਿਸ਼ਾਨਦੇਹੀ। ਕੁਝ ਮੰਜ਼ਲਾਂ ਦੇ ਅਧ-ਮਿਟੇ ਸਿਰਨਾਵੇਂ ਵੀ ਹੁੰਦੇ।

ਇਹ ਸਫ਼ੇ ਸਾਡਾ ਜ਼ਿੰਦਗੀ-ਨਾਮਾ। ਅਵਚੇਤਨ ਅਤੇ ਚੇਤਨ ਮਨ ਵਿਚ ਆਏ ਫੁਰਨਿਆਂ ਦਾ ਲੇਖਾ-ਜੋਖਾ। ਸਫਲਤਾਵਾਂ ਅਤੇ ਅਸਫਲਤਾਵਾਂ ਦਾ ਹਿਸਾਬ-ਕਿਤਾਬ। ਸੰਭਾਵਨਾਵਾਂ ਅਤੇ ਸਿਰੜ ਦਾ ਸੰਤੁਲਨ। ਪੈਰਾਂ ਨਾਲ ਉੱਡਦੀ ਧੂਧਲ ਤੇ ਰਾਹਾਂ ਦਾ ਮਿਲਾਪ। ਕਰਮ ਹੀਣਤਾ ਅਤੇ ਕਰਮ ਯੋਗਤਾ। ਸਾਡੀ ਕਰਨੀ ਅਤੇ ਕਥਨੀ ਦਾ ਆਸਾਵਾਂਪਣ।

ਹਰ ਵਿਅਕਤੀ ਨਿੱਜੀ ਜੀਵਨ ਦੀ ਕਿਤਾਬ। ਕਿਤਾਬ ਜੋ ਉਹ ਖ਼ੁਦ ਲਿਖਦਾ। ਇਸ ਵਿਚੋਂ ਝਲਕਦੀ ਬੀਤੀ ਤੇ ਆਉਣ ਵਾਲੀ ਜ਼ਿੰਦਗੀ ਦੀ ਤਸਵੀਰ। ਜੀਵਨ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਅਤੇ ਭਵਿੱਖ ਦਾ ਪ੍ਰਮਾਣ। ਧਾਰਨਾਵਾਂ ਅਤੇ ਵਿਸੰਗਤੀਆਂ ਦਾ ਕਥਨ। ਉਸ ਦੇ ਉਸੇ ਅਤੇ ਬਚਨਾਂ ਦੀ ਕਥਾ। ਅਹਿਸਾਸ ਦਾ ਇਤਿਹਾਸ। ਆਸ ਅਤੇ ਆਸਥਾ ਦੀ ਕਥਾਕਾਰੀ।

ਹਰ ਕਿਤਾਬ ਵਿਕੋਲਿਤਰੀ ਤੇ ਵਿਲੱਖਣ। ਵਿੱਥਾਂ ਤੇ ਵਿਰਲਾਂ ਨਾਲ ਭਰੀ। ਵਹਿਮਾਂ ਤੇ ਵਰਤਾਰਿਆਂ ਦੀ ਚਸ਼ਮਦੀਦੀ। ਵਰਗਾਂ ਤੇ ਵਰਨਾਂ ਦੀ ਕਤਾਰ ਬੰਦੀ। ਬੰਦਿਆਈ ਅਤੇ ਬੁਰਿਆਈ ਦਾ ਚੌਖਟਾ। ਬੰਦਾ ਕਦੇ ਸਫ਼ੇ ਦੇ ਚੌਖਟੇ ਵਿਚ ਖੋਖਲਾ ਅਤੇ ਕਦੇ ਇਸ ਚੌਖਟੇ ਤੋਂ ਬਾਹਰ। ਸਫ਼ੇ ਦੇ ਹਾਣ ਦਾ ਬਣਨ ਲਈ ਖ਼ੁਦ ਨੂੰ ਤਰਾਸ਼ਦਾ। ਇਹੀ ਤਰਾਸ਼ਣਾ ਹੀ ਬੰਦੇ ਦਾ ਵਿਅਕਤੀਤਵ ਵਿਕਾਸ। ਪਤਾ ਲੱਗਦਾ ਕਿ ਅਸੀਂ ਕਿਸ ਹਿੱਸੇ ਨੂੰ ਤਰਾਸ਼ਿਆ ਤੇ ਕਿਸ ਹਿੱਸੇ 'ਚ ਵਾਧਾ ਕਰ ਕੇ, ਖ਼ੁਦ ਦੀ ਸਫ਼ੇ ਨੂੰ ਅਹਿਮੀਅਤ ਅਤੇ ਅਸਲੀਅਤ ਦੇ ਨੇੜੇ ਕਰਨ ਲਈ ਯਤਨਸ਼ੀਲ।

ਯਾਦ ਰਹੇ ਕਿ ਬੰਦਾ ਤਾਅ-ਉਮਰ ਕਿਤਾਬ ਦੀ ਕਥਾਕਾਰੀ ਵਿਚ ਰੁੱਝਿਆ ਰਹਿੰਦਾ। ਪਰ ਇਹ ਕਿਤਾਬ ਕਦੇ ਵੀ ਹੁੰਦੀ ਨਹੀਂ ਪੂਰੀ, ਸਗੋਂ ਸਦਾ ਅਧੂਰੀ। ਇਹ ਅਧੂਰਾਪਣ ਹੀ ਮਨੁੱਖ ਦੇ ਵਿਕਾਸ ਅਤੇ ਪ੍ਰਾਪਤੀਆਂ ਦਾ ਮੂਲ-ਮੰਤਰ। ਸੀਮਤ ਸਫ਼ਿਆਂ 'ਤੇ ਸੀਮਤ ਸਮੇਂ ਵਿਚ ਤੁਸੀਂ ਕੀ ਕੁਝ ਲਿਖਦੇ ਹੋ ਤੇ ਇਸ ਦੀ ਸਾਰਥਿਕਤਾ ਕੀ ਹੈ, ਇਸ ਨੇ ਹੀ ਸਿੱਧ ਕਰਨਾ ਕਿ ਤੁਸੀਂ ਇਸ ਕਿਤਾਬ ਪ੍ਰਤੀ ਕਿੰਨਾ ਕੁ ਸੰਜੀਦਾ ਅਤੇ ਸਮਰਪਿਤ ਹੋ?

ਜ਼ਿੰਦਗੀ ਦੀ ਕਿਤਾਬ ਦੇ ਹਰ ਸਫ਼ੇ 'ਤੇ ਕੁਝ ਤਾਂ ਅਜੇਹਾ ਲਿਖ ਜਾਓ ਕਿ ਸਨਦ ਰਹੇ। ਅਰਥਾਂ ਦੇ ਜਗਦੇ ਦੀਵਿਆਂ ਦੀ ਰੌਸ਼ਨੀ ਵਿਚ ਆਉਣ ਵਾਲੀਆਂ ਪੀੜ੍ਹੀਆਂ ਜੀਵਨ-ਰਾਹਾਂ ਨੂੰ ਰੁਸ਼ਨਾ ਸਕਣ। ਆਪਣੀਆਂ ਕਮਜ਼ੋਰੀਆਂ ਨੂੰ ਤਾਕਤ ਬਣਾ, ਪੈਰਾਂ ਵਿਚ ਨਰੋਈਆਂ ਮੰਜ਼ਲਾਂ ਦਾ ਸਫ਼ਰ ਉਗਾ ਸਕਣ ਅਤੇ ਰੌਸ਼ਨ ਰਾਹਾਂ ਨੂੰ ਅਗਲੀਆਂ ਨਸਲਾਂ ਦੇ ਨਾਮ ਲਾ ਸਕਣ।

ਬਜ਼ੁਰਗਾਂ ਦੀ ਜੀਵਨ-ਕਿਤਾਬ ਨੂੰ ਪੜ੍ਹਨ ਲਈ, ਉਨ੍ਹਾਂ ਦੀ ਸੰਗਤ ਵਿਚ ਕੁਝ ਸਮਾਂ ਮਾਣਨਾ, ਉਨ੍ਹਾਂ ਦੇ ਸੁਮੱਤੀ ਬਚਨਾਂ ਵਿਚੋਂ ਜੀਵਨ ਦੀ ਭਵਿੱਖੀ ਵਿਉਂਤਬੰਦੀ ਕਰਨਾ। ਉਨ੍ਹਾਂ ਦੀਆਂ ਮੁਸ਼ਕਲਾਂ ਵਿਚੋਂ ਖ਼ੁਦ ਲਈ ਅਸਾਨੀਆਂ ਪੈਦਾ ਕਰਨਾ। ਤੁਹਾਨੂੰ ਵਿਰਾਸਤੀ ਸਿਆਣਪ ਵਿਚੋਂ ਉਹ ਕੁਝ ਮਿਲੇਗਾ ਜਿਹੜਾ ਆਮ ਜੀਵਨ ਵਿਚੋਂ ਨਹੀਂ ਮਿਲਦਾ। ਕਿਸੇ ਵਿਅਕਤੀ ਦੀ ਸਫ਼ਲਤਾ ਪਿੱਛੇ, ਮਾਪਿਆਂ ਦੀ ਵਿਰਾਸਤ ਹੀ ਹੁੰਦੀ ਜੋ ਅਚੇਤ ਰੂਪ ਵਿਚ ਉਸ ਨੂੰ ਮਿਲਦੀ ਅਤੇ ਉਹ ਨਵੀਆਂ ਪੇਸ਼ਬੰਦੀਆਂ ਨੂੰ ਆਪਣਾ ਅਪਣਾ ਅਤੇ ਨਿਸ਼ਠਾ ਬਣਾਉਂਦੇ।

ਕੋਰੇ ਸਫ਼ਿਆਂ 'ਤੇ ਕੁਝ ਉਕਰਨ ਲਈ ਵਿਉਂਤਬੰਦੀ ਬਹੁਤ ਜ਼ਰੂਰੀ। ਖ਼ੁਦ ਨੂੰ ਭਵਿੱਖੀ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾਉਣਾ ਅਤੇ ਆਪਣੇ ਰਾਹ ਖ਼ੁਦ ਸਿਰਜਣਾ, ਚੌਤ੍ਰੀਆਂ ਲਈ ਕੁਦਰਤੀ ਅਤੇ ਕਰਤਾਰੀ ਇਨਾਇਤ ਹੁੰਦੀ।

ਅਸੀਂ ਅਕਸਰ ਹੀ ਮਹਾਨ ਵਿਅਕਤੀਆਂ ਦੀਆਂ ਸਵੈ-ਜੀਵਨੀਆਂ ਪੜ੍ਹਦੇ। ਉਨ੍ਹਾਂ ਥੀਂ ਵਿਚਰਦਿਆਂ ਬਹੁਤ ਕੁਝ ਸਿੱਖਦੇ ਅਤੇ ਉਨ੍ਹਾਂ ਦੇ ਰਾਹਾਂ 'ਤੇ ਤੁਰਨ ਦਾ ਤਹੱਈਆ ਕਰਦੇ। ਪਰ ਜ਼ਰੂਰੀ ਹੁੰਦਾ ਆਪਣੀਆਂ ਰਾਹਾਂ ਤੇ ਮੰਜ਼ਲਾਂ ਨੂੰ ਖ਼ੁਦ ਨਿਰਧਾਰਤ ਕਰੀਏ। ਆਪਣੇ ਪੈਰਾਂ 'ਚ ਸਫ਼ਰ ਖ਼ੁਦ ਉਗਾਈਏ। ਸੁਪਨਈ ਮੰਜ਼ਲਾਂ ਨੂੰ ਪਾਈਏ ਅਤੇ ਫਿਰ ਇਸ ਨੂੰ ਜੀਵਨ-ਪੁਸਤਕ ਦਾ ਹਿੱਸਾ ਬਣਾਈਏ ਤਾਂ ਕਿ ਇਸ ਕਿਤਾਬ ਦੀਆਂ ਕਮੀਆਂ ਤੇ ਘਾਟਾਂ ਕਦੇ ਨਾ ਰੜਕਣ। ਤੁਹਾਨੂੰ ਕਦੇ ਅਫ਼ਸੋਸ ਨਾ ਹੋਵੇ ਕਿ ਮੈਂ ਆਪਣੇ ਜੀਵਨ ਦੀ ਕਿਤਾਬ ਨੂੰ ਪੂਰਾ ਨਾ ਕਰ ਸਕਿਆ।

ਇਸ ਕਿਤਾਬ ਦੇ ਕੁਝ ਸਫ਼ਿਆਂ 'ਤੇ ਸੂਰਜ ਉਗਾਈਏ ਤਾਂ ਕਿ ਇਸ ਦਾ ਨਿੱਘ ਠਰੀਆਂ ਰਾਤਾਂ ਨੂੰ ਗਰਮਾਵੇ ਤੇ ਚਾਨਣ ਓਝੜ ਰਾਹੀਆਂ ਨੂੰ ਰਸਤਾ ਦਿਖਾਵੇ। ਉਹ ਸੂਰਜਾਂ ਦੇ ਹਾਣੀ ਬਣ ਕੇ ਅੰਬਰ ਨੂੰ ਕਲਾਵੇ ਵਿਚ ਲੈਣ ਦਾ ਹੌਸਲਾ ਕਰਨ।

ਅੰਬਰ ਉਨ੍ਹਾਂ ਦੀ ਬੁੱਕਲ ਬਣ ਜਾਵੇ। ਅੰਬਰ ਵਰਗੇ ਸੁਪਨਿਆਂ ਨਾਲ ਹੀ ਬੰਦੇ ਦਾ ਮਾਨਸਿਕ ਫੈਲਾਅ ਵਸੀਹ ਹੁੰਦਾ ਅਤੇ ਇਸ ਵਸੀਹਤਾ ਵਿਚੋਂ ਹੀ ਮਨੁੱਖ ਆਪਣੀ ਅਸੀਮਤਾ ਨੂੰ ਪਹਿਚਾਣਦਾ ਤੇ ਪ੍ਰਾਪਤ ਕਰਦਾ।

ਕੁਝ ਕੁ ਸਫ਼ਿਆਂ 'ਤੇ ਚੰਨ ਧਰਨਾ। ਸ਼ਬਦਾਂ ਦੀ ਕੁੱਖ ਨੂੰ ਚਾਨਣੀ ਨਾਲ ਗਰਭਾਉਣਾ। ਇਸ 'ਚੋਂ ਉੱਗਿਆ ਚਾਨਣ ਮੱਸਿਆ ਦੀਆਂ ਰਾਤਾਂ ਦੇ ਨਾਮ ਕਰਨਾ ਤਾਂ ਕਿ ਹਨੇਰਿਆਂ ਵਿਚ ਚਾਨਣੀਆਂ ਰਾਤਾਂ ਦਾ ਸਫ਼ਰ ਅਤੇ ਸਾਥ ਹਰੇਕ ਨੂੰ ਨਸੀਬ ਹੋਵੇ ਅਤੇ ਉਹ ਚਾਨਣ-ਰੱਤੇ ਪਲਾਂ ਦੌਰਾਨ ਸਾਹਾਂ ਵਿਚ ਸੁਗੰਧ ਪਰੋਵੇ।

ਕੁਝ ਸਫ਼ਿਆਂ 'ਤੇ ਵਗਦੇ ਪਾਣੀਆਂ ਵਰਗੀ ਲੇਖਣੀ ਹੋਵੇ ਤਾਂ ਇਸ ਵਿਚੋਂ ਉੱਠੀਆਂ ਤਰੰਗਾਂ ਵਿਚ ਮਨ ਦਾ ਮੋਰ ਪੈਲਾਂ ਪਾਵੇ ਤੇ ਹਰ ਸਾਹ ਨੂੰ ਸ਼ਗਨਾਂ ਦੀ ਰੁੱਤ ਬਣਾਵੇ। ਉਮੰਗਾਂ ਨਾਲ ਰੂਹ ਦੀ ਸਾਂਝ ਵਧਾਵੇ ਤੇ ਦਰਿਆ ਦੇ ਦੋਹਾਂ ਕੰਢਿਆਂ ਨੂੰ ਮਿਲਾਉਣ ਦਾ ਸਬੱਬ ਬਣ ਜਾਵੇ। ਪਾਣੀਆਂ ਵਰਗੀ ਤਰਲਤਾ ਨੂੰ ਆਪਣੀ ਕਿਤਾਬ ਦੇ ਨਾਮ ਲਾਉਣ ਵਾਲੇ ਜਲਦੀ ਤਰਲ ਹੋ ਜਾਂਦੇ ਅਤੇ ਅੰਦਰ ਉਤਰ ਰੂਹ ਵਿਚ ਜੀਰ ਜਾਂਦੇ। ਪਾਣੀ ਵਰਗੀ ਸੋਚ 'ਤੇ ਨਾ ਹੀ ਤਰੇੜ ਪੈਂਦੀ ਅਤੇ ਨਾ ਹੀ ਕੋਈ ਵਿਰਲ। ਸਦਾ ਅਭੇਦਤਾ ਅਤੇ ਅੰਤਰੀਵੀ ਮਿਲਾਪ ਦਾ ਨਾਮਕਰਨ। ਪਾਣੀ ਵਿਚੋਂ ਨਾ ਨਿਕਲੇ ਪਾਣੀ, ਪਾਣੀ ਸਦਾ ਅਭੇਦ। ਪਾਣੀ ਵਿਚੋਂ ਪਾਣੀ ਨਿਖੇੜਨਾ, ਪੱਲੇ ਪੈਂਦਾ ਖੇਦ। ਪਾਣੀ ਅੰਦਰ ਪਾਣੀ ਵੱਸਦਾ, ਜੀਕੂੰ ਸਾਹਾਂ ਦੇ ਵਿਚ ਜੋਤ। ਪਾਣੀ, ਪਾਣੀ ਨੂੰ ਜੱਫੀ ਪਾਉਂਦਾ ਤੇ ਪਾਣੀ ਅੰਤਰ ਜੋਤ। ਤਾਂ ਹੀ ਵਗਦੇ ਪਾਣੀ ਪਿੰਡੇ ਹੁੰਦੀ ਨਹੀਂ ਖੜੋਤ। ਜਦ ਕਿ ਖੜੇ ਪਾਣੀ ਮਰਦੇ ਸਦਾ ਹੀ ਆਪਣੀ ਮੌਤ।

ਕੁਝ ਸਫ਼ਿਆਂ 'ਤੇ ਜਿਗਰੀ ਯਾਰੀ ਦੀਆਂ ਬਾਤਾਂ ਪਾਈਏ। ਕਸਮਾਂ ਨੂੰ ਤੋੜ ਨਿਭਾਈਏ। ਉਚਮਤਾ ਨੂੰ ਬੋਲਾਂ ਦੇ ਨਾਮ ਲਾਈਏ। ਯਾਰ ਰੁੱਸ ਜਾਣ ਤਾਂ ਖ਼ੁਦ ਮਨਾਈਏ ਕਿਉਂਕਿ ਰੁੱਸਿਆ ਯਾਰ ਜੇ ਕਦੇ ਸਦਾ ਲਈ ਰੁੱਸ ਗਏ ਤਾਂ ਫਿਰ ਯਾਰ ਦੇ ਰੋਸੇ ਦਾ ਦਰਦ, ਬਣ ਜਾਂਦਾ ਰਿਸਦਾ ਤੇ ਪੱਲੇ ਵਿਚ ਰਹਿ ਜਾਂਦਾ ਉਮਰ ਭਰ ਦਾ ਪਛਤਾਵਾ।

ਕੁਝ ਸਫ਼ਿਆਂ 'ਤੇ ਆਪਣੀ ਨੇਕਨੀਤੀ ਅਤੇ ਕਿਰਤ-ਕਾਮਨਾ ਉਗਾਈਏ ਤਾਂ ਕਿ ਇਨ੍ਹਾਂ ਦੀ ਪ੍ਰਫੁੱਲਤਾ, ਬੇਹੇ ਵਕਤਾਂ ਨੂੰ ਤਾਜ਼ਗੀ ਬਖ਼ਸ਼ੇ। ਜਰਜਰੀ ਕਦਰਾਂ ਕੀਮਤਾਂ ਨੂੰ ਨਵੀਨਤਾ ਅਰਪਿਤ ਕਰੇ। ਵਹਿਮਾਂ ਭਰਮਾਂ ਤੋਂ ਮੁਕਤੀ ਹੋਵੇ। ਬੰਦਾ ਕਿਰਤ ਕਮਾਈ ਨੂੰ ਜੀਵਨ ਦੀ ਮੂਲ ਧਾਰਨਾ ਬਣਾਵੇ। ਬਚਦੇ ਸਾਹਾਂ ਦੀ ਸਦੀਵਤਾ ਕਮਾਵੇ ਅਤੇ ਬਖਸ਼ਿੰਦਗੀ ਦਾ ਰਾਗ ਹੋਠਾਂ ਦੇ ਨਾਮ ਲਾਵੇ।

ਜ਼ਿੰਦਗੀ ਦਾ ਹਰ ਸਫ਼ਾ ਸੰਪੂਰਨ ਹੋਵੇ ਤਾਂ ਕਿ ਇਸ ਦਾ ਅਧੂਰਾਪਣ ਨਾ ਕੋਹਵੇ। ਤੁਹਾਡੇ ਲਈ ਚੀਸ ਨਾ ਬਣ ਜਾਵੇ ਅਤੇ ਪੂਰਨਤਾ ਦਾ ਅਹਿਸਾਸ ਤੁਹਾਡੇ ਨਾਂ ਲਾਵੇ। ਕੁਝ ਕੁ ਸਫ਼ਿਆਂ 'ਤੇ ਆਪਣੀ ਰੁੱਸੀ ਹੋਈ ਜ਼ਿੰਦਗੀ ਨੂੰ ਮਨਾਉਣ ਦਾ ਉਲੇਖ ਕਰੋ। ਗਵਾਈਆਂ ਰੁੱਤਾਂ ਦਾ ਜ਼ਿਕਰ ਕਰੋ। ਇਸ ਦੀ ਅਹਿਮੀਅਤ ਨੂੰ ਸਮਝ, ਇਸ ਦਾ ਫ਼ਿਕਰ ਕਰੋ ਅਤੇ ਇਸ ਦੀ ਪੁਨਰ-ਸੁਰਜੀਤੀ ਲਈ ਕੁਝ ਤਾਂ ਯਤਨ ਕਰੋ।

ਇਕ ਅੱਧ ਵਰਕੇ 'ਤੇ ਆਪਣੇ ਹਿੱਸੇ ਦੇ ਵਕਤ ਦੀ ਕਲਮਕਾਰੀ ਕਰੋ। ਆਪਣੇ ਆਪ ਨੂੰ ਮਿਲਣ ਦੀ ਆਸ ਪ੍ਰਗਟਾਓ। ਮਿਲ ਕੇ ਹੋਣ ਵਾਲੀ ਤ੍ਰਿਪਤੀ ਨੂੰ ਲਫ਼ਜ਼ਾਂ ਵਿਚ ਸਮਾਓ। ਫਿਰ ਤੁਹਾਨੂੰ ਅਹਿਸਾਸ ਹੋਵੇਗਾ ਕਿ ਕਿੰਨਾ ਕਸ਼ਟਮਈ ਹੁੰਦਾ ਅਪੂਰਨ ਹੋ ਕੇ ਜਿਉਣਾ। ਕਿੰਨਾ ਸੁਖਨਮਈ ਹੁੰਦਾ ਪੂਰਨ ਹੋਣ ਦਾ ਵਿਸਮਾਦ। ਸਾਹ-ਸੁਰੰਗੀ ਵਿਚ ਪੈਦਾ ਹੁੰਦਾ ਏ ਨਾਦ ਅਤੇ ਬਣ ਜਾਂਦਾ ਜੀਵਨ ਦੀ ਸੁਨਹਿਰੀ ਯਾਦ।

ਯਾਦ ਰੱਖਣਾ! ਹਰ ਸਫ਼ਾ ਤੁਹਾਡੀ ਕਲਮਕਾਰੀ ਦੀ ਆਸ ਰੱਖਦਾ। ਤੁਹਾਡੇ ਲਈ ਹਰਦਮ ਉਤਾਵਲਾ ਕਿ ਤੁਸੀਂ ਕਦੋਂ, ਕੀ, ਕਿਵੇਂ ਅਤੇ ਕਿਸ ਮੋੜ 'ਤੇ ਕੀ ਸ਼ਬਦਾਂ ਦੇ ਅਰਥਾਂ ਵਿਚ ਸਮਾਇਆ?

ਸਮੇਂ ਨੂੰ ਬਹੁਤ ਉਡੀਕ ਹੁੰਦੀ ਤੁਹਾਡੇ ਵੱਲੋਂ ਕੀਤੀ ਵਰਕਿਆਂ 'ਤੇ ਵਰਨਮਾਲਾ। ਇਨ੍ਹਾਂ ਰਾਹੀਂ ਹੀ ਸਮੇਂ ਨੇ ਤੁਹਾਨੂੰ ਮਿਲਣਾ ਹੈ ਜਦ ਤੁਸੀਂ ਨਹੀਂ ਰਹਿਣਾ। ਸਿਰਫ਼ ਇਸ ਇਬਾਰਤ ਨੇ ਜਿਊਂਦੇ ਰਹਿਣਾ ਅਤੇ ਇਸ ਸ਼ਬਦ ਕਾਰੀ ਨੇ ਤੁਹਾਡੀ ਹੋਂਦ ਅਤੇ ਹਾਸਲ ਦੀ ਤਸਦੀਕ ਕਰਨੀ। ਤੁਸੀਂ ਖ਼ੁਦ ਨੂੰ ਕੀ ਸਮਝਦੇ ਹੋ, ਇਹ ਸਭ ਕੁਝ ਤੁਹਾਡੇ ਜੀਵਨ ਦੀ ਕਿਤਾਬ ਨੇ ਖ਼ੁਦ ਬਖ਼ੁਦ ਵਕਤ ਨੂੰ ਦੱਸ ਦੇਣਾ। ਤੁਸੀਂ ਕਾਹਤੋਂ ਫ਼ਿਕਰ ਕਰਦੇ ਹੋ?

ਜ਼ਿੰਦਗੀ ਦੀ ਕਿਤਾਬ ਦੇ ਵਰਕੇ ਰੌਲਾ ਨਹੀਂ ਹੋਣਾ ਚਾਹੀਦਾ। ਇਹ ਸਦਾ ਅੰਤਰੀਵ ਵਿਚ ਵਸੀ ਅਨਾਦੀ ਚੁੱਪ ਵਰਗੇ ਹੋਣੇ ਚਾਹੀਦੇ ਜੋ ਬਿਨਾਂ ਕੁਝ ਬੋਲਿਆਂ ਵੀ ਉਹ ਕੁਝ ਦੱਸ ਜਾਂਦੀ ਜਿਸ ਦਾ ਕਈ ਵਾਰ ਖ਼ੁਦ ਨੂੰ ਵੀ ਪਤਾ ਨਹੀਂ ਹੁੰਦਾ। ਤੁਹਾਡੀ ਕੀਰਤੀ ਤੇ ਕਰਮ-ਸਾਧਨਾ ਬੋਲਦੀ। ਤੁਹਾਡੀ ਕਰਮ ਯੋਗਤਾ ਵਿਚੋਂ ਬੰਧਨਾਂ ਪੈਦਾ ਹੁੰਦੀ। ਤੁਹਾਡੇ ਕਰਮਾਂ ਵਿਚਲੀ ਅਸੀਮਤਾ ਚੁਗ਼ਲੀ ਕਰਦੀ ਅਤੇ ਤੁਹਾਡੀ ਮਹਿਕ ਹੀ ਫ਼ਿਜ਼ਾ ਨੂੰ ਮਹਿਕਾਉਣ ਲਈ ਕਾਫ਼ੀ। ਕਦੇ ਉਚੇਚ ਨਾ ਕਰੋ। ਉੱਚੀ ਬੋਲ ਕੇ ਕਿੱਲ੍ਹਣ ਵਾਲੇ ਅਕਸਰ ਹੀ ਅੰਦਰੋਂ ਬਹੁਤ ਖੋਖਲੇ ਹੁੰਦੇ।

ਸਮਾਂ ਤਿਲ੍ਹਕਦਾ ਜਾ ਰਿਹਾ। ਹੱਥ ਖਿਸਕ ਰਹੇ ਸਮੇਂ ਨੂੰ ਅਜਾਈਂ ਨਾ ਗਵਾਓ। ਵਰਤੋਂ ਵਿਵਹਾਰ ਵਿਚੋਂ ਕੁਝ ਕੁ ਅਜੇਹਾ ਕਰ ਜਾਵੋ ਕਿ ਆਉਣ ਵਾਲੀਆਂ ਨਸਲਾਂ ਨੂੰ ਇਹ ਪਤਾ ਤਾਂ ਹੋਵੇ ਕਿ ਸਾਡੇ ਪੁਰਖਿਆਂ ਨੇ ਇਤਿਹਾਸ ਨੂੰ ਮਾਣ-ਮੱਤਾ ਕੀਤਾ। ਅਸੀਂ ਵੀ ਇਸ ਮਾਣ ਦਾ ਹਿੱਸਾ ਬਣੀਏ। ਅਜੇਹਾ ਨਾ ਹੋਵੇ ਕਿ ਸਮਾਂ ਹੀ ਲੰਘ ਜਾਵੇ ਅਤੇ ਅਸੀਂ ਕੋਰੇ ਵਰਕਿਆਂ ਵਾਲੀ ਕਿਤਾਬ ਸਮੇਂ ਦੇ ਹਵਾਲੇ ਕਰ ਇਸ ਦੁਨੀਆ ਤੋਂ ਰੁਖ਼ਸਤ ਹੋਈਏ।

ਹਰ ਵਿਅਕਤੀ ਹੀ ਆਪਣੀ ਬੁੱਧੀ ਅਤੇ ਸਮਰੱਥਾ ਰਾਹੀਂ ਬਹੁਤ ਸਾਰੀਆਂ ਬਰਕਤਾਂ ਸਮਾਜ ਦੀ ਝੋਲੀ ਵਿਚ ਪਾ ਸਕਦਾ ਬਸ਼ਰਤੇ ਕਿ ਉਸ ਦੇ ਮਨ ਵਿਚ ਕੁਝ ਕਰਨ ਦਾ ਜਨੂੰਨ ਤੇ ਜਜ਼ਬਾ ਹੋਵੇ। ਇਹ ਸਭ ਕੁਝ ਜਜ਼ਬਾਤਾਂ ਅਤੇ ਯਤਨਾਂ ਰਾਹੀਂ ਪੈਦਾ ਹੋਵੇ ਜੋ ਸਮਾਜ ਨੂੰ ਨਵੀਆਂ ਉਪਲਬਧੀਆਂ ਦੀ ਦੇਣ ਦੇ ਸਕੇ।

ਜ਼ਿੰਦਗੀ ਦੀ ਕਿਤਾਬ ਕਦੇ ਖ਼ਤਮ ਨਹੀਂ ਹੁੰਦੀ। ਇਕ ਚਾਪਟਰ ਪੂਰਾ ਹੁੰਦਾ ਤਾਂ ਨਵਾਂ ਸ਼ੁਰੂ ਹੋ ਜਾਂਦਾ। ਕੁਝ ਚਾਪਟਰ ਦਰਦੀਲੇ ਅਤੇ ਕੁਝ ਪੁਰ-ਖ਼ਲੂਸ। ਕੁਝ ਪ੍ਰਾਪਤੀ ਦਾ ਸਿਰਨਾਵਾਂ ਤੇ ਕੁਝ ਅਸਫਲਤਾਵਾਂ ਦਾ ਇਤਿਹਾਸ। ਕੁਝ ਵਿਛੋੜੇ ਦਾ ਬਿਰਤਾਂਤ ਅਤੇ ਕੁਝ ਮਿਲਾਪ ਦਾ ਅਹਿਸਾਸ। ਹਰ ਚਾਪਟਰ ਨੂੰ ਪੜ੍ਹਨਾ ਜ਼ਰੂਰੀ। ਇਕ ਚਾਪਟਰ 'ਤੇ ਸੀਮਤ ਰਹਿਣਾ ਜੀਵਨ ਨਹੀਂ ਹੁੰਦਾ। ਇਹ ਕਦੇ ਵੀ ਸੰਪੂਰਨ ਨਹੀਂ ਹੁੰਦੀ।

ਜ਼ਿੰਦਗੀ ਦੀ ਕਿਤਾਬ ਨੂੰ ਕੁਝ ਕੁ ਵਿਰਲਿਆਂ ਸਾਹਵੇਂ ਖੋਲ੍ਹੋ। ਬਹੁਤ ਘੱਟ ਤੁਹਾਡੀ ਸੰਵੇਦਨਾ ਦੇ ਹਾਣੀ ਜਦ ਕਿ ਜ਼ਿਆਦਾਤਰ ਸਫ਼ੇ ਪਲਟਣਾ ਹੀ ਜਾਣਦਾ। ਉਹ ਸਮਝਦਾਰ ਨਹੀਂ ਸਗੋਂ ਤਮਾਸ਼ਬੀਨ ਹੁੰਦੇ।

ਹਰ ਸਫ਼ੇ ਦੇ ਦੋ ਪਹਿਲੂ। ਕੁਝ ਚੜ੍ਹਦੇ ਦੀ ਲਾਲੀ ਅਤੇ ਕੁਝ ਡੁੱਬਦੇ ਦੀ ਪਲਿੱਤਣ। ਕੁਝ ਪੁੰਨਿਆਂ ਦੀ ਰਾਤ ਅਤੇ ਕੁਝ ਮੱਸਿਆ ਵਰਗੇ। ਕੁਝ ਤਿੱਖੜ ਦੁਪਹਿਰਾਂ ਅਤੇ ਕੁਝ ਢਲਦੇ ਪਰਛਾਵੇਂ। ਕੁਝ ਸੁਪਨਿਆਂ ਦਾ ਉਗਮਣਾ ਅਤੇ ਕੁਝ ਸੁਪਨਿਆਂ ਦਾ ਮਾਤਮ। ਕੁਝ ਨਵ-ਜੰਮੇ ਬੱਚੇ ਦੀ ਕਿਲਕਾਰੀ ਅਤੇ ਕੁਝ ਮਰਿਆਂ ਦੇ ਵੈਣ। ਤੁਸੀਂ ਇਸ ਨੂੰ ਕਿਸ ਰੂਪ ਅਤੇ ਕਿਸ ਨਜ਼ਰੀਏ ਨਾਲ ਲਿਖਣਾ ਤੇ ਪੜ੍ਹਨਾ, ਇਹ ਤੁਹਾਡੀ ਨਿੱਜੀ ਚੋਣ।

ਜ਼ਿੰਦਗੀ ਦੇ ਕਿਤਾਬ ਦੇ ਹਰ ਸਫ਼ੇ 'ਤੇ ਬਹੁਤ ਸਾਰੇ ਪ੍ਰਸ਼ਨ। ਇਨ੍ਹਾਂ ਦੇ ਜਵਾਬ ਖ਼ੁਦ ਲੱਭਣੇ ਪੈਣੇ। ਇਨ੍ਹਾਂ ਦੇ ਜਵਾਬ ਕਦੇ ਵੀ ਕਿਤਾਬ ਦੇ ਪਿਛਲੇ ਪੰਨਿਆਂ 'ਤੇ ਨਹੀਂ ਹੁੰਦੇ।

ਖ਼ਾਲੀ ਸਫ਼ਿਆਂ ਵਾਲੀ ਸੁੰਦਰ ਜਿਲਦ ਵਾਲੀ ਕਿਤਾਬ ਦੀ ਕੋਈ ਵੁੱਕਤ ਨਹੀਂ ਹੁੰਦੀ। ਇਹ ਕਿਤਾਬ ਖੁੱਲ੍ਹਦੇ ਸਾਰ ਹੀ ਆਪਣੀ ਅਹਿਮੀਅਤ ਗਵਾ ਬਹਿੰਦੀ। ਕਦੇ ਕੂੜੇ ਦਾ ਢੇਰ ਬਣੀ, ਮੀਹਾਂ ਵਿਚ ਗਲਦੀ, ਹਨੇਰੀਆਂ ਨਾਲ ਵਰਕਾ ਵਰਕਾ ਹੋਈ ਪਤਾ ਨਹੀਂ ਕਿਧਰ ਗਵਾਚ ਜਾਵੇ ਅਤੇ ਆਪਣੀ ਹੋਂਦ ਦੀ ਫਿਟਕਾਰ ਨੂੰ ਆਪਣੇ ਨਾਮ ਲਾਵੇ। ਰੱਦੀ ਬਣੀਆਂ ਇਹ ਜੀਵਨ-ਕਿਤਾਬਾਂ ਨੂੰ ਕੋਈ ਕਿਉਂ ਪੜ੍ਹੇ? ਇਹ ਕਿਤਾਬ ਕਦੇ ਚੁੱਲ੍ਹਿਆਂ ਵਿਚ ਸੜੇ, ਕਦੇ ਕੰਡਿਆਂ ਵਿਚ ਅੜੇ ਅਤੇ ਕਦੇ ਡੁੱਬਦੀ ਹੋਈ ਕਿਸੇ ਤਿਣਕੇ ਨੂੰ ਫੜੇ। ਯਾਦ ਰਹੇ ਕਿ ਸਿਰਫ਼ ਕੀਮਤੀ ਕਿਤਾਬਾਂ ਦਾ ਹੀ ਮੁੱਲ ਪੈਂਦਾ। ਮਾੜੀਆਂ ਕਿਤਾਬਾਂ ਨੂੰ ਤਾਂ ਕੋਈ ਰੱਦੀ ਦੇ ਭਾਅ ਵੀ ਨਹੀਂ ਖ਼ਰੀਦਦਾ।

ਜੇ ਵਰਕੇ ਖ਼ਾਲੀ ਹੀ ਰਹੇ, ਜੇ ਇਹ ਹਰਫ਼ਾਂ ਤੋਂ ਕੋਰੇ ਹੀ ਰਹੇ, ਜੇ ਅਸੀਂ ਕੁਝ ਨਾ ਲਿਖਿਆ, ਜੇ ਅਸੀਂ ਕੁਝ ਨਾ ਸਮਝਿਆ, ਜੇ ਅਸੀਂ ਸਫ਼ਿਆਂ ਨੂੰ ਅਧੂਰੇਪਣ ਦੀ ਆਉਧ ਹੰਢਾਉਣ ਲਈ ਮਜਬੂਰ ਕਰਦੇ ਰਹੇ, ਜੇ ਸਾਡੀ ਕਲਮ ਹੀ ਟੁੱਟ ਗਈ, ਜੇ ਦਵਾਤ ਦੀ ਸਿਆਹੀ ਹੀ ਸੁੱਕ ਗਈ, ਜੇ ਸਾਡੀ ਸੰਵੇਦਨਾ ਹੀ ਮਰ ਮੁੱਕ ਗਈ, ਜੇ ਸਾਡੀ ਚੇਤਨਾ ਹੀ ਰੁੱਸ ਗਈ, ਜੇ ਸਾਡੀ ਸੁਪਨਸਾਜ਼ੀ ਹੀ ਮਰ ਗਈ, ਜੇ ਸਾਡੇ ਯਤਨ ਹੀ ਹਰ ਗਏ ਤਾਂ ਫਿਰ ਇਨ੍ਹਾਂ ਕੋਰੇ ਅਤੇ ਅਧੂਰੇ ਵਰਕਿਆਂ ਦੀ ਹਾਅ ਵਕਤ ਨੂੰ ਹਜ਼ਮ ਜਾਵੇਗੀ। ਵਰਕਿਆਂ ਦੀ ਇਬਾਰਤ ਅਜੇਹੀ ਨਜ਼ਮ ਬਣ ਜਾਵੇਗੀ ਜਿਹੜੀ ਨਾ ਤਾਂ ਵਕਤ ਕੋਲੋਂ ਪੜ੍ਹ ਹੋਣੀ ਅਤੇ ਨਾ ਹੀ ਕਿਸੇ ਕੋਲੋਂ ਸੁਣਾਈ ਜਾਣੀ।

ਸੋ ਇਸ ਤੋਂ ਪਹਿਲਾਂ ਕਿ ਸਭ ਕੁਝ ਸਾਡੇ ਹੱਥੋਂ ਨਿਕਲ ਜਾਵੇ। ਅਸੀਂ ਕੁਝ ਵੀ ਕਰਨ ਜੋਗੇ ਨਾ ਰਹੀਏ। ਉੱਠੋ! ਕੁਝ ਤਾਂ ਕਰੀਏ। ਖ਼ਾਲੀ ਵਰਕਿਆਂ ਨੂੰ ਭਰੀਏ। ਇਨ੍ਹਾਂ ਦੀ ਹੋਂਦ ਨੂੰ ਸਫਲਾ ਕਰੀਏ। ਇਨ੍ਹਾਂ ਦੀ ਹਿੱਕ 'ਤੇ ਅਜੇਹਾ ਕੁਝ ਧਰੀਏ ਕਿ ਸਫ਼ੇ ਮਹਿਕਦੇ ਰਹਿਣ। ਇਨ੍ਹਾਂ ਦੀ ਸ਼ਬਦ ਕਾਰੀ ਆਉਣ ਵਾਲੇ ਸਮਿਆਂ ਨੂੰ ਸੁਗੰਧਿਤ ਕਰਦੀ ਰਹੇ ਅਤੇ ਯੁੱਗ ਜਿਊਣ ਦਾ ਦਮ ਭਰਦੀ ਰਹੇ।

# ਠਕ ਟਕ ਠਕ ਟਕ ਠਕ ਟਕ

ਇਹ ਬਹੁਤ ਹੀ ਖਤਰਨਾਕ ਆਵਾਜ਼ ਹੈ। ਜੇਕਰ ਇਹ ਕਿਸੇ ਦੇ ਸਾਈਕਲ ਵਿਚੋਂ ਆਉਣ ਲੱਗ ਪਵੇ ਤਾਂ ਬੰਦੇ ਨੂੰ ਉੱਤਰ ਕੇ ਦੇਖਣਾ ਪੈਂਦਾ ਹੈ ਕਿ ਕਿੱਥੋਂ ਇਹ ਆਵਾਜ਼ ਆਈ ਹੈ। ਜੇ ਮੋਟਰਸਾਈਕਲ 'ਚੋਂ ਇਹ ਆਵਾਜ਼ ਆਉਣ ਲੱਗ ਪਏ ਤਾਂ ਬੰਦਾ ਇਕਦਮ ਮੋਟਰਸਾਈਕਲ ਖੜ੍ਹਾ ਕਰ ਲੈਂਦਾ ਹੈ ਤੇ ਚੈੱਕ ਕਰਦਾ ਹੈ ਕਿ ਆਵਾਜ਼ ਕਿੱਥੋਂ ਆਈ। ਜੇ ਆਵਾਜ਼ ਕਾਰ ਵਿਚੋਂ ਆਉਣ ਲੱਗ ਪਵੇ ਤਾਂ ਦੂਰ ਜਾਂਦਾ ਮੁਸਾਫ਼ਰ ਵੀ ਘਬਰਾ ਜਾਂਦਾ ਹੈ ਕਿ ਇਹ ਆਵਾਜ਼ ਕਿੱਥੋਂ ਆ ਰਹੀ ਹੈ।

ਜੇ ਦਫ਼ਤਰ ਵਿਚ ਕੰਮ ਕਰਦੇ ਹੋਵੋ ਤੇ ਕਿਤੋਂ ਇਹ ਆਵਾਜ਼ ਆਉਣ ਲੱਗ ਜਾਵੇ ਤਾਂ ਸਾਰੇ ਘਬਰਾ ਜਾਂਦੇ ਹਨ ਕਿ ਕੀ ਹੋ ਗਿਆ ਹੈ। ਜੇ ਬਰਸਾਤਾਂ ਦੇ ਮੌਸਮ ਵਿਚ ਇਹ ਆਵਾਜ਼ ਆਉਣ ਲੱਗ ਜਾਵੇ ਤਾਂ ਫਿਕਰ ਪੈ ਜਾਂਦਾ ਹੈ ਕਿ ਕਿਤੇ ਛੱਤ ਤਾਂ ਨਹੀਂ ਚੋਣ ਲੱਗ ਪਈ। ਇਸ ਤਰ੍ਹਾਂ ਇਹ ਜਿਹੜੀ ਆਵਾਜ਼ ਹੈ ਇਹ ਬਹੁਤ ਹੀ ਖ਼ਤਰਨਾਕ ਗਿਣੀ ਜਾਂਦੀ ਹੈ। ਜੇਕਰ ਇਹ ਕਿਸੇ ਦੀ ਛਾਤੀ ਵਿਚੋਂ ਹੋਣ ਲੱਗ ਪਏ ਤਾਂ ਉਸ ਨੂੰ ਇਹ ਲੱਗਦਾ ਹੈ ਕਿ ਬਸ ਹੁਣ ਸਮਾਂ ਆ ਗਿਆ ਹੈ, ਦਿਲ ਨੂੰ ਕੁਝ ਹੋ ਰਿਹਾ ਹੈ। ਇਹ ਆਵਾਜ਼ ਮਨੁੱਖ ਨੂੰ ਹਮੇਸ਼ਾ ਡਰਾਉਂਦੀ ਹੈ ਤੇ ਮਨੁੱਖ ਇਸ ਤੋਂ ਡਰਦਾ ਵੀ ਹੈ ਪਰ ਮੇਰੇ ਲਈ ਇਹ ਆਵਾਜ਼ ਬੜੀ ਹੀ ਸੁਖਦ ਭਾਵ ਦਿੰਦੀ ਹੈ। ਭਾਵੇਂ ਕਿ ਇਸ ਨੇ ਮੈਨੂੰ ਪਹਿਲਾਂ ਪਹਿਲੋਂ ਬਹੁਤ ਡਰਾਇਆ।

ਸਾਡੇ ਘਰ ਵਿਚ ਇੱਕ ਪਾਸੇ ਟੀਨ ਦੀ ਛੱਤ ਹੈ ਅਤੇ ਉਸਦੇ ਨਾਲ ਇੱਕ ਦਰਖਤ ਉਗਿਆ ਹੋਇਆ ਹੈ ਜਾਮਣ ਦਾ। ਇਹ ਦਰਖਤ ਕਾਫੀ ਵੱਡਾ ਹੋ ਗਿਆ ਹੈ ਤੇ ਇਹ ਦੂਸਰੀ ਮੰਜ਼ਲ ਤੋਂ ਵੀ ਉੱਤੇ ਚਲਾ ਗਿਆ ਹੈ। ਰਾਤ ਨੂੰ ਸੁੱਤੇ ਪਏ ਇਸ ਆਵਾਜ਼ ਨੇ ਕਈ ਵਾਰੀ ਮੈਨੂੰ ਡਰਾਇਆ।

ਮੇਰਾ ਕਮਰਾ ਵੀ ਦੂਜੀ ਛੱਤ ਦੇ ਉੱਤੇ ਹੀ ਹੈ। ਹੁਣ ਮੈਂ ਕਈ ਵਾਰੀ ਉੱਠ ਕੇ ਦੇਖਿਆ ਕਿ ਇਹ ਆਵਾਜ਼ ਕਿੱਥੋਂ ਆ ਰਹੀ ਹੈ? ਕੀ ਕੋਈ ਜਾਨਵਰ ਜਾਮਣ ਦੇ ਉੱਤੇ ਚੜ੍ਹ ਗਿਆ ਹੈ ਤੇ ਉਹ ਥੱਲੇ ਛਾਲਾਂ ਮਾਰ ਰਿਹਾ ਹੈ ਤੇ ਇਹ ਜਾਨਵਰ ਕਿਤੇ ਕੋਈ ਖਤਰਨਾਕ ਜਾਨਵਰ ਨਾ ਹੋਵੇ ਪਰ ਇਨ੍ਹਾਂ ਬਰਸਾਤਾਂ ਤੋਂ ਪਹਿਲਾਂ ਮੈਨੂੰ ਇਸ ਆਵਾਜ਼ ਨੇ ਬੜਾ ਆਨੰਦ ਦਿੱਤਾ ਕਿਉਂਕਿ ਰਾਤ ਨੂੰ ਜਦੋਂ ਕੋਈ ਜਾਮਣ ਪੱਕਦੀ ਸੀ, ਉਹ ਆਪਣੇ ਆਪ ਡਿੱਗਦੀ ਸੀ ਤੇ ਛੱਤ ਉੱਤੇ ਵੱਜ ਕੇ ਠਕ ਟਕ ਠਕ ਟਕ ਕਰਦੀ ਸੀ ਤੇ ਸਵੇਰ ਨੂੰ ਇਹ ਮਿੱਠੀ ਜਾਮਣ ਮੇਰੇ ਮੂੰਹ ਵਿਚ ਜਦੋਂ ਜਾਂਦੀ ਸੀ ਤਾਂ ਠਕ ਟਕ ਠਕ ਟਕ ਠਕ ਟਕ ਕਰਕੇ ਅਨੰਦਮਈ ਕਰਦੀ ਹੈ।

*-ਜਨਮੇਜਾ ਸਿੰਘ ਜੌਹਲ*

## ਪੈਰਿਸ ਓਲੰਪਿਕਸ 2024

# ਆਓ ਵੇਖੀਏ ਵਿਸ਼ਵ ਦਾ ਸਭ ਤੋਂ ਵੱਡਾ ਖੇਡ ਮੇਲਾ

ਓਲੰਪਿਕ ਖੇਡਾਂ ਦੀ ਮਸ਼ਾਲ ਪੈਰਿਸ ਪੁੱਜ ਚੁੱਕੀ ਹੈ ਜੋ ਹੱਥੋ-ਹੱਥੀ ਸਾਰੇ ਫਰਾਂਸ ਵਿਚ ਘੁਮਾਈ ਜਾ ਰਹੀ ਹੈ। ਇਹ ਮਸ਼ਾਲ ਓਲੰਪਿਕ ਖੇਡਾਂ ਦੇ ਜਨਮ ਦਾਤਾ ਓਲੰਪੀਆ ਦੀ ਪਹਾੜੀ ਤੋਂ 16 ਅਪ੍ਰੈਲ 2024 ਨੂੰ ਸੂਰਜ ਦੀਆਂ ਕਿਰਨਾਂ ਨਾਲ ਜਗਾਈ ਗਈ ਸੀ। ਉਥੋਂ ਮਸ਼ਾਲ 14 ਜੁਲਾਈ ਨੂੰ ਪੈਰਿਸ ਪਹੁੰਚੀ ਹੈ ਜਿਸ ਦਾ ਸਵਾਗਤ ਵੱਡੀ ਪੱਧਰ 'ਤੇ ਕੀਤਾ ਜਾ ਰਿਹੈ। ਸੂਰਜੀ ਕਿਰਨਾਂ ਤੋਂ ਅਗਨੀ ਤੇ ਅਗਨੀ ਤੋਂ ਓਲੰਪਿਕ ਲਾਟ ਬਣੀ ਇਹ ਮਸ਼ਾਲ 26 ਜੁਲਾਈ 2024 ਨੂੰ ਓਲੰਪਿਕ ਸਟੇਡੀਅਮ ਵਿਚ ਪੁੱਜੇਗੀ। 33ਵੀਆਂ ਓਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ ਦੀਆਂ ਰਸਮਾਂ ਅਨੁਸਾਰ ਇਸ ਮਸ਼ਾਲ ਨਾਲ ਚਬੂਤਰੇ 'ਤੇ ਬਣੇ ਕੁੰਡ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**
principalsarwansingh@gmail.com

ਵਿਚ ਓਲੰਪਿਕ ਖੇਡਾਂ ਦੀ ਜੋਤ ਜਗਾਈ ਜਾਵੇਗੀ ਜੋ ਖੇਡਾਂ ਦੌਰਾਨ ਦਿਨ ਰਾਤ ਜਗਦੀ ਰਹੇਗੀ।

ਲੱਖਾਂ ਦੀ ਗਿਣਤੀ ਵਿਚ ਦਰਸ਼ਕ, ਸਟੇਡੀਅਮ ਤੇ ਖੇਡ ਭਵਨਾਂ ਵਿਚ ਬੈਠ ਕੇ ਖੇਡਾਂ ਦੇ ਨਜ਼ਾਰੇ ਤੱਕਣਗੇ ਤੇ ਕਰੋੜਾਂ ਦੀ ਗਿਣਤੀ ਵਿਚ ਬਿਜਲਈ ਸੰਚਾਰ ਸਾਧਨਾਂ ਰਾਹੀਂ ਖੇਡਾਂ ਵੇਖਣਗੇ। ਹੈਂਡਬਾਲ, ਫੁੱਟਬਾਲ ਤੇ ਰਗਬੀ ਦੀਆਂ ਖੇਡਾਂ ਦੇ ਮੁਕਾਬਲੇ 24 ਜੁਲਾਈ ਨੂੰ ਸ਼ੁਰੂ ਹੋ ਜਾਣਗੇ। ਤਿੰਨ ਹਫ਼ਤੇ ਦੁਨੀਆ ਭਰ ਦਾ ਮੀਡੀਆ ਪੈਰਿਸ ਦੀਆਂ ਓਲੰਪਿਕ ਖੇਡਾਂ ਦੇ ਨਜ਼ਾਰੇ ਵਿਖਾਉਂਦਾ ਨਜ਼ਰ ਆਵੇਗਾ। ਮੇਰੀ ਖੁਸ਼ਕਿਸਮਤੀ ਹੈ ਕਿ ਮੈਨੂੰ ਇਹ ਨਜ਼ਾਰੇ ਮੈਲਬੌਰਨ-1956 ਦੀਆਂ ਓਲੰਪਿਕ ਖੇਡਾਂ ਤੋਂ ਵੇਖਣ ਤੇ ਉਨ੍ਹਾਂ ਬਾਰੇ ਪੜ੍ਹਨ ਲਿਖਣ ਦੇ ਮੌਕੇ ਮਿਲਦੇ ਆ ਰਹੇ ਹਨ।

ਓਲੰਪਿਕ ਖੇਡਾਂ ਦਾ ਉਦਘਾਟਨੀ ਸਮਾਰੋਹ 26 ਜੁਲਾਈ ਨੂੰ ਉਥੋਂ ਦੇ ਸਥਾਨਕ ਸਮੇਂ ਅਨੁਸਾਰ 19:30 ਵਜੇ ਸੇਨ ਦਰਿਆ ਦੇ ਰਮਣੀਕ ਕੰਢੇ ਆਈਫਲ ਟਾਵਰ ਦੇ ਸਾਹਮਣੇ ਸ਼ੁਰੂ ਹੋਵੇਗਾ। ਆਈਫਲ ਟਾਵਰ ਉਪਰ ਪੰਜ ਰੰਗਾਂ ਦੇ ਆਪਸ ਵਿਚ ਪਰੋਏ ਪੰਜ ਗੋਲ ਚੱਕਰਾਂ ਵਾਲਾ ਝੂਲਦਾ ਓਲੰਪਿਕ ਪਰਚਮ ਮੇਲੀਆਂ ਨੂੰ ਜੀ ਆਇਆਂ ਕਹਿ ਰਿਹਾ ਹੋਵੇਗਾ। ਖਿਡਾਰੀਆਂ ਦਾ ਮਾਰਚ ਪਾਸਟ, ਉਨ੍ਹਾਂ ਦੇ ਮੁਲਕੀ ਝੰਡਿਆਂ ਨਾਲ ਸਜਾਈਆਂ ਛੋਟੀਆਂ ਵੱਡੀਆਂ ਬੋਟਾਂ 'ਤੇ ਹੋਵੇਗਾ। 6 ਕਿਲੋਮੀਟਰ ਦੀ ਪ੍ਰੇਡ 'ਚ ਫਰਾਂਸ ਦੀਆਂ ਸਭਿਆਚਾਰਕ ਝਲਕਾਂ ਵੀ ਵਿਖਾਈਆਂ ਜਾਣਗੀਆਂ। ਓਲੰਪਿਕ ਖੇਡਾਂ 'ਚ ਆਮ ਲੋਕਾਂ ਦੀ ਸ਼ਮੂਲੀਅਤ ਲਈ 2 ਲੱਖ ਦਰਸ਼ਕਾਂ ਦਾ ਦਰਿਆ ਸੇਨ ਦੇ ਕੰਢਿਆਂ 'ਤੇ ਖਲੋਣ ਤੇ ਇਕ ਲੱਖ ਦਰਸ਼ਕਾਂ ਦਾ ਟਿਕਟਾਂ ਲੈ ਕੇ ਸੀਟਾਂ 'ਤੇ ਬਹਿਣ ਦਾ ਪ੍ਰਬੰਧ ਹੋਵੇਗਾ। ਲੱਖਾਂ ਦਰਸ਼ਕ ਸੇਨ ਦੁਆਲੇ ਦੀਆਂ ਇਮਾਰਤਾਂ ਤੋਂ ਝਾਕੀਆਂ ਵੇਖ ਸਕਣਗੇ। ਕਰੋੜਾਂ ਅਰਬਾਂ ਲੋਕ ਟੀਵੀ ਤੇ ਹੋਰ ਸੰਚਾਰ ਸਾਧਨਾਂ ਤੋਂ ਉਦਘਾਟਨੀ ਸਮਾਰੋਹ ਦੇ ਨਜ਼ਾਰੇ ਵੇਖਣਗੇ।

ਓਲੰਪਿਕ ਖੇਡਾਂ 26 ਜੁਲਾਈ ਤੋਂ 11 ਅਗਸਤ ਤਕ ਫਰਾਂਸ ਦੀ ਰਾਜਧਾਨੀ ਪੈਰਿਸ ਅਤੇ 16 ਹੋਰ ਸ਼ਹਿਰਾਂ ਦੇ 35 ਖੇਡ ਸਥਾਨਾਂ 'ਤੇ ਹੋਣਗੀਆਂ। ਉਨ੍ਹਾਂ ਵਿਚ ਓਲੰਪਿਕ ਖੇਡਾਂ ਲਈ ਮਿੱਥੇ ਮਿਆਰਾਂ ਨੂੰ ਪਾਰ ਕਰਨ ਵਾਲੇ 206 ਦੇਸ਼ਾਂ ਦੇ 10714 ਖਿਡਾਰੀ ਭਾਗ ਲੈਣਗੇ। ਐਤਕੀਂ ਪਹਿਲੀ ਵਾਰ ਔਰਤਾਂ ਤੇ ਮਰਦ ਖਿਡਾਰੀਆਂ ਦੀ ਗਿਣਤੀ ਬਰਾਬਰ ਹੋਵੇਗੀ ਜਦ ਕਿ ਪਹਿਲਾਂ ਔਰਤਾਂ ਦੀ ਗਿਣਤੀ ਘੱਟ ਹੁੰਦੀ ਸੀ। ਇਹ ਖੇਡਾਂ ਚਾਰ ਸਾਲਾਂ ਬਾਅਦ ਲੀਪ ਦੇ ਸਾਲ ਹੁੰਦੀਆਂ ਹਨ ਜਿਨ੍ਹਾਂ ਦਾ ਬਜਟ ਅਰਬਾਂ ਤਕ ਚਲਾ ਜਾਂਦਾ ਹੈ। ਪੈਰਿਸ ਦੀਆਂ ਓਲੰਪਿਕ ਖੇਡਾਂ ਦਾ ਬਜਟ 9 ਬਿਲੀਅਨ ਯੂਰੋ ਹੈ।

1896 ਤੋਂ 2021 ਤਕ ਸਵਾ ਸੌ ਸਾਲਾਂ ਦੇ ਸਫ਼ਰ ਦੌਰਾਨ 28 ਵਾਰ ਓਲੰਪਿਕ ਖੇਡਾਂ ਹੋਈਆਂ ਹਨ। ਪਹਿਲੀ ਤੇ ਦੂਜੀ ਵਿਸ਼ਵ ਜੰਗ ਕਰਕੇ ਤਿੰਨ ਵਾਰ ਇਹ ਖੇਡਾਂ ਨਹੀਂ ਹੋ ਸਕੀਆਂ। 32ਵੀਆਂ ਓਲੰਪਿਕ ਖੇਡਾਂ ਜੋ 2020 ਵਿਚ 24 ਜੁਲਾਈ ਤੋਂ 9 ਅਗਸਤ ਤਕ ਹੋਣੀਆਂ ਸਨ ਕੋਵਿਡ ਕਰਕੇ ਮੁਲਤਵੀ ਹੋ ਗਈਆਂ ਸਨ। ਆਖ਼ਰ ਉਹ ਖੇਡਾਂ 23 ਜੁਲਾਈ 2021 ਤੋਂ 8 ਅਗਸਤ 2021 ਤਕ ਜਪਾਨ ਦੇ ਸ਼ਹਿਰ ਟੋਕੀਓ ਵਿਚ ਹੋਈਆਂ।

ਮਾਡਰਨ ਓਲੰਪਿਕ ਖੇਡਾਂ 1896 ਵਿਚ ਏਥਨਜ਼ ਤੋਂ ਸ਼ੁਰੂ ਹੋਈਆਂ ਸਨ। 1900 ਵਿਚ ਪੈਰਿਸ, 1904 ਸੇਂਟ ਲੂਈਸ, 1908 ਲੰਡਨ ਤੇ 1912 ਸਟਾਕਹੋਮ ਵਿਚ ਹੋਣ ਪਿੱਛੋਂ 1916 ਵਿਚ ਹੋ ਨਹੀਂ ਸਕੀਆਂ ਕਿਉਂਕਿ ਵਿਸ਼ਵ ਜੰਗ ਲੱਗ ਗਈ ਸੀ। 1920 ਵਿਚ ਐਂਟਵਰਪ, 1924 ਪੈਰਿਸ, 1928 ਐਮਸਟਰਡਮ, 1932 ਲਾਸ ਏਂਜਲਸ ਤੇ 1936 ਬਰਲਿਨ ਵਿਚ ਹੋਈਆਂ। 1940 ਤੇ 1944 ਦੀਆਂ ਖੇਡਾਂ ਦੂਜੀ ਵਿਸ਼ਵ ਜੰਗ ਦੀ ਭੇਟ ਚੜ੍ਹ ਗਈਆਂ। 1948 ਵਿਚ ਲੰਡਨ, 1952 ਹੈਲਸਿੰਕੀ, 1956 ਮੈਲਬੌਰਨ, 1960 ਰੋਮ ਤੇ 1964 ਵਿਚ ਪਹਿਲੀ ਵਾਰ ਏਸ਼ੀਆ ਦੇ ਸ਼ਹਿਰ ਟੋਕੀਓ ਵਿਚ ਹੋਈਆਂ। 1968 ਵਿਚ ਮੈਕਸੀਕੋ, 1972 ਮਿਊਨਿਖ, 1976 ਮੌਂਟਰੀਅਲ, 1980 ਮਾਸਕੋ, 1984 ਲਾਸ ਏਂਜਲਸ, 1988 ਸਿਓਲ, 1992 ਬਾਰਸੀਲੋਨਾ, 1996 ਐਟਲਾਂਟਾ, 2000 ਸਿਡਨੀ, 2004 ਏਥਨਜ਼, 2008 ਬੀਜਿੰਗ, 2012 ਵਿਚ ਲੰਡਨ ਤੇ 2016 ਵਿਚ ਰੀਓ ਡੀ ਜਨੀਰੋ ਵਿਚ ਓਲੰਪਿਕ ਖੇਡਾਂ ਹੋਈਆਂ।

ਵਿਸ਼ਵ ਦੀ ਸਭ ਤੋਂ ਵੱਧ ਆਬਾਦੀ ਵਾਲੇ ਮਹਾਂਦੀਪ ਏਸ਼ੀਆ ਵਿਚ ਓਲੰਪਿਕ ਖੇਡਾਂ ਕੇਵਲ 4 ਵਾਰ ਹੋਈਆਂ ਹਨ। ਪਹਿਲੀ ਵਾਰ ਟੋਕੀਓ, ਦੂਜੀ ਵਾਰ ਸਿਓਲ, ਤੀਜੀ ਵਾਰ ਬੀਜਿੰਗ ਤੇ ਚੌਥੀ ਵਾਰ ਟੋਕੀਓ। 2016 ਦੀਆਂ ਓਲੰਪਿਕ ਖੇਡਾਂ ਪਹਿਲੀ ਵਾਰ ਦੱਖਣੀ ਅਮਰੀਕਾ ਦੇ ਸ਼ਹਿਰ ਰੀਓ ਡੀ ਜਨੀਰੋ ਵਿਚ ਹੋਈਆਂ। 2028 ਦੀਆਂ ਓਲੰਪਿਕ ਖੇਡਾਂ ਲਾਸ ਏਂਜਲਸ ਤੇ 2032 ਦੀਆਂ ਖੇਡਾਂ ਬ੍ਰਿਜ਼ਬੇਨ ਵਿਖੇ ਹੋਣਗੀਆਂ। ਭਾਰਤ ਨੇ ਓਲੰਪਿਕ ਖੇਡਾਂ ਕਰਾਉਣ ਦੀ ਕਦੇ ਪੇਸ਼ਕਸ਼ ਨਹੀਂ ਕੀਤੀ ਹਾਲਾਂ ਕਿ ਆਬਾਦੀ ਪੱਖੋਂ ਹੁਣ ਇਹ ਵਿਸ਼ਵ ਦਾ ਸਭ ਤੋਂ ਵੱਡਾ ਦੇਸ਼ ਹੈ ਜਿਸ ਵਿਚ ਦੁਨੀਆ ਦੀ ਛੇਵਾਂ ਹਿੱਸਾ ਮਨੁੱਖੀ ਆਬਾਦੀ ਵਸਦੀ ਹੈ।

ਲੰਡਨ, ਪੈਰਿਸ ਤੇ ਲਾਸ ਏਂਜਲਸ ਤਿੰਨ ਐਸੇ ਸ਼ਹਿਰ ਹਨ ਜਿਥੇ ਓਲੰਪਿਕ ਖੇਡਾਂ ਤਿੰਨ



ਵਾਰ ਹੋਈਆਂ ਜਾਂ ਹੋਣ ਜਾ ਰਹੀਆਂ ਹਨ। ਓਲੰਪਿਕ ਖੇਡਾਂ ਦੁਨੀਆ ਦਾ ਸਭ ਤੋਂ ਸੋਹਣਾ, ਸਿਹਤਮੰਦ ਤੇ ਨਰੋਆ ਜੋੜ ਮੇਲਾ ਹੁੰਦੀਆਂ ਹਨ। ਇਸ ਮੇਲੇ 'ਚ ਦੁਨੀਆਂ ਭਰ ਦੀ ਜੁਆਨੀ ਦੇ ਜ਼ੋਰ ਤੇ ਜੁਗਤ ਦੇ ਦਰਸ਼ਨ ਹੁੰਦੇ ਹਨ। ਓਲੰਪਿਕ ਖੇਡਾਂ ਵਿਚ ਨਾ ਰੰਗ ਦਾ ਵਿਤਕਰਾ ਹੁੰਦੈ, ਨਾ ਨਸਲ ਦਾ, ਨਾ ਦੇਸ਼ ਦਾ ਤੇ ਨਾ ਹੀ ਕੌਮ ਜਾਂ ਜਾਤ ਦਾ।

ਬੀਜਿੰਗ ਓਲੰਪਿਕ-2008 ਦੀ ਤਗ਼ਮਾ ਸੂਚੀ ਵਿਚ ਭਾਰਤ ਦਾ 50ਵਾਂ ਨੰਬਰ ਸੀ। ਲੰਡਨ-2012 ਵਿਚ 55ਵੇਂ ਥਾਂ ਰਿਹਾ ਤੇ ਰੀਓ-2016 ਦੀ ਮੈਡਲ ਸੂਚੀ ਵਿਚ 67ਵੇਂ ਥਾਂ ਜਾ ਪਿਆ ਸੀ। 2016 ਵਿਚ ਰੀਓ ਦੀ ਅੰਤਮ ਤਗ਼ਮਾ ਸੂਚੀ ਅਨੁਸਾਰ ਅਮਰੀਕਾ ਨੇ 46 ਸੋਨੇ, 37 ਚਾਂਦੀ, 38 ਤਾਂਬੇ, ਬਰਤਾਨੀਆ ਨੇ 27, 13, 17, ਚੀਨ ਨੇ 26, 18, 26, ਰੂਸ 19, 18, 19, ਜਰਮਨੀ 17, 19, 15, ਜਾਪਾਨ 12, 8, 21, ਫਰਾਂਸ 10, 18, 14, ਦੱਖਣੀ ਕੋਰੀਆ 9, 3, 9, ਇਟਲੀ 8, 12, 8 ਤੇ ਆਸਟ੍ਰੇਲੀਆ ਨੇ 8, 11, 8, ਤਗਮੇ ਜਿੱਤੇ ਸਨ। ਭਾਰਤ ਨੇ ਕੇਵਲ 1 ਚਾਂਦੀ ਤੇ 1 ਤਾਂਬੇ ਦਾ ਤਗ਼ਮਾ ਜਿੱਤਿਆ ਸੀ। 59 ਦੇਸ਼ ਐਸੇ ਸਨ ਜਿਨ੍ਹਾਂ ਨੇ 1 ਜਾਂ ਵੱਧ ਗੋਲਡ ਮੈਡਲ ਹਾਸਲ ਕੀਤੇ। 73 ਮੁਲਕਾਂ ਨੇ ਚਾਂਦੀ ਤੇ 87 ਮੁਲਕਾਂ ਦੇ ਖਿਡਾਰੀਆਂ ਨੇ ਕਾਂਸੀ ਦੇ ਮੈਡਲ ਜਿੱਤੇ। ਇਓਂ 87 ਮੁਲਕਾਂ ਦੇ ਖਿਡਾਰੀ ਜਿੱਤ-ਮੰਚ 'ਤੇ ਚੜ੍ਹੇ। ਦੁਨੀਆ ਦੇ 206 ਮੁਲਕਾਂ ਤੇ 1 ਰੀਫਿਊਜ਼ੀ ਦਲ 'ਚੋਂ 120 ਦੇਸ਼ ਖਾਲੀ ਹੱਥ ਰਹੇ। ਉਥੇ 48% ਮੈਡਲ ਯੂਰਪ, 22% ਅਮਰੀਕਾ, 21% ਏਸ਼ੀਆ, 5% ਅਫਰੀਕਾ ਤੇ 5% ਓਸ਼ਨੀਆ ਮਹਾਂਦੀਪ ਦੇ ਖਿਡਾਰੀਆਂ ਨੇ ਜਿੱਤੇ।

ਟੋਕੀਓ 'ਚ ਅਮਰੀਕਾ ਤੇ ਚੀਨ ਵਿਚਕਾਰ ਵਧੇਰੇ ਮੈਡਲ ਜਿੱਤਣ ਦਾ ਮੁਕਾਬਲਾ ਅਖ਼ੀਰਲੇ ਦਿਨ ਤਕ ਚਲਦਾ ਰਿਹਾ ਸੀ। ਆਖ਼ਰੀ ਦਿਨ ਅਮਰੀਕਾ ਬਾਜ਼ੀ ਮਾਰ ਗਿਆ ਸੀ। ਅਮਰੀਕਾ ਦੇ ਖਿਡਾਰੀਆਂ ਨੇ 39 ਸੋਨੇ, 41 ਚਾਂਦੀ, 33 ਤਾਂਬੇ, ਚੀਨ 38, 32, 18, ਜਾਪਾਨ 27, 14, 17, ਬਰਤਾਨੀਆ 22, 21,22, ਰੂਸ 20, 28, 23, ਆਸਟ੍ਰੇਲੀਆ 17, 07, 22, ਨੀਦਰਲੈਂਡਜ਼ 10, 12, 14, ਫਰਾਂਸ 10, 12, 11, ਜਰਮਨੀ 10, 11, 16, ਇਟਲੀ 10, 10, 20 ਤੇ ਕੈਨੇਡਾ 7, 6, 11 ਜਦ ਕਿ ਭਾਰਤ ਨੇ 1 ਸੋਨੇ, 2 ਚਾਂਦੀ ਤੇ 4 ਤਾਂਬੇ ਦੇ ਤਗ਼ਮੇ ਜਿੱਤੇ ਸਨ। ਨੀਰਜ ਚੋਪੜਾ ਨੇ ਗੋਲਡ ਮੈਡਲ, ਮੀਰਬਾਈ ਚੰਨੂੰ ਤੇ ਰਵੀ ਦਾਹੀਆ ਨੇ ਸਿਲਵਰ, ਪੀਵੀ ਸਿੰਧੂ, ਲਵਲੀਨਾ, ਬਜਰੰਗ ਪੂਨੀਆ ਤੇ ਮਰਦਾਂ ਦੀ ਹਾਕੀ ਟੀਮ ਨੇ ਬਰਾਂਜ਼ ਮੈਡਲ ਜਿੱਤੇ। ਇੰਜ ਭਾਰਤ ਪਹਿਲਾਂ ਨਾਲੋਂ ਵੱਧ ਤਗ਼ਮੇ ਜਿੱਤ ਸਕਿਆ ਜਿਸ ਦੀ ਖ਼ੁਸ਼ੀ ਵੀ ਵਧੇਰੇ ਮਨਾਈ। ਖ਼ਾਸ ਖ਼ੁਸ਼ੀ ਅਥਲੈਟਿਕਸ ਦਾ ਗੋਲਡ ਮੈਡਲ ਤੇ ਹਾਕੀ ਦਾ ਬਰਾਂਜ਼ ਮੈਡਲ ਜਿੱਤਣ ਦੀ ਸੀ।

ਅਫਰੀਕਾ ਮਹਾਂਦੀਪ ਵਿਚ ਓਲੰਪਿਕ ਖੇਡਾਂ ਕਦੇ ਵੀ ਨਹੀਂ ਹੋਈਆਂ। ਉਂਜ ਓਲੰਪਿਕ ਖੇਡਾਂ ਦੇ ਆਪਸ ਵਿਚ ਪ੍ਰੋਏ ਪੰਜ ਚੱਕਰ ਪੰਜਾਂ ਮਹਾਂਦੀਪਾਂ ਦੀ ਨੁਮਾਇੰਦਗੀ ਕਰਦੇ ਹਨ। ਬੀਜਿੰਗ ਦੀਆਂ ਓਲੰਪਿਕ ਖੇਡਾਂ-2008 ਵਿਚ 43 ਵਿਸ਼ਵ ਰਿਕਾਰਡ ਟੁੱਟੇ ਸਨ, ਲੰਡਨ ਵਿਚ 30, ਰੀਓ ਵਿਚ 19 ਜਦ ਕਿ ਟੋਕੀਓ ਵਿਚ 17 ਵਰਲਡ ਰਿਕਾਰਡ ਟੁੱਟੇ।

ਟੋਕੀਓ ਵਿਚ ਮਰਦਾਂ ਦੀਆਂ ਟੀਮ ਖੇਡਾਂ ਵਿਚੋਂ ਹਾਕੀ ਦਾ ਓਲੰਪਿਕ ਚੈਂਪੀਅਨ ਬੈਲਜੀਅਮ, ਫੁੱਟਬਾਲ ਦਾ ਬ੍ਰਾਜ਼ੀਲ, ਵਾਲੀਬਾਲ ਦਾ ਫਰਾਂਸ, ਬਾਸਕਟਬਾਲ ਦਾ ਅਮਰੀਕਾ, ਹੈਂਡਬਾਲ ਦਾ ਫਰਾਂਸ ਤੇ ਵਾਟਰ ਪੋਲੋ ਦਾ ਸਰਬੀਆ ਬਣਿਆ ਸੀ। ਔਰਤਾਂ ਦੀਆਂ ਟੀਮ ਖੇਡਾਂ ਵਿਚ ਬਾਸਕਟਬਾਲ ਦੀ ਚੈਂਪੀਅਨ ਟੀਮ ਅਮਰੀਕਾ, ਵਾਲੀਬਾਲ ਦੀ ਵੀ ਅਮਰੀਕਾ, ਤੇ ਵਾਟਰ ਪੋਲੋ ਦੀ ਵੀ ਅਮਰੀਕਾ ਬਣੀ। ਹਾਕੀ ਦੀ ਨੀਦਰਲੈਂਡਜ਼, ਫੁੱਟਬਾਲ ਦੀ ਕੈਨੇਡਾ ਤੇ ਹੈਂਡਬਾਲ ਦੀ ਫਰਾਂਸ। 1896 ਤੋਂ 2021 ਤਕ ਹੋਈਆਂ 29 ਓਲੰਪਿਕ ਖੇਡਾਂ ਵਿਚੋਂ ਅਮਰੀਕਾ ਨੇ 27 ਓਲੰਪਿਕ ਖੇਡਾਂ ਵਿਚ ਭਾਗ ਲੈਂਦਿਆਂ 1051 ਸੋਨੇ, 830 ਚਾਂਦੀ, 733 ਤਾਂਬੇ, ਕੁਲ 2614 ਤਗ਼ਮੇ ਜਿੱਤ ਕੇ ਵਿਸ਼ਵ 'ਤੇ ਝੰਡੀ ਕੀਤੀ ਹੋਈ ਹੈ। ਸੋਵੀਅਤ ਰੂਸ ਨੇ 10 ਓਲੰਪਿਕ ਖੇਡਾਂ ਵਿਚ ਭਾਗ ਲੈ ਕੇ ਕੁਲ 1010 ਤਗ਼ਮੇ, ਬਰਤਾਨੀਆ ਨੇ 28 ਖੇਡਾਂ ਵਿਚੋਂ 851 ਅਤੇ ਚੀਨ ਨੇ 10 ਖੇਡਾਂ ਵਿਚੋਂ 546 ਤਗ਼ਮੇ ਜਿੱਤੇ ਹਨ। ਫਰਾਂਸ ਦੇ 28 ਖੇਡਾਂ ਵਿਚੋਂ 716, ਇਟਲੀ ਨੇ 27 ਖੇਡਾਂ 'ਚੋਂ 577, ਜਰਮਨੀ ਨੇ 16 ਖੇਡਾਂ ਚੋਂ 615, ਹੰਗਰੀ ਨੇ 26 ਖੇਡਾਂ 'ਚੋਂ 491, ਪੂਰਬੀ ਜਰਮਨੀ ਨੇ 5 ਖੇਡਾਂ 'ਚੋਂ 409, ਆਸਟ੍ਰੇਲੀਆ ਨੇ 28 ਖੇਡਾਂ 'ਚੋਂ 554, ਰੂਸ ਨੇ 6 ਖੇਡਾਂ 'ਚੋਂ 426, ਜਾਪਾਨ ਨੇ 22 ਖੇਡਾਂ 'ਚੋਂ 439, ਦੱਖਣੀ ਕੋਰੀਆ ਨੇ 17 ਖੇਡਾਂ 'ਚੋਂ 267, ਕੈਨੇਡਾ ਨੇ 26 ਖੇਡਾਂ 'ਚੋਂ 302 ਅਤੇ ਗ਼ੁਲਾਮ ਇੰਡੀਆ ਤੇ ਆਜ਼ਾਦ ਭਾਰਤ ਨੇ 25 ਖੇਡਾਂ 'ਚੋਂ 35 ਤਗ਼ਮੇ ਜਿੱਤੇ ਹਨ। ਉਨ੍ਹਾਂ ਵਿਚੋਂ ਵੀ ਦੋ ਤਗ਼ਮੇ ਬਰਤਾਨਵੀ ਅਥਲੀਟ ਨਾਰਮਨ ਪ੍ਰਿਚਰਡ ਦੇ ਹਨ।

ਭਾਰਤ ਨੇ ਬੀਜਿੰਗ ਤੋਂ 3 ਮੈਡਲ ਜਿੱਤੇ ਸਨ, ਲੰਡਨ ਤੋਂ 6 ਪਰ ਰੀਓ ਤੋਂ 2 ਮੈਡਲ ਹੀ ਜਿੱਤ ਸਕਿਆ ਸੀ। ਟੋਕੀਓ ਤੋਂ ਜ਼ਰੂਰ 7 ਮੈਡਲ ਜਿੱਤੇ। ਬ੍ਰਿਟਿਸ਼ ਇੰਡੀਆ ਤੇ ਆਜ਼ਾਦ ਭਾਰਤ ਨੇ ਓਲੰਪਿਕ ਖੇਡਾਂ 'ਚੋਂ ਹੁਣ ਤਕ 10 ਗੋਲਡ, 9 ਸਿਲਵਰ ਤੇ 16 ਬਰਾਂਜ਼ ਮੈਡਲ ਜਿੱਤੇ ਹਨ। ਗੋਲਡ ਮੈਡਲਾਂ ਵਿਚ 8 ਹਾਕੀ ਦੇ ਹਨ ਅਤੇ 1 ਸ਼ੂਟਿੰਗ ਤੇ 1 ਅਥਲੈਟਿਕਸ ਦਾ ਹੈ। ਬਾਕੀ ਮੈਡਲ ਹਾਕੀ, ਸ਼ੂਟਿੰਗ, ਕੁਸ਼ਤੀ, ਮੁੱਕੇਬਾਜ਼ੀ, ਟੈਨਿਸ, ਵੇਟ ਲਿਫਟਿੰਗ ਤੇ ਬੈਡਮਿੰਟਨ ਦੇ ਹਨ।

ਆਸਟ੍ਰੇਲੀਆ ਦੀ ਆਬਾਦੀ ਇਕ ਕਰੋੜ ਦੇ ਆਸ ਪਾਸ ਹੈ ਪਰ ਉਹ 497 ਮੈਡਲ ਜਿੱਤ ਚੁੱਕੈ। ਸਾਢੇ ਤਿੰਨ ਕਰੋੜ ਲੋਕਾਂ ਦਾ ਮੁਲਕ ਕੈਨੇਡਾ 302 ਮੈਡਲਾਂ 'ਤੇ ਪਹੁੰਚ ਗਿਐ। ਹੁਣ ਤਕੜੇ ਮਾੜੇ ਦਾ ਨਿਰਣਾ ਜੰਗੇ ਮੈਦਾਨ ਦੀ ਥਾਂ ਖੇਡ ਮੈਦਾਨ ਵਿਚ ਹੁੰਦਾ ਹੈ। 29 ਵਾਰ ਹੋਈਆਂ ਓਲੰਪਿਕ ਖੇਡਾਂ ਰਾਹੀਂ ਅਮਰੀਕਾ ਨੇ 18 ਵਾਰ ਵਿਸ਼ਵ 'ਤੇ ਝੰਡੀ ਕੀਤੀ ਹੈ। 7 ਵਾਰ ਸੋਵੀਅਤ ਦੇਸ਼ ਨੇ ਜੇਤੂ ਪਰਚਮ ਲਹਿਰਾਇਆ ਹੈ। ਇਕ ਵਾਰ ਫਰਾਂਸ, ਇਕ ਵਾਰ ਬਰਤਾਨੀਆ, ਇਕ ਵਾਰ ਜਰਮਨੀ ਤੇ ਇਕ ਵਾਰ ਚੀਨ ਨੇ ਝੰਡੇ ਗੱਡੇ ਹਨ। ਖੇਡਾਂ ਦੇ ਰਿਕਾਰਡ ਹਰੇਕ ਓਲੰਪਿਕਸ ਵਿਚ ਟੁੱਟਦੇ ਆ ਰਹੇ ਹਨ। 1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਇਕ ਕੁਇੰਟਲ ਵਜ਼ਨ ਦਾ ਬਾਲਾ ਕੱਢਣ ਨਾਲ ਹੀ ਗੋਲਡ ਮੈਡਲ ਮਿਲ ਗਿਆ ਸੀ ਜੋ ਹੁਣ ਢਾਈ ਕੁਇੰਟਲ ਵਜ਼ਨ ਦਾ ਬਾਲਾ ਕੱਢਣ ਨਾਲ ਵੀ ਨਹੀਂ ਮਿਲਦਾ! ਟੋਕੀਓ ਵਿਚ ਜਾਰਜੀਆ ਦੇ ਲਾਸ਼ਾ ਤਲਖਾਡਜ਼ ਨੇ 265 ਕਿਲੋਗਰਾਮ ਦਾ ਬਾਲਾ ਕੱਢ ਕੇ ਗੋਲਡ ਮੈਡਲ ਜਿੱਤਿਆ ਸੀ। ਉਂਜ ਉਸ ਦਾ ਵਿਸ਼ਵ ਰਿਕਾਰਡ 267 ਕਿਲੋ ਵਜ਼ਨ ਦੀ ਜਰਕ ਲਾਉਣ ਦਾ ਹੈ। ਮਨੁੱਖ ਦਿਨੋ ਦਿਨ ਹੋਰ ਜ਼ੋਰਾਵਰ ਤੇ ਜੁਗਤੀ ਹੋ ਰਿਹੈ ਜਿਸ ਕਰਕੇ ਕੋਈ ਵੀ ਰਿਕਾਰਡ ਅਟੁੱਟ ਨਹੀਂ ਰਹਿੰਦਾ। ਓਲੰਪਿਕ ਖੇਡਾਂ ਦਾ ਤਾਂ ਮਾਟੋ ਹੀ ਹੈ: ਹੋਰ ਤੇਜ਼, ਹੋਰ ਉੱਚਾ, ਹੋਰ ਅੱਗੇ!

ਸ੍ਰਿਸ਼ਟੀ ਬੜਾ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਸ ਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਖੇਡ ਹੀ ਤਾਂ ਹੈ! ਜੀਵ ਆਉਂਦੇ ਹਨ ਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਾ ਜਾਂਦੇ ਨੇ ਤੇ ਜਿਹੜੇ ਹਾਰ ਜਾਂਦੇ ਨੇ, ਭੁੱਲ-ਭੁਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਅਲੌਕਿਕ ਮੇਲਾ ਰਚਾ ਰੱਖਿਐ ਤੇ ਬਾਜ਼ੀ ਪਾ ਰੱਖੀ ਹੈ, ਬਾਜ਼ੀਗਰ ਬਾਜ਼ੀ ਪਾਈ ਸਭ ਖਲਕ ਤਮਾਸ਼ੇ ਆਈ।

---

# ਪੰਥ-ਪ੍ਰਸਤ ਸੰਪਾਦਕ ਦਾ ਵਿਛੋੜਾ

ਇੱਕ ਸਿਰੜੀ ਯੋਧਾ, ਜਾਗਦਾ ਤੇ ਜਗਾਉਂਦਾ ਹਿੰਮਤੀ ਪੱਤਰਕਾਰ, 'ਪਹਿਰੇਦਾਰ' ਅਖਬਾਰ ਦਾ ਪੰਥ ਪ੍ਰਸਤ ਸੰਪਾਦਕ ਅਤੇ ਅਤਿ ਸੰਕਟ ਦੀਆਂ ਮਾਲੀ ਹਾਲਤਾਂ ਵਿਚ ਵੀ ਅਖਬਾਰ ਨੂੰ ਦੋ ਦਹਾਕਿਆਂ ਤੋਂ ਜਾਰੀ ਰੱਖਣ ਵਾਲਾ ਸਾਡਾ ਜਸਪਾਲ ਸਾਥੋਂ ਵਿਛੜ ਗਿਆ ਹੈ। ਇੱਕੋ ਸਮੇਂ ਕਿੰਨੀਆਂ ਬਿਮਾਰੀਆਂ ਨਾਲ ਜੂਝ ਰਹੇ ਇਸ ਵੀਰ ਨੇ ਆਖਰੀ ਦਮ ਤੱਕ ਅਖਬਾਰ ਨਾਲ ਅਤੇ



**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ: +91-99150-91063**

ਪੰਥਕ ਸਰਗਰਮੀਆਂ ਨਾਲ ਗੂੜ੍ਹਾ ਰਿਸ਼ਤਾ ਬਣਾਈ ਰੱਖਿਆ।

ਮਨ ਬਹੁਤ ਉਦਾਸ ਹੈ ਅਤੇ ਇਸ ਉਦਾਸੀ ਵਿਚ ਢੁਕਵੇਂ ਲਫਜ਼ ਵੀ ਨਹੀਂ ਲੱਭ ਰਹੇ ਜਿਸ ਨਾਲ ਵਿਚਾਰਾਂ ਅਤੇ ਜਜ਼ਬਿਆਂ ਨਾਲ ਲੈਸ ਉਸ ਵੀਰ ਨੂੰ ਸੱਚੀ ਤੇ ਵਿਵੇਕ ਸ਼ਰਧਾਂਜਲੀ ਭੇਟ ਕੀਤੀ ਜਾਵੇ। ਪਹਿਲੇ ਪੰਨੇ ਉੱਤੇ ਹਰ ਰੋਜ਼ ਛਪਣ ਵਾਲੀ ਉਸਦੀ ਸੰਪਾਦਕੀ ਇਕ ਇਤਿਹਾਸਕ ਯਾਦਗਾਰ ਬਣ ਗਈ ਸੀ, ਜਿਸ ਵਿਚ 'ਹੋਰ ਗੱਲਾਂ ਸਭ ਪਿੱਛੇ ਨੇ ਤੇ ਪੰਥ ਪਿਆਰਾ ਪਹਿਲਾਂ ਹੈ' ਦੀ ਰੀਝ, ਨੀਝ, ਇੱਛਾ, ਤਮੰਨਾ, ਸਧਰਾਂ ਅਤੇ ਅਰਮਾਨ ਹੀ ਜਗਮਗ-ਜਗਮਗ ਕਰਦੇ ਸਨ।

ਹੁਣ ਤੱਕ ਕਰੀਬ 10 ਹਜ਼ਾਰ ਤੱਕ ਛਪਣ ਵਾਲੀਆਂ ਇਨ੍ਹਾਂ ਲਿਖਤਾਂ ਨੂੰ ਪੜ੍ਹ ਕੇ ਇੰਝ ਲੱਗਦਾ ਸੀ ਜਿਵੇਂ ਕੋਈ ਖਾਲਸਾ ਪੰਥ ਦੇ ਦਰਦ ਨੂੰ ਅਤੇ ਉਸਦੇ ਸ਼ਾਨਾਮੱਤੇ ਅਤੀਤ ਨੂੰ ਵਰਤਮਾਨ ਵਿਚ ਢਾਲ ਕੇ ਇਕ ਵੱਡੀ ਲਹਿਰ ਦੀ ਸਿਰਜਣਾ ਕਰਨਾ ਚਾਹੁੰਦਾ ਹੈ। ਪੱਤਰਕਾਰੀ ਦੇ ਖੇਤਰ ਅੰਦਰ ਵਿਚਰਦਿਆਂ ਕਰੀਬ 50 ਵਰ੍ਹਿਆਂ ਦੇ ਆਪਣੇ ਸਫਰ ਵਿਚ ਮੈਨੂੰ ਕੋਈ ਇਹੋ ਜਿਹਾ ਪੱਤਰਕਾਰ ਨਹੀਂ ਮਿਲਿਆ ਜਿਸ ਨੇ ਪੱਤਰਕਾਰੀ ਦੇ ਪੰਥਕ ਸਰੂਪ ਦੇ ਪਰਚਮ ਅਤੇ ਮਹੱਤਤਾ ਨੂੰ ਦੀਵਾਨਗੀ ਦੀ ਹੱਦ ਤੱਕ ਬੁਲੰਦ ਕਰ ਦਿੱਤਾ ਹੋਵੇ। ਅਜਿਹਾ ਕੋਈ ਦਿਨ ਖਾਲੀ ਨਹੀਂ ਵੇਖਿਆ ਜਦੋਂ ਪੰਥਕ ਮਸਲੇ, ਪੰਥਕ ਏਕਤਾ, ਪੰਥਕ ਮਤਭੇਦ ਅਤੇ ਪੰਥਕ ਮਸਲਿਆਂ ਦੇ ਹੱਲ ਬੇਬਾਕ ਅਤੇ ਨਿਰਪੱਖ ਰੂਪ ਵਿਚ ਇਸ ਅਖਬਾਰ ਵਿਚ ਪੇਸ਼ ਨਾ ਹੁੰਦੇ ਹੋਣ।



ਉਹ ਜਾਣਦਾ ਸੀ ਕਿ ਉਸ ਦੀ ਕੌਮ ਦੇਰ ਨਾਲ ਜਾਗਦੀ ਹੈ। ਇਸ ਲਈ ਉਸਨੇ ਬੇਬਾਕ ਵਿਚਾਰਾਂ ਦਾ ਨਾਜ਼ੁਕ ਮਾਹੌਲ ਇੱਕ ਵੱਡੇ ਸੰਤੁਲਨ ਵਿਚ ਲਗਾਤਾਰ ਕਾਇਮ ਰੱਖਿਆ। ਉਹ ਜਾਣਦਾ ਸੀ ਕਿ ਸ਼ਬਦ ਵੱਡੀ ਤਾਕਤ ਰੱਖਦੇ ਹਨ, ਸ਼ਬਦ ਇਤਿਹਾਸ ਨੂੰ ਸੇਧ ਦਿੰਦੇ ਹਨ ਅਤੇ ਇਥੋਂ ਤੱਕ ਸ਼ਬਦ ਇਤਿਹਾਸ ਦੇ ਵਰਤਾਰਿਆਂ ਨੂੰ ਵੀ ਬਦਲਣ ਦੀ ਤਾਕਤ ਰੱਖਦੇ ਹਨ। ਉਸ ਦੀਆਂ ਲਿਖਤਾਂ ਵਿਚ ਜੀਵਨ ਨੂੰ ਆਰ-ਪਾਰ ਦੇਖ ਸਕਣ ਦੀ ਅਥਾਹ ਸਮਰੱਥਾ ਅਤੇ ਕਾਬਲੀਅਤ ਸੀ। ਇਸ ਲਈ ਪਾਠਕ ਹਰ ਰੋਜ਼ ਉਸਦੀ ਲਿਖਤ ਦੀ ਉਡੀਕ ਕਰਦੇ ਰਹਿੰਦੇ ਸਨ। ਅੱਜ ਜਦੋਂ ਸਰੀਰਕ ਰੂਪ ਵਿਚ ਉਹ ਸਾਡੇ ਵਿਚ ਮੌਜੂਦ ਨਹੀਂ ਪਰ ਸਾਡੇ ਸਾਰਿਆਂ ਦੇ ਸਾਹਮਣੇ ਇੱਕ ਵੱਡਾ ਸਵਾਲ ਅਤੇ ਚੁਣੌਤੀ ਹੈ ਕਿ ਇਸ ਅਖਬਾਰ ਨੂੰ ਕਿਸ ਤਰ੍ਹਾਂ ਹਰ ਹਾਲਤ ਵਿਚ ਜਾਰੀ ਰੱਖਿਆ ਜਾਵੇ ਤਾਂ ਜੋ ਜਸਪਾਲ ਸਿੰਘ ਦੇ ਜਜ਼ਬਿਆਂ, ਵਿਚਾਰਾਂ ਅਤੇ ਸਿਧਾਂਤਾਂ ਨੂੰ ਉਵੇਂ ਹੀ ਜਗਦਾ-ਮਘਦਾ ਰਖੀਏ ਜਿਵੇਂ ਉਨ੍ਹਾਂ ਨੇ ਜੀਵਨ ਦੇ ਆਪਣੇ ਸਫਰ ਵਿਚ ਰੱਖਿਆ ਸੀ।

ਉਹ ਚਲਾ ਗਿਆ ਹੈ ਪਰ ਉਸਦੇ ਲਫਜ਼ਾਂ ਦਾ ਖਜ਼ਾਨਾ ਸਾਡੇ ਲਈ ਯਾਦਗਾਰ ਹੈ, ਇੱਕ ਵੱਡੀ ਪ੍ਰੇਰਨਾ ਹੈ ਜਿਵੇਂ ਉਹ ਅੱਜ ਕਹਿ ਰਿਹਾ ਹੋਵੇ:

ਮਰ ਵੀ ਜਾਊਂ ਤੋ ਲੋਗ ਭੁਲਾ ਹੀ ਦੇਂਗੇ,
ਲਫਜ਼, ਪਰ ਮੇਰੇ ਹੋਨੇ ਕੀ ਗਵਾਹੀ ਦੇਂਗੇ।



# ਯੋਗ ਅਤੇ ਵਪਾਰ

***ਅੱਜ ਯੋਗ ਦੇ ਨਾਂ 'ਤੇ ਸੰਸਾਰ ਭਰ ਵਿਚ ਬੜਾ ਕੁਝ ਪਰੋਸਿਆ ਜਾ ਰਿਹਾ ਹੈ। ਉਘੇ ਫਿਲਮਸਾਜ਼ ਖਵਾਜਾ ਅਹਿਮਦ ਅੱਬਾਸ ਨੇ ਕਈ ਦਹਾਕੇ ਪਹਿਲਾਂ ਲਿਖੇ ਆਪਣੇ ਇਸ ਲੇਖ ਵਿਚ ਯੋਗ ਅਤੇ ਵਪਾਰ ਦੀ ਜੁਗਲਬੰਦੀ ਦੀ ਗੱਲਬਾਤ ਕੀਤੀ ਹੈ ਜੋ ਬਹੁਤ ਦਿਲਚਸਪ ਅਤੇ ਨਿਵੇਕਲੀ ਹੈ।***

39 ਵਰ੍ਹੇ ਪਹਿਲਾਂ ਮੈਂ ਮੱਧ ਪੂਰਬ ਵੱਲੋਂ ਦੀ ਅਮਰੀਕਾ ਗਿਆ ਸੀ, ਇਸ ਲਈ ਮੈਂ ਨਿਊਯਾਰਕ ਤੋਂ ਪਹਿਲਾਂ ਲੌਸ ਏਂਜਲਸ ਵੇਖ ਲਿਆ ਸੀ। ਮੈਂ ਹਾਲੀਵੁਡ ਦੇ ਸਵਾਮੀਆਂ ਬਾਰੇ ਵੀ ਬੜਾ ਕੁਝ ਸੁਣ ਰੱਖਿਆ ਸੀ। ਚਾਹੁੰਦਾ ਸੀ ਉਨ੍ਹਾਂ ਦੇ ਆਸ਼ਰਮਾਂ ਦੇ ਦਰਸ਼ਨ ਕਰਾਂ।

ਅਸਲ ਵਿਚ ਇਹ ਬਾਹਰੋਂ ਮਸੀਤ ਜਿਹਾ ਨਜ਼ਰ ਆ ਰਿਹਾ ਸੀ। ਤਾਜ ਮਹਿਲ ਦੀ ਨਕਲ ਜਿਹੀ ਸੀ। ਮਹਿਰਾਬੀ ਦਰਵਾਜ਼ੇ ਬਾਰੀਆਂ ਅਰਬੀ ਤਰਜ਼ ਦੇ ਸਨ। ਜਾਲੀਆਂ ਪਰਦੇ ਤਾਜ ਮਹਿਲ ਦਾ ਚਰਬਾ ਸਨ। ਅੰਦਰਲੇ ਹਾਲ ਵਿਚ ਲਮਕਦਾ ਚੀਨੀ ਫਾਨੂਸ ਧੁੱਪ-ਛਾਂ ਜਿਹੀ ਰੋਸ਼ਨੀ ਦੇ ਰਿਹਾ ਸੀ,



**ਖਵਾਜਾ ਅਹਿਮਦ ਅੱਬਾਸ**

ਦਿਨ ਢਲਦੇ ਦੀ ਲਖਾਇਕ ਮਨੋਵਿਗਿਆਨਕ ਰੋਸ਼ਨੀ । ਕੰਧਾਂ 'ਤੇ ਹਿਮਾਲਾ ਦੇ ਯੋਗੀਆ ਦੇ ਚਿੱਤਰ ਲੱਗੇ ਹੋਏ ਸਨ। ਨਿਰੋਲ ਦੇਸੀ ਮਾਹੌਲ, ਵਾਹੀਯਾਤ ਸਜਾਵਟ ਸਹਿਤ।

ਗ਼ੈਰ-ਅਨੁਕੂਲ ਤਰਤੀਬ ਤੋਂ ਉਨ੍ਹਾਂ ਲੋਕਾਂ ਨੂੰ ਕੀ ਫ਼ਰਕ ਪੈਂਦਾ ਸੀ ਜਿਹੜੇ ਦੇਸੀਪੁਣੇ ਦੇ ਇਕ ਅੰਗ ਨੂੰ ਦੂਜੇ ਅੰਗ ਤੋਂ ਵੱਖ ਕਰ ਕੇ ਵੇਖਣ ਯੋਗ ਹੀ ਨਹੀਂ ਸਨ। ਹਾਲੀਵੁੱਡ ਦੀਆਂ ਉਨ੍ਹਾਂ ਮਾਣ-ਮੱਤੀਆਂ ਹਸਤੀਆਂ ਨੂੰ ਵੀ ਕੀ ਫਰਕ ਪੈਂਦਾ ਸੀ ਜਿਨ੍ਹਾਂ ਆਪਣੀ 'ਸਨ ਆਫ਼ ਇੰਡੀਆ' ਨਾਮੀ ਫ਼ਿਲਮ ਵਿਚ ਹੀਰੋ ਅਬਦੁਲ ਕਰੀਮ ਨੂੰ ਇਕ ਉੱਚੀ ਜਾਤ ਦੇ ਹਿੰਦੂ ਬਾਪ ਦੀ ਔਲਾਦ ਬਣਾ ਕੇ ਪੇਸ਼ ਕੀਤਾ ਸੀ।

ਕਾਰਵਾਈ ਆਰੰਭ ਹੋਈ ਤਾਂ ਕੋਈ ਸੌ ਕੁ ਲੋਕ ਉਥੇ ਮੌਜੂਦ ਸਨ ਪਰ ਕਾਰਾਂ ਅਜੇ ਵੀ ਆ ਰਹੀਆਂ ਸਨ, ਹੋਰ ਲੋਕ ਆ ਰਹੇ ਸਨ। ਇਨ੍ਹਾਂ ਵਿਚ ਔਰਤਾਂ ਵੱਡੀ ਗਿਣਤੀ ਵਿਚ ਸਨ। ਜ਼ਿਆਦਾਤਰ ਲੋਕ ਖੁਸ਼ਹਾਲ ਘਰਾਂ ਦੇ ਸਨ। ਸਿਰ ਤੋਂ ਪੈਰ ਤੀਕ ਨੀਲੇ ਬਾਣੇ ਵਿਚ ਵਿਅਕਤੀ ਮੇਰੇ ਕੋਲ ਬੈਠਾ ਸੀ। ਮੈਂ ਮਨ ਵਿਚ ਸੋਚਿਆ ਇਹ ਬੰਦਾ ਸੱਚਾ ਅਧਿਆਤਮ ਜਿਗਿਆਸੂ ਹੋਵੇਗਾ। ਜਿੰਨੀ ਸੰਭਵ ਸੀ ਓਨੀ ਅਧੀਨਗੀ ਨਾਲ ਮੈਂ ਉਸ ਤੋਂ ਪੁੱਛਿਆ, "ਤੁਸੀਂ ਕਿੱਥੋਂ ਪਧਾਰੇ ਹੋ ?" "ਇਹ ਸਵਾਮੀ ਵਧੀਆ ਬੋਲਦਾ ਹੈ। ਇਥੋਂ ਦਾ ਸੰਗੀਤ ਵੀ ਵਧੀਆ ਹੈ। ਫਿਲਮਾਂ ਵੀ ਹਨ, ਸਵਰਗ ਜਾਣ ਦਾ ਮੌਕਾ ਵੀ ਹੈ। ਅਤੇ ਇਹ ਸਾਰਾ ਕੁਝ ਮੁਫ਼ਤ ਹੈ। ਅਮਰੀਕਾ ਵਿਚ ਅਜਿਹਾ ਮੁਫ਼ਤ ਮਨੋਰੰਜਨ ਕਿੱਥੇ ਮਿਲ ਸਕਦਾ ਹੈ।"

ਸਵਾਮੀ ਜੀ ਦੇ ਪ੍ਰਗਟ ਹੁੰਦਿਆਂ ਹੀ ਕਾਰਵਾਈ ਆਰੰਭ ਹੋ ਗਈ। ਜੇਕਰ ਮੈਂ ਉਸਦੀ ਕਲਪਨਾ ਲੰਮੀ ਦਾੜ੍ਹੀ ਅਤੇ ਲੰਗੋਟ ਵਾਲੇ ਸਾਧ ਦੇ ਰੂਪ ਵਿਚ ਕਰ ਲਈ ਹੁੰਦੀ ਤਾਂ ਮੈਂ ਵੱਡੀ ਗਲਤੀ ਕਰ ਗਿਆ ਹੁੰਦਾ। ਹਵਾ ਵਿਚ ਲਹਿਰਾਉਂਦੇ ਰੇਸ਼ਮੀ ਕੱਪੜਿਆਂ ਵਿਚ ਉਹ 'ਸਨ ਆਫ਼ ਇੰਡੀਆ' ਦਾ ਰੈਮਨ ਨੋਵਾਰੋ ਜਾਂ ਚਪੜ-ਚਪੜ ਕਰਦਾ ਗੋਗੀਆ ਪਾਸ਼ਾ ਵਿਖਾਈ ਦੇ ਰਿਹਾ ਸੀ। ਦਿਲਰੁਬਾ ਵਾਜੇ ਦੀ ਧੁਨ ਵੱਜੀ। ਫਿਰ ਇਕ ਔਰਤ ਮੰਚ 'ਤੇ ਪ੍ਰਗਟ ਹੋਈ ਅਤੇ ਭਾਰਤ ਵਿਚ ਪ੍ਰਾਪਤ ਅਨੁਭਵਾਂ ਬਾਰੇ ਦੱਸਣ ਲੱਗੀ, "ਇਸ਼ਕ ਅਤੇ ਸੂਫੀਮਤ ਦੀ ਉਹ ਸ਼ਾਨਦਾਰ ਧਰਤੀ, ਕੰਚਨਜੰਗਾ ਦੇ ਅਸਮਾਨ 'ਤੇ ਡੁੱਬਦੇ ਸੂਰਜ ਦਾ ਅਲੌਕਿਕ ਸੁਹੱਪਣ, ਪਿਆਰ ਦੀ ਅਮਰ ਨਿਸ਼ਾਨੀ ਤਾਜ ਮਹਿਲ ਦੀ ਭਵਨ ਨਿਰਮਾਣ ਕਲਾ, ਅਮਰਨਾਥ ਦੀਆਂ ਗੁਫ਼ਾਵਾਂ ਵਿਚ ਸਾਧਨਾ ਕਰਦੇ ਮਹਾਨ ਸੰਤਾਂ ਅਤੇ ਰਿਸ਼ੀਆਂ ਦਾ ਕਾਲਜੇ ਠੰਢ ਪਾਉਂਦਾ ਗਿਆਨ, ਭਾਰਤੀ ਕਿਸਾਨਾਂ ਦੀ ਸਾਦੀ ਪਰ ਰੱਜੀ- ਪੁੱਜੀ ਜ਼ਿੰਦਗੀ...।" ਬੇਸ਼ੱਕ ਸਾਦੀ ਅਤੇ ਰੱਜੀ-ਪੁੱਜੀ। ਮੈਨੂੰ ਯਾਦ ਆ ਗਏ ਗਰੀਬੀ ਵਿਚ ਖੁਭੇ ਪਿੰਡ, ਅਕਾਲ, ਮਹਾਂਮਾਰੀਆਂ, ਸੋਕਾ, ਹੜ੍ਹ, ਆਮ ਸ਼ੋਸ਼ਿਤ ਆਦਮੀ ਅਤੇ ਪੂੰਜੀਪਤੀ, ਝੁੱਗੀਆਂ ਝੌਂਪੜੀਆਂ ਦਾ ਪ੍ਰਦੂਸ਼ਣ। ਉਹ ਲੱਖਾਂ ਦੇਸ਼ਵਾਸੀ ਯਾਦ ਆਏ, ਜਿਨ੍ਹਾਂ ਨੂੰ ਇਕ ਡੰਗ ਦੀ ਰੋਟੀ ਹੀ ਨਸੀਬ ਹੁੰਦੀ ਸੀ। ਪਰ ਇਸ ਨਾਲ ਕੀ ਫ਼ਰਕ ਪੈਂਦਾ ਸੀ ਜੇ ਕਿਸੇ ਆਰਾਮਦੇਹ ਹਵਾਈ ਜਹਾਜ਼ ਦੇ ਪਹਿਲੇ ਦਰਜੇ ਦੇ ਡੱਬੇ ਵਿਚੋਂ ਉਤਰ ਕੇ ਧਰਤੀ 'ਤੇ ਪੈਰ ਪਾਉਣ ਵਾਲੀ ਇਹ ਮਹਿਲਾ ਤਸਦੀਕ ਕਰ ਰਹੀ ਸੀ ਕਿ ਭਾਰਤੀ ਲੋਕਾਂ ਦੀ ਜ਼ਿੰਦਗੀ ਸਾਦੀ ਅਤੇ ਰੱਜੀ-ਪੁੱਜੀ ਸੀ। ਮੈਂ ਹੈਰਾਨ ਸੀ ਕਿ ਕੈਥਰੀਨ ਮੇਓ ਦੀ ਭੈੜੀ ਨਿੰਦਿਆ ਬਿਹਤਰ ਸੀ ਜਾਂ ਇਸ ਨੇਕਨੀਅਤ ਨਜ਼ਰ ਆ ਰਹੀ ਮਹਿਲਾ ਦੀ ਜੋਸ਼ ਭਰਪੂਰ ਗ਼ਲਤਬਿਆਨੀ ਜਿਸ ਨੇ ਭਾਰਤ ਦੇ ਭੂਗੋਲਿਕ ਸੁਹੱਪਣ ਅਤੇ ਸਾਧੂਆਂ ਦੀ ਅਧਿਆਤਮਿਕ ਮਹਾਨਤਾ ਤੋਂ ਬਿਨਾਂ ਹੋਰ ਕੁਝ ਉਥੇ ਵੇਖਿਆ ਹੀ ਨਹੀਂ ਸੀ।

ਲੌਢੇ ਵੇਲੇ ਆਰਤੀ ਨਾਲ ਕਾਰਵਾਈ ਸਮਾਪਤ ਹੋਈ। ਵਾਰੀ-ਵਾਰੀ ਸਭ ਦੇ ਸਾਹਮਣੇ ਦਾਨ-ਪਾਤਰ ਲਿਆਇਆ ਗਿਆ। ਹੁਣ ਇਸ ਨੀਲੇ ਬਾਣੇ ਵਾਲੇ ਸੱਜਣ ਬਾਰੇ ਤਾਂ ਵੀ ਆਖਾਂ। ਉਹ ਪ੍ਰੋਗਰਾਮ ਦੇ ਆਖਰੀ ਦੋ ਭਾਗ ਵੇਖਣ ਤੋਂ ਵਾਂਝਾ ਰਹਿ ਗਿਆ ਸੀ । ਕਾਰਾਵਾਈ ਸਮਾਪਤ ਹੋਈ ਤਾਂ ਸਵਾਮੀ ਜੀ ਫਿਫਥ ਐਵੇਨਿਊ ਤੋਂ ਸਿਲਵਾਇਆ ਦੁੱਧ ਚਿੱਟਾ ਸੂਟ ਪਾ ਕੇ ਆਪਣੀ ਅਮਰੀਕਨ ਪਤਨੀ ਨਾਲ ਵਿਦਾ ਹੋ ਗਏ।

ਅਮਰੀਕਾ ਵਿਚ ਕਾਫੀ ਵੱਡੇ ਪੱਧਰ 'ਤੇ ਫੈਲੀ ਯੋਗ ਅਤੇ ਪੂਰਬੀ ਧਰਮਾਂ ਬਾਰੇ ਰੁਚੀ ਉਥੋਂ ਦੀ ਆਤਮਿਕ ਬੇਚੈਨੀ ਦੀ ਹੀ ਲਖਾਇਕ ਸੀ। ਇਹੋ ਬੇਚੈਨੀ ਅੱਜ ਦੇ ਹਿੱਪੀਆਂ ਵਿਚ ਵੇਖੀ ਜਾ ਸਕਦੀ ਹੈ। ਉਨ੍ਹਾਂ ਲਈ ਸਦਾਚਾਰ ਅਤੇ ਕਦਰਾਂ-ਕੀਮਤਾਂ ਤੋਂ ਸੱਖਣੀ ਭੌਤਿਕ ਉੱਨਤੀ ਜਾਂ ਯੁੱਧਾਂ ਦਾ ਕੋਈ ਅਰਥ ਨਹੀਂ ਸੀ। ਲਕਸ਼ਮੀ ਦੀ ਪੂਜਾ ਸਦਾ ਤਾਂ ਨਹੀਂ ਕੀਤੀ ਜਾ ਸਕਦੀ। ਭਾਵੇਂ ਰਾਤੋ-ਰਾਤ ਅਮੀਰ ਹੋਣ ਦਾ ਸੁਪਨਾ ਵੇਖ ਰਹੇ ਪੂੰਜੀ ਨਿਵੇਸ਼ਕ ਸਟਾਕ ਐਕਸਚੇਂਜ ਵਿਚ ਢੇਰਾਂ ਦੇ ਢੇਰ ਡਾਲਰ ਕਮਾ ਰਹੇ ਸਨ ਪਰ ਉਨ੍ਹਾਂ ਦੀਆਂ ਪਤਨੀਆਂ ਜਿਉਣ ਦਾ ਚਾਅ ਗੁਆ ਚੁੱਕੀਆਂ ਸਨ। ਉਨ੍ਹਾਂ ਨੂੰ ਸਿੱਖਿਆ ਅਤੇ ਸਭਿਆਚਾਰ ਦੇ ਫਾਇਦਿਆਂ ਤੋਂ ਵਾਂਝਿਆਂ ਰੱਖ ਕੇ ਘਰਾਂ ਅੰਦਰ ਨਿਠੱਲੀ ਜ਼ਿੰਦਗੀ ਜੀਣ ਲਈ ਮਜਬੂਰ ਕੀਤਾ ਜਾ ਰਿਹਾ ਸੀ। ਸਿੱਖਿਆ ਪ੍ਰਾਪਤ ਹੋ ਗਈ ਹੁੰਦੀ ਤਾਂ ਉਹ ਬਿਹਤਰ ਢੰਗ ਨਾਲ ਜ਼ਿੰਦਗੀ ਬਿਤਾ ਰਹੀਆਂ ਹੁੰਦੀਆਂ। ਪਤਨੀਆਂ ਬਦਲਣਾ ਅਤੇ ਕਈ ਪੁਰਖਾਂ ਦਾ ਇਕੋ ਤੀਵੀਂ ਨਾਲ ਵਾਰੀ-ਵਾਰੀ ਸੰਭੋਗ ਬਾਅਦ ਦੀਆਂ ਘਟਨਾਵਾਂ ਹਨ। ਅਮਰੀਕਨ ਔਰਤਾਂ ਹਰ ਤਰ੍ਹਾਂ ਦੇ ਢੋਂਗੀਆਂ, ਮੂਰਖ ਬਣਾਉਣ ਵਾਲਿਆਂ ਦੇ ਜਾਲ ਵਿਚ ਫਸੀ ਜਾ ਰਹੀਆਂ ਹਨ। ਭੇਡਚਾਲ ਵਿਚ ਵੀ ਰਲ ਜਾਂਦੀਆਂ ਹਨ। ਉਹ ਕਿਸੇ ਪ੍ਰਕਾਰ ਦੇ ਅਨੋਖੇ ਸੰਪ੍ਰਦਾਇ ਅਤੇ ਅਦਭੁਤ ਲਹਿਰ ਤੇ ਪੈਸੇ ਲੁਟਾ ਦਿੰਦੀਆਂ ਹਨ। ਕਈ ਵਾਰੀ ਤਾਂ ਉਹ ਉਹੋ ਪੂਰਬੀ ਸੰਸਕ੍ਰਿਤੀ ਅਪਣਾ ਲੈਂਦੀਆਂ ਹਨ ਜਿਸ ਬਾਰੇ ਉਹ ਪਹਿਲੀ ਵਾਰੀ ਸੁਣਦੀਆਂ ਹਨ ਉਹ ਹਿੰਦੂ ਧਰਮ ਹੋਵੇ ਜਾਂ ਸਿੱਖ ਧਰਮ। ਉਨ੍ਹਾਂ ਦੀ ਨਜ਼ਰ ਵਿਚ ਇਹ ਆਤਮਿਕ ਉੱਨਤੀ ਦਾ ਸਾਧਨ ਹੀ ਨਹੀਂ, ਇਸਦੇ ਨਾਲ ਉਹ ਜਲਵੇ, ਉਹ ਅਨੋਖੀਆਂ ਚੀਜ਼ਾਂ ਵੀ ਜੁੜੀਆ ਹਨ ਜਿਹੜੀਆਂ ਉਨ੍ਹਾਂ ਜ਼ਿਹਨੀ ਤੌਰ 'ਤੇ ਪੂਰਬ ਨਾਲ ਜੋੜ ਰੱਖੀਆਂ ਹਨ। ਯੋਗ, ਹਿੰਦੂ ਧਰਮ ਜਾਂ ਇਸਲਾਮ ਵੱਲ ਰੁਚਿਤ ਇਨ੍ਹਾਂ ਔਰਤਾਂ ਅੰਦਰ ਧਰਮ ਪ੍ਰਤੀ ਉਹ ਜੋਸ਼ ਨਹੀਂ ਹੁੰਦਾ ਜਿਹੜਾ ਇਨ੍ਹਾਂ ਧਰਮਾਂ ਦੇ ਅਨੁਯਾਈਆਂ ਅੰਦਰ ਹੁੰਦਾ ਹੈ। ਵਧੇਰੇ ਕਰ ਕੇ ਇਹ ਇਕ ਮਨੋਵਿਗਿਆਨਕ ਕਾਰਜ ਜਾਂ ਮਨੋਵਿਗਿਆਨਕ ਘਟਨਾ ਹੁੰਦੀ ਹੈ।

ਅਗਲੀ ਵਾਰੀ 1944 ਵਿਚ ਸਾਂਤਾ ਬਰਬਰਾ ਫਿਲਮ ਫੈਸਟੀਵਲ ਦੇ ਸਬੰਧ ਵਿਚ ਮੇਰਾ ਅਮਰੀਕਾ ਜਾਣ ਹੋਇਆ। ਮੈਂ ਲੌਸ ਏਂਜਲਸ ਅੱਪੜ ਕੇ ਹਵਾਈ ਜਹਾਜ਼ ਤੋਂ ਉਤਰ ਗਿਆ ਸੀ। ਉਥੋਂ ਮੈਨੂੰ ਫੈਸਟੀਵਲ ਡਾਇਰੈਕਟਰ ਦੀ ਪਤਨੀ ਆਪਣੀ ਕਾਰ ਵਿਚ ਸਾਂਤਾ ਬਰਬਰਾ ਲੈ ਗਈ। ਸਾਰੇ ਰਾਹ ਉਹ ਭਾਰਤ ਅਤੇ 'ਮਹਾਨ ਇਸਤਰੀ' ਬਾਰੇ ਗੱਲਾਂ ਕਰਦੀ ਰਹੀ (ਕੀ ਉਹ ਸੱਚੀ ਮਿਸਟਰ ਗਾਂਧੀ ਦੀ ਪਤਨੀ ਹੈ ?)। ਲੌਸ ਏਂਜਲਸ ਦੇ ਬਾਹਰਵਾਰ ਦੇ ਘਰੀਂ ਮੁੜ ਰਹੇ ਲੋਕਾਂ ਦੀ ਭੀੜ ਵਿਚ ਉਹ ਆਸਾਨੀ ਨਾਲ ਕਾਰ ਚਲਾ ਰਹੀ ਸੀ। ਕਈ ਵਾਰੀ ਤਾਂ ਮੈਂ ਡਰਿਆ ਵੀ, ਬਸ ਮਰੇ ਕਿ ਮਰੇ। ਪਰ ਮੈਂ ਉਸਨੂੰ ਇਹ ਨਹੀਂ ਵਿਖਾਉਣਾ ਚਾਹੁੰਦਾ ਸੀ ਕਿ ਭਾਰਤੀ ਕਾਰ ਦੀ ਤੇਜ਼ ਰਫ਼ਤਾਰੀ ਤੋਂ ਵੀ ਡਰ ਜਾਂਦਾ ਹੈ।

ਭਾਰਤ ਅਤੇ ਭਾਰਤ ਦੇ ਸਵਾਮੀਆਂ-ਗੁਰੂਆਂ ਬਾਰੇ ਇਸ ਭਲੀ ਔਰਤ ਦੀ ਡੂੰਘੀ ਰੁਚੀ ਸੀ। ਕੀ ਮੈਂ ਉਸਨੂੰ ਲੌਸ ਏਂਜਲਸ ਦੇ ਅਸਲੀ ਗੁਰੂ ਦਾ ਨਾਂਅ ਸੁਝਾ ਦੇਵਾਂ ? ਉਹ ਮਨੋਵਿਗਿਆਨਕ ਡਾਕਟਰਾਂ ਕੋਲ ਜਾ ਕੇ ਹਜ਼ਾਰਾਂ ਡਾਲਰ ਖਰਚ ਰਹੀ ਸੀ ਪਰ ਉਸਨੂੰ ਉਹ ਸ਼ਾਂਤੀ ਮਿਲ ਰਹੀ ਸੀ, ਜਿਹੜੀ ਉਹ ਭਾਲਦੀ ਸੀ। "ਇਹ ਲੋਕ ਮੇਰੇ ਕੰਮ ਵਿਚ ਰੁਕਾਵਟ ਪਾ ਰਹੇ ਹਨ। ਜੇ ਮੈਨੂੰ ਚੰਗਾ ਗੁਰੂ ਨਾ ਮਿਲਿਆ ਤਾਂ ਮੇਰੀ ਜ਼ਿੰਦਗੀ ਬਰਬਾਦ ਹੋ ਜਾਣੀ ਹੈ।"

"ਕੀ ਕੰਮ ਕਰਦੇ ਹੋ ਤੁਸੀਂ?"

"ਓਹ! ਮੇਰਾ ਖ਼ਿਆਲ ਸੀ ਹੁਣ ਤਕ ਤੁਹਾਨੂੰ ਅੰਦਾਜ਼ਾ ਹੋ ਗਿਆ ਹੋਣੈ। ਮੈਂ ਹਾਲੀਵੁੱਡ ਦੀ ਅਦਾਕਾਰਾ ਹਾਂ।"

ਉਸ ਨੇ ਆਪਣਾ ਫ਼ਿਲਮੀ ਨਾਂ ਦੱਸਿਆ ਤਾਂ ਮੈਨੂੰ ਧੁੰਦਲਾ ਜਿਹਾ ਖ਼ਿਆਲ ਆਇਆ ਕਿ ਇਸ ਘੱਟ ਜਾਣੀ-ਪਛਾਣੀ ਅਦਾਕਾਰਾ ਦੀ ਅਦਾਕਾਰੀ ਮੈਂ ਵੇਖੀ ਸੀ। ਉਸ ਦੀ ਅਦਾਕਾਰੀ ਵਿਚ ਨਾਟਕੀ ਤੱਤਵ ਦੀ ਘਾਟ ਸੀ ਪਰ ਅਦਾਕਾਰੀ ਉਸ ਦੇ ਉੱਜਲ ਭਵਿੱਖ ਦੀ ਲਖਾਇਕ ਸੀ।

ਉਸ ਨੇ ਮੈਨੂੰ ਸਮੇਂ ਸਿਰ ਸਾਂਤਾ ਬਰਬਰਾ ਪੁਚਾ ਕੇ ਹੋਟਲ ਵਿਚ ਠਹਿਰਾ ਦਿੱਤਾ। ਉਸੇ ਹੋਟਲ ਵਿਚ ਭਾਰਤ ਸਰਕਾਰ ਦੇ ਲੋਕ ਸੰਪਰਕ ਵਿਭਾਗ ਦਾ ਅਫ਼ਸਰ ਡੀ.ਪੀ. ਧਰ ਵੀ ਠਹਿਰਿਆ ਹੋਇਆ ਸੀ। ਇਥੇ ਰਾਜ ਕਪੂਰ ਨੇ ਹੋਨੋਲੂਲੂ ਤੋਂ ਮੇਰੇ ਨਾਲ ਫ਼ੋਨ 'ਤੇ ਗੱਲ ਕੀਤੀ ਸੀ। ਉਹ ਉਥੇ ਮਿਸਟਰ ਪੰਛੀ ਦੀ 'ਅਰਾਉਂਡ ਦੀ ਵਰਲਡ ਇਨ ਏਟ ਡਾਲਰਜ਼' ਦੀ ਸ਼ੂਟਿੰਗ ਕਰ ਰਿਹਾ ਸੀ।

ਫੈਸਟੀਵਲ ਡਾਇਰੈਕਟਰ ਨਾਲ ਮੁਲਾਕਾਤ ਹੋਈ ਤਾਂ ਮੈਂ ਉਸ ਦਾ ਧੰਨਵਾਦ ਕੀਤਾ ਕਿ ਤੁਹਾਡੀ ਪਤਨੀ ਤੇਜ਼ ਰਫ਼ਤਾਰੀ ਨਾਲ ਕਾਰ ਚਲਾ ਕੇ ਸਾਂਤਾ ਬਰਬਰਾ ਲੈ ਆਈ। ਸੁਣ ਕੇ ਉਸ ਨੂੰ ਕੋਈ ਬਹੁਤੀ ਖੁਸ਼ੀ ਨਹੀਂ ਹੋਈ। ਉਸ ਨੇ ਮੱਥੇ 'ਤੇ ਹੱਥ ਮਾਰ ਕੇ ਆਖਿਆ, "ਉਸ ਨੇ ਬਹੁਤੇ ਦਿਨ ਮੇਰੀ ਪਤਨੀ ਨਹੀਂ ਰਹਿਣਾ। ਖ਼ਿਆਲ ਹੈ ਫੈਸਟੀਵਲ ਸਮਾਪਤ ਹੋਣ ਤਕ ਅਸੀਂ ਵੱਖ ਹੋ ਜਾਵਾਂਗੇ।"

ਮੈਂ ਆਖਿਆ, "ਮੈਂ ਤਾਂ ਤੁਹਾਨੂੰ ਕੇਵਲ ਉਸਦੀ ਖ਼ਤਰਨਾਕ ਡਰਾਈਵਿੰਗ ਬਾਰੇ ਸਾਵਧਾਨ ਕਰ ਰਿਹਾ ਸੀ।" ਉਸ ਨੇ ਮੋਢੇ ਝਟਕ ਦਿੱਤੇ। ਇਸ ਵਾਰੀ ਦੋ ਜਿਊਰੀਆਂ ਸਨ। ਆਪਣੀ ਫਿਲਮ 'ਹਮਾਰਾ ਘਰ' ਮੈਂ ਆਪਣੇ ਨਾਲ ਲੈ ਗਿਆ ਸੀ। ਅਮਰੀਕੀ ਬੱਚਿਆਂ ਨੇ ਇਸ ਦੀ ਖ਼ੂਬ ਤਾਰੀਫ਼ ਕੀਤੀ। ਦੋ ਵਿਚੋਂ ਇਕ ਜਿਊਰੀ ਕੇਵਲ ਬਾਲਾਂ 'ਤੇ ਆਧਾਰਿਤ ਸੀ। ਕਿਸੇ ਸੰਘੀ ਸਮਾਜ ਸੇਵਕ ਨੇ ਫ਼ਿਲਮ ਵਾਲਟਸ ਲਿਜਾ ਕੇ ਬਾਲਾਂ ਤੇ ਵੱਡਿਆਂ ਨੂੰ ਇਕੱਠੇ ਬਿਠਾ ਕੇ ਦਿਖਾਉਣ ਦੀ ਆਗਿਆ ਮੰਗੀ। ਵਾਲਟਸ ਦੇ ਫਸਾਦਾਂ ਮਗਰੋਂ ਉਹ ਉਥੇ ਹੀ ਰਿਹਾ ਸੀ। ਉਥੇ ਵਾਲੇ ਗੋਰੇ ਬਾਲਾਂ ਦੇ ਮਿਸ਼ਰਿਤ ਸਮੂਹ ਨੂੰ ਫ਼ਿਲਮ ਵਿਖਾਈ ਗਈ । ਬਾਅਦ ਵਿਚ ਇਹੋ ਬੱਚੇ ਉਥੇ ਬਣ ਰਹੀ ਅਜਿਹੀ ਹੀ ਇਕ ਫ਼ਿਲਮ ਵਿਚ ਸ਼ਾਮਿਲ ਕਰ ਲਏ ਗਏ ਸਨ। ਮੇਰੀ ਜਾਚੇ ਸ਼ੋਅ ਬਹੁਤ ਕਾਮਯਾਬ ਰਿਹਾ ਸੀ। ਫੈਸਟੀਵਲ ਵਿਚ ਇਸ ਨੂੰ ਦੂਜਾ ਇਨਾਮ ਮਿਲਿਆ ਸੀ ਪਰ ਇਹ ਸ਼ੋਅ ਉਸ ਤੋਂ ਵੱਡਾ ਇਨਾਮ ਸੀ।

ਸਾਂਤਾ ਬਰਬਰਾ ਵਿਚ ਮੇਰੀ ਕਈ ਭਾਰਤੀ ਵਸਨੀਕਾਂ ਨਾਲ ਮੁਲਾਕਾਤ ਹੋਈ। ਸਾਰੇ ਅੜੀ ਕਰ ਰਹੇ ਸਨ ਕਿ ਮੈਂ ਦੁਪਹਿਰ ਜਾਂ ਸ਼ਾਮ ਦਾ ਖਾਣਾ ਉਨ੍ਹਾਂ ਦੇ ਘਰ ਖਾਵਾਂ। ਅਜਿਹੇ ਹੀ ਇਕ ਇਕੱਠ ਵਿਚ ਮੇਰੀ ਮੁਲਾਕਾਤ ਯੋਗ ਦੇ ਇਕ ਮਾਹਿਰ ਨਾਲ ਹੋਈ ਸੀ। ਘੱਟੋ-ਘੱਟ ਇਕ ਬੰਦਾ ਤਾਂ ਅਜਿਹਾ ਮਿਲਿਆ ਸੀ। ਜਿਹੜਾ ਇਹ ਸਮਝਦਾ ਸੀ ਕਿ ਯੋਗ ਨੂੰ ਫੋਰਡ ਮੋਟਰਕਾਰਾਂ ਜਾਂ ਰਾਕਫੀਲਰ ਦੇ ਤੇਲ ਵਾਂਗ ਵੱਡੇ ਵਪਾਰ ਦਾ ਸਾਧਨ ਬਣਾਇਆ ਜਾ ਸਕਦਾ ਸੀ। ਉਹ ਲੌਸ ਏਂਜਲਸ ਦੇ ਬਾਹਰਵਾਰ ਵੱਡੇ ਪਲਾਟ 'ਤੇ ਰਹਿੰਦਾ ਸੀ। ਉਹ ਹੋਟਲ ਦਾ ਮਾਲਿਕ ਵੀ ਸੀ, ਸਰੀਰਕ ਸੁਚੱਜਕਾਰ ਵੀ ਸੀ, ਯੋਗ ਦਾ ਵਿਦਿਆਰਥੀ ਵੀ ਸੀ। ਉਸ ਦੇ ਹੋਟਲ ਦਾ ਮਾਹੌਲ ਬਣਾਉਟੀ ਮਾਹੌਲ ਸੀ। ਬੁੱਧ ਦੀਆਂ ਮੂਰਤੀਆਂ ਸਜਾ ਰੱਖੀਆਂ ਸਨ, ਇਰਾਨੀ ਕਾਲੀਨ ਵਿਛਾ ਰੱਖੇ ਸਨ। ਵਿਸ਼ੇਸ਼ ਖੰਗ ਨਾਲ ਸਿਗਾਰ ਚੱਬਣ ਵਾਲੇ ਉਸ ਅਮਰੀਕੀ ਵਪਾਰੀ ਦਾ ਪੂਰਨ ਵਿਸ਼ਵਾਸ ਸੀ ਕਿ ਅਮਰੀਕਾ ਵਿਚ ਯੋਗ ਦਾ ਭਵਿੱਖ ਬਹੁਤ ਉੱਜਲ ਸੀ।

ਡਾਲਰਾਂ ਦੀ ਧਰਤੀ ਉੱਪਰ ਯੋਗ ਨੂੰ ਹੁਲਾਰਾ ਦੇਣ ਲਈ ਉਸ ਨੇ ਆਪਣੀ ਯੋਜਨਾ ਵਿਸਥਾਰਪੂਰਬਕ ਸਮਝਾਉਂਦਿਆਂ ਆਖਿਆ ਸੀ, "ਯਪ! ਇਸ ਦੇਸ਼ ਵਿਚ ਯੋਗ ਲਈ ਬੜੀਆਂ ਰੋਸ਼ਨ ਸੰਭਾਵਨਾਵਾਂ ਮੌਜੂਦ ਹਨ। ਲੋੜ ਹੈ ਢੰਗ ਨਾਲ ਵਿਉਂਤਬੰਦੀ ਕਰਨ ਦੀ। ਭਾਰਤ ਤੋਂ ਭਰੋਸੇਯੋਗ ਸਵਾਮੀ ਮੈਨੂੰ ਦੇ ਦਿਓ। ਨਾਮਵਰ ਸਵਾਮੀ ਹੋਵੇ। ਫਿਰ ਦੇਖਣਾ ਉਸਦੇ ਨਾਲ ਮੈਂ ਕੀ ਕਰ ਸਕਦਾ ਹਾਂ। ਯੋਗ ਦੇ ਹਵਾਲੇ ਨਾਲ ਜਾਲ ਵਿਛਾਇਆ ਜਾ ਸਕਦਾ ਹੈ। ਆਤਮਿਕ ਉੱਨਤੀ ਅਤੇ ਸਰੀਰਕ ਤੰਦਰੁਸਤੀ ਲਈ ਯੋਗ ਕੇਂਦਰ ਖੋਲ੍ਹੇ ਜਾ ਸਕਦੇ ਹਨ, ਯੋਗ ਦੇ ਰਸਾਲੇ, ਵੈਸ਼ਨੋ ਭੋਜਨ ਲਈ ਯੋਗ ਰੈਸਟੋਰੈਂਟ, ਛੁੱਟੀਆਂ ਵਿਚ ਯੋਗ ਕੈਂਪ... ਸ੍ਰੀਮਾਨ ਜੀ, ਕਰੋੜਾਂ ਦਾ ਵਪਾਰ ਹੈ ਇਹ। ਸ਼ਰਤ ਇਹ ਹੈ ਕਿ ਵਿਉਂਤਬੰਦੀ ਸਹੀ ਢੰਗ ਨਾਲ ਕੀਤੀ ਜਾਵੇ।"

ਕੁਝ ਸਮੇਂ ਬਾਅਦ ਮੈਨੂੰ ਭਾਰਤ ਵਿਚ ਵੀ ਰਸਪੂਤਿਨ ਜਿਹੇ ਚਿਹਰੇ ਵਾਲੇ ਗੁਰੂ ਨੇ ਹੈਰਾਨ ਕਰ ਦਿੱਤਾ ਸੀ। ਉਹ ਕਿਸੇ ਕਾਲਜ ਵਿਚ ਪ੍ਰੋਫੈਸਰ ਰਹਿ ਚੁੱਕਾ ਸੀ, ਇਸ ਲਈ ਆਪਣੇ ਨੂੰ ਆਚਾਰੀਆ ਆਖਦਾ ਸੀ। ਸਾਰੇ ਸ਼ਹਿਰ ਵਿਚ ਥਾਂ-ਥਾਂ ਉਸ ਦੇ ਪੋਸਟਰ ਲੱਗੇ ਹੋਏ ਸਨ। ਅੰਗਰੇਜ਼ੀ ਅਤੇ ਹਿੰਦੀ ਵਿਚ ਲਿਖਿਆ ਪੋਸਟਰ ਬੜਾ ਉਤੇਜਕ ਸੀ- "ਸਮਾਜਵਾਦ ਤੋਂ ਸਾਵਧਾਨ!" ਲੈਨਿਨ ਸਦੀ ਦਾ ਸਾਲ ਸੀ। ਸਿਰਲੇਖ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ। ਉਸ ਦੀ ਸ਼ਕਲ ਵੀ ਜਾਦੂ ਜਿਹਾ ਕਰਦੀ ਜਾਪੀ। ਮੈਂ ਉਸ ਦੇ ਸੰਝਾਂ ਦੇ ਜਲਸੇ ਵਿਚ ਚਲਾ ਗਿਆ। ਚੰਗੀ ਵੱਡੀ ਹਾਜ਼ਿਰੀ ਸੀ। ਪ੍ਰਬੰਧ ਵੀ ਸਲੀਕੇ ਨਾਲ ਕੀਤਾ ਹੋਇਆ ਸੀ। ਪ੍ਰਬੰਧ ਆਧੁਨਿਕ ਤਰੀਕੇ ਨਾਲ ਕੀਤਾ ਗਿਆ ਸੀ। ਮਾਹੌਲ ਅਮਰੀਕਾ ਵਿਚ ਹੋਣ ਵਾਲੇ ਜਲਸੇ ਜਿਹਾ ਸੀ ਜਿਸ ਦਾ ਉਦੇਸ਼ ਇਸੇ ਪੁਰਾਤਨ ਪਰੰਪਰਾ ਨੂੰ ਸੁਰਜੀਤ ਕਰਨਾ ਸੀ। ਸਟਾਲ ਲੱਗੇ ਹੋਏ ਸਨ ਜਿੱਥੇ ਆਚਾਰੀਆ ਦੀਆਂ ਫੋਟੋਆਂ, ਉਸ ਦੀਆਂ

***(ਬਾਕੀ ਅਗਲੇ ਸਫੇ 'ਤੇ)***

***ਸਾਂਤਾ ਬਰਬਰਾ ਵਿਚ ਮੇਰੀ ਕਈ ਭਾਰਤੀ ਵਸਨੀਕਾਂ ਨਾਲ ਮੁਲਾਕਾਤ ਹੋਈ। ਸਾਰੇ ਅੜੀ ਕਰ ਰਹੇ ਸਨ ਕਿ ਮੈਂ ਦੁਪਹਿਰ ਜਾਂ ਸ਼ਾਮ ਦਾ ਖਾਣਾ ਉਨ੍ਹਾਂ ਦੇ ਘਰ ਖਾਵਾਂ। ਅਜਿਹੇ ਹੀ ਇਕ ਇਕੱਠ ਵਿਚ ਮੇਰੀ ਮੁਲਾਕਾਤ ਯੋਗ ਦੇ ਇਕ ਮਾਹਿਰ ਨਾਲ ਹੋਈ ਸੀ। ਘੱਟੋ-ਘੱਟ ਇਕ ਬੰਦਾ ਤਾਂ ਅਜਿਹਾ ਮਿਲਿਆ ਸੀ। ਜਿਹੜਾ ਇਹ ਸਮਝਦਾ ਸੀ ਕਿ ਯੋਗ ਨੂੰ ਫੋਰਡ ਮੋਟਰਕਾਰਾਂ ਜਾਂ ਰਾਕਫੀਲਰ ਦੇ ਤੇਲ ਵਾਂਗ ਵੱਡੇ ਵਪਾਰ ਦਾ ਸਾਧਨ ਬਣਾਇਆ ਜਾ ਸਕਦਾ ਸੀ। ਉਹ ਲੌਸ ਏਂਜਲਸ ਦੇ ਬਾਹਰਵਾਰ ਵੱਡੇ ਪਲਾਟ 'ਤੇ ਰਹਿੰਦਾ ਸੀ। ਉਹ ਹੋਟਲ ਦਾ ਮਾਲਿਕ ਵੀ ਸੀ, ਸਰੀਰਕ ਸੁਚੱਜਕਾਰ ਵੀ ਸੀ, ਯੋਗ ਦਾ ਵਿਦਿਆਰਥੀ ਵੀ ਸੀ। ਉਸ ਦੇ ਹੋਟਲ ਦਾ ਮਾਹੌਲ ਬਣਾਉਟੀ ਮਾਹੌਲ ਸੀ। ਬੁੱਧ ਦੀਆਂ ਮੂਰਤੀਆਂ ਸਜਾ ਰੱਖੀਆਂ ਸਨ, ਇਰਾਨੀ ਕਾਲੀਨ ਵਿਛਾ ਰੱਖੇ ਸਨ।***

ਲਿਖੀਆਂ ਕਿਤਾਬਾਂ ਅਤੇ ਕਿਤਾਬਚੇ ਵਿਕ ਰਹੇ ਸਨ। ਉਥੇ ਮੈਨੂੰ ਫ਼ਿਲਮ ਜਗਤ ਦੇ ਕੁਝ ਲੋਕ ਵੀ ਵਿਖਾਈ ਦਿੱਤੇ। ਉਨ੍ਹਾਂ ਨੂੰ ਵੇਖ ਕੇ ਮੈਂ ਏਨਾ ਹੈਰਾਨ ਨਹੀਂ ਸੀ ਜਿੰਨਾ ਉਹ ਮੈਨੂੰ ਵੇਖ ਕੇ ਹੈਰਾਨ ਸਨ। ਔਰਤਾਂ ਦੇ ਕੀਰਤਨ ਮਗਰੋਂ ਉਸ ਨੇ ਬੋਲਣਾ ਆਰੰਭ ਕੀਤਾ। ਸਾਫ਼ ਨਜ਼ਰ ਆ ਰਿਹਾ ਸੀ ਕਿ ਉਹ ਬਹੁਤ ਪੜ੍ਹਿਆ-ਲਿਖਿਆ ਆਦਮੀ ਸੀ। ਵਿਦਵਾਨਾਂ ਵਾਂਗ ਭਾਸ਼ਨ ਦੇ ਰਿਹਾ ਸੀ।

ਭਾਸ਼ਨ ਕੀ ਸੀ, ਸੋਵੀਅਤਵਾਦ ਅਤੇ ਆਮ ਫ਼ਿਰਕਾਪ੍ਰਸਤੀ ਵਿਰੁੱਧ ਸ਼ਬਦ-ਜਾਲ ਸੀ। ਖਾਂਦੇ-ਪੀਂਦੇ ਲੋਕਾਂ ਦਾ ਇਕੱਠ ਸੀ, ਇਸ ਲਈ ਦਾਦ ਵੀ ਮਿਲ ਰਹੀ ਸੀ। ਬਾਅਦ ਵਿਚ ਮੈਂ ਪੁੱਛ-ਗਿੱਛ ਕੀਤੀ ਤਾਂ ਪਤਾ ਲੱਗਾ ਕਿ ਆਚਾਰੀਆ ਜੀ ਕਰੋੜਾਂ ਦੇ ਸਜੇ-ਧਜੇ ਫਲੈਟ ਵਿਚ ਰਹਿੰਦੇ ਸਨ (ਇਨਕਮ ਟੈਕਸ ਵਾਲਿਆਂ ਲਈ ਜਾਂਚ ਦਾ ਮਾਮਲਾ), ਵਿਦੇਸ਼ੀ ਕਾਰ ਵਿਚ ਘੁੰਮਦੇ ਸਨ, ਕੇਸਰੀ ਬਾਣਾ ਪਾ ਕੇ ਦਿਲਕਸ਼ ਸੁੰਦਰੀ ਕਾਰ ਚਲਾਉਂਦੀ ਸੀ। ਉਸ ਦੇ ਭਾਸ਼ਨ ਵਿਚ ਕੀਲਣ ਵਾਲਾ ਜਾਦੂ ਸੀ। ਸਮਾਜਵਾਦ ਪ੍ਰਤੀ ਉਸ ਦਾ ਗੁੱਸਾ ਉਸ ਰਸਪੂਤਿਨ ਦੀ ਯਾਦ ਦਿਵਾ ਰਿਹਾ ਸੀ ਜਿਸ ਨੇ ਸੌ ਸਾਲ ਪਹਿਲਾਂ ਅਧਿਆਤਮਿਕਤਾ ਅਤੇ ਰਹੱਸ ਗਿਆਨ ਦੇ ਦਾਅਵੇ ਵੀ ਕੀਤੇ ਸਨ ਅਤੇ ਮਾਰਕਸ ਉੱਪਰ ਇਸੇ ਤਰ੍ਹਾਂ ਦੇ ਇਲਜ਼ਾਮ ਲਗਾਏ ਸਨ। ਅਕਸਰ ਅਧਿਆਤਮਿਕ ਵਿਸ਼ਿਆਂ 'ਤੇ ਉਸਦੇ ਵਿਦਵਤਾਪੂਰਨ ਪ੍ਰਵਚਨਾਂ ਅਤੇ ਸਮਾਜਵਾਦ ਵਿਰੁੱਧ ਉਸ ਦੇ ਤਿੱਖੇ ਬੋਲਾਂ ਤੋਂ ਪ੍ਰਭਾਵਿਤ ਹੋ ਕੇ ਫ਼ਿਲਮ ਜਗਤ ਤੋਂ ਕਈ ਹੋਰ ਲੋਕ ਉਸ ਵੱਲ ਆਕਰਸ਼ਿਤ ਹੋ ਗਏ ਸਨ। ਮੈਂ ਮਹਿਸੂਸ ਕੀਤਾ ਉਹ ਗਲਤ ਦੇਸ਼ ਵਿਚ ਸੀ। ਉਸ ਨੂੰ ਅਮਰੀਕਾ ਵਿਚ ਹੋਣਾ ਚਾਹੀਦਾ ਸੀ। ਅਮਰੀਕਾ ਰਹਿ ਰਿਹਾ ਹੁੰਦਾ ਤਾਂ ਅਮਰੀਕੀ ਚੇਲਿਆਂ ਦਾ ਟੋਲਾ ਲੈ ਕੇ ਆਇਆ ਹੁੰਦਾ। ਮੈਨੂੰ ਉਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਜਿਗਿਆਸਾ ਹੋਈ। ਇਥੋਂ ਤਕ ਕਿ ਮੈਂ ਉਸ ਦੀਆਂ ਕੁਝ ਪੁਸਤਕਾਂ ਵੀ ਖਰੀਦ ਲਈਆਂ। ਉਸ ਦੀ ਪੁਸਤਕ 'ਮੈਡੀਟੇਸ਼ਨ ਐਕਸਪੈਰੀਮੈਂਟ' ਵਿਚ ਮੈਂ ਜੋ ਪੜ੍ਹਿਆ ਉਹ ਨਿਮਨਲਿਖਿਤ ਹੈ:

ਪਹਿਲਾ ਪੜਾਅ: ਤੇਜ਼-ਤੇਜ਼ ਸਾਹ ਲਵੋ। ਅੱਖਾਂ ਬੰਦ ਕਰ ਕੇ ਆਰਾਮ ਨਾਲ ਖਲੋ ਜਾਵੋ। ਜਿੰਨਾ ਸੰਭਵ ਹੋਵੇ, ਨੱਕ ਰਾਹੀਂ ਸਾਹ ਖਿੱਚੋ। ਦਸ ਮਿੰਟ ਇਸੇ ਤਰ੍ਹਾਂ ਸਾਹ ਲੈਂਦੇ ਰਹੋ...।

ਦੂਜਾ ਪੜਾਅ: ਸਰੀਰ ਅਤੇ ਮਨ ਦੀ ਪ੍ਰਤੀਕ੍ਰਿਆ ਨਾਲ ਸਹਿਯੋਗ ਕਰੋ, ਇਸ ਨੂੰ ਚੱਲਣ ਦੇਵੋ—ਦਸ ਮਿੰਟ।

ਤੇਜ਼-ਤੇਜ਼ ਡੂੰਘਾ ਸਾਹ ਲੈਣਾ ਆਪਣੇ-ਆਪ ਜਾਰੀ ਰਹੇਗਾ। ਇਸ ਦੌਰਾਨ ਸਰੀਰ ਅਤੇ ਦਿਮਾਗ਼ ਵਿਚ ਹਿਲ-ਜੁਲ ਆਰੰਭ ਹੋ ਜਾਵੇਗੀ। ਪ੍ਰਤੀਕਿਰਿਆ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਨਹੀਂ ਕਰਨੀ। ਸਰੀਰ ਨੂੰ ਪੂਰਨਭਾਂਤ ਸਹਿਯੋਗ ਦੇਣਾ ਹੈ। ਹਿਲਜੁਲ ਕਈ ਪ੍ਰਕਾਰ ਦੇ ਰੂਪ ਧਾਰਨ ਕਰੇਗੀ। ਰੂਪਾਂ ਨੂੰ ਦਬਾਉਣਾ ਨਹੀਂ। ਜੋ ਹੋ ਰਿਹਾ ਹੈ, ਉਸ ਨੂੰ ਹੁੰਦੇ ਰਹਿਣ ਦੇਣਾ ਹੈ। ਛਾਲਾਂ ਮਾਰੋ, ਨੱਚੋ, ਰੋਵੋ, ਚੀਕਾਂ ਮਾਰੋ, ਹੱਸੋ, ਜਿਵੇਂ ਜੀਅ ਕਰੇ ਕਰੋ। ਅੰਦਰ ਭਰਿਆ ਸਾਰਾ ਪਾਗਲਪਨ ਬਾਹਰ ਕੱਢ ਦੇਵੋ। ਜੋ ਕੁਝ ਪੂਰਨ ਭਾਂਤ ਮਹਿਸੂਸ ਹੋ ਰਿਹਾ ਹੈ, ਉਹ ਬਿਆਨ ਕਰੋ। ਸਰੀਰ ਆਪਣੇ ਰਾਹ ਤੁਰ ਰਿਹਾ ਹੋਵੇਗਾ, ਉਸ ਵਿਚ ਦਖ਼ਲ ਨਾ ਦੇਵੋ। ਇਸ ਕਿਰਿਆ ਨੂੰ ਦ੍ਰਿਸ਼ਟਾ ਭਾਵ ਨਾਲ ਵੇਖਦੇ ਰਹੋ...।

ਤੀਜਾ ਪੜਾਅ: ਦਸ ਮਿੰਟ ਉੱਚੀ-ਉੱਚੀ ਹੂ-ਹੂ ਕਰੋ। ਅੰਦਰ ਚੱਕ-ਥੱਲ ਮੱਚੀ ਹੋਵੇਗੀ। ਆਪਣੇ ਮਾਨਸਿਕ ਕੇਂਦਰ 'ਤੇ ਹੂ-ਹੂ-ਹੂ ਦਾ ਵਾਰ ਕਰੋ। ਹੁਣ ਤੁਸੀਂ ਸ਼ਕਤੀ ਦਾ ਬੇਥਾਹ ਪ੍ਰਵਾਹ ਬਣ ਚੁੱਕੇ ਹੋਵੋਗੇ। ਤੁਹਾਡੀ ਜੀਵਨ ਸ਼ਕਤੀ ਉਤਾਂਹ ਵੱਲ ਉੱਠੇਗੀ। ਤੁਹਾਡੀ ਚੇਤਨਾ ਨੂੰ ਸ਼ਕਤੀ ਦੀ ਟੀਸੀ ਤਕ ਲੈ ਜਾਵੇਗੀ।

ਚੌਥਾ ਪੜਾਅ: ਦਸ ਮਿੰਟਾਂ ਲਈ ਡੂੰਘਾ ਵਿਸ਼ਰਾਮ। ਕੋਈ ਹਰਕਤ ਨਹੀਂ। ਸਿਰਫ ਚੁੱਪ ਅਤੇ ਉਡੀਕ। ਮੁਰਦੇ ਵਾਂਗ ਹੋ ਜਾਵੋ। ਸਰੀਰ ਅਤੇ ਦਿਮਾਗ਼ ਨੂੰ ਆਪਣੇ ਤੋਂ ਵੱਖ ਕਰ ਦੇਵੋ।

ਸਰੀਰ ਭਖ ਚੁੱਕਾ ਹੈ। ਹਰ ਤਰ੍ਹਾਂ ਦਾ ਜ਼ਿਹਨੀ ਦਬਾਉ ਹੰਭ ਚੁੱਕਾ ਹੈ। ਬੈਠ ਸਕਦੇ ਜਾਂ ਲੰਮੇ ਪੈ ਸਕਦੇ ਹੋ ਪਰ ਪੂਰਨ ਭਾਂਤ ਸ਼ਾਂਤ ਰਹਿਣਾ ਹੈ। ਖਾਲੀ ਹੋਣਾ ਹੈ। ਸਭ ਕੁਝ ਛੱਡ ਦੇਵੋ। ਜਿਸ ਹਾਲਤ ਵਿਚ ਹੋ, ਉਸੇ ਵਿਚ ਰਹੋ। ਇਹ ਪਲ ਵਿਸ਼ਰਾਮ ਦਾ ਪਲ ਹੈ। ਨਾ ਸਾਹ ਦਾ ਪਤਾ ਹੈ, ਨਾ ਸਰੀਰ ਦਾ। ਕੇਵਲ ਸ਼ਾਂਤੀ ਹੈ।

ਉਹ ਅਧਿਆਤਮਿਕ ਕੈਂਪ ਲਾਉਂਦਾ ਸੀ ਜਿਨ੍ਹਾਂ ਵਿਚ ਨੱਚਦੇ-ਗਾਉਂਦੇ ਉਸਦੇ ਸ਼ਰਧਾਲੂ ਭਾਵ-ਵਿਭੋਰ ਹੋ ਕੇ ਸੂਫ਼ੀਆਂ ਦਾ ਨੱਚਣਾ ਯਾਦ ਕਰਾਉਂਦੇ ਸਨ। ਅਸਲ ਵਿਚ ਉਹ ਅਕਸਰ ਮੁੱਲਾਂ ਨਸਰੂਦੀਨ ਦੇ ਕਿੱਸੇ ਵੀ ਸੁਣਾਉਂਦਾ ਸੀ ਅਤੇ ਆਪਣੇ ਪ੍ਰਵਚਨਾਂ ਵਿਚ ਸੂਫ਼ੀਆਂ ਦੇ ਕਥਨਾਂ ਦਾ ਹਵਾਲਾ ਵੀ ਦਿੰਦਾ ਸੀ। ਨਿਰਸੰਦੇਹ ਉਹ ਵਿਦਵਾਨ ਸੀ। ਅਜੇ ਤਕ ਉਸਨੇ ਸਿੱਧੇ ਤੌਰ 'ਤੇ ਅਸਲੀ ਕਮਿਊਨਿਸਟਾਂ ਜਾਂ ਅਸਲੀ ਸਾਮਰਾਜਵਾਦੀਆਂ ਦਾ ਵਿਰੋਧ ਨਹੀਂ ਕੀਤਾ ਸੀ। ਉਸਦੇ ਪ੍ਰਵਚਨ ਵੇਦਾਂਤ, ਭਗਵਤ ਗੀਤਾ, ਸੂਫ਼ੀਆਂ ਦੀ ਸਿੱਖਿਆ ਅਤੇ ਈਸਾ ਦੀਆਂ ਵਸੀਅਤਾਂ ਦਾ ਮਿਲਗੋਭਾ ਸਭ ਪਰ ਉਨ੍ਹਾਂ ਦੀ ਮਾਨਵਤਾ ਅਤੇ ਦਿਆਲੁਤਾ ਪ੍ਰਵਚਨਾਂ ਵਿਚ ਸ਼ਾਮਿਲ ਨਹੀਂ ਹੁੰਦੀ ਸੀ। ਤਾਂ ਵੀ, ਪ੍ਰਵਚਨਾਂ ਵਿਚ ਹਰ ਕਿਸੇ ਲਈ ਕੁਝ ਨਾ ਕੁਝ ਹੁੰਦਾ ਸੀ। ਇਸ ਤੋਂ ਛੁੱਟ ਤਾਂਤਰਿਕ ਖਰਮਸਤੀਆਂ ਵਿਚ ਸ਼ਾਮਿਲ ਹੋਣ ਦੀ ਖੁੱਲ੍ਹ ਸੀ, ਜਿਨ੍ਹਾਂ ਰਾਹੀਂ ਉਸਦੇ ਚੇਲੇ-ਚੇਲੀਆਂ ਆਪਣੇ ਆਪ ਨੂੰ ਭਜਨ, ਚੀਕ-ਚਿੰਘਾੜੇ, ਠਹਾਕੇ, ਰੋਣ-ਧੋਣ ਵਿਚ ਡਬੋ ਲੈਂਦੇ ਸਨ। ਇਸਨੂੰ ਉਹ ਇਨਸਾਨ ਦੇ ਅੰਦਰ ਦੀ ਘੁਟਣ ਦਾ ਬਾਹਰੀ ਰੂਪ ਆਖਦਾ ਸੀ।



ਅਮਰੀਕੀ ਸਟੇਟ ਕੈਲੀਫੋਰਨੀਆ ਦੇ ਸਾਂਤਾ ਬਾਰਬਰਾ ਬੀਚ ਦੀ ਇਕ ਝਲਕ।

ਫਿਰ ਉਸ ਨੇ ਆਪਣੇ ਨੂੰ ਭਗਵਾਨ ਸ੍ਰੀ ਰਜਨੀਸ਼ ਆਖਣਾ ਆਰੰਭ ਕਰ ਦਿੱਤਾ। ਹੁਣ ਉਸ ਨੇ ਪੂਨਾ ਵਿਚ ਕੁਲੀਨ ਬਸਤੀ ਵਿਚ ਆਪਣਾ ਕੇਂਦਰ ਸਥਾਪਿਤ ਕਰ ਲਿਆ ਹੈ।

ਉਸ ਦੇ ਆਸ਼ਰਮ ਨਾਲ ਵਿਦੇਸ਼ੀ ਹਿੱਪੀ ਜੁੜੇ ਹੋਏ ਹਨ। ਇਕ ਜਾਪਾਨੀ ਕੁੜੀ ਨੇ ਉਸ 'ਤੇ ਕੁਝ ਭੜਕਾਊ ਇਲਜ਼ਾਮ ਵੀ ਲਾਏ ਹਨ। ਇਕ ਇਲਜ਼ਾਮ ਇਹ ਹੈ ਕਿ ਉਹ ਕਾਲਾ ਜਾਦੂ ਜਾਂ ਤਾਂਤਰਿਕ ਹੱਥਕੰਡਿਆਂ ਨਾਲ ਵਰਗਲਾਉਂਦਾ ਹੈ। ਮੈਂ ਆਪ ਉਹ ਚਿੱਠੀ ਵੇਖੀ ਹੈ ਜਿਹੜੀ ਉਸਨੇ ਆਸ਼ਰਮ ਵਿਚ ਬਣੇ ਦੋਸਤ ਨੂੰ ਲਿਖੀ ਸੀ। ਸੁਣਦੇ ਹਾਂ ਕਿ ਉਸ ਦੇ ਕੁਝ ਚੇਲੇ (ਉਹ ਆਪ ਵੀ) ਨਸ਼ੇ ਦੇ ਗ਼ੈਰ-ਕਾਨੂੰਨੀ ਵਪਾਰ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤੇ ਗਏ ਸਨ। ਉਸ ਦੇ ਯੋਗ ਦਾ ਇਕ ਤਾਂਤਰਿਕ ਪੱਖ ਵੀ ਹੈ ਜਿਸ ਕਾਰਨ ਫ਼ਿਲਮ ਦੇ ਲੋਕ ਉਸ ਵੱਲ ਆਕਰਸ਼ਿਤ ਹੁੰਦੇ ਹਨ। ਫ਼ਿਲਮੀ ਲੋਕਾਂ ਨੂੰ ਅਜੂਬਿਆਂ ਨਾਲ ਪਿਆਰ ਹੁੰਦਾ। ਹੈ। ਕਈ ਫ਼ਿਲਮੀ ਸਿਤਾਰੇ ਕੇਸਰੀ ਕੱਪੜੇ ਪਹਿਨ ਰਹੇ ਹਨ ਅਤੇ ਉਸ ਦੀ ਫੋਟੋ ਵਾਲਾ ਲਾਕਟ ਗਲ 'ਚ ਪਾਈ ਫਿਰਦੇ ਨੇ। ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਦੀਆਂ ਫ਼ਿਲਮਾਂ ਦਾ ਵਿਸ਼ਾ ਅਧਿਆਤਮ ਹੋਵੇ। ਇਹ ਤਾਂ ਅਸਲ ਵਿਚ ਉਨ੍ਹਾਂ ਨੂੰ ਉਹੋ ਜਿਹੀਆਂ ਫ਼ਿਲਮਾਂ ਬਣਾਉਣ ਦੀ ਛੋਟ ਦਿੰਦਾ ਹੈ, ਜਿਹੋ ਜਿਹੀਆਂ ਉਹ ਬਣਾ ਰਹੇ ਹਨ। ਭਾਰਤ ਦੇ ਅੰਦਰ ਵੀ ਤੇ ਬਾਹਰ ਵੀ ਯੋਗੀ, ਆਚਾਰੀਆ ਖੁੰਭਾਂ ਵਾਂਗ ਉੱਗ ਰਹੇ ਹਨ।

ਇਕ ਹੋਰ ਬਾਬਾ ਜੀ ਹਨ ਵੱਜਰੇਸ਼ਵਰੀ ਆਸ਼ਰਮ ਦੇ ਮੁਕਤਾਨੰਦ। ਆਪਣੇ ਦੋਸਤ ਇੰਦਰ ਰਾਜ ਆਨੰਦ ਦੇ ਘਰ ਇਕ ਵਾਰੀ ਮੈ ਉਸ ਨੂੰ ਮਿਲਿਆ ਸੀ। ਰਾਤ ਦਾ ਅੰਤਿਮ ਪਹਿਰ ਸੀ। ਇੰਦਰ ਨੇ ਮਿਠਾਈ ਅਤੇ ਫਲਾਂ ਦੇ ਭਰੇ ਟੋਕਰੇ ਰੱਖੇ ਹੋਏ ਸਨ। ਬਾਬੇ ਨੇ ਉਨ੍ਹਾਂ ਨੂੰ ਹੱਥ ਲਾਇਆ ਤਾਂ ਪ੍ਰਸ਼ਾਦ ਬਣ ਗਿਆ। ਹਰ ਕੋਈ ਮੱਥਾ ਟੇਕ ਰਿਹਾ ਸੀ। ਇਕ ਮੈਂ ਹੀ ਸੀ ਜਿਸਨੇ ਉਸਨੂੰ ਆਮ ਜਿਹੀ ਨਮਸਤੇ ਕੀਤੀ, ਸਗੋਂ ਉਸ ਨਾਲ ਹੱਥ ਵੀ ਮਿਲਾਇਆ ਸੀ। ਮੈਨੂੰ ਕਿਸੇ ਪ੍ਰਕਾਰ ਦੀ ਕੋਈ ਅਲੌਕਿਕ ਤਰੰਗ ਮਹਿਸੂਸ ਨਹੀਂ ਹੋਈ ਸੀ। ਹਾਂ ਉਸਦੀ ਸਾਦਗੀ ਅਤੇ ਨਿਰਮਾਣਤਾ ਤੋਂ ਮੈਂ ਜ਼ਰੂਰ ਪ੍ਰਭਾਵਿਤ ਹੋਇਆ ਸੀ।

ਇਕ ਵਾਰੀ ਇੰਦਰ ਧੱਕੇ ਨਾਲ ਮੈਨੂੰ ਉਸ ਦੇ ਆਸ਼ਰਮ ਲੈ ਗਿਆ ਸੀ। ਉਥੇ ਮੈਨੂੰ ਬਾਬੇ ਦੀਆਂ ਫ਼ਿਲਮੀ ਸਿਤਾਰਿਆਂ ਅਤੇ ਬੇਈਮਾਨ ਸਿਆਸਤਦਾਨਾਂ ਨਾਲ ਫੋਟੋਆਂ ਨਜ਼ਰ ਆਈਆਂ। ਮੈਨੂੰ ਬਾਬੇ ਦੇ ਉਨ੍ਹਾਂ ਨਾਲ ਫੋਟੋਆਂ ਖਿਚਵਾਉਣ 'ਤੇ ਏਨਾ ਅਫ਼ਸੋਸ ਨਹੀਂ ਹੋਇਆ, ਜਿੰਨਾ ਉਨ੍ਹਾਂ ਦੀ ਚਾਤਰੀ 'ਤੇ ਹੋਇਆ ਸੀ ਕਿ ਉਹ ਪਵਿੱਤਰ ਅਸਥਾਨਾਂ ਦਾ ਵੀ ਸ਼ੋਸ਼ਣ ਕਰ ਸਕਦੇ ਸਨ। ਹਰ ਰੋਜ਼ ਕੋਈ ਇਕ ਪੂੰਜੀਪਤੀ ਉਥੇ ਹਾਜ਼ਰੀ ਦੇਣ ਵਾਲੇ ਲੋਕਾਂ ਦੇ ਲੰਗਰ ਦਾ ਖ਼ਰਚਾ ਵੀ ਸਹਿਣ ਕਰਦਾ ਸੀ। ਲੰਗਰ ਵੈਸ਼ਨੋ ਭੋਜਨ ਦਾ ਹੁੰਦਾ ਸੀ।

ਇਕ ਫ਼ਿਲਮੀ ਸਿਤਾਰਾ ਉਤਾਰ 'ਤੇ ਸੀ। ਬਾਬੇ ਦੇ ਦਰਸ਼ਨ ਕਰਨ ਮਗਰੋਂ ਉਸਦੀ ਕਿਸਮਤ ਚਮਕ ਪਈ ਸੀ। ਇਹ ਗੱਲ ਸਫ਼ਲਤਾ ਦੀ ਕੁੰਜੀ ਬਣ ਗਈ ਸੀ। ਜਿਸ ਕਿਸੇ ਨੂੰ ਵੀ ਆਪਣੀ ਫ਼ਿਲਮ ਦੀ ਸਫ਼ਲਤਾ ਦੀ ਕਾਮਨਾ ਹੁੰਦੀ ਸੀ, ਉਹ ਬਾਬੇ ਦੇ ਆਸ਼ਰਮ ਜਾ ਕੇ ਫ਼ਿਲਮ ਦਾ ਮਹੂਰਤ ਕਰਦਾ ਸੀ। ਬਾਬੇ ਦੀ ਫੋਟੋ ਅਤੇ ਫੋਟੋ ਵਾਲੇ ਲਾਕਟ ਵੀ ਫ਼ਿਲਮ ਜਗਤ ਵਿਚ ਬਹੁਤ ਲੋਕਪ੍ਰਿਯ ਹੋ ਗਏ ਸਨ। ਹਰ ਕਿਸੇ ਦੇ ਗਲ ਵਿਚ ਲਾਕਟ ਹੁੰਦਾ ਸੀ, ਉਹ ਸਮਾਜਵਾਦ ਵਿਰੋਧੀ ਆਚਾਰੀਆ ਦਾ ਹੋਵੇ ਜਾਂ ਬਾਬਾ ਮੁਕਤਾਨੰਦ ਦਾ। ਵਿਸ਼ਵਾਸ ਅਤੇ ਵਹਿਮ- ਭਰਮ ਫ਼ਿਲਮ ਜਗਤ ਉੱਪਰ ਹਮੇਸ਼ਾ ਭਾਰੂ ਰਹੇ ਹਨ। ਮੈਨੂੰ ਤਾਂ ਨਜ਼ਰ ਨਹੀਂ ਆਇਆ, ਲੋਕੀਂ ਦੱਸਦੇ ਹਨ ਕਿ ਬਾਬੇ ਦੇ ਆਲੇ-ਦੁਆਲੇ ਪ੍ਰਭਾਮੰਡਲ ਵਿਖਾਈ ਦਿੰਦਾ ਹੈ। ਉਹ ਵਿਦਵਾਨ ਨਹੀਂ ਸੀ ਪਰ ਹਿੰਦੀ ਜਾਂ ਕੰਨੜ ਵਿਚ ਕਿਸੇ ਵੀ ਵਿਸ਼ੇ 'ਤੇ ਭਾਸ਼ਣ ਦੇ ਸਕਦਾ ਸੀ। ਆਸ਼ਰਮ ਨੇ ਇਕ ਹਾਥੀ ਵੀ ਪਾਲ ਰੱਖਿਆ ਸੀ। ਆਸ਼ਰਮ ਰੁਮਾਂਚਕ ਕੇਂਦਰ ਦੇ ਤੌਰ 'ਤੇ ਘੱਟ, ਨੇਕ ਬੰਦਿਆਂ ਦੀ ਬਸਤੀ ਵਾਂਗ ਵੱਧ ਚਲਾਇਆ ਜਾ ਰਿਹਾ ਸੀ। ਲੋਕੀਂ ਉਥੇ ਧਿਆਨ ਕਰਨ ਲਈ ਜਾਂਦੇ ਸਨ। ਬਾਬਾ ਜੀ ਮੌਜੂਦ ਹੋਣ, ਨਾ ਹੋਣ, ਉਨ੍ਹਾਂ ਨੂੰ ਉਥੇ ਸ਼ਾਂਤੀ ਮਿਲਦੀ ਸੀ। ਅਮੀਰ ਲੋਕ ਹੀ ਵਿਸ਼ੇਸ਼ ਤੌਰ 'ਤੇ ਆਸ਼ਰਮ ਵੱਲ ਖਿੱਚੇ ਜਾਂਦੇ ਸਨ ? ਇਹ ਇਕ ਹੋਰ ਸਵਾਲ ਸੀ ਜਿਹੜਾ ਮੈਂ ਪੁੱਛਣਾ ਚਾਹੁੰਦਾ ਹਾਂ।

ਭਿਵੰਡੀ ਵਾਲੇ ਬਾਬੇ ਦਾ ਆਸ਼ਰਮ ਕੁਝ ਮੀਲਾਂ ਦੀ ਵਿੱਥ 'ਤੇ ਸੀ। ਜਦੋਂ ਭਿਵੰਡੀ ਸੰਪ੍ਰਦਾਇਕ ਦੰਗਿਆਂ ਦੀ ਅੱਗ ਵਿਚ ਬਲ ਰਿਹਾ ਸੀ ਅਤੇ ਜ਼ਿਆਦਾਤਰ ਘੱਟ-ਗਿਣਤੀ ਵਰਗ ਦੇ ਲੋਕ ਉਸਦਾ ਸ਼ਿਕਾਰ ਹੋ ਰਹੇ ਸਨ, ਉਦੋਂ ਸ਼ਾਂਤੀ ਸਥਾਪਿਤ ਕਰਨ ਵਾਲੇ ਬਾਬੇ ਨੇ ਆਪਣੇ ਅਧਿਆਤਮਿਕ ਪ੍ਰਭਾਵ ਦੀ ਵਰਤੋਂ ਕਿਉਂ ਨਹੀਂ ਕੀਤੀ ? ਉਸ ਵੇਲੇ ਸਭ ਤੋਂ ਵੱਧ ਜ਼ਰੂਰੀ ਸੀ, ਧਨਾਢਾਂ ਦੀਆਂ ਕੁੰਡਲਨੀਆਂ ਜਗਾਉਣੀਆਂ ਜਾਂ ਭਿਵੰਡੀ ਦੇ ਗਰੀਬ ਲੋਕਾਂ ਦੇ ਦਿਲਾਂ ਵਿਚ ਉੱਠ ਰਹੇ ਸੰਪ੍ਰਦਾਇਕਤਾ ਦੇ ਸੱਪ ਦੀ ਸਿਰੀ ਮਿੱਧਣਾ ? ਮੈਨੂੰ ਇਨ੍ਹਾਂ ਦੋ ਸਵਾਲਾਂ ਦਾ ਜਵਾਬ ਮਿਲ ਜਾਵੇ ਤਾਂ ਮੈਂ ਉਨ੍ਹਾਂ ਸਾਰੇ ਅਖੌਤੀ ਸੰਤਾਂ, ਆਚਾਰੀਆਂ ਨੂੰ ਮੱਥਾ ਟੇਕ ਦੇਵਾਂਗਾ, ਜਿਹੜੇ ਸ਼ਾਇਦ ਸੀ.ਆਈ.ਏ. ਦੇ ਏਜੰਟਾਂ ਨੂੰ ਅਧਿਆਤਮਿਕ ਸ਼ਰਨ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਵਿਚੋਂ ਮੁਕਤਾਨੰਦ ਹੀ ਅਜਿਹਾ ਬਾਬਾ ਸੀ, ਜਿਹੜਾ ਆਦਿਵਾਸੀਆਂ ਦੀ ਭਲਾਈ ਲਈ ਕੰਮ ਕਰ ਰਿਹਾ ਸੀ। ਉਸਨੇ ਸ਼ਰਧਾਲੂਆਂ ਵੱਲੋਂ ਦਿੱਤੇ ਦਾਨ ਦੇ ਧਨ ਨਾਲ ਇਕ ਸਕੂਲ ਖੋਲ੍ਹਿਆ ਸੀ, ਆਦਿ- ਵਾਸੀਆਂ ਨੂੰ ਕੰਬਲ ਵੰਡੇ ਸਨ। ਜਿੰਨਿਆਂ ਕੁ ਨੂੰ ਮੈਂ ਜਾਣਦਾ ਸੀ, ਉਨ੍ਹਾਂ ਵਿਚੋਂ ਇਹੋ ਇਕ ਅਜਿਹਾ ਬਾਬਾ ਸੀ, ਜਿਹੜਾ ਕੇਵਲ ਨੇਕੀ ਨੂੰ ਬੜ੍ਹਾਵਾ ਦੇ ਰਿਹਾ ਸੀ ਪਰ ਉਪਰੋਕਤ ਦੋਵੇਂ ਸਵਾਲ ਮੇਰੀ ਹਿੱਕ ਵਿਚ ਸੂਲਾਂ ਵਾਂਗ ਚੁਭ ਰਹੇ ਸਨ। ਇੰਦਰ ਦੱਸ ਰਿਹਾ ਸੀ ਕਿ ਬਾਬਾ ਹਰ ਵਾਰੀ ਮੇਰੇ ਬਾਰੇ ਪੁੱਛਦੇ ਹਨ। ਮੈਂ ਉਸਤੋਂ ਇਨਕਾਰੀ ਨਹੀਂ ਸੀ। ਉਸਦਾ ਸ਼ਰਧਾਲੂ ਬਣ ਗਿਆ ਹੁੰਦਾ ਤਾਂ ਸ਼ਾਇਦ ਇਹ ਉਸਦੀ ਸਭ ਤੋਂ ਵੱਡੀ ਉਪਲੱਬਧੀ ਹੋਣੀ ਸੀ। ਪਰ ਬਾਬੇ ਨੂੰ ਮੇਰੇ ਦੁਆਲੇ ਅਧਿਆਤਮ ਅਤੇ ਮਾਨਵਤਾ ਦੀਆਂ ਤਰੰਗਾਂ ਵਿਖਾਈ ਦੇ ਰਹੀਆਂ ਸਨ। ਇਕ ਵਾਰੀ ਉਸਨੇ ਆਖਿਆ ਸੀ, "ਮੇਰੀ ਗੱਲ ਲੜ ਬੰਨ੍ਹ ਲੈ। ਕਿਸੇ ਦਿਨ ਬਹੁਤ ਵੱਡਾ ਸੰਤ ਬਣੇਗਾ। ਇਸ ਭਲੇ ਆਦਮੀ ਨੂੰ ਮੈਂ ਆਪਣਾ ਲੰਗੋਟ ਤਾਂ ਨਹੀਂ ਦਿਆਂਗਾ ਪਰ ਇਹ ਉਸਨੂੰ ਛੱਡੇਗਾ ਵੀ ਨਹੀਂ। ਇਹ ਤਾਂ ਮੈਂ ਨਹੀਂ ਕਹਾਂਗਾ ਕਿ ਇਹ ਸੁਣ ਕੇ ਮੈਨੂੰ ਖੁਸ਼ਫ਼ਹਿਮੀ ਨਹੀਂ ਹੋਈ ਸੀ।

ਇਸ ਸਮੇਂ ਬਾਬਾ ਅਮਰੀਕਾ ਵਿਚ ਹੈ। ਇਕ ਸਾਲ ਤੋਂ ਉਥੇ ਹੀ ਹੈ। ਕੈਲੀਫੋਰਨੀਆ ਦੇ ਕਲੀਵ ਲੈਂਡ 'ਤੇ ਉਸਨੇ ਆਪਣਾ ਆਸ਼ਰਮ ਬਣਾਇਆ ਹੈ। ਉਸ ਬਾਰੇ ਕਈ ਚਮਤਕਾਰਕ ਕਹਾਣੀਆਂ ਚਲ ਰਹੀਆਂ ਹਨ। ਬਾਬੇ ਨੇ ਕਿਸੇ ਕੈਂਸਰ ਦੇ ਮਰੀਜ਼ ਨੂੰ ਜੀਭ ਨਾਲ ਗਊ ਦਾ ਜ਼ਖ਼ਮ ਚੱਟਣ ਲਈ ਆਖਿਆ ਸੀ ਤਾਂ ਉਹ ਬੰਬਈਆ ਠੀਕ ਹੋ ਗਿਆ ਸੀ। ਬਾਬੇ ਨੂੰ ਪ੍ਰਸਿੱਧ ਵਿਦਵਾਨਾਂ ਦਾ ਇੰਦਰਧਨੁਸ਼ ਇੰਟਰਵਿਊ ਕਰ ਚੁੱਕਾ ਸੀ। ਇਨ੍ਹਾਂ ਵਿਚ ਐਲਨ ਜਿਨਸਬਰਗ, ਖ਼ਲਾਬਾਜ਼ ਅਤੇ 'ਸਾਈਟਿਕ ਟਾਈਮਜ਼' ਦਾ ਸੰਪਾਦਨ ਸ਼ਾਮਿਲ ਸਨ। ਆਸ ਕਰਦਾ ਹਾਂ ਕਿ ਉਹ ਯੋਗ ਵਪਾਰ ਦੇ ਜਾਲ ਵਿਚ ਨਹੀਂ ਫਸਿਆ।

ਬਾਬਾ ਆਖਦਾ ਹੈ ਉਹ ਕਿਸੇ ਧਰਮ ਨੂੰ ਨਹੀਂ ਮੰਨਦਾ ਪਰ ਤਾਂ ਵੀ ਉਸਦੇ ਆਸ਼ਰਮ ਵਿਚ ਸਾਰੀਆਂ ਹਿੰਦੂ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ। ਇਸਦਾ ਕੀ ਅਰਥ ਹੈ ? ਸ਼ਾਇਦ ਇਹ ਕਿ ਉਹ ਭਗਤ ਕਬੀਰ ਵਾਂਗ ਸਰਵ- ਲੌਕਿਕ ਹੈ। ਇਕ ਵਾਰੀ ਮੇਰੀ ਵੱਡੀ ਭੈਣ ਉਸਦੇ ਆਸ਼ਰਮ ਗਈ ਸੀ। ਨਮਾਜ਼ ਦਾ ਵੇਲਾ ਹੋਇਆ ਤਾਂ ਉਸਨੇ ਪੁੱਛਿਆ ਕਿ ਮੈਂ ਨਮਾਜ਼ ਕਿੱਥੇ ਪੜ੍ਹ ਸਕਦੀ ਹਾਂ ? ਬਾਬੇ ਨੇ ਤੁਰੰਤ ਉਸਨੂੰ ਤਲ-ਘਰ ਵਿਚ ਭੇਜ ਦਿੱਤਾ। ਉਸਨੇ ਉਥੇ ਨਮਾਜ਼ ਪੜ੍ਹੀ ਤਾਂ ਉਸਨੂੰ ਖ਼ੁਦਾ ਦੀ ਮੌਜੂਦਗੀ ਦਾ ਅਹਿਸਾਸ ਹੋਇਆ ਸੀ।

**ਬਾਬਾ ਆਖਦਾ ਹੈ ਉਹ ਕਿਸੇ ਧਰਮ ਨੂੰ ਨਹੀਂ ਮੰਨਦਾ ਪਰ ਤਾਂ ਵੀ ਉਸਦੇ ਆਸ਼ਰਮ ਵਿਚ ਸਾਰੀਆਂ ਹਿੰਦੂ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ। ਇਸ ਦਾ ਕੀ ਅਰਥ ਹੈ ? ਸ਼ਾਇਦ ਇਹ ਕਿ ਉਹ ਭਗਤ ਕਬੀਰ ਵਾਂਗ ਸਰਵ-ਲੌਕਿਕ ਹੈ। ਇਕ ਵਾਰੀ ਮੇਰੀ ਵੱਡੀ ਭੈਣ ਉਸ ਦੇ ਆਸ਼ਰਮ ਗਈ ਸੀ। ਨਮਾਜ਼ ਦਾ ਵੇਲਾ ਹੋਇਆ ਤਾਂ ਉਸ ਨੇ ਪੁੱਛਿਆ ਕਿ ਮੈਂ ਨਮਾਜ਼ ਕਿੱਥੇ ਪੜ੍ਹ ਸਕਦੀ ਹਾਂ? ਬਾਬੇ ਨੇ ਤੁਰੰਤ ਉਸ ਨੂੰ ਤਲ-ਘਰ ਵਿਚ ਭੇਜ ਦਿੱਤਾ। ਉਸ ਨੇ ਉਥੇ ਨਮਾਜ਼ ਪੜ੍ਹੀ ਤਾਂ ਉਸ ਨੂੰ ਖ਼ੁਦਾ ਦੀ ਮੌਜੂਦਗੀ ਦਾ ਅਹਿਸਾਸ ਹੋਇਆ ਸੀ।**

ਅਮੀਰ ਲੋਕ ਹੀ ਉਸ ਵੱਲ ਕਿਉਂ ਖਿੱਚੇ ਜਾਂਦੇ ਹਨ ? ਉਹ ਉਸ ਤੋਂ ਕੀ ਮੰਗਦੇ ਹਨ ? ਹਰ ਪ੍ਰਕਾਰ ਦੇ ਧੰਨਾ ਸੇਠ, ਕੱਪੜਾ ਮਿਲਾਂ ਦੇ ਮਾਲਿਕ, ਫ਼ਿਲਮੀ ਸਿਤਾਰੇ, ਜਰਮਨ ਕਰੋੜਪਤੀ ਉਦਯੋਗ-ਮਾਲਿਕਾਂ ਸਮੇਤ ਦੇਸੀ-ਵਿਦੇਸ਼ੀ ਕਿਉਂ ਜਾਂਦੇ ਹਨ ਉਸ ਕੋਲ ? ਮੱਧ ਵਰਗ ਜਾਂ ਗਰੀਬ-ਗੁਰਬਾ ਉਸਦੇ ਕੋਲ ਕਿਉਂ ਨਹੀਂ ਜਾਂਦਾ ? ਸ਼ਾਇਦ ਇਨ੍ਹਾਂ ਦੀਆਂ ਰੂਹਾਂ ਅਮੀਰਾਂ ਦੀਆਂ ਰੂਹਾਂ ਵਾਂਗ ਪਰੇਸ਼ਾਨ ਨਹੀਂ ਹੁੰਦੀਆਂ।

ਸਾਹਿਤਕਾਰ ਹੋਣ ਦੇ ਨਾਤੇ ਮੈਂ ਬਾਬੇ ਦੇ ਇਕ ਚਮਤਕਾਰ ਨੂੰ ਬਹੁਤ ਮਹੱਤਵ ਦਿੰਦਾ ਹਾਂ। ਉਹ ਇਹ ਕਿ ਉਸਨੇ ਤਿੰਨ ਹਫ਼ਤੇ ਵਿਚ 241 ਪੰਨੇ ਦੀ ਕਿਤਾਬ ਲਿਖ ਮਾਰੀ ਸੀ। ਹਰ ਰੋਜ਼ ਛੇ-ਸੱਤ ਘੰਟੇ ਲਿਖਦਾ ਸੀ, ਮਹਾਂਬਲੇਸ਼ਵਰ ਦੇ ਠੰਢੇ ਸ਼ਾਂਤ ਮਾਹੌਲ ਵਿਚ ਬੈਠ ਕੇ। ਕਿਤਾਬ ਦਾ ਨਾਂਅ ਸੀ 'ਚਿਤਸ਼ਕਤੀ ਵਿਲਾਸ'। ਇਸਦਾ ਅੰਗਰੇਜ਼ੀ ਅਨੁਵਾਦ ਵੀ ਹੋਇਆ ਸੀ। ਇਹ ਇਕ ਪ੍ਰਕਾਰ ਦੀ ਆਤਮ- ਕਥਾ ਹੀ ਸੀ। ਇਸ ਉੱਪਰ ਹਸਤਾਖ਼ਰ ਦਰਜ ਸਨ (ਜਾਂ ਆਖੀਏ ਸਮਰਪਣ ਸੀ)—"ਤੁਹਾਡਾ ਆਪਣਾ, ਪੂਜਾ ਯੋਗ ਸੀ ਨਿੱਤਯਾਨੰਦ ਦਾ ਆਪਣਾ ਸਵਾਮੀ ਮੁਕਤਾਨੰਦ।" ਨਿੱਤਯਾਨੰਦ ਉਸਦਾ ਗੁਰੂ ਸੀ।

ਇਕ ਕਿਤਾਬ ਬਾਬਾ ਲਿਖਦਾ ਹੈ:

ਗੁਰੂਦੇਵ ਮੇਰੀ ਤੁਹਾਨੂੰ ਬੇਨਤੀ ਹੈ
ਸਭਨਾਂ ਦਾ ਜੀਵਨ ਸੁਰਗ ਬਣ ਜਾਵੇ
ਮੇਰੇ 'ਤੇ ਅਜਿਹੀ ਕ੍ਰਿਪਾ ਕਰੋ ਕਿ ਮੈਂ ਸਰਬੋਤਮ ਭਾਵ ਨਾਲ
ਤੁਹਾਡੀ ਸੇਵਾ ਕਰਾਂ
ਜ਼ਾਤ, ਵਰਗ, ਭਾਸ਼ਾ ਦੀਆਂ ਵੰਡੀਆਂ ਮੁੱਕ ਜਾਣ
ਮਨ ਨਿਰਮਲ ਹੋ ਜਾਵੇ
ਛੋਟ-ਵੱਡੇ, ਪਰੇਸ਼ਾਨ-ਲੋੜਵੰਦ, ਸਮਝਦਾਰ-ਨਾਸਮਝਦਾਰ ਸਭ ਅੰਦਰ
ਮੈਨੂੰ ਤੁਹਾਡੇ ਦਰਸ਼ਨ ਹੋਣ
ਦਿਲ 'ਤੇ ਬਖ਼ਸ਼ਿਸ਼ ਕਰੋ
ਹਉਮੈ ਤਿਆਗ ਕੇ ਸਾਦਗੀ ਅਤੇ ਦਿਆਲਤਾ ਅਪਣਾਵੇ
ਮੇਰਾ ਸਦਾ ਗਣੇਸ਼ਪੁਰੀ ਵਿਚ ਵਾਸ ਹੋਵੇ
ਮੈਨੂੰ ਕੌਮ, ਫ਼ਿਰਕਾ, ਜਾਤ-ਪਾਤ ਦੇ ਵਿਤਕਰੇ ਤੋਂ ਉੱਪਰ ਚੁੱਕ ਦੇਵੋ
ਮੇਰੀ ਦ੍ਰਿਸ਼ਟੀ ਨੂੰ ਸਮਭਾਵ ਬਖ਼ਸ਼ ਦੇਵੋ।

ਇਹ ਕਵਿਤਾ ਨਿਰਮਾਣਤਾ ਅਤੇ ਇਨਸਾਨ ਦੋਸਤੀ ਦੇ ਅਦੁੱਤੀ ਜਜ਼ਬੇ ਦੀ ਲਖਾਇਕ ਹੈ। ਇਸੇ ਜਜ਼ਬੇ ਪ੍ਰਤੀ ਬਾਬੇ ਨੇ ਆਪਣਾ ਜੀਵਨ ਸਮਰਪਿਤ ਕੀਤਾ ਹੋਇਆ ਹੈ। ਬਾਬਾ ਆਖਦਾ ਹੈ ਮੈਂ ਕੋਈ ਵਿਦਵਾਨ ਨਹੀਂ ਹਾਂ। ਛੁੱਟ ਆਪਣੀਆਂ ਹਿੰਦੀ, ਮਰਾਠੀ, ਕੰਨੜ ਤੋਂ ਕਿਸੇ ਹੋਰ ਭਾਸ਼ਾ ਵਿਚ ਪ੍ਰਵਚਨ ਨਹੀਂ ਦੇ ਸਕਦਾ। ਪਰ ਮਾਨਵਤਾ ਉਪਰ ਜੋ ਉਸਦਾ ਵਿਸ਼ਵਾਸ ਹੈ, ਉਹ ਕਿਸੇ ਵੀ ਵੱਡੇ ਤੋਂ ਵੱਡੇ ਵਿਦਵਾਨ ਨਾਲ ਟਾਕਰਾ ਲੈ ਸਕਦਾ ਹੈ।

ਉਹ ਅਧਿਆਤਮਿਕ ਗੁਣਾਂ ਦਾ ਧਾਰਨੀ ਹੋਵੇ ਜਾਂ ਨਾ ਹੋਵੇ, ਉਸਦਾ ਇਕ ਹੋਰ ਗੁਣ ਸਾਫ਼-ਸਫ਼ਾਈ ਰੱਖਣਾ ਹੈ। ਉਸਦਾ ਆਸ਼ਰਮ ਸਾਫ਼-ਸਫ਼ਾਈ ਦੀ ਮਿਸਾਲ ਹੈ, ਕੇਵਲ ਉਸੇ ਦੀ ਬਦੌਲਤ ਇਨਸਾਨ ਹੋਵੇ ਜਾਂ ਜਾਨਵਰ, ਫਲ ਹੋਵੇ ਜਾਂ ਫੁੱਲ, ਘਾਹ ਹੋਵੇ ਜਾਂ ਬਨਸਪਤੀ, ਉਸਨੂੰ ਕੁਦਰਤ ਦੀ ਬਣਾਈ ਹਰ ਚੀਜ਼ ਨਾਲ ਅੰਤਾਂ ਦਾ ਪਿਆਰ ਹੈ। ਸੱਤਰ ਵਰ੍ਹਿਆਂ ਤੋਂ ਵੱਧ ਉਮਰ ਦਾ ਬਾਬਾ ਸੱਠ ਵਰ੍ਹਿਆਂ ਦਾ ਨੌਜਵਾਨ ਨਜ਼ਰ ਆਉਂਦਾ ਹੈ ਅਤੇ ਉਸਦਾ ਸਰੀਰ ਲਹੂ ਦੀ ਪਵਿੱਤਰਤਾ ਨਾਲ ਰੋਸ਼ਨ ਹੈ। ਇਕ ਗਰਾਹੀ ਤੋਂ ਵੀ ਘੱਟ ਖਾਣ ਵਾਲੇ ਦਾ ਕਮਾਲ ਇਹ ਹੈ ਕਿ ਆਸ਼ਰਮ ਵਧੀਆ ਢੰਗ ਨਾਲ ਚੱਲ ਰਿਹਾ ਹੈ। ਐਤਵਾਰ ਅਤੇ ਤਿਓਹਾਰਾਂ 'ਤੇ ਆਉਣ ਵਾਲੇ ਸੈਂਕੜੇ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ। ਇਹ ਸਥਿਤੀ ਹੈ ਗਣੇਸ਼ਪੁਰੀ ਦੀ (ਮੈਂ ਉਥੇ ਗਿਆ ਵੀ ਸੀ) ਅਤੇ ਮੈਂ ਆਸ ਕਰਦਾ ਹਾਂ ਇਹੋ ਸਥਿਤੀ ਕਲੀਵ ਲੈਂਡ ਦੀ ਵੀ ਹੋਵੇਗੀ।

ਆਪਣੀ ਹਾਲ ਦੀ ਬਿਮਾਰੀ ਮਗਰੋਂ ਮੈਂ ਸਾਂਤਾ ਕਰੂਜ਼ (ਪੂਰਬੀ) ਦੇ ਯੋਗ ਕੇਂਦਰ ਵੀ ਗਿਆ ਸੀ ਤਾਂ ਉਥੇ ਸੁਣਿਆਂ ਸੀ ਕਿ ਬਜ਼ੁਰਗ ਬਾਬੇ ਦਾ ਨੌਜਵਾਨ ਪੁੱਤਰ ਆਸਟਰੇਲੀਆ ਵਿਚ ਅਜਿਹੀ ਵੱਡੀ ਜੇਲ੍ਹ ਨੇੜੇ ਰਹਿ ਰਿਹਾ ਸੀ ਜਿਸ ਵਿਚ ਹਰ ਕੈਦੀ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸੀ। ਇਹ ਕੈਦੀ ਬਲਾਤਕਾਰ, ਡਕੈਤੀ, ਹਿੰਸਾ ਜਿਹੇ ਜੁਰਮਾਂ ਵਿਚ ਇਥੇ ਆਏ ਸਨ। ਬਾਬੇ ਦੇ ਬੇਟੇ ਨੇ ਆਸਟਰੇਲੀਆ ਦੀ ਇਕ ਕੁੜੀ ਨਾਲ ਵਿਆਹ ਕਰਾ ਲਿਆ ਸੀ ਅਤੇ ਪਤੀ-ਪਤਨੀ ਮਿਲ ਕੇ ਇਨ੍ਹਾਂ ਕੈਦੀਆਂ ਦੀ ਨਜਾਤ ਲਈ ਯੋਗ ਸੈਂਟਰ ਚਲਾ ਰਹੇ ਸਨ। ਨਿਰਸੰਦੇਹ ਮੈਂ ਮੁਜਰਿਮਾਂ ਵਿਚ ਸਭ ਤੋਂ ਭੈੜਾ ਹਾਂ ਕਿਉਂਕਿ ਉਨ੍ਹਾਂ ਦਾ ਸੁਧਾਰ ਤਾਂ ਹੋ ਰਿਹਾ ਹੈ ਅਤੇ ਮੈਂ ਹਰ ਰੋਜ਼ ਯੋਗ ਦੀ ਦਵਾਈ ਲੈਣ ਦੇ ਬਾਵਜੂਦ ਬੇਚੈਨ ਵਿਚਾਰਾਂ ਦੀ ਕੈਦ ਵਿਚ ਹਾਂ।

# ਅਨੇਕਤਾ ਵਿਚ ਏਕਤਾ ਬਨਾਮ ਇੱਕ ਰਾਸ਼ਟਰ ਇੱਕ ਭਾਸ਼ਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਤਾਜ਼ਾ ਲੋਕ ਸਭਾ ਚੋਣਾਂ ਨੇ ਕੇਂਦਰ ਸਰਕਾਰ ਦੇ ਲੁਕਵੇਂ ਏਜੰਡੇ ਦੀ ਫੂਕ ਕੱਢ ਦਿੱਤੀ ਹੈ, ਖਾਸ ਕਰਕੇ ਭਾਜਪਾ ਦੀ। 400 ਸੀਟਾਂ ਦਾ ਸੁਫਨਾ ਲੈਣ ਵਾਲੀ ਭਾਜਪਾ ਨੂੰ ਕੇਵਲ 240 ਸੀਟਾਂ ਉੱਤੇ ਸਬਰ ਕਰਨਾ ਪਿਆ ਹੈ। ਇਸਦਾ ਸਿਹਰਾ ਇੰਡੀਆ ਗੱਠਜੋੜ ਦੇ ਸਿਰ ਬੱਝਦਾ ਹੈ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਠੁਮਣਾ ਦੇਣ ਵਾਲੀਆਂ ਕਾਰਪੋਰੇਟਾਂ ਦੀ ਅਰਬਾਂ-ਖਰਬਾਂ ਦੀ ਮਾਇਆ ਦੇ ਪੈਰ ਨਹੀਂ ਲੱਗਣ ਦਿੱਤੇ। ਇਸ ਵਿਚ ਕਿਸਾਨ ਮਜ਼ਦੂਰ ਜਥੇਬੰਦੀਆਂ ਵਲੋਂ ਵਿਢੇ ਅੰਦੋਲਨਾਂ ਦਾ ਯੋਗਦਾਨ ਵੀ ਘੱਟ ਨਹੀਂ।

ਪਰ ਇਸਦਾ ਇਹ ਭਾਵ ਨਹੀਂ ਕਿ ਦੇਸ਼ ਦੀ ਅਨੇਕਤਾ ਵਿਚ ਏਕਤਾ ਨੂੰ ਪਰਨਾਈ ਰਾਜਨੀਤੀ ਸੁਖ ਦੀ ਨੀਂਦਰ ਸੌਂ ਸਕਦੀ ਹੈ। ਜੋ ਕੁਝ ਡੋਡਾ, ਰਿਆਸੀ, ਕਠੂਆ, ਪੁਣਛ ਤੇ ਰਾਜੌਰੀ ਵਿਚ ਆਏ ਦਿਨ ਵਾਪਰ ਰਿਹਾ ਹੈ ਇਸਨੂੰ ਪਾਕਿਸਤਾਨ ਦੀ ਰਾਜਸੀ ਨੀਤੀ ਤੱਕ ਸੀਮਤ ਕਰਨਾ ਕਾਫੀ ਨਹੀਂ। ਇਸ ਦੀਆਂ ਜੜ੍ਹਾਂ ਹਿੰਦੂਤਵ ਧਾਰਨਾ ਵਿਚ ਹਨ ਜਿਸਦੀ ਭਾਜਪਾ ਝੰਡਾਬਰਦਾਰ ਹੈ ਏਥੇ ਦੇਸ਼-ਕਸ਼ਮੀਰ ਦੇ 'ਅਤਿਵਾਦੀਆਂ' ਦੀ 'ਸਿਰ ਧਰ ਤਲੀ ਗਲੀ ਮੋਰੀ ਆਓ' ਨੀਤੀ ਦਾ ਵਿਸ਼ਲੇਸ਼ਣ ਕਰਨਾ ਬਣਦਾ ਹੈ। ਉਹ ਜਾਣਦੇ ਹਨ ਕਿ ਜੰਮੂ ਕਸ਼ਮੀਰ ਦੇ ਟੁਕੜੇ ਕਰ ਕੇ ਉਨ੍ਹਾਂ ਨੂੰ ਕੇਂਦਰੀ ਪ੍ਰਸ਼ਾਸਨ ਥੱਲੇ ਲਿਆ ਕੇ ਯੂਟੀ ਐਲਾਨਣਾ ਵੀ ਸੋਚੀ ਸਮਝੀ ਰਾਜਨੀਤੀ ਦਾ ਹਿੱਸਾ ਸੀ ਜਿਸ ਤੋਂ ਅਤਿਵਾਦੀ ਗਰਦਾਨੇ ਜਾਣ ਵਾਲੇ ਸਾਰੇ ਕਰਿੰਦੇ ਜਾਣੂ ਹਨ। ਜੰਮੂ ਕਸ਼ਮੀਰ ਨੂੰ ਮੁੜ ਕੇ ਰਾਜ ਦਾ ਰੁਤਬਾ ਦੇਣ ਪਿੱਛੇ ਇਹ ਸੋਚ ਵੀ ਹੋ ਸਕਦੀ ਹੈ ਕਿ ਇਸਨੂੰ ਦਿੱਲੀ ਵਰਗਾ ਰਾਜ ਬਣਾ ਕੇ ਸਾਰਾ ਕੰਟਰੋਲ ਕੇਂਦਰੀ ਰਾਜਪਾਲ ਨੂੰ ਦੇ ਦਿੱਤਾ ਜਾਵੇ।

ਇੰਡੀਆ ਗਠਜੋੜ ਨੂੰ ਏਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਇਹ ਵੀ 'ਇੱਕ ਰਾਸ਼ਟਰ ਇੱਕ ਭਾਸ਼ਾ' ਵਰਗਾ ਹੀ ਨਾਅਰਾ ਹੈ। ਭਰਮ ਭੁਲੇਖੇ ਵਾਲਾ। ਹਰ ਕੋਈ ਜਾਣਦਾ ਹੈ ਕਿ ਭਾਸ਼ਾ ਇੱਕ ਨਦੀ ਦੀ ਨਿਆਈਂ ਹੁੰਦੀ ਹੈ। ਇਸਨੇ ਆਪਣਾ ਰਾਹ ਆਪ ਹੀ ਬਣਾ ਲੈਣਾ ਹੁੰਦਾ ਹੈ। ਜਦੋਂ ਇਸਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਇਸਦੇ ਅਰਥ ਬਦਲ ਜਾਂਦੇ ਹਨ। ਅਜੋਕੀ ਸਰਕਾਰ ਇਸਨੂੰ ਆਪਣੇ ਆਪ ਹੋਂਦ ਵਿਚ ਆਉਂਦਾ ਨਹੀਂ ਵੇਖਣਾ ਚਾਹੁੰਦੀ, ਲਾਗੂ ਕਰਨਾ ਚਾਹੁੰਦੀ ਹੈ। ਇਸ ਲਈ ਕਿ ਪਹਿਲੀ ਅਨੇਕਤਾ ਵਿਚ ਏਕਤਾ ਉੱਤੇ ਮੁਹਰ ਲਾਉਂਦੀ ਹੈ ਤੇ ਦੂਜੀ ਇੱਕ ਰਾਸ਼ਟਰ ਇਕ ਭਾਸ਼ਾ ਉੱਤੇ। ਮੂਲ ਮੰਤਵ ਪੰਡਤ ਨਹਿਰੂ ਦੇ ਅਨੇਕਤਾ ਵਿਚ ਏਕਤਾ ਦੇ ਸਿਧਾਂਤ ਨੂੰ ਨਕਾਰਦਾ ਹੈ।

ਮੇਰੇ ਕੋਲ ਅਨੇਕਤਾ ਵਿਚ ਏਕਤਾ ਦੀ ਇਕ ਨਿੱਜੀ ਕਹਾਣੀ ਵੀ ਹੈ। ਮੇਰਾ ਨਾਨਾ ਸੰਨ ਸੰਤਾਲੀ ਦੀ ਵੰਡ ਸਮੇਂ ਇਕ ਲਾਵਾਰਸ ਹੋਏ ਮੁਸਲਮਾਨ ਬੱਚੇ ਨੂੰ ਆਪਣੇ ਘਰ ਲੈ ਆਇਆ ਸੀ ਜਿਸਨੂੰ



ਲੇਖਕ ਤੇ ਰਾਮ ਸਿੰਘ ਪਰਿਵਾਰ ਦੇ ਕੁੱਝ ਮੈਂਬਰ

ਮੇਰੀ ਨਾਨੀ ਨੇ ਸਿੱਖੀ ਮਾਣ ਮਰਯਾਦਾ ਨਾਲ ਪਾਲਿਆ। ਉਹ ਦਿੱਲੀ ਜਾ ਕੇ ਮੇਰੇ ਮਾਮਿਆਂ ਦੀਆਂ ਟੈਕਸੀਆ ਸਾਫ ਕਰਦੇ ਸਮੇਂ ਡਰਾਈਵਰੀ ਸਿੱਖ ਗਿਆ ਤਾਂ ਉਸਦਾ ਇਕ ਮੁੰਬਈ ਤੋਂ ਭੱਜ ਕੇ ਆਈ ਈਸਾਈ ਯੁਵਤੀ ਨਾਲ ਵਿਆਹ ਕਰ ਦਿੱਤਾ ਗਿਆ। ਉਸ ਤੋਂ ਪਿਛੋਂ ਉਹ ਬਿਰਲਿਆਂ ਦਾ ਡਰਾਈਵਰ ਬਣ ਕੇ ਘਟਨਾ, ਬਿਹਾਰ ਤੇ ਰਾਂਚੀ ਨੌਕਰੀ ਕਰਦਾ ਰਿਹਾ। ਉਹ ਤਿੰਨ ਪੁੱਤਰਾਂ ਤੇ ਚਾਰ ਧੀਆਂ ਦਾ ਬਾਪ ਬਣਿਆ। ਇੱਕ ਪੜਾਅ ਉੱਤੇ ਉਸਦੀ ਪਤਨੀ, ਜਿਸਦਾ ਨਾਂ ਵੰਧਨਾ ਤੋਂ ਮਨਜੀਤ ਕੌਰ ਹੋ ਚੁੱਕਿਆ ਸੀ, ਆਪਣੇ ਮਾਪਿਆਂ ਨੂੰ ਜਾ ਮਿਲੀ ਤਾਂ ਉਸਦੇ ਇੱਕ ਪੁੱਤਰ ਨੂੰ ਉਨ੍ਹਾਂ ਨੇ ਸਾਂਭ ਲਿਆ। ਜਦ ਪੁੱਤਰ ਦੀ ਨੌਕਰੀ ਦਾਦਰਾ ਨਗਰ ਹਵੇਲੀ ਦੀ ਕਿਸੇ ਫੈਕਟਰੀ ਵਿਚ ਲੱਗ ਗਈ ਤਾਂ ਉਸਨੇ ਉਤੋਂ ਦੀ ਕਿਸੇ ਈਸਾਈ ਯੁਵਤੀ ਨਾਲ ਵਿਆਹ ਕਰਵਾ ਲਿਆ। ਸਹਿਜੇ ਸਹਿਜੇ ਉਸ ਬੇਟੇ ਨੇ ਆਪਣੇ ਮਾਪਿਆਂ ਨੂੰ ਹੀ ਨਹੀਂ, ਆਪਣੀ ਇਕ ਭੈਣ ਨੂੰ ਵੀ ਦਾਦਰਾ ਨਗਰ ਹਵੇਲੀ ਨੌਕਰੀ ਦਿਲਵਾ ਦਿੱਤੀ। ਅੱਜ ਦੇ ਦਿਨ ਰਾਮ ਸਿੰਘ ਦਾ ਪਰਿਵਾਰ ਮੁੰਬਈ, ਦਾਦਰਾ, ਝਾਰਖੰਡ, ਪੰਜਾਬ ਤੇ ਹਰਿਆਣਾ ਵਿਚ ਰਹਿ ਰਿਹਾ ਹੈ।

ਮੇਰੀ ਨਾਨੀ ਨਾਮਧਾਰੀਆਂ ਦੀ ਧੀ ਸੀ। ਉਸਦੇ ਪਾਲੇ ਹੋਏ 'ਰਾਮ ਸਿੰਘ' ਨੇ ਆਪਣੀ ਪਤਨੀ ਦਾ ਨਾਂ ਮਨਜੀਤ ਕੌਰ ਰਖਿਆ ਤੇ ਆਪਣੇ ਬੱਚਿਆਂ ਦੇ ਨਾਂ ਸਤਿੰਦਰ ਕੌਰ, ਜਗਜੀਤ ਸਿੰਘ, ਸਤਿਬੀਰ ਕੌਰ, ਜਤਿੰਦਰ ਸਿੰਘ, ਧਰਮਿੰਦਰ ਕੌਰ, ਤੇਗ ਬਹਾਦਰ ਸਿੰਘ ਤੇ ਰਣਜੀਤ ਕੌਰ ਰੱਖੇ। ਇਨ੍ਹਾਂ ਸਿੰਘਾਂ ਤੇ ਕੌਰਾਂ ਦੇ ਮਾਂ-ਬਾਪ ਤਾਂ ਪਰਲੋਕ ਸਿਧਾਰ ਚੁੱਕੇ ਹਨ ਪਰ ਆਪ ਕਾਇਮ ਹਨ। ਦੇਸ਼ ਦੇ ਵੱਖ-ਵੱਖ ਭਾਗਾਂ ਵਿਚ। ਆਪਣੇ ਮਰਾਠਾ, ਈਸਾਈ ਤੇ ਗੁਜਰਾਤੀ ਪਤੀ ਪਤਨੀਆਂ ਸਮੇਤ।

**ਸਮਰਾਲਾ ਦੀ ਭੌਂ ਵਿਚ ਗੋਰੀ ਹਿਰਨੀ**

ਮੈਂ ਤਹਿਸੀਲ ਸਮਰਾਲਾ ਦੇ ਪਿੰਡ ਕੋਟਲਾ ਬਡਲਾ ਦਾ ਜੰਮਪਲ ਹਾਂ। ਇਹ ਮੇਰਾ ਨਾਨਕਾ ਪਿੰਡ ਹੈ। ਮੇਰੇ ਬਚਪਨ ਵਿਚ ਏਥੇ ਹਿਰਨਾ ਦੀਆਂ ਡਾਰਾਂ ਏਧਰ ਓਧਰ ਜਾਂਦੀਆਂ ਆਮ ਹੀ ਦੇਖੀਆਂ ਜਾਂਦੀਆਂ ਸਨ। ਇਕ ਲੋਕ ਬੋਲੀ ਅਨੁਸਾਰ ਉਨ੍ਹਾਂ ਦੇ ਸਿੰਗਾਂ ਉੱਤੇ ਵੀ ਮਿਰਗਾਂ ਦੀ ਜੂਨ ਲਿਖੀ ਹੋਈ ਸੀ:

ਹੀਰਿਆ ਹਰਨਾ, ਬਾਗੀਂ ਚਰਨਾ
ਤੇਰੇ ਸਿੰਗਾਂ 'ਤੇ ਕੀ ਕੁੱਝ ਲਿਖਿਆ
ਮਿਰਗ ਤੇ ਮਿਰਗਾਈਆਂ।

ਹੁਣ ਤਾਂ ਜੇ ਕਿਸੇ ਨੇ ਹਿਰਨ ਵੇਖਣੇ ਹੋਣ ਤਾਂ ਨੀਲੋਂ ਦੇ ਚਿੜੀਆ ਘਰ ਵਿਚ ਕੈਦ ਕੀਤੇ ਹੀ ਦੇਖੇ ਜਾ ਸਕਦੇ ਹਨ। ਪਿਛਲੇ ਹਫਤੇ ਪੰਜਾਬੀ ਭਾਸ਼ਾ ਤੇ ਸਭਿਆਚਾਰ ਨੂੰ ਪਰਨਾਏ ਲੇਖਕ ਮੰਚ, ਸਮਰਾਲਾ ਨੇ ਇਕ ਗੋਸ਼ਟੀ ਕੀਤੀ ਜਿਸ ਵਿਚ ਮੈਂ ਤੇ ਮੇਰੀ ਪਤਨੀ ਵੀ ਸ਼ਾਮਲ ਹੋਏ। ਏਸ ਲਈ ਕਿ ਇਹ ਮੇਰੀ ਜਨਮ ਭੂਮੀ ਹੈ। ਬਹੁਤੀ ਏਸ ਲਈ ਕਿ ਇਹ ਗੋਸ਼ਟੀ ਮੇਰੇ ਬਾਰੇ ਸੀ। ਇਹ ਮੇਰੀ ਲਿਖੀ ਹੋਈ ਪੁਸਤਕ 'ਗੋਰੀ ਹਿਰਨੀ' ਇੱਕ ਵੱਖਰੀ ਕਿਸਮ ਦੀ ਹਿਰਨੀ ਉੱਤੇ ਆਧਾਰਤ ਨਾਵਲ ਹੈ ਜਿਸਦੀ ਨਾਇਕਾ ਹਿਟਲਰ ਦੀ ਯੁਵਾ ਬ੍ਰਿਗੇਡ ਦੀ ਮੈਂਬਰ ਰਹਿ ਚੁੱਕੀ ਸੀ। ਕਿਸੇ ਇੱਕ ਉਹ ਮੇਰੇ ਹਾਣੀ ਮਾਮੇ ਦੀ ਜਾਣੂ ਹੋ ਗਈ ਤੇ ਉਸਨੇ ਮੇਰੇ ਮਾਮੇ ਨੂੰ ਉਸਦੀ ਪਤਨੀ ਨਾਲੋਂ ਨਿਖੇੜ ਦਿੱਤਾ। ਉਂਜ ਜਰਮਨ ਗੋਰੀ ਨੇ ਵੀ ਖੂਬ ਚੁੰਗੀਆਂ ਭਰੀਆਂ ਸਨ। ਹਿਟਲਰ ਵੇਲੇ ਤੇ ਉਸ ਤੋਂ ਪਿੱਛੋਂ।

ਮੇਰਾ ਮਾਮਾ ਚਾਰ ਦਹਾਕੇ ਪਹਿਲਾਂ ਜਰਮਨੀ ਜਾ ਕੇ ਉਥੋਂ ਦੇ ਸ਼ਹਿਰ ਹੈਮਬਰਗ ਦਾ ਵਸਨੀਕ ਹੋ ਗਿਆ ਸੀ। ਮੇਰਾ ਮਾਮਾ, ਉਸਦੀ ਮੋਗੇ ਵਾਲੀ ਪਤਨੀ ਅਤੇ ਰੱਬੀ ਸਬੱਬੀਂ ਜੀਵਨ ਵਿਚ ਆਈ ਜਰਮਨ ਮੇਰਾ ਤਾਂ ਪਰਲੋਕ ਸਿਧਾਰ ਚੁੱਕੇ ਹਨ ਪਰ ਉਨ੍ਹਾਂ ਦੇ ਤਿੰਨ ਦੇ ਤਿੰਨੋਂ ਬੇਟੇ ਹੈਮਬਰਗ ਦੇ ਵਸਨੀਕ ਹਨ।

ਉਨ੍ਹਾਂ ਸਭਨਾਂ ਦੇ ਜੀਵਨ ਉੱਤੇ ਆਧਾਰਤ ਮੇਰਾ ਨਾਵਲ 'ਗੋਰੀ ਹਿਰਨੀ' 2013 ਵਿਚ ਲਿਖਿਆ ਸੀ ਜਿਸਦਾ ਅਗਲੇ ਸਾਲ ਦੂਜਾ ਐਡੀਸ਼ਨ ਵੀ ਮਾਰਕਿਟ ਵਿਚ ਆ ਗਿਆ ਸੀ। ਫੇਰ 2020 ਵਿਚ 'The German Foe' ਸਿਰਲੇਖ ਵਾਲਾ ਅੰਗਰੇਜ਼ੀ ਐਡੀਸ਼ਨ ਅਤੇ 'ਗੋਰੀ ਹਿਰਣੀ' ਨਾਂ ਦਾ ਹਿੰਦੀ ਐਡੀਸ਼ਨ ਫਰਵਰੀ 2024 ਵਿਚ ਜਾਰੀ ਹੋ ਗਿਆ ਸੀ ਜਿਹੜਾ 'ਲੇਖਕ ਮੰਚ' ਵਲੋਂ ਵਿਉਂਤੀ ਗੋਸ਼ਟੀ ਦਾ ਕਾਰਨ ਬਣਿਆ। ਭਾਵੇਂ ਇਸ ਨਾਵਲ ਦੇ ਪੰਜਾਬੀ, ਅੰਗਰੇਜ਼ੀ ਤੇ ਹਿੰਦੀ ਦੇ ਪ੍ਰਕਾਸ਼ਕ ਕ੍ਰਮਵਾਰ ਲੋਕਗੀਤ ਪ੍ਰਕਾਸ਼ਨ, ਅਭੀਸ਼ੇਕ ਪਬਲੀਕੇਸ਼ਨਜ਼ ਤੇ ਗਾਰਗੀ ਪ੍ਰਕਾਸ਼ਨ ਹਨ ਪਰ ਹਿੰਦੀ ਐਡੀਸ਼ਨ ਏਨਾ ਮਕਬੂਲ ਹੋਇਆ ਹੈ ਕਿ ਪੰਜ ਮਹੀਨੇ ਵਿਚ ਸਾਰੇ ਦਾ ਸਾਰਾ ਵਿਕ ਚੁੱਕਾ ਹੈ ਤੇ ਇਸਦਾ ਦੂਜਾ ਐਡੀਸ਼ਨ ਛਾਪੇਖਾਨੇ ਵਿਚ ਹੈ। ਇਸਦੇ ਅਨੁਵਾਦਕ ਵੰਦਨਾ ਸ਼ਕੀਜਾ ਤੇ ਗੁਰਬਖਸ਼ ਸਿੰਘ ਮੋਂਗਾ ਹਨ ਜਿਹੜੇ ਗੋਸ਼ਟੀ ਵਿਚ ਸ਼ਿਰਕਤ ਕਰ ਰਹੇ ਸਨ।

ਗੋਸ਼ਟੀ ਦਾ ਪ੍ਰਮੁਖ ਪ੍ਰਬੰਧਕ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਸੀ ਜਿਸਦੇ ਸ਼ਾਹੀ ਪੈਲੇਸ ਵਿਚ ਇਸਦਾ ਪ੍ਰਬੰਧ ਸੀ। ਇਸ ਗੋਸ਼ਟੀ ਵਿਚ ਸ਼ਾਹੀ ਪਰਵਾਰ ਦੇ ਕਿੰਡਰਗਾਰਟਨ ਸਕੂਲ ਦਾ ਅਮਲਾ ਵੀ ਹੁੰਮ-ਹੁੰਮਾ ਕੇ ਪਹੁੰਚਿਆ ਹੋਇਆ ਸੀ। ਮੁੱਖ ਬੁਲਾਰਾ ਸਿਰਸੇ ਵਾਲਾ ਸਵਰਨ ਸਿੰਘ ਵਿਰਕ ਸੀ ਜਿਸਨੇ ਨਾਵਲ ਦੀਆਂ ਘਟਨਾਵਾਂ ਤੇ ਇਸ ਵਿਚਲੇ ਪਾਤਰਾਂ ਦਾ ਵਰਤ ਵਰਤਾਰਾ ਏਦਾਂ ਬਿਆਨਿਆ ਜਿਵੇਂ ਇਹ ਪਾਤਰ ਮੇਰੇ ਨਾਨਕਾ ਪਰਿਵਾਰ ਦੇ ਨਹੀਂ ਸਗੋਂ ਸਿਰਸਾ ਦੇ ਕਿਸੇ ਵੱਡੇ ਪਰਿਵਾਰ ਦੇ ਮੈਂਬਰ ਹੋਣ।

ਹਿੰਦੀ ਐਡੀਸ਼ਨ ਦੀ ਮਕਬੂਲੀਅਤ ਦੱਸ ਰਹੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੀ ਸਰਕਾਰ ਇਸਨੂੰ ਪੂਰੇ ਦੇਸ਼ ਦੀ ਭਾਸ਼ਾ ਬਣਾ ਸਕੇ ਜਾਂ ਨਾ ਇਸਨੇ ਭਾਰਤ ਵਾਸੀਆਂ ਦੇ ਮਨਾਂ ਵਿਚ ਆਪਣੀ ਥਾਂ ਆਪ ਹੀ ਬਣਾ ਲੈਣੀ ਹੈ।


**ਅੰਤਿਕਾ**

ਹਰਦਿਆਲ ਸਾਗਰ॥

ਕੁੱਝ ਨੇ ਕਿਹਾ ਉਹ ਰਬ ਹੈ, ਕੁੱਝ ਨੇ ਕਿਹਾ ਉਹ ਅੱਲਾਹ

ਉਹ ਮੁਸਕਰਾਇਆ ਸੁਣ ਕੇ, ਦੋ ਵਾਰ ਨਾਮ ਆਪਣਾ।

# ਉਦਾਸੀ ਨੂੰ ਬੰਦਗੀ ਦੇ ਰੰਗ ਵਿਚ ਰੰਗਣ ਵਾਲੀ ਕਿਰਤ – 'ਕੁਦਰਤ ਕਾਰੀਗਰ ਹੈ'



ਸ਼ਿਵਚਰਨ ਜੱਗੀ ਕੁੱਸਾ
E-mail: jaggikussa@yahoo. de

ਜ਼ਰੂਰੀ ਨਹੀਂ ਕਿ ਲਿਆਕਤ ਬੰਦੇ ਨੂੰ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਧੱਕੇ ਖਾ ਕੇ ਹੀ ਆਵੇ। ਕਈ ਵਾਰ ਇਹ ਰੱਬ ਦੀ ਦਾਤ ਅਤੇ ਕੁਦਰਤ ਦੀ ਬਖ਼ਸ਼ਿਸ਼ ਵੀ ਹੁੰਦੀ ਹੈ। ਕਿਰਨ ਕੌਰ ਵਰਗੀਆਂ ਕਾਰਜਸ਼ੀਲ ਕਵਿੱਤਰੀਆਂ ਨੂੰ ਰੱਬ ਵੱਲੋਂ ਅਦੁੱਤੀ ਤੋਹਫ਼ਾ ਵੀ ਮਿਲ ਜਾਂਦਾ ਹੈ। ਦੁਨਿਆਵੀ ਇਖ਼ਲਾਕ ਅਤੇ ਪੰਜਾਬੀਅਤ ਪ੍ਰਤੀ ਸੁਹਿਰਦ ਸੰਸਕਾਰਾਂ ਦੇ ਅਥਾਹ ਜਜ਼ਬੇ ਦੇ ਨਾਲ-ਨਾਲ ਕਿਰਨ ਕੌਰ ਕੋਲ ਅਨਹਦ ਨਾਦ, ਅਨਾਹਤ ਵਰਗਾ ਅੰਦਾਜ਼ ਹੈ! ਕਵਿਤਾ ਦੀਆਂ ਬਰੀਕੀਆਂ ਦੀ ਸੂਝ ਹੈ। ਕਵਿਤਾ ਸਿਰਜਣ ਦਾ ਵੱਲ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰਸਾਰ ਦਾ 'ਝੱਲ' ਹੈ। ਕਈ ਵਾਰ ਉਸ ਦੀ ਗਰਜਦੀ-ਵੰਗਾਰਦੀ ਕਵਿਤਾ ਮੈਨੂੰ ਹਰੀ ਸਿੰਘ ਨਲੂਆ ਦੀ 'ਗੜ੍ਹਕ' ਦਾ ਚੇਤਾ ਕਰਵਾ ਦਿੰਦੀ ਹੈ ਅਤੇ ਕਈ ਵਾਰ ਹੀਰ ਦੀ ਪ੍ਰੀਤ ਵਿਚ ਵੱਜਦੀ ਰਾਂਝੇ ਦੀ ਵੰਝਲੀ ਦੀ ਹੂਕ ਦੀ ਯਾਦ ਦਿਵਾਉਂਦੀ ਹੈ! ਕਵਿਤਾ ਸਿਰਜਣ ਦੀ ਮੁਹਾਰਤ ਕਿਰਨ ਨੂੰ ਬਾਖ਼ੂਬੀ ਹਾਸਲ ਹੈ!

ਕਿਰਨ ਜੰਡ 'ਤੇ ਸੰਧੂਰ ਭੁੱਕਣ ਦੀ ਅਭਿਲਾਸ਼ੀ ਨਹੀਂ ਅਤੇ ਨਾ ਹੀ ਪਿੱਪਲਾਂ ਨੂੰ ਪਾਣੀ ਪਾਉਣ ਦੀ ਆਸਥਾ ਰੱਖਦੀ ਹੈ। ਨਾ ਹੀ ਉਸ ਨੂੰ ਸੱਪ ਦੀ ਖੁੱਡ ਵਿਚ ਦੁੱਧ ਪਾਉਣ ਦਾ ਚਾਅ ਹੈ ਅਤੇ ਨਾ ਹੀ ਦਰੱਖ਼ਤਾਂ ਨੂੰ ਖੰਮ੍ਹਣੀਆਂ (ਮੌਲ਼ੀਆਂ) ਬੰਨ੍ਹਣ ਦੀ ਰੀਝ। ਉਹ ਤਾਂ ਕੁਦਰਤ ਨਾਲ ਇੱਕ-ਮਿੱਕ ਹੋ ਕੇ, ਮਸਤ ਹੋ ਕੇ ਤੁਰਦੀ ਹੈ। ਉਸ ਦੀ ਹੀ ਰਚਨਾ ਅਨੁਸਾਰ:

ਜਦੋਂ ਮੇਰੇ ਮਨ ਅੰਦਰ
ਘੋਰ ਹਨ੍ਹੇਰਾ ਛਾਅ ਗਿਆ
ਆਸ ਦੇ ਦੀਪਕ ਬੁਝਣ ਲੱਗ ਪਏ,
ਓਦੋਂ ਮੈਂ 'ਸ਼ਿਵ' ਨੂੰ
ਕੁਝ ਇਸ ਤਰ੍ਹਾਂ ਗਾਇਆ
ਕਿ 'ਉਦਾਸੀ'
'ਬੰਦਗੀ' ਬਣ ਗਈ...

ਕਿਰਨ ਕੌਰ ਦੀ ਸਿਰਜਣਾ ਵਿਚ ਪੰਜਾਬ ਦਾ ਦਿਲ ਧੜਕਦਾ ਹੈ ਅਤੇ ਪੰਜਾਬਣ ਮੁਟਿਆਰ ਦੀ ਝਾਂਜਰ ਛਣਕਦੀ ਹੈ। ਉਸ ਦੀ ਕਲਪਨਾ ਦੀ ਪਰਵਾਜ਼ ਵਿਚ ਅੱਲ੍ਹੜ ਕੁੜੀ ਵੱਲੋਂ ਕਸੀਦੇ ਕੱਢੀਦੇ ਹਨ ਅਤੇ ਸੰਧੂਰੀ ਰੰਗ ਵਿਚ ਰੰਗੀ ਮੁਟਿਆਰ ਵੱਲੋਂ ਫੁਲਕਾਰੀ 'ਤੇ ਹਾਣੀ ਪ੍ਰਤੀ ਮੋਹ ਦੇ ਫੁੱਲ ਪੈਂਦੇ ਹਨ। ਉਸ ਦੇ ਜ਼ਿਹਨ ਵਿਚ ਬੇਬੇ ਦੀ ਮਧਾਣੀ ਗਾਇਨ ਕਰਦੀ ਹੈ ਅਤੇ ਹਰੇ-ਭਰੇ ਬਾਗਾਂ ਵੱਲੋਂ ਰੁਮਕਦੀ ਪੌਣ ਲੋਰੀਆਂ ਦਿੰਦੀ ਹੈ। ਉਸ ਦੀ ਸੋਚ ਵਿਚ ਝਰਨੇ ਰਾਗ ਛੇੜਦੇ ਨੇ ਅਤੇ ਮੰਤਰ-ਮੁਗਧ ਹੋਈਆਂ ਇੰਦਰ ਦੀਆਂ ਪਰੀਆਂ ਨਿਰਤ ਕਰਦੀਆਂ ਨੇ! ਉਸ ਦੀਆਂ ਕਵਿਤਾਵਾਂ ਵਿਚ ਪੰਜਾਬ ਦੀਆਂ ਲਹਿ-ਲਹਾਉਂਦੀਆਂ ਫ਼ਸਲਾਂ ਜਿਹੀ ਤਾਜ਼ਗੀ ਅਤੇ ਸਰ੍ਹੋਂ ਦੇ ਫੁੱਲਾਂ ਵਰਗੀ ਰਸਭਿੰਨੀ ਖ਼ੁਸ਼ਬੂ ਹੈ। ਉਸ ਦੀ ਕਵਿਤਾ ਦੇ ਬੋਲਾਂ ਵਿਚ ਘੁਲਾੜ੍ਹੀ 'ਤੇ ਬਣਦੇ ਤੱਤੇ ਗੁੜ ਜਿਹੀ ਮਹਿਕ ਹੈ ਅਤੇ ਪੋਨੇ ਗੰਨੇ ਦੇ ਰਸ ਵਰਗਾ ਸੁਆਦ! ਉਹ ਨੀਲੇ ਅਸਮਾਨ ਦੀ ਹਿੱਕ ਉਤੇ ਸੱਚ ਦੀ ਮੋਹਰ ਲਾਉਣਾ ਜਾਣਦੀ ਹੈ ਅਤੇ ਕਦੇ-ਕਦੇ ਨਾ ਹਜ਼ਮ ਹੋਣ ਵਾਲਾ ਸੱਚ ਬਿਆਨਦੀ ਹੈ:

ਸਾਇੰਸ ਆਖਦੀ ਹੈ;
ਡਾਇਨਾਸੋਰ ਹੁੰਦੇ ਸੀ, ਹੁਣ ਨਹੀਂ ਰਹੇ।
ਮੈਂ ਆਖਦੀ ਹਾਂ;
ਇਨਸਾਨ ਹੁੰਦੇ ਸੀ, ਹੁਣ ਨਹੀਂ ਰਹੇ...




ਜ਼ਿਲ੍ਹਾ ਕਪੂਰਥਲਾ ਦੇ ਪਿੰਡ ਭਾਣੋ ਲੰਗਾ ਵਿਚ ਸਰਦਾਰ ਬਲਵੀਰ ਸਿੰਘ ਅਤੇ ਮਾਤਾ ਰਜਵੰਤ ਕੌਰ ਦੀ ਕੁੱਖੋਂ ਜਨਮੀ ਕਿਰਨ, 2017 ਤੋਂ ਯੂਰਪ ਦੇ ਬੇਹੱਦ ਖ਼ੂਬਸੂਰਤ ਦੇਸ਼ 'ਆਸਟਰੀਆ' ਵਿਚ ਰਹਿ ਰਹੀ ਹੈ। ਉਸ ਨੇ 2018 ਵਿਚ ਤਹੱਈਆ ਕਰ ਲਿਖਣਾ ਸ਼ੁਰੂ ਕੀਤਾ। ਆਪਣੇ ਦੇਸ਼ ਅਤੇ ਵਿਦੇਸ਼ ਦੇ ਸਮਾਜਿਕ ਢਾਂਚੇ ਨੇ ਉਸ ਦੀ ਬੌਧਿਕਤਾ ਨੂੰ ਝੰਜੋੜਾ ਮਾਰਿਆ ਤਾਂ ਉਸ ਨੇ ਵਿਅੰਗਮਈ 'ਲਘੂ ਕਹਾਣੀਆਂ' ਲਿਖੀਆਂ ਅਤੇ ਉਹ ਪੰਜਾਬ ਦੇ ਕਈ ਪ੍ਰਮੁੱਖ ਅਖ਼ਬਾਰਾਂ ਵਿਚ ਛਪਣ ਲੱਗੀ। ਹੌਲੀ-ਹੌਲੀ ਇਹ ਸਫ਼ਰ ਅੱਗੇ ਵਧਦਾ ਗਿਆ ਅਤੇ ਉਹ ਵਾਰਤਕ ਦੇ ਨਾਲ-ਨਾਲ ਕਵਿਤਾਵਾਂ ਵੀ ਸਿਰਜਣ ਲੱਗੀ। ਲਿਖਣ ਦਾ ਸ਼ੌਕ ਉਸ ਨੂੰ ਕੁਦਰਤ ਵੱਲੋਂ ਹੀ ਪਿਆ ਅਤੇ ਆਸ-ਪਾਸ ਦੀਆਂ ਘਟਨਾਵਾਂ ਤੋਂ ਉਪਜੇ ਵਿਚਾਰਾਂ ਉਪਰ ਲਿਖਣਾ ਸ਼ੁਰੂ ਕੀਤਾ, ਜੋ ਅੱਜ ਤੱਕ ਨਿਰੰਤਰ ਜਾਰੀ ਹੈ।

ਜਦ ਉਹ ਬਗ਼ਾਵਤ 'ਤੇ ਉਤਰ ਵਿਦਰੋਹੀ ਰਚਨਾ ਸਿਰਜਦੀ ਹੈ ਤਾਂ ਉਹ ਕੋਈ ਬਾਗ਼ੀ ਜਾਂ ਗੁਰੀਲਾ ਜਾਪਦੀ ਹੈ। ਉਸ ਕੋਲ਼ ਕਲਾ ਦੇ ਸੂਖ਼ਮ ਤਜਰਬਿਆਂ ਦੇ ਗਹਿਣੇ ਵੀ ਨੇ ਅਤੇ ਕਿਸੇ ਦੇ ਵਿੰਗ-ਵਲ਼ ਕੱਢਣ ਲਈ ਸ਼ਬਦਾਂ ਦੇ ਤੇਜ਼ਧਾਰ ਨਸ਼ਤਰ ਵੀ! ਕਿਰਨ ਕੌਰ ਦੀਆਂ ਰਚਨਾਵਾਂ ਅਨੁਸਾਰ ਪ੍ਰੇਮ ਅਤੇ ਇਸ਼ਕ ਇੱਕ ਸਾਧਨਾ ਹੈ, ਠਰਕ ਭੋਰਨ ਦਾ ਜ਼ਰੀਆ ਨਹੀਂ! ਕਿਤੇ-ਕਿਤੇ ਉਸ ਦੀਆਂ ਰਚਨਾਵਾਂ ਇਸੇ ਸਾਧਨਾਂ ਦੀ ਬਾਤ ਪਾਉਂਦੀਆਂ ਹਨ। ਉਸ ਦੀਆਂ ਕਵਿਤਾਵਾਂ ਵਿਚ ਖ਼ੂਹ 'ਤੇ ਗਿੜਦੀਆਂ ਟਿੰਡਾਂ ਦੀ ਇੱਕ-ਸੁਰ ਅਤੇ ਇੱਕ-ਸਾਰ ਲੈਅ ਹੈ। ਉਸ ਦੀ ਸਿਰਜਣਾ ਸ਼ਕਤੀ ਵਿਚ ਮਾਘੀ ਮੌਕੇ ਕੜਾਕੇ ਦੀ ਸਰਦੀ ਵਿਚ ਖੇਤੀਂ ਲੱਗਦੇ ਕੱਸੀ ਦੇ ਪਾਣੀ ਵਰਗਾ ਹੁਲਾਸ ਅਤੇ ਨਿੱਘ ਹੈ। ਅੱਸੂ ਕੱਤੇ ਦੇ ਮਹੀਨੇ ਖੇਤਾਂ ਵਿਚ ਹਲ਼ ਖਿੱਚਦੇ ਬਲ਼ਦਾਂ ਦੀਆਂ ਟੱਲੀਆਂ ਖੜਕਣ ਦੀ ਅਦੁਤੀ ਧੁਨ ਹੈ। ਉਸ ਦੀ ਸ਼ਬਦ-ਬੁਣਤੀ ਵਿਚ ਨਾਰੀਅਲ ਦੇ ਪਾਣੀ ਵਰਗਾ ਕੁਦਰਤੀ ਰਸ ਹੈ ਅਤੇ ਇਹ ਬੁਣਤਰ-ਰਸ ਜਣੇਂ-ਖਣੇਂ ਨੂੰ ਨਸੀਬ ਨਹੀਂ ਹੋ ਜਾਂਦਾ।

ਕਿਰਨ ਹਾਥੀ ਦੇ ਦੰਦਾਂ ਵਾਂਗ, ਖਾਣ ਲਈ ਹੋਰ ਅਤੇ ਦਿਖਾਉਣ ਲਈ ਹੋਰ ਵਾਲ਼ੀਆਂ ਗੱਲਾਂ ਵੀ ਨਹੀਂ ਕਰਦੀ। ਸੱਚੀ ਗੱਲ ਮੂੰਹ 'ਤੇ ਕਹਿਣ ਦੀ ਆਦੀ ਹੈ। ਉਸ ਅਨੁਸਾਰ ਆਲੋਚਕ ਅਤੇ ਨਿੰਦਕ ਵਿਚ ਦੋ ਕਿਨਾਰਿਆਂ ਵਾਂਗ ਫ਼ਰਕ ਹੈ। ਆਲੋਚਕ ਤੁਹਾਨੂੰ ਸੇਧ ਪ੍ਰਦਾਨ ਕਰਦੇ ਨੇ ਅਤੇ ਨਿੰਦਕ ਦਾ ਕੰਮ ਬਿਨਾ ਗੱਲੋਂ 'ਤਰਕ' ਮਾਰਨੀ ਹੁੰਦੀ ਹੈ! ਮੇਰਾ ਇਹ ਗੱਲਾਂ ਕਰਨ ਦਾ ਭਾਵ ਹੈ ਕਿ ਕਿਰਨ ਜ਼ਿਆਦਾਤਰ ਚੁੱਪ ਰਹਿ ਕੇ ਹੀ ਦੁਆਵਾਂ ਦੇਣ ਵਾਲ਼ੀ ਫ਼ੌਲਾਦੀ ਦਿਲ ਵਾਲ਼ੀ ਕੁੜੀ ਹੈ ਅਤੇ ਉਹ ਬਦਖੋਹੀ ਕਰਨ ਵਾਲ਼ਿਆਂ ਦੀ ਵੀ ਚਿੰਤਾ ਨਹੀਂ ਕਰਦੀ। ਜੇ ਉਸ ਵਿਚ ਕਹਿਣ ਦਾ ਜਿਗਰਾ ਹੈ ਤਾਂ ਉਸ ਵਿਚ ਸਹਿਣ ਦਾ ਸਾਹਸ ਵੀ ਹੈ। ਉਹ ਵਿਹਲੜ ਬੰਦੇ ਵਾਂਗ ਸਿੰਗ ਮਿੱਟੀ ਵੀ ਨਹੀਂ ਚੁੱਕਦੀ ਅਤੇ ਨਾ ਹੀ ਸ਼ਬਦਾਂ ਦੀ ਖੁਰ-ਵੱਢ ਕਰਦੀ ਹੈ। ਉਹ ਤਾਂ ਨਿਯਮਬੱਧ ਸੈਨਿਕ ਵਾਂਗ ਸਮਾਜ ਦੇ 'ਵੈਰੀ' 'ਤੇ ਸ਼ਿਸ਼ਤ ਬੰਨ੍ਹ ਨਿਸ਼ਾਨਾ ਲਾਉਂਦੀ ਹੈ। ਮੈਂ ਉਸ ਦੀ ਪਲੇਠੀ ਪੁਸਤਕ "ਕੁਦਰਤ ਕਾਰੀਗਰ ਹੈ" ਨੂੰ ਬਾਂਹਾਂ ਫ਼ੈਲਾ ਕੇ "ਜੀ ਆਇਆਂ" ਆਖਦਾ ਹੋਇਆ, ਉਸ ਤੋਂ ਅਜਿਹੀਆਂ ਹੋਰ ਕਿਤਾਬਾਂ ਦੀ ਆਸ ਰੱਖਾਂਗਾ।

# ਚੜਸ ਦੀ ਪੈੜ

ਸਾਡੇ ਗੁਆਂਢੀ ਗੋਰੇ ਜੌਹਨ ਨੇ ਇੱਕ ਛੋਟਾ ਜਿਹਾ ਕਤੂਰਾ ਲਿਆਂਦਾ। ਉਸ ਦੇ ਕੰਨ ਬੜੇ ਤਿੱਖੇ ਤਿੱਖੇ, ਸਿੱਧੇ ਉਪਰ ਨੂੰ ਖੜ੍ਹੇ ਤਿਕੋਣੀ ਕਿਸਮ ਦੇ, ਨੈਣ ਨਕਸ਼ ਵੀ ਤਿੱਖੇ, ਦੇਖਣ ਨੂੰ ਪਿਆਰਾ ਲੱਗੇ ਜਦੋਂ ਚਊਂ ਚਊਂ ਕਰੇ; ਜਿਸ ਤੋਂ ਇਉਂ ਪ੍ਰਤੀਤ ਹੋਵੇ ਕਿ ਉਹ ਕਹਿ ਰਿਹਾ ਹੋਵੇ ਕਿ ਮੈਂ ਇਕੱਲਾਂ, ਮੇਰੇ ਨਾਲ ਖੇਡਣ ਵਾਲਾ ਕੋਈ ਨਹੀਂ। ਦਿਨ ਦਾ ਕੋਈ ਵੀ ਵੇਲਾ ਹੋਵੇ, ਜਿੰਨੀ ਵਾਰੀ ਵੀ ਮੈਂ ਪਿਛਲੀਆਂ ਸਨ ਡੈਕ ਦੀਆਂ ਪੌੜੀਆਂ ਉਤਰ ਘਰ ਦੇ ਪਿਛਲੇ ਵਿਹੜੇ ਜਾਵਾਂ ਤਾਂ ਉਹ ਆਪਣੇ ਘਰ ਦੀ ਹਦੂਦ ਦੇ ਅੰਦਰ ਨੱਠ ਨੱਠ ਗੇੜੇ ਕੱਢਦਾ ਹੀ ਦੇਖਣਾ। ਮੈਨੂੰ ਦੇਖ ਕੇ ਉਸ ਨੱਠ ਕੇ ਮੇਰੇ ਵਲ ਨੂੰ ਆ ਕੇ ਚਊਂ ਚਊਂ ਕਰਦਿਆਂ ਉੱਚੀ ਛਾਲ ਮਾਰ ਫੱਟੀਆਂ ਦੀ ਪੰਜ ਫੁੱਟ ਉੱਚੀ ਫੈਂਸ (ਬਾੜ) ਦੇ ਉੱਪਰ ਤੱਕ ਪਹੁੰਚ ਜਾਣਾ। ਇੱਕ ਦਿਨ ਮੈਂ ਜੌਹਨ ਨੂੰ ਪੁੱਛਿਆ ਕਿ ਤੇਰੇ ਕਤੂਰੇ ਦਾ ਨਾਂ ਕੀ ਹੈ? ਕਹਿੰਦਾ ਪਾਰਸੀ। ਅੱਗੇ ਤੋਂ ਮੈਂ ਜਦੋਂ ਵੀ ਬਾਹਰ ਜਾਣਾ ਉਸ ਨੱਠ ਕੇ ਮੇਰੇ ਵਲ ਆਉਣਾ ਤਾਂ ਮੈਂ ਕਹਿਣਾ ਪਾਰਸੀ ਤੂੰ ਕੀ ਕਰਦਾਂ? ਉਸ ਪੂਛ ਹਿਲਾਉਣੀ ਤੇ ਚਊਂ ਚਊਂ ਕਰ ਫੈਂਸ ਉੱਪਰ ਨੂੰ ਛਾਲਾਂ ਮਾਰੀ ਜਾਣੀਆਂ। ਜਿੰਨਾ ਚਿਰ ਮੈਂ ਖੜ੍ਹੇ ਨੇ ਗੱਲਾਂ ਕਰੀ ਜਾਣੀਆਂ ਉਸ ਪੂਰੀ ਮਸਤੀ 'ਚ ਵਿਹੜੇ 'ਚ ਗੇੜਾ ਕੱਢ ਕੇ ਜ਼ੋਰ ਦੀ ਮੇਰੇ ਵਲ ਛਲਾਂਗ ਲਗਾ ਫਿਰ ਭੱਜ ਜਾਣਾ। ਮੈਂ ਕਹਿਣਾ ਪਾਰਸੀ



**ਕਲਵੰਤ ਸਿੰਘ ਸਹੋਤਾ**
**ਫੋਨ: 604-589-5919**

ਤੂੰ ਇਕੱਲਾ ਏਂ? ਉਸ ਮੁੜ ਜ਼ੋਰ ਨਾਲ ਫੈਂਸ ਦੇ ਉੱਪਰ ਤੱਕ ਚਊਂ ਚਊਂ ਕਰਦਿਆਂ ਹੋਰ ਉੱਚੀ ਛਾਲ ਮਾਰਨੀ। ਹੌਲ਼ੀ ਹੌਲ਼ੀ ਮੈਨੂੰ ਲੱਗਣ ਲੱਗਿਆ ਕਿ ਪਾਰਸੀ ਮੇਰੀ ਪੰਜਾਬੀ ਵੀ ਸਮਝਣ ਲੱਗ ਪਿਆ ਏ।

ਥੋੜ੍ਹੇ ਮਹੀਨੇ ਲੰਘੇ ਉਹ ਵੱਡਾ ਹੋਇਆ ਤੇ ਜਦੋਂ ਜ਼ੋਰ ਨਾਲ ਨੱਠ ਕੇ ਛਾਲ ਮਾਰਨੀ ਤਾਂ ਫੱਟੀਆਂ ਦੀ ਫੈਂਸ ਜੜ੍ਹਾਂ ਤੋਂ ਹਿਲਾ ਕੇ ਝੂਮਣ ਲਾ ਦੇਣੀ। ਕੁੱਤੇ ਦੇ ਛਾਲਾਂ ਮਾਰਨ ਨਾਲ ਝੂਮਣ ਲੱਗੀ ਫੈਂਸ ਦੀ ਲਗਾਤਾਰ ਹੁੰਦੀ ਦੁਰਗਤੀ ਦੇਖ ਕੇ ਮੈਂ ਇੱਕ ਦਿਨ ਜੌਹਨ ਨੂੰ ਕਿਹਾ ਕਿ ਮੈਨੂੰ ਲਗਦੈ ਕਿ ਕਿਸੇ ਦਿਨ ਪਾਰਸੀ ਨੇ ਫੈਂਸ ਟੱਪ ਕੇ ਸਾਡੇ ਛਾਲ ਮਾਰ ਦੇਣੀ ਹੈ; ਕੀ ਤੂੰ ਇਸ ਨੂੰ ਥੋੜ੍ਹਾ ਚਿਰ ਬੰਨ੍ਹ ਕੇ ਨਹੀਂ ਰੱਖ ਸਕਦਾ? ਉਸ ਮੋੜਵੇਂ ਲਹਿਜ਼ੇ 'ਚ ਕਿਹਾ, ਨਹੀਂ। ਮੈਂ ਕਿਹਾ ਇੰਜ ਤਾਂ ਇਸ ਨੇ ਫੈਂਸ ਉੱਪਰ ਦੀ ਇਕੱਲੀ ਛਾਲ ਹੀ ਨਹੀਂ ਮਾਰਨੀ ਸਗੋਂ ਕਿਸੇ ਦਿਨ ਜੇ ਇਹ ਇੰਜ ਹੀ ਕਰਦਾ ਰਿਹਾ ਤਾਂ ਇਸ ਨੇ ਫੈਂਸ ਭੰਨ ਕੇ ਲੰਮੀ ਜ਼ਰੂਰ ਪਾ ਦੇਣੀ ਹੈ। ਇਸ ਦਾ ਕੋਈ ਇੰਤਜ਼ਾਮ ਕਰ। ਮੇਰੇ ਖੜ੍ਹੇ ਖੜ੍ਹੇ ਉਸ ਨੇ ਵਲ਼ਾਂ ਵਾਲੀ ਲਚਕਦਾਰ ਪਲਾਸਟਿਕ ਦੀ ਪਾਈਪ, ਜਿਸ ਦੀ ਲੰਬਾਈ ਵੀਹ ਕੁ ਫੁੱਟ ਅਤੇ ਵਿਆਸ (ਡਾਇਆਮੀਟਰ) ਡੇਢ ਕੁ ਫੁੱਟ ਹੋਊ, ਉਹ ਫੈਂਸ ਦੇ ਬਰਾਬਰ ਲੰਬੇ ਲੋਟ ਧਰਤੀ। ਪਹਿਲਾਂ ਉਹੀ ਪਾਈਪ ਉਸ ਦੇ ਵਿਹੜੇ ਦੇ ਵਿਚਕਾਰ ਪਈ ਹੁੰਦੀ ਸੀ, ਜਿਸ ਦੇ ਇੱਕ ਪਾਸੇ ਦੀ ਪਾਰਸੀ ਦੌੜ ਕੇ ਵੜਦਾ ਅਤੇ ਦੂਸਰੇ ਪਾਸੇ ਜਾ ਨਿਕਲਦਾ। ਜਿਉਂ ਹੀ ਉਹ ਪਾਈਪ ਫੈਂਸ ਦੇ ਨਾਲ ਰੱਖੀ ਤਾਂ ਪਾਰਸੀ ਨੇ ਮੁੜ ਕਦੇ ਫੈਂਸ 'ਤੇ ਛਾਲ ਨਹੀਂ ਮਾਰੀ। ਮੈਨੂੰ ਲਗਦੈ, ਪਾਰਸੀ ਗੁੱਸਾ ਕਰ ਗਿਆ। ਜੌਹਨ ਦਾ ਛੋਟਾ ਭਰਾ ਪੀਟਰ ਵੀ ਪਰਿਵਾਰ ਸਮੇਤ ਇਸੇ ਘਰ 'ਚ ਹੀ ਉੱਪਰ ਰਹਿੰਦਾ ਹੈ ਅਤੇ ਜੌਹਨ ਹੇਠਾਂ ਬੇਸਮੈਂਟ 'ਚ। ਉਨ੍ਹਾਂ ਦੇ ਘਰ ਦਾ ਵਿਹੜਾ ਕਾਫੀ ਖੁੱਲ੍ਹਾ, ਸਾਡੇ ਨਾਲੋਂ ਵੀ ਵੱਡਾ, ਚਾਰ ਚੁਫੇਰੇ ਫੈਂਸ ਹੈ ਤੇ ਪਿੱਛੇ ਕੁੱਤਿਆਂ ਦੇ ਫਿਰਨ ਲਈ ਖੁੱਲ੍ਹਾ ਡੁੱਲ੍ਹਾ ਥਾਂ ਹੈ। ਪੀਟਰ ਦੇ ਕੋਲ ਪਹਿਲਾਂ ਦੋ ਕੁੱਤੇ ਸੀ ਹੁਣ ਇੱਕ ਹੈ। ਪਿਛਲੇ ਵਿਹੜੇ ਘਾਹ ਲਸ਼ ਲਸ਼ ਕਰਦਾ ਹਰਾ ਭਰਾ ਸੀ। ਪੀਟਰ ਦੇ ਕੁੱਤਿਆਂ ਪਿਛਲੇ ਵਿਹੜੇ ਨੂੰ ਜੰਗਲ ਪਾਣੀ ਜਾਣ ਲਈ ਤਾਂ ਖੂਬ ਵਰਤਿਆ, ਪਰ ਉਹ ਉਸ 'ਤੇ ਤੁਰਦੇ ਇਸ ਤਰ੍ਹਾਂ ਸਨ ਕਿ ਕਿਤੇ ਕੋਈ ਘਾਹ ਦੀ ਜੜ੍ਹ ਨਾ ਹਿੱਲ ਜਾਏ। ਉਹ ਤਾਂ ਤੁਰਦੇ ਵੀ ਬੜੀ ਮਟਕ ਅਤੇ ਮਜ਼ਾਜ ਨਾਲ ਸਨ। ਪਰ ਜਿਉਂ ਹੀ ਪਾਰਸੀ ਆਇਆ ਉਸ ਨੇ ਦੌੜ ਦੌੜ ਕੇ ਪਿਛਲੇ ਵਿਹੜੇ ਦਾ ਐਸਾ ਨਾਸ ਮਾਰਿਆ ਕਿ ਘਾਹ ਦੀ ਹਰਿਆਈ ਦਾ ਕੋਈ ਨਾਮੋ ਨਿਸ਼ਾਨ ਵੀ ਨਹੀਂ ਰਹਿਣ ਦਿੱਤਾ। ਦੌੜ ਦੌੜ ਗੇੜੇ ਕੱਢਦਿਆਂ ਸਾਰਾ ਵਿਹੜਾ ਇਉਂ ਲੱਗਣ ਲਾ 'ਤਾ ਜਿਵੇਂ ਚੜਸ ਦੀ ਪੈੜ ਹੋਵੇ, ਜਿੱਥੇ ਪਸ਼ੂਆਂ ਦੇ ਪੈਰਾਂ ਨੇ ਧਰਤੀ ਮਿੱਧ ਮਿੱਧ ਕੇ ਧੁੱਦਲ ਬਣਾਈ ਹੋਈ ਹੁੰਦੀ ਹੈ। ਇਸ ਕੁੱਤੇ ਦੀ ਕਿਸਮ ਐਸੀ ਹੈ ਕਿ ਜਿੰਨਾ ਚਿਰ ਬਾਹਰ ਹੋਵੇ ਉਸ ਟਿਕ ਕੇ ਨਾ ਖੜ੍ਹਨਾ ਅਤੇ ਨਾ ਹੀ ਬੈਠਣਾ ਹੈ; ਬੱਸ ਗੇੜੇ 'ਤੇ ਗੇੜਾ ਦਿੰਦਿਆਂ ਹੀ ਸਾਰਾ ਘਾਹ ਜੜ੍ਹਾਂ ਤੋਂ ਉਖੇੜ, ਵਾਹੇ ਹੋਏ ਖੇਤ ਵਰਗਾ ਜਾਂ ਕਹਿ ਲਓ ਚੜਸ ਦੀ ਪੈੜ ਜਾਂ ਹਲਟ ਦੀ ਪੈੜ ਵਰਗਾ ਲੱਗਣ ਲਾ ਦਿੱਤਾ। ਹੁਣ ਜਦੋਂ ਵੀ ਮੈਂ ਬਾਹਰ ਨਿਕਲ ਗੁਆਂਢੀਆਂ ਦੀ ਫੈਂਸ ਉੱਪਰਦੀ ਝਾਤੀ ਮਾਰਦਾਂ ਤਾਂ ਇੱਕ ਦਮ ਪਲਾਂ 'ਚ ਹੀ ਆਪਣੇ ਪਿੰਡ ਪੰਜਾਬ ਖੂਹ 'ਤੇ ਜਾ ਪਹੁੰਚਦਾਂ, ਤੇ ਮੇਰਾ ਧਿਆਨ ਆਪਣੇ ਖੂਹ ਦੀ ਚੜਸ ਦੀ ਪੈੜ ਕੋਲ ਜਾ ਰੁਕਦਾ। ਚੜਸ, ਮਜ਼ਬੂਤ ਧੌੜੀ ਦੀ ਖੱਲ ਦੇ ਚਮੜੇ ਦਾ ਬਹੁਤ ਵੱਡਾ ਥੈਲਾ ਜਿਹਾ ਹੁੰਦਾ ਸੀ, ਜਿਸ ਦੇ ਮੂੰਹ ਦੇ ਉੱਪਰ ਮਜ਼ਬੂਤ ਲੋਹੇ ਦਾ ਬੰਗਲਾ (ਰਿੰਗ) ਸਿਉਂ ਕੇ ਉੱਪਰ ਲੋਹੇ ਦਾ ਹੀ ਕੁੰਡਾ, ਜਿਸ ਵਿਚ ਦੀ ਬਹੁਤ ਮੋਟੀ ਤੇ ਮਜ਼ਬੂਤ ਲੌਂ (ਮੋਟਾ ਰੱਸਾ) ਬੰਨੀ ਹੁੰਦੀ ਸੀ। ਉਹ ਲੌਂ ਜਿੱਥੇ ਇੱਕ ਪਾਸੇ ਚੜਸ ਨਾਲ ਬੰਨੀ ਹੁੰਦੀ ਸੀ ਉੱਥੇ ਹੀ ਦੂਸਰੇ ਪਾਸੇ ਬਲਦਾਂ ਦੀ ਜੋੜੀ ਦੀ ਪੰਜਾਲੀ ਨਾਲ ਬੰਨੀ ਹੋਇਆ ਕਰਦੀ ਸੀ। ਚੜਸ ਨੂੰ ਚਲਾਉਣ ਲਈ ਬਲਦਾਂ ਦੀਆਂ ਦੋ ਤਕੜੀਆਂ ਜੋੜੀਆਂ ਦੀ ਲੋੜ ਹੁੰਦੀ ਸੀ। ਇੱਕ ਜੋੜੀ ਪਾਣੀ ਨਾਲ ਭਰੇ ਚੜਸ ਨੂੰ ਖਿੱਚਦੀ ਪੈੜ ਦੀ ਨਿਮਾਣ ਵਲ ਨੂੰ ਲਈ ਜਾਂਦੀ, ਜਦੋਂ ਚੜਸ ਮੌਣ ਦੀ ਬਰਾਬਰ ਆਉਂਦਾ ਤਾਂ ਚੜਸ ਫੜਨ ਵਾਲਾ ਉੱਚੀ ਦੇ ਕੇ ਬੋਲਦਾ, ਜਿਸ ਨੂੰ ਬੋਲਾ ਲਾਉਣਾ ਕਿਹਾ ਜਾਂਦਾ। ਜੋ ਇੱਕ ਸੁਨੇਹਾ ਹੁੰਦਾ ਸੀ ਕਿ ਚੜਸ ਉੱਪਰ ਆ ਗਿਆ ਹੈ। ਇਹ ਪੈੜ ਦੇ ਧੁਰ ਸਿਰੇ ਪੁੱਜੇ ਬਲਦਾਂ ਦੇ ਚਾਲਕ ਨੂੰ ਸੁਨੇਹਾ ਸੀ ਕਿ ਬਲਦ ਰੋਕ ਦਿੱਤੇ ਜਾਣ, ਇਸੇ ਦੌਰਾਨ ਮੌਣ 'ਤੇ ਬੈਠਾ ਚੜਸ ਫੜਨ ਵਾਲਾ ਬੰਦਾ, ਪਾਣੀ ਨਾਲ ਭਰੇ ਚੜਸ ਨੂੰ ਧੂਹ ਕੇ, ਉਲੱਦ ਕੇ ਚਲ਼ੇ 'ਚ ਖਾਲੀ ਕਰ ਦਿੰਦਾ। ਇਸੇ ਸਮੇਂ ਹੀ ਭਾਰੀ ਲੌਂ ਪਹਿਲੀ ਜੋੜੀ ਦੀ ਪੰਜਾਲੀ ਦੀ ਕੀਲੀਓਂ ਲਾਹ ਕੇ ਦੂਸਰੀ ਬਲਦਾਂ ਦੀ ਜੋੜੀ ਦੀ ਪੰਜਾਲੀ ਦੀ ਕੀਲੀ ਨਾਲ ਅੜਾ ਦਿੱਤੀ ਜਾਂਦੀ। ਇਸ ਨੂੰ ਕੀਲੀ ਲਾਉਣਾ ਕਹਿੰਦੇ ਸਨ। ਕੀਲੀ ਲਾਉਣਾ ਤੇ ਚੜਸ ਫੜਨਾ ਮਾੜੇ ਧੀੜੇ ਬੰਦੇ ਦਾ ਕੰਮ ਨਹੀਂ ਸੀ ਹੁੰਦਾ। ਇੰਜ ਸਾਰਾ ਦਿਨ ਇੱਕ ਬਲਦਾਂ ਦੀ ਜੋੜੀ ਥੱਲੇ ਚਲੀ ਜਾਂਦੀ ਅਤੇ ਇੱਕ ਉੱਪਰ ਆ ਜਾਂਦੀ ਅਤੇ ਪਾਣੀ ਨਾਲ ਭਰੇ ਚੜਸ ਨੂੰ ਚਲ਼ੇ 'ਚ ਖਾਲੀ ਕਰ ਕਰ ਫਸਲਾਂ ਦਾ ਸੇਂਜਾ ਹੁੰਦਾ ਸੀ। ਚੜਸ ਫੜਨਾ, ਕੀਲੀ ਲਾਉਣਾ ਆਮ ਬੰਦੇ ਦੇ ਵੱਸ ਦਾ ਰੋਗ ਨਹੀਂ ਸੀ ਹੁੰਦਾ। ਦੁੱਧ ਮਲਾਈਆਂ ਨਾਲ ਪਲ਼ੇ ਪੰਜਾਬੀ ਗਭਰੂ, ਖੁੱਲ੍ਹੇ ਡੁੱਲੇ ਜੁੱਸੇ ਵਾਲੇ ਕਿਸਾਨਾਂ ਦੇ ਪੁੱਤਰ ਹੀ ਇਹ ਕੰਮ ਕਰਦੇ ਸਨ।

ਸਾਡੇ ਖੂਹ 'ਤੇ ਚੜਸ ਦੇ ਪਾਣੀ ਵਾਲਾ ਚਲ਼ਾ, ਰੋੜਿਆਂ ਨੂੰ ਭੁੰਨ ਕੇ ਤੇ ਕੁੱਟ ਕੇ ਬਣਾਏ ਚੂਨੇ ਦਾ ਬਹੁਤ ਨਿੱਗਰ ਅਤੇ ਮਜ਼ਬੂਤ ਸੀ ਤੇ ਵੱਡੇ ਅਕਾਰ ਦਾ ਸੀ। ਜਦਕਿ ਮਗਰੋਂ ਬਣਾਇਆ ਹਲਟ ਦਾ ਚਲ਼ਾ ਉਸ ਤੋਂ ਅੱਧੇ ਅਕਾਰ ਦਾ ਚੂਨੇ ਦੀ ਥਾਂ ਨਵੇਂ ਨਵੇਂ ਪ੍ਰਚੱਲਤ ਹੋਏ ਸੀਮੈਂਟ ਦਾ ਬਣਿਆ ਸੀ। ਉਸੇ ਖੂਹ 'ਚੋਂ ਜਦੋਂ ਕਿਰਲੋਸਕਰ ਇੰਜਣ ਨਾਲ ਬੰਬੀ (ਟਿਊਬ ਵੈਲ) ਨਾਲ ਪਾਣੀ ਕੱਢਣ ਲੱਗੇ ਤਾਂ ਹਲਟ ਵਾਲਾ ਛੋਟਾ ਚਲ਼ਾ ਪਾਣੀ ਦੀ ਮਾਰ ਨਾ ਝੱਲ ਸਕਿਆ ਤਾਂ ਉਸ ਦੀ ਥਾਂ ਵੱਡਾ ਚੜਸ ਵਾਲਾ ਚਲ਼ਾ ਹੀ ਵਰਤਣਾ ਪਿਆ; ਜੋ ਮੁੱਦਤਾਂ ਤੋਂ ਹੀ ਬਿਨਾ ਵਰਤਿਆਂ ਪਿਆ ਸੀ। ਜਦੋਂ ਚੜਸ ਦੀ ਥਾਂ ਹਲਟ ਲੱਗ ਗਿਆ ਤਾਂ ਚੜਸ ਦੀ ਪੈੜ ਵਾਲਾ ਲੰਬਾ ਚੌੜਾ ਟੋਆ ਨਾ ਵਰਤੋਂ 'ਚ ਹੋਣ ਕਰਕੇ, ਉਸ 'ਚ ਘਾਹ ਫੂਸ, ਨਿੱਕੇ ਮੋਟੇ ਦਰਖਤ ਉੱਗ ਪਏ ਤੇ ਹੌਲੀ ਹੌਲੀ ਉੱਥੇ ਸੰਘਣੀ ਜਿਹੀ ਝਿੜੀ ਬਣ ਗਈ। ਉਸ ਝਿੜੀ 'ਚ ਕਈ ਕਿਸਮ ਦੇ ਪੰਛੀਆਂ ਅਤੇ ਹੋਰ ਜੀਵ ਜੰਤੂਆਂ ਨੇ ਆਣ ਬਸੇਰਾ ਕੀਤਾ। ਜਿਨ੍ਹਾਂ 'ਚ ਸੱਪ, ਨਿਓਲੇ, ਚੂਹੇ ਆਦਿ ਪ੍ਰਮੁੱਖ ਸਨ। ਚੂਹਿਆਂ ਨੇ ਪੈੜ ਦੇ ਦੁਆਲੇ ਦੀ ਉੱਚੀ ਕਰ ਕੇ ਬਣਾਈ ਪਾਣੀ ਵਾਲੀ ਆੜ ਦੇ ਥੱਲੇ ਆਪਣੀਆਂ ਡੁੱਡਾਂ ਕੱਢ ਕੇ ਆਪਣਾ ਬਸੇਰਾ ਕਰ ਲਿਆ। ਜਦੋਂ ਹਲਟ ਦਾ ਪਾਣੀ ਉਸ ਆੜ ਵਿਚ ਆਉਣਾ ਤਾਂ ਸਾਰਾ ਪਾਣੀ ਖੇਤ ਨੂੰ ਪਹੁੰਚਣ ਦੀ ਥਾਂ ਡੁੱਡਾਂ ਵਿਚ ਦੀ ਪੈੜ 'ਚ ਹੀ ਪਈ ਜਾਣਾ। ਪਤਾ ਉਦੋਂ ਲੱਗਣਾ ਜਦੋਂ ਅਗਲੇ ਬੰਨੇ ਨਾਕੀ ਨੇ ਆਪਣੇ ਕਿਆਸੇ ਸਮੇਂ ਅਨੁਸਾਰ ਕਿਆਰਾ ਮੋੜਨ ਜਾਣਾ ਤਾਂ ਪਹਿਲਾ ਕਿਆਰਾ ਵੀ ਭਰਨ ਦੀ ਥਾਂ ਆੜ ਵੀ ਸਾਰੀ ਪਾਣੀਓਂ ਸੱਖਣੀ ਦੇਖਣੀ ਤਾਂ ਜਾ ਕੇ ਅਹਿਸਾਸ ਹੋਣਾ ਕਿ ਹਲਟ ਦਾ ਪਾਣੀ ਤਾਂ ਸਾਰਾ ਹੀ ਚੜਸ ਦੀ ਪੈੜ ਭਰੀ ਗਿਆ। ਬੜੀ ਸ਼ਿੱਦਤ ਨਾਲ ਦੋ ਜਣਿਆਂ ਨੇ ਚੂਹਿਆਂ ਦੀਆਂ ਕਚੇਰਾਂ ਲੱਭ ਲੱਭ ਮਿੱਟੀ ਗਾਰੇ ਨਾਲ ਭਰ ਮਸਾਂ ਪਾਣੀ ਦੁਬਾਰਾ ਖੇਤ ਨੂੰ ਅੱਪੜਦਾ ਕਰਨਾ। ਇਹ ਸਿਲਸਿਲਾ ਹਰ ਵਾਰੀ ਵਾਪਰਦਾ ਜਦੋਂ ਹਫਤੇ ਕੁ ਮਗਰੋਂ ਮੁੜ ਹਲਟ ਚਲਾ ਕੇ ਸੇਂਜਾ ਕਰਨਾ ਹੁੰਦਾ।

ਉਹ ਪੈੜ ਵਾਲਾ ਟੋਆ ਅਕਸਰ ਹਲਟ ਦਾ ਪਾਣੀ ਕਚੇਰਾਂ ਵਿਚ ਦੀ ਪੈ ਪੈ ਪਾਣੀ ਨਾਲ ਤ੍ਰਿਪਤ ਹੀ ਰਹਿੰਦਾ ਸੀ। ਲਗਾਤਾਰ ਪਾਣੀ ਦੇ ਖੜ੍ਹਨ ਕਾਰਨ ਉੱਥੇ ਨਿਓਲੇ, ਸੱਪ, ਚੂਹਿਆਂ ਦੇ ਨਾਲ ਨਾਲ ਕੱਛੂ ਅਤੇ ਡੱਡੂ ਵੀ ਆ ਬਿਰਾਜਮਾਨ ਹੋਏ। ਬਰਸਾਤਾਂ ਨੂੰ ਤਾਂ ਉਹ ਟੋਆ ਉੱਪਰ ਤੱਕ ਭਰ ਜਾਂਦਾ ਸੀ, ਜਿਸ ਦੇ ਕੰਢੇ ਬੈਠ ਡੱਡੂ ਆਪਣੀ ਗੜੈਂ ਗੜੈਂ ਨਾਲ ਵਾਤਾਵਰਨ ਨੂੰ ਹੋਰ ਵੀ ਕੁਦਰਤ ਦੇ ਨਜ਼ਾਰਿਆਂ ਦੇ ਦ੍ਰਿਸ਼ਾਂ ਨਾਲ ਰੌਚਕ ਬਣਾਈ ਰੱਖਦੇ। ਕੜਕਦੀਆਂ ਧੁੱਪਾਂ ਦੌਰਾਨ, ਦੁਆਲੇ ਉੱਗੀਆਂ ਕਿੱਕਰਾਂ 'ਤੇ ਬੈਠੇ ਬੀਂਡੇ ਟੀਂ ਟੀਂ ਕਰਦੇ ਆਪਣਾ ਹੀ ਰਾਗ ਅਲਾਪਦੇ ਰਹਿੰਦੇ। ਇਹ ਪੈੜ ਭਾਵੇਂ ਚੜਸ ਨਾਲ ਪਾਣੀ ਕੱਢਣ ਦੀ ਵਰਤੋਂ ਤੋਂ ਵਾਂਝੀ ਹੋ ਕੇ ਰਹਿ ਗਈ ਸੀ ਪਰ ਜਾਨਵਰਾਂ ਅਤੇ ਜੀਵ ਜੰਤੂਆਂ ਦੇ ਰਹਿਣ ਲਈ ਬਹੁਤ ਵਧੀਆ ਰਿਹਾਇਸ਼ਗਾਹ ਬਣ ਗਈ ਸੀ। ਇੱਕ ਵਾਰੀ ਕੀ ਦੇਖਿਆ ਕਿ ਸਾਉਣ ਭਾਦੋਂ ਦਾ ਮਹੀਨਾ ਸੀ, ਬਰਸਾਤਾਂ ਪੂਰੇ ਜ਼ੋਰ 'ਤੇ ਸਨ, ਮੱਕੀ ਅਤੇ ਕਮਾਦ ਦੀਆਂ ਫਸਲਾਂ ਦੇ ਖੇਤ ਭਰ ਜੋਬਨ 'ਚ ਸਨ। ਜਿੱਥੇ ਖੂਹ ਦਾ ਪਾਣੀ ਬਰਸਾਤਾਂ ਕਾਰਨ ਹਲ਼ਟ ਦੇ ਬੈੜ ਨੂੰ ਲੱਗਣ ਵਾਲਾ ਹੋਇਆ ਹੋਇਆ ਸੀ ਉੱਥੇ ਨਾਲ ਹੀ ਪੈੜ ਵਾਲਾ ਛੱਪੜ ਨੁਮਾ ਟੋਆ ਕੰਢਿਆਂ ਉੱਪਰ ਦੀ ਹੋਣ ਨੂੰ ਫਿਰਦਾ ਸੀ। ਡੱਡੂ ਤਾਂ ਬਰਸਾਤਾਂ ਕਾਰਨ ਪਾਣੀ 'ਚ ਟੁੱਭੀਆਂ ਮਾਰ ਮਾਰ ਚਾਂਭੜਾਂ ਪਾਉਣ ਅਤੇ ਗੜੈਂ ਗੜੈਂ ਤੇ ਕਿੜ ਕਿੜ ਦਾ ਰਾਗ ਅਲਾਪਣ, ਪਰ ਦੂਸਰੇ ਪਾਸੇ ਪੈੜ 'ਚ ਭਰੇ ਪਾਣੀ ਤੋਂ ਖ਼ਫਾ ਇੱਕ ਵੱਡਾ ਖੜੱਪਾ ਸੱਪ ਤੇ ਮੋਟਾ ਡਾਢਾ ਨਿਓਲਾ ਬੰਜਰ ਦੇ ਵਿਚਕਾਰ ਪਸ਼ੂਆਂ ਵਾਲੀ ਖੁਰਲੀ ਤੋਂ ਰਤਾ ਕੁ ਪਰੇ ਨੂੰ ਗੁੱਥਮ ਗੁੱਥਾ ਹੋਏ ਪਏ। ਕਦੇ ਉਲਟ ਬਾਜ਼ੀਆਂ ਪਾ ਕੇ ਸੱਪ ਥੱਲੇ ਤੇ ਕਦੇ ਨਿਓਲਾ। ਸੱਪ ਉਸ ਦੇ ਫੰਨ ਚੁੱਕ ਕੇ ਝਕੰਨੀ ਦੇ ਕੇ ਡੰਗ ਮਾਰਨ ਦਾ ਯਤਨ ਕਰੇ ਤਾਂ ਨਿਓਲਾ ਛਾਲ ਮਾਰ ਕੇ ਉਸ ਦੇ ਉੱਪਰ ਦੀ ਦੂਸਰੇ ਪਾਸੇ ਪਲਟੀ ਮਾਰ ਜਾਇਆ ਕਰੇ। ਮੈਂ ਗੈਲ 'ਚ ਦੂਰ ਖੜ੍ਹਾ ਇਸ ਅਦਭੁੱਤ ਦੰਗਲ ਨੂੰ ਦੇਖਦਾ ਰਿਹਾ, ਨਾ ਸੱਪ ਹਾਰ ਮੰਨੇ ਅਤੇ ਨਾ ਹੀ ਨਿਓਲਾ। ਸਹਿਜ ਨਾਲ ਜਦੋਂ ਮੈਂ ਜ਼ਰਾ ਗੈਲ ਵਲੋਂ ਬੰਜਰ ਵਲ ਨੂੰ ਦੋ ਕੁ ਪੈਰ ਅਗਾਂਹ ਹੋਇਆ ਤਾਂ ਲਗਦੈ ਮੇਰੀ ਪੈਛੜ ਸੁਣ ਕੇ ਦੋਵੇਂ ਠਠੰਬਰ ਗਏ, ਨਿਓਲਾ ਨੱਠ ਕੇ ਕਮਾਦ ਵਾਲੇ ਖੇਤ 'ਚ ਜਾ ਵੜਿਆ ਤੇ ਸੱਪ ਮ੍ਹੇਲ਼ਦਾ ਹੋਇਆ ਮੱਕੀ ਦੇ ਖੇਤ 'ਚ ਖਿਸਕ ਗਿਆ। ਮੈਨੂੰ ਲੱਗਿਆ ਜਿਵੇਂ ਚੜਸ ਦੀ ਪੈੜ 'ਚ ਭਰੇ ਪਾਣੀ ਤੋਂ ਖਫਾ ਇਹ ਦੋਵੇਂ ਆਪਣੀ ਰਿਹਾਇਸ਼ਗਾਹ ਦੀ ਹੋਈ ਬਰਬਾਦੀ ਤੋਂ ਦੁਖੀ ਤੂੰ ਤੂੰ ਮੈਂ ਮੈਂ ਕਰਦੇ, ਆਪਣਾ ਝਗੜਾ ਅੱਗੇ ਵਧਾ, ਗੁੱਥਮ ਗੁੱਥਾ ਹੋਏ ਹੋਣਗੇ।

ਚੜਸ ਵਾਲੀ ਪੈੜ ਦੀ ਇੱਕ ਹੋਰ ਬੜੀ ਵਿਲੱਖਣਤਾ ਸੀ; ਇਸ ਡੂੰਘੇ ਵੱਡੇ ਅਕਾਰ ਦੇ ਛੱਪੜ ਨੁਮਾ ਟੋਏ ਦੇ ਦੁਆਲੇ ਭੰਗ ਦੇ ਬੂਟਿਆਂ ਦਾ ਭਾਰੀ ਪਸਾਰਾ ਸੀ। ਅਸੀਂ ਤਾਂ ਸਿਰਫ ਇਸ ਨੂੰ ਵੱਢ ਕੇ, ਸੁਕਾ ਕੇ, ਇਸ ਦੀਆਂ ਛਿਟੀਆਂ ਚੁੱਲ੍ਹੇ ਭੱਠੀਆਂ ਵਾਸਤੇ ਬਾਲਣ ਵਜੋਂ ਹੀ ਵਰਤਦੇ ਸਾਂ। ਪਰ ਇਸ ਤੋਂ ਪਹਿਲਾਂ ਕਿ ਇਹ ਨਿੱਸਰੀ ਭੰਗ ਵੱਢੀ ਜਾਏ, ਤਾਂ ਕਈ ਗਾਂਜਾ ਪੀਣ ਦੇ ਆਦੀ, ਸਾਡੇ ਖੂਹ 'ਤੇ ਆ ਕਦੇ ਪੁੱਛ ਕੇ ਤੇ ਕਦੇ ਬਿਨਾ ਪੁੱਛਿਆਂ ਹੀ, ਬੂਟਿਆਂ ਦੀਆਂ ਬੋਦੀਆਂ ਹੱਥਾਂ ਨਾਲ ਮਸਲ਼ ਮਸਲ਼, ਉਸ ਦੀਆਂ ਬੱਤੀਆਂ ਜਿਹੀਆਂ ਬਣਾ ਬਣਾ ਰੱਖੀ ਜਾਣੀਆਂ ਤੇ ਜਦੋਂ ਗੁਜਾਰੇ ਯੋਗੀਆਂ ਹੋ ਜਾਣੀਆਂ ਤਾਂ ਕਈ ਦਿਨ ਉਸ ਗਾਂਜੇ ਦੇ ਨਸ਼ੇ ਦਾ ਅਨੰਦ ਲੈਣਾ। ਭੰਗ ਵਾਲੇ ਪਕੌੜੇ ਵੀ ਬੜੇ ਮਸ਼ਹੂਰ ਹੁੰਦੇ ਸਨ, ਹਰ ਇੱਕ ਉਨ੍ਹਾਂ ਨੂੰ ਪਚਾ ਨਹੀਂ ਸੀ ਸਕਦਾ। ਕਿਸੇ ਨਾਲ ਸ਼ਰਾਰਤੀਆ ਮਖੌਲ ਕਰਨਾ ਹੋਵੇ ਤਾਂ ਉਸ ਨੂੰ ਭੰਗ ਵਾਲੇ ਪਕੌੜੇ ਭੁਲੇਖੇ ਨਾਲ ਖੁਆ ਦੇਣੇ ਤਾਂ ਭੰਗ ਦਾ ਨਸ਼ਾ ਚੜ੍ਹਦੇ ਹੀ ਉਸ ਅਵਲ ਟਵਲੀਆਂ ਮਾਰਨ ਲੱਗ ਜਾਣਾ, ਜਾਂ ਉਸ ਘੁੰਮ ਘੁੰਮ ਡਿਗਦੇ ਫਿਰਨਾ ਦੇਖ ਦੇਖ, ਨਾਲ ਦੇ ਹੱਸ ਹੱਸ ਦੂਹਰੇ ਹੁੰਦੇ ਤੇ ਉਸ 'ਤੇ ਹੋਏ ਭੰਗ ਦੇ ਅਸਰ ਦਾ ਚੋਖਾ ਅਨੰਦ ਮਾਣਦੇ। ਭੰਗ ਦਾ ਅਸਰ ਲਹਿਣ ਮਗਰੋਂ ਉਹ ਬੰਦਾ ਐਸੀ ਤੌਬਾ ਕਰਦਾ ਕਿ ਭੰਗ ਵਾਲੇ ਪਕੌੜੇ ਤਾਂ ਕੀ ਸਗੋਂ ਆਮ ਵੀ ਕਿਤੇ ਪਕੌੜੇ ਦਿਸ ਪੈਂਦੇ ਤਾਂ ਚੌਕੰਨਾ ਹੋ ਸਹਿਮ ਜਾਂਦਾ ਕਿ ਕਿਤੇ ਇਨ੍ਹਾਂ 'ਚ ਵੀ ਭੰਗ ਨਾ ਪਾਈ ਹੋਵੇ!

ਸਿਗਰਟਾਂ ਅਤੇ ਭੰਗ ਤਾਂ ਸਾਡੇ ਗੁਆਂਢੀ ਜੌਹਨ ਅਤੇ ਪੀਟਰ ਵੀ ਬੜੀ ਪੀਂਦੇ ਐ, ਭੰਗ ਮੁੱਕ ਜਾਏ ਤਾਂ ਸਿਗਰਟਾਂ ਦੇ ਬੰਬੇ ਛੱਡ ਛੱਡ ਸਭ ਆਲਾ ਦੁਆਲਾ ਮਹਿਕਣ ਲਾ ਦਿੰਦੇ ਆ। ਗਰਮੀਆਂ ਦੇ ਦਿਨ ਸਨ, ਇੱਕ ਦਿਨ ਮੈਂ ਜੌਹਨ ਨੂੰ ਕਿਹਾ ਕਿ ਮੈਂ ਤੈਨੂੰ ਇੱਕ ਗੱਲ ਕਹਿਣੀ ਹੈ, ਜੇ ਤੂੰ ਗੁੱਸਾ ਨਾ ਕਰੇਂ ਤਾਂ? ਕਹਿੰਦਾ ਹਾਂ ਹਾਂ ਕਹਿ। ਮੈਂ ਹੱਸਦਿਆਂ ਕਿਹਾ ਕਿ ਬੜੇ ਪੈਸੇ ਖਰਚ ਕੇ ਸਿਗਰਟਾਂ ਅਤੇ ਭੰਗ ਤੁਸੀਂ ਰੱਜ ਕੇ ਪੀਂਦੇ ਹੋ ਤੇ ਨਾਲ ਹੀ ਇਸ ਦਾ ਕੁੱਝ ਹਿੱਸਾ ਸਾਨੂੰ ਵੀ ਪਿਆ ਦਿੰਦੇ ਹੋ, ਅਸੀਂ ਤਾਂ ਮੁਫਤੋ ਮੁਫਤੀ ਹੀ ਨਸ਼ੇ 'ਚ ਹੋਏ ਰਹਿੰਦੇ ਹਾਂ। ਅੱਗੋਂ ਉਹ ਹੱਸਿਆ। ਗੱਲ ਅਗਾਂਹ ਤੋਰਦਿਆਂ ਮੈਂ ਕਿਹਾ ਕਿ ਗਰਮੀਆਂ ਨੂੰ ਤਾਂ ਅਸੀ ਆਪਣੇ ਕਮਰਿਆਂ ਦੀਆਂ ਤਾਕੀਆਂ ਵੀ ਨਹੀਂ ਖੋ੍ਹਲ ਸਕਦੇ ਕਿ ਤੁਹਾਡੀ ਪੀਤੀ ਭੰਗ ਅਤੇ ਸਿਗਰਟਾਂ ਦਾ ਧੂੰਆਂ ਸਾਡੇ ਘਰ ਦੇ ਅੰਦਰ ਆ ਅੱਧੇ ਜੀਆਂ ਨੂੰ ਤਾਂ ਛਿੱਕਾਂ ਮਾਰਨ ਲਾ ਦਿੰਦਾ ਤੇ ਅੱਧਿਆਂ ਦੇ ਨੱਕ ਬੰਦ ਰਹਿੰਦੇ ਹਨ। ਮੇਰੀ ਗੱਲ ਉਸ ਬੜੇ ਠਰੰਮੇ ਨਾਲ ਸੁਣ, ਅੱਗੋਂ ਕਹਿੰਦਾ ਸੌਰੀ ਹੁਣ ਅਸੀਂ ਵਿਹੜੇ ਦੇ ਦੂਸਰੇ ਪਾਸੇ ਜਾ ਕੇ ਪੀ ਲਿਆ ਕਰਾਂਗੇ। ਧੰਨਵਾਦ ਤੁਹਾਡਾ ਤੁਸੀਂ ਮੈਨੂੰ ਦੱਸ ਦਿੱਤਾ। ਨਾਲ ਹੀ ਕਹਿਣ ਲੱਗਾ ਕਿ ਅਗਲੀ ਵਾਰੀ ਤੁਹਾਨੂੰ ਜਦੋਂ ਵੀ ਕਦੇ ਧੂੰਏਂ ਦੀ ਸ਼ਿਕਾਇਤ ਹੋਵੇ ਤਾਂ ਸਾਨੂੰ ਯਾਦ ਕਰਾਉਂਦੇ ਰਹਿਣਾ। ਕੁੱਝ ਦਿਨ ਪਰਲੇ ਖੂੰਜੇ ਚੁੱਕਵੀਆਂ ਕੁਰਸੀਆਂ 'ਤੇ ਬੈਠ ਭੰਗ ਪੀਂਦੇ ਰਹੇ; ਮਗਰੋਂ ਹੌਲੀ ਹੌਲੀ ਫਿਰ ਪਹਿਲੇ ਵਾਲੇ ਥਾਂ ਹੀ ਆ ਧੂੰਆਂ ਛੱਡ ਛੱਡ ਸਾਡੀਆਂ ਨਾਸਾਂ 'ਚ ਧੂੰਆਂ ਚਾੜ੍ਹਨ ਲੱਗ ਜਾਣਾ। ਮੈਂ ਇੱਕ ਦੋ ਵਾਰੀ ਮੁੜ ਯਾਦ ਕਰਾਇਆ ਤਾਂ ਬੜੀ ਹਲੀਮੀ ਨਾਲ ਸੌਰੀ ਕਹਿ ਕੇ ਦੋ ਚਾਰ ਦਿਨ ਲੰਘਾਉਣੇ, ਮੁੜ ਉਹੀ ਧੂੰਆਂ, ਨਾਸਾਂ ਤਾਂ ਕੀ ਸਾਡੇ ਕੱਪੜਿਆਂ 'ਚ ਵੀ ਮਹਿਕਾਂ ਭਰਨ ਲਾ ਦੇਣਾ। ਹਾਰ ਕੇ ਮੈਂ ਕਹਿਣਾ ਹੀ ਛੱਡ ਦਿੱਤਾ। ਮਨ ਨੂੰ ਇਉਂ ਸਮਝਾ ਲਿਆ ਕਿ ਸਾਡੇ ਪਿੰਡ, ਖੂਹ 'ਤੇ ਗਾਂਜਾ ਪੀਣ ਦੇ ਸ਼ੌਕੀਨ ਵੀ ਤਾਂ ਚੜਸ ਦੀ ਪੈੜ ਦੁਆਲੇ ਉੱਗੀ ਭੰਗ ਪੀ ਪੀ ਅਨੰਦ ਮਾਣਦੇ ਹੀ ਰਹੇ ਹਨ, ਸੋ ਇਸ ਨੂੰ ਵੀ ਉਸੇ ਜ਼ਿੰਦਗੀ ਦਾ ਹੀ ਹਿੱਸਾ ਸਮਝ ਲੈਣਾ ਚਾਹੀਦਾ ਹੈ।

## ਕਾਵਿ-ਕਿਆਰੀ

### ਸ਼ੱਕਰ ਵਰਗਾ ਸ਼ੁੱਕਰਵਾਰ

ਸ਼ੱਕਰ ਵਰਗਾ ਸ਼ੁੱਕਰਵਾਰ,
ਸ਼ੁਕਰ ਆ ਗਿਆ ਸ਼ੁੱਕਰਵਾਰ
ਸਾਰੇ ਕਹਿੰਦੇ ਲੈ ਲਿਆ ਹਫਤਾ
ਹੁਣ ਤਾਂ ਥੋੜਾ ਰਹਿ ਗਿਆ ਰਸਤਾ,
ਛੁੱਟੀ ਵੇਲੇ ਘਰ ਨੂੰ ਭੱਜਦੇ,
ਹੋ ਜਾਂਦੇ ਸਭ ਪੱਬਾਂ ਭਾਰ,
ਸ਼ੱਕਰ ਵਰਗਾ ਸ਼ੁੱਕਰਵਾਰ,
ਸ਼ੁਕਰ ਆ ਗਿਆ ਸ਼ੁੱਕਰਵਾਰ।

ਯਾਰਡ 'ਚ ਮੇਲੇ ਲੱਗ ਜਾਂਦੇ ਨੇ
ਬਾਰ ਬੀ ਕੂ ਫਿਰ ਮਘ ਜਾਂਦੇ ਨੇ
ਕੋਈ ਕਹਿੰਦਾ ਹੋ ਜਾ ਤਕੜਾ
ਆਇਆ ਲੈ ਕੇ ਹੁਣੇ ਮੈਂ ਬੱਕਰਾ
ਮਿੱਤਰਾ ਚੱਲ ਪਤੀਲਾ ਚਾੜ੍ਹ
ਸ਼ੱਕਰ ਵਰਗਾ ਸ਼ੁੱਕਰਵਾਰ,
ਸ਼ੁਕਰ ਆ ਗਿਆ ਸ਼ੁੱਕਰਵਾਰ।

ਸਾਰੇ ਯਾਰ ਟਰੱਕਾਂ ਵਾਲੇ,
ਇੱਕ ਦੂਜੇ ਤੂੰ ਹੁੰਦੇ ਕਾਹਲੇ
ਐਲ.ਏ. ਤੋਂ ਜੋ ਵਾਪਸ ਆਉਂਦੇ,
ਸੌ 'ਤੇ ਕਿੱਲੀ ਦੱਬੀ ਆਉਂਦੇ
ਡਿਊਟੀ ਫਰੀ 'ਤੇ ਪੈਂਦੀ ਕਾਹਲੀ,
ਚੱਕ ਲੈਂਦੇ ਫਿਰ ਕੁੰਡੇ ਵਾਲੀ।
ਮਾਨ ਸਾਹਿਬ ਨੂੰ ਚਾਅ ਚੜ੍ਹ ਜਾਂਦਾ,
ਭੱਜੇ ਆਉਂਦੇ ਮੁੱਛਾਂ ਚਾੜ੍ਹ
ਸ਼ੁਕਰ ਆ ਗਿਆ ਸ਼ੁੱਕਰਵਾਰ,
ਸ਼ੱਕਰ ਵਰਗਾ ਸ਼ੁੱਕਰਵਾਰ।

ਫਰਾਈਡੇਅ ਚਿਕਨ ਫਰਾਈ ਹੁੰਦੇ
ਕੱਠੇ ਭੈਣ ਤੇ ਭਾਈ ਹੁੰਦੇ,
ਸਾਢੂ ਅਤੇ ਜਵਾਈ ਹੁੰਦੇ
ਕੱਠੀਆਂ ਹੋ ਕੇ ਬਹਿਣ ਬੀਬੀਆਂ,
ਢਿੱਡ ਹੌਲੇ ਕਰ ਲੈਣ ਬੀਬੀਆਂ
ਡਾਣਸੀਵਾਲੀਆ ਟੈਨਸ਼ਨ ਲਾਹੁੰਦੇ,
ਕੱਠੇ ਹੋ ਕੇ ਸਭ ਪਰਿਵਾਰ
ਸ਼ੱਕਰ ਵਰਗਾ ਸ਼ੁੱਕਰਵਾਰ,
ਸ਼ੁਕਰ ਆ ਗਿਆ ਸ਼ੁੱਕਰਵਾਰ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778-863-2472*

---

### ਸੁਪਨੇ

ਸੋਚਾਂ ਦੇ ਸੁਪਨੇ
ਉਨ੍ਹਾਂ ਵਿਚ ਤਰਦੇ ਰਹਿੰਦੇ ਹਾਂ
ਹਰ ਰੋਜ਼ ਨਵਾਂ ਕੰਮ ਹੁੰਦਾ
ਅਸੀਂ ਜੋ ਕਰਦੇ ਰਹਿੰਦੇ ਹਾਂ।

ਕੱਲ ਕੀ ਕੀਤਾ, ਕੱਲ ਕੀ ਹੋਣਾ
ਪਤਾ ਨਹੀਂ ਅੱਜ ਦਾ
ਕੱਲ ਦੀ ਕੱਲ ਕੱਲ ਅੰਦਰ
ਕੱਲ ਤੋਂ ਹਰਦੇ ਰਹਿੰਦੇ ਹਾਂ।

ਕੁਝ ਰੱਖ ਭਰੋਸਾ ਤੇ
ਕਾਹਨੂੰ ਫ਼ਿਕਰਾਂ ਕਰਦਾ ਏ
ਪਲ ਦਾ ਭਰੋਸਾ ਨਹੀਂ
ਵਾਧੂ ਦਮ ਭਰਦੇ ਰਹਿੰਦੇ ਹਾਂ।

ਕੀ ਕੁਝ ਕੀਤਾ ਕੀ ਕਰਨਾ
ਸੋਚਾਂ ਨੇ ਪਲ ਪਲ ਤੇ
ਜਿੰਨਾ ਕੀਤਾ ਕੀ ਸ਼ਾਂਤ ਹੈ ਮਨ
ਦੁਖ ਜਰਦੇ ਰਹਿੰਦੇ ਹਾਂ।

ਬਹੁਤਾ ਕੁਝ ਕਰਕੇ ਕੱਠਾ
ਕੀ ਨਾਲ ਵੀ ਜਾਣਾ ਹੈ
ਪਲ ਪਲ ਹੱਥੋਂ ਖੁੱਸ ਜਾਵੇ
ਏਦਾਂ ਖਰਦੇ ਰਹਿੰਦੇ ਹਾਂ।

ਕੁਝ ਲੋਕ ਨੇ ਵੱਸਦੇ ਤੇ
ਰੱਖਦੇ ਕਦੇ ਫ਼ਿਕਰ ਕੋਈ
ਵੇਖ ਕੇ ਸ਼ੁਕਰ ਮਨਾਂਦੇ
ਨਾਲੇ ਠਰਦੇ ਰਹਿੰਦੇ ਹਾਂ।

ਛੱਡ ਸਿਆਣਪ ਚਤੁਰਾਈ ਤੇ
ਕਰਤਾ ਭਾਵ ਸੱਜਣਾਂ
ਰੱਬ ਡਾਢਾ ਹੈ 'ਕੋਮਲ'
ਰੱਬ ਤੋਂ ਡਰਦੇ ਰਹਿੰਦੇ ਹਾਂ।

*-ਬਸੰਤ ਕੋਮਲ*

---

### ਵੱਖਰਾ ਸੰਸਾਰ


ਜਦੋਂ ਦਾ ਹੈ ਤੇਰਾ ਮੇਰਾ ਪਿਆਰ ਹੋ ਗਿਆ।
ਵੱਖਰਾ ਹੀ ਸਾਡਾ ਸੰਸਾਰ ਹੋ ਗਿਆ।
ਜਦੋਂ ਤੱਕ ਚੱਲਦੇ ਨੇ ਸਾਹ ਨਿਭਾਂਗੇ,
ਰੱਬ ਕੋਲੇ ਸਾਡਾ ਹੈ ਕਰਾਰ ਹੋ ਗਿਆ।

ਰਿਹਾ ਵਖਰੇਵਾਂ ਨਾ ਕਿਸੇ ਵੀ ਰੁੱਤ ਦਾ,
ਹਰ ਇੱਕ ਮੌਸਮ ਬਹਾਰ ਹੋ ਗਿਆ।
ਵੱਖਰੇ ਸਰੀਰ ਰੂਹਾਂ ਇੱਕ ਹੋਈਆਂ ਨੇ,
ਬੜਾ ਉੱਚਾ ਸਾਡਾ ਕਿਰਦਾਰ ਹੋ ਗਿਆ।

ਰੱਬ ਦਾ ਦੀਦਾਰ ਸਾਨੂੰ ਹੋਣ ਲੱਗਿਆ,
ਮੈਂ 'ਚੋਂ ਜਦੋਂ ਦਾ ਮੈਨੂੰ ਮਾਰ ਹੋ ਗਿਆ।
ਕੱਲੇ-ਕੱਲਿਆਂ ਨੂੰ ਕੁੱਝ ਨਹੀਂ ਸੀ ਲੱਭਣਾ,
ਕੱਠਿਆਂ ਦਾ ਬੇੜਾ ਸਾਡਾ ਪਾਰ ਹੋ ਗਿਆ।

*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*

# ਮਨੁੱਖ ਅੰਦਰ ਚਲਦੇ ਯੁੱਧ ਤੋਂ ਉਪਜੀ ਮਨੋ ਉਤੇਜਨਾ ਨੂੰ ਪੇਸ਼ ਕਰਦੀਆਂ ਕਹਾਣੀਆਂ -ਅੰਦਰਲੇ ਯੁੱਧ




ਭਾਵੇਂ ਕਹਾਣੀ ਸੰਗ੍ਰਹਿ 'ਅੰਦਰਲੇ ਯੁੱਧ' ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਬਲਵੰਤ ਫਰਵਾਲੀ ਕਵਿਤਾ ਦੇ ਖੇਤਰ ਵਿਚ ਦੋ ਪੁਸਤਕਾਂ ਦਾ ਯੋਗਦਾਨ ਪਾ ਚੁੱਕਾ ਹੈ ਤੇ ਉਸਦਾ ਇਕ ਨਾਵਲ ਵੀ ਛਪ ਚੁੱਕਾ ਹੈ ਪਰ ਫਿਰ ਵੀ ਵਧੇਰੇ ਕਰਕੇ ਉਸਨੂੰ ਕਹਾਣੀਕਾਰ ਵਜੋਂ ਹੀ ਜਾਣਿਆ ਜਾਂਦਾ ਹੈ। ਉਸ ਦੀਆਂ ਕਹਾਣੀਆਂ ਆਪਣੇ ਸਮਕਾਲੀ ਸਮਾਜਿਕ ਯਥਾਰਥ ਨੂੰ ਉਸਦੇ ਬਾਹਰੀ ਤੇ ਅੰਦਰੂਨੀ ਗੁਣਾਂ-ਅਵਗੁਣਾਂ ਸਮੇਤ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦੀਆਂ ਹਨ ਅਤੇ ਸਮੇਂ ਤੇ ਸਥਿਤੀ ਅਨੁਸਾਰ ਇਸ ਵਿਚ ਆਈਆਂ ਤਬਦੀਲੀਆਂ ਦੀ ਵੀ ਨਿਸ਼ਾਨਦੇਹੀ ਕਰਦੀਆਂ ਹਨ। ਇਹ ਕਹਾਣੀਆਂ ਅਨੇਕਾਂ ਤਰ੍ਹਾਂ ਦੇ ਤਣਾਵਾਂ, ਅੰਤਰਦਵੰਦਾਂ ਤੇ ਅੰਤਰ ਯੁੱਧਾਂ ਨਾਲ ਜੂਝ ਰਹੇ ਅਜੋਕੇ ਮਨੁੱਖ ਅੰਦਰਲੀ ਮਨੋ-ਉਤੇਜਨਾ ਨੂੰ ਵੀ ਉਸਦੀ ਤੀਬਰਤਾ ਤੇ



**ਨਿਰੰਜਣ ਬੋਹਾ**
**ਫੋਨ: 89682-82700**

## ਪੁਸਤਕ ਚਰਚਾ

ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ। ਉਸ ਦੀਆਂ ਕਹਾਣੀਆਂ ਮਿਹਨਤਕਸ਼ ਜਮਾਤ ਨਾਲ ਸਬੰਧਤ ਆਪਣੇ ਪਾਤਰਾਂ ਦੇ ਜੀਵਨ ਵਿਚ ਆਉਣ ਵਾਲੀਆਂ ਸਮਾਜਿਕ ਤੇ ਆਰਥਿਕ ਮੁਸ਼ਕਲਾਂ ਦਾ ਜਿਹੋ ਜਿਹਾ ਬਿਰਤਾਂਤ ਸਿਰਜਦੀਆਂ ਹਨ ਉਸ ਵਿਚ ਮੂਕ ਬਗਾਵਤ ਛੁਪੇ ਹੋਣ ਦਾ ਅਹਿਸਾਸ ਵੀ ਹੁੰਦਾ ਹੈ। ਕੁਝ ਕਹਾਣੀਆਂ ਇਨ੍ਹਾਂ ਮੁਸ਼ਕਲਾਂ ਦੇ ਸਮਾਧਾਨ ਲਈ ਸੰਕੇਤਕ ਇਸ਼ਾਰੇ ਵੀ ਕਰਦੀਆਂ ਹਨ।

ਸੰਗ੍ਰਹਿ ਦੀ ਪਹਿਲੀ ਕਹਾਣੀ 'ਡੌਂਕੀ' ਪੰਜਾਬ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਦੇ ਨਾਂ 'ਤੇ ਪੰਜਾਬੀ ਨੌਜਵਾਨਾਂ ਦੀ ਹਰ ਜਾਇਜ਼ ਜਾਂ ਨਾਜਾਇਜ਼ ਢੰਗ ਨਾਲ ਵਿਦੇਸ਼ ਜਾਣ ਦੀ ਲੱਗੀ ਦੌੜ ਦੇ ਹਵਾਲੇ ਨਾਲ ਨਵੀਂ ਸੰਵਾਦਕ ਚਰਚਾ ਛੇੜਦੀ ਹੈ। ਕਹਾਣੀ ਵੱਲੋਂ ਪੈਦਾ ਕੀਤਾ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਸੱਚ ਮੁੱਚ ਹੀ ਘਟ ਰਹੇ ਹਨ ਜਾਂ ਸਾਡੇ ਨੌਜਵਾਨਾਂ ਅੰਦਰ ਉਪਲੱਬਧ ਮੌਕਿਆਂ ਦਾ ਫਾਇਦਾ ਚੁੱਕਣ ਸਬੰਧੀ ਸੁਚੇਤਤਾ ਦੀ ਘਾਟ ਹੈ। ਆਰਥਿਕਤਾ ਦੀ ਚੱਕੀ ਵਿਚ ਪਿਸ ਰਹੇ ਸ਼ਿੰਦੇ ਤੇ ਉਸਦੇ ਮਾਪਿਆਂ ਨੂੰ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਉਸਦੇ ਡੌਂਕੀ ਲਾ ਕੇ ਅਮਰੀਕਾ ਪਹੁੰਚਣ ਵਿਚ ਵਿਖਾਈ ਦਿੰਦਾ ਹੈ। ਇਸ ਭਰਮ ਜਾਲ ਵਿਚ ਫਸ ਕੇ ਉਹ ਏਜੰਟ ਨੂੰ ਚਾਲੀ ਲੱਖ ਦੇਣ ਲਈ ਆਪਣਾ ਟਰੈਕਟਰ, ਬੁਲਟ ਮੋਟਰ ਸਾਈਕਲ ਤੇ ਪਸ਼ੂ ਧਨ ਵੇਚ ਕੇ ਆਪਣੇ ਆਰਥਿਕ ਸੰਕਟ ਨੂੰ ਹੋਰ ਵੀ ਗਹਿਰਾ ਕਰ ਲੈਂਦੇ ਹਨ। ਪਤਨੀ, ਪੁੱਤਰ ਤੇ ਮਾਪਿਆਂ ਨਾਲ ਵਿਛੋੜੇ ਦੇ ਅੰਤਿਮ ਪਲਾਂ ਵਿਚ ਉਸਨੂੰ ਇਹ ਅਹਿਸਾਸ ਹੁੰਦਾ ਹੈ ਕਿ ਜਾਨ ਨੂੰ ਜ਼ੋਖਮ ਵਿਚ ਪਾ ਕੇ ਵਿਦੇਸ਼ ਵਿਚ ਪਹੁੰਚਣ ਵਾਲੀ ਡੌਂਕੀ ਸਿਰਫ ਉਹੀ ਨਹੀਂ ਲਾਵੇਗਾ ਸਗੋਂ ਉਸਦੇ ਸਾਰੇ ਪਰਿਵਾਰ ਖਾਸ ਤੌਰ 'ਤੇ ਉਸਦੀ ਪਤਨੀ ਨੂੰ ਵੀ ਇਹ ਡੌਂਕੀ ਲਾਉਣੀ ਪੈਣੀ ਹੈ। ਇਸ ਸਥਿਤੀ ਵਿਚ ਉਹ ਸਿਰਫ਼ ਵਿਦੇਸ਼ ਜਾਣ ਦੇ ਫੈਸਲੇ 'ਤੇ ਪੁਨਰ ਵਿਚਾਰ ਕਰਨ ਲਈ ਹੀ ਤਿਆਰ ਨਹੀਂ ਹੁੰਦਾ ਸਗੋਂ ਆਪਣੀ ਪਤਨੀ ਦੇ ਸੁਝਾਅ ਅਨੁਸਾਰ ਜਰਨੈਲੀ ਸੜਕ ਦੇ ਨਾਲ ਲੱਗਦੀ ਜ਼ਮੀਨ 'ਤੇ ਢਾਬਾ ਖੋਲ੍ਹਣ ਲਈ ਹੀ ਹਾਂ ਭਰ ਦਿੰਦਾ ਹੈ।

ਕਹਾਣੀ 'ਜਵਾਰਭਾਟਾ' ਪਤੀ ਪਤਨੀ ਦੇ ਸਥਿਰ ਰਿਸ਼ਤੇ ਨੂੰ ਅਸਥਿਰ ਕਰਦੀਆਂ ਕੁਝ ਪਰੰਪਰਾ ਮੂਲਕ ਸਮਾਜਿਕ ਧਾਰਨਾਵਾਂ ਦਾ ਭਾਵਨਾਤਮਕ ਬਦਲ ਤਲਾਸ਼ਦੀ ਹੈ। ਪਰਮਜੀਤ ਤੇ ਅਸਮੀਤ ਆਪਸ ਵਿਚ ਬਹੁਤ ਪਿਆਰ ਕਰਦੇ ਹਨ। ਵਿਆਹ ਤੋਂ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਕੋਈ ਬੱਚਾ ਪੈਦਾ ਨਾ ਹੋਣ ਦੀ ਸਥਿਤੀ ਉਨ੍ਹਾਂ ਦੇ ਸਦੀਵੀ ਸਮਝੇ ਜਾਂਦੇ ਰਿਸ਼ਤੇ ਦੀ ਹੋਂਦ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਲਾ ਦਿੰਦੀ ਹੈ। ਦੋਵਾਂ ਵੱਲੋਂ ਬਾਹਰੀ ਤੇ ਅੰਤਰੀਵੀ ਤੌਰ 'ਤੇ ਲੜਿਆ ਜਾਣ ਵਾਲਾ ਯੁੱਧ ਕੇਵਲ ਮਾਂ ਬਾਪ ਕਹਾਉਣ ਦੀ ਲਾਲਸਾ ਤੱਕ ਹੀ ਸੀਮਤ ਨਹੀਂ ਹੈ ਸਗੋਂ ਉਨ੍ਹਾਂ ਨੂੰ ਇਹ ਯੁੱਧ ਆਪਣੇ ਰਿਸ਼ਤੇ ਦੀ ਸਦੀਵਤਾ ਨੂੰ ਬਚਾਉਣ ਲਈ ਵੀ ਲੜਨਾ ਪੈ ਰਿਹਾ ਹੈ। ਅਸਮੀਤ ਦੀ ਸੱਸ ਦੀ ਪਰੰਪਰਾਮਈ ਸੋਚ ਆਪਣੇ ਪੁੱਤਰ 'ਤੇ ਦਬਾਅ ਬਣਾਉਂਦੀ ਹੈ ਕਿ ਉਹ ਦੂਜਾ ਵਿਆਹ ਕਰਵਾ ਲਵੇ ਪਰ ਪਤੀ ਪਤਨੀ ਦਾ ਆਪਸੀ ਪਿਆਰ ਬੁੱਢੀ ਸੱਸ ਦੀ ਇਹ ਇੱਛਾ ਪੂਰੀ ਨਹੀਂ ਹੋਣ ਦਿੰਦਾ। ਆਪਣਾ ਆਪਣਾ ਡਾਕਟਰੀ ਟੈਸਟ ਕਰਾਉਣ ਵੇਲੇ ਆਪਸੀ ਪਿਆਰ ਦੀ ਭਾਵਨਾ ਹੀ ਉਨ੍ਹਾਂ ਨੂੰ ਇਸ ਫੈਸਲੇ ਤੱਕ ਲੈ ਕੇ ਜਾਂਦੀ ਹੈ ਕਿ ਕਿਸੇ ਇੱਕ ਵਿਚ ਕਮੀ ਸਾਬਤ ਹੋਣ 'ਤੇ ਵੀ ਉਹ ਆਪਣੇ ਰਿਸ਼ਤੇ ਨੂੰ ਬਰਕਰਾਰ ਰੱਖਣਗੇ। ਡਾਕਟਰੀ ਰਿਪੋਰਟਾਂ ਉਨ੍ਹਾਂ ਦੇ ਪੱਖ ਵਿਚ ਭੁਗਤਦੀਆਂ ਹਨ ਤਾਂ ਉਨ੍ਹਾਂ ਅੰਦਰ ਪੈਦਾ ਹੋਇਆ ਵਿਚਾਰਾਂ ਦਾ ਜਵਾਰਭਾਟਾ ਵੀ ਸ਼ਾਂਤ ਹੋ ਜਾਂਦਾ ਹੈ। ਅਸਮੀਤ ਵਰਗੀ ਪੜ੍ਹੀ ਲਿਖੀ ਤੇ ਨੌਕਰੀਸ਼ੁਦਾ ਔਰਤ ਵੱਲੋਂ ਅੱਜ ਦੇ ਸਮੇਂ ਵਿਚ ਸੱਸ ਦੀਆਂ ਵਧੀਕੀਆਂ ਨੂੰ ਚੁੱਪ ਚਾਪ ਬਰਦਾਸ਼ਤ ਕਰਨ ਦੀ ਗੱਲ ਭਾਵੇਂ ਸੁਭਾਵਿਕ ਨਹੀਂ ਲੱਗਦੀ ਪਰ ਕਹਾਣੀ ਆਪਣੇ ਮੰਤਵੀ ਉਦੇਸ਼ ਨੂੰ ਹਾਸਿਲ ਕਰਨ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ ਹੈ।

ਕਹਾਣੀ 'ਧੁਆਂਖਿਆ ਜੰਗਲ' ਔਰਤ ਦੀ ਸਮਾਜਿਕ ਹੋਂਦ ਨਾਲ ਜੁੜੇ ਇਸ ਸਵਾਲ ਦਾ ਜਵਾਬ ਤਲਾਸ਼ਦੀ ਹੈ ਕਿ ਕੀ ਅੱਜ ਦੀਆਂ ਕੁੜੀਆਂ ਉਨ੍ਹਾਂ ਨੂੰ ਚਿੜੀਆਂ ਸਮਝ ਕੇ ਝਪਟਣ ਲਈ ਤਿਆਰ ਬਾਜਾਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਗਈਆਂ ਹਨ? ਕਹਾਣੀ ਇਹ ਵਿਵਹਾਰਕ ਸਲਾਹ ਦਿੰਦੀ ਹੈ ਕਿ ਅਜਿਹੀ ਸਥਿਤੀ ਪੈਦਾ ਹੋਣ 'ਤੇ ਉਹ ਆਪਣੀਆਂ ਮਾਵਾਂ ਦੇ ਤਜਰਬੇ ਤੋਂ ਅਗਵਾਈ ਜ਼ਰੂਰ ਲੈਣ। ਕਹਾਣੀ ਦੀ ਪਾਤਰ ਪਵਨਦੀਪ ਨੂੰ ਆਪਣੀ ਜੁਝਾਰੂ ਸਮਰੱਥਾ ਅਤੇ ਸੂਝ 'ਤੇ ਪੂਰਾ ਵਿਸ਼ਵਾਸ ਹੈ ਪਰ ਫਿਰ ਵੀ ਉਹ ਮਰਦ ਜਾਤ ਦੇ ਚਲਾਕ ਸ਼ਬਦ ਜਾਲ ਵਿਚ ਫਸ ਕੇ ਦੋ ਵਾਰ ਧੋਖਾ ਖਾ ਚੁੱਕੀ ਹੈ। ਜਦੋਂ ਉਹ ਆਪਣੀ ਮਾਂ ਦੇ ਤਜਰਬੇ ਤੋਂ ਕੰਮ ਲੈਂਦੀ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਮਰਦ ਜ਼ਿਆਦਤੀਆਂ ਤੇ ਹਮਲਿਆਂ ਦਾ ਸਾਹਮਣਾ ਕਰਨ ਲਈ ਉਸਨੂੰ ਖੁਦ ਬਾਜ ਵਰਗੀ ਤਾਕਤ ਹਾਸਿਲ ਕਰਨੀ ਪਵੇਗੀ।

ਕਹਾਣੀ 'ਯੁੱਧ ਵਰਗੀ ਜ਼ਿੰਦਗੀ' ਸਮਾਜਿਕ ਖੇਤਰ ਵਿਚ ਲਗਾਤਾਰ ਯੁੱਧ ਵਰਗੀਆਂ ਸਥਿਤੀਆਂ ਦਾ ਸਾਹਮਣਾ ਕਰ ਰਹੀਆਂ ਔਰਤਾਂ ਦੇ ਹਵਾਲੇ ਨਾਲ ਇਸ ਤਲਖ ਸੱਚਾਈ ਨੂੰ ਬਿਆਨਦੀ ਹੈ ਕਿ ਇੱਕੀਵੀਂ ਸਦੀ ਵਿਚ ਪਹੁੰਚ ਕੇ ਵੀ ਸਾਡਾ ਸਮਾਜ ਮਾਨਸਿਕ ਤੌਰ 'ਤੇ ਸਾਮੰਤੀ ਯੁੱਗ ਦੇ ਸੰਸਕਾਰਾਂ ਤੇ ਸੋਚਾਂ ਵਿਚ ਜਕੜਿਆ ਹੋਇਆ ਹੈ। ਇਹ ਸੰਸਕਾਰ ਅਜੇ ਵੀ ਪਿਤਰੀ ਸੱਤਾ ਨੂੰ ਬਰਕਰਾਰ ਰੱਖਣ ਲਈ ਧੀਆਂ ਦੀ ਬਜਾਇ ਪੁੱਤਰ ਨੂੰ ਹੀ ਖਾਨਦਾਨ ਦਾ ਵਾਰਸ ਮੰਨਦੇ ਹਨ। ਕਹਾਣੀ ਦੀ ਪਾਤਰ ਸੁਰਜੀਤ 'ਤੇ ਉਸਦੇ ਸਹੁਰੇ ਪਰਿਵਾਰ ਦਾ ਦੋਸ਼ ਹੈ ਕਿ ਉਸ ਆਪਣੇ ਦੋ ਜਣੇਪਿਆਂ ਦੌਰਾਨ ਪੁੱਤਰ ਦੀ ਬਜਾਇ ਦੋ ਪੱਥਰ ਜੰਮੇ ਹਨ। ਤੀਸਰੇ ਜਣੇਪੇ ਵੇਲੇ ਉਹ ਸਹੁਰੇ ਪਰਿਵਾਰ ਵਲੋਂ ਪਾਏ ਜਾ ਰਹੇ ਮਾਨਸਿਕ ਦਬਾਅ ਨੂੰ ਨਾ ਸਹਿਣ ਕਰਦਿਆਂ ਆਪਣੀ ਜਾਨ ਹੀ ਗੁਆ ਬੈਠਦੀ ਹੈ।

ਸਹੁਰੇ ਪਰਿਵਾਰ ਵੱਲੋਂ ਜਾਇਦਾਦ ਦੇ ਵਾਰਸ ਦੀ ਪ੍ਰਾਪਤੀ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਉਸਦੀ ਮੌਤ ਨਾਲ ਹੀ ਦਮ ਨਹੀ ਤੋੜਦੀਆਂ ਸਗੋਂ ਉਸਦੇ ਪਤੀ ਦੇ ਦੂਜੇ ਵਿਆਹ ਦੇ ਰੂਪ ਵਿਚ ਹੋਰ ਅੱਗੇ ਵਧਦੀਆਂ ਹਨ। ਹੁਣ ਯੁੱਧ ਲੜਨ ਦੀ ਵਾਰੀ ਉਸਦੀ ਬਜਾਇ ਉਸਦੀਆਂ ਧੀਆਂ ਦੇ ਸਿਰ ਆ ਜਾਂਦੀ ਹੈ। ਵਿਚਕਾਰਲੀ ਕੁੜੀ ਕੰਮੋ ਤਾਂ ਆਪਣੇ ਮਤਰਏ ਭਰਾ ਦੇ ਬਹਿਕਾਵੇ ਵਿਚ ਆ ਕੇ ਉਸ ਵਾਂਗ ਹੀ ਆਪਣੀ ਜ਼ਿੰਦਗੀ ਦੀ ਬਾਜ਼ੀ ਹਾਰ ਜਾਂਦੀ ਹੈ ਪਰ ਅਮੀਰ ਘਰ ਦੇ ਨਸ਼ੇੜੀ ਕਾਕੇ ਨਾਲ ਵਿਆਹੀ ਛੋਟੀ ਕੁੜੀ ਬੌਬੀ ਆਪਣੀ ਸਮਾਜਿਕ ਹੋਂਦ ਦੀ ਲੜਾਈ ਆਪਣੇ ਆਖਰੀ ਦਮ ਤੱਕ ਲੜਨ ਦਾ ਐਲਾਨ ਕਰਦੀ ਹੈ। ਨਸ਼ੇੜੀ ਪਤੀ ਦਾ ਘਰ ਛੱਡਦਿਆਂ ਉਹ ਆਖਦੀ ਹੈ, 'ਔਰਤਾਂ ਜਿਉਣ ਲਈ ਕੇਵਲ ਬੰਦੇ ਦੀਆਂ ਹੀ ਮੁਥਾਜ ਨਹੀਂ ਹੁੰਦੀਆਂ ਸਗੋਂ ਔਰਤਾਂ ਦੀ ਤਾਂ ਸਾਰੀ ਜ਼ਿੰਦਗੀ ਯੁੱਧ ਵਰਗੀ ਹੁੰਦੀ ਹੈ।" ਅਸਲ ਵਿਚ ਦੋ ਮਨੁੱਖੀ ਪੀੜ੍ਹੀਆਂ ਨਾਲ ਸਬੰਧਤ ਇਹ ਕਹਾਣੀ ਨਾਵਲ ਵਰਗੇ ਵੱਡੇ ਕੈਨਵਸ ਦੀ ਕਹਾਣੀ ਹੈ।

ਕਹਾਣੀ 'ਕੁੜੱਤਣ' ਭਾਵੇਂ ਬਦਲ ਰਹੇ ਸਮੇਂ ਅਨੁਸਾਰ ਰੰਗ ਵਟਾ ਰਹੇ ਰਿਸ਼ਤਿਆਂ ਦੀ ਰਵਾਇਤੀ ਕਹਾਣੀ ਹੈ ਪਰ ਇਸ ਕਹਾਣੀ ਵਿਚਲੇ ਬਾਪੂ ਬਸੰਤ ਸਿੰਘ ਤੇ ਬੇਬੇ ਕਰਨੈਲ ਕੌਰ ਅੰਦਰਲੀ ਪੁੱਤਰ ਤੇ ਪੋਤੇ ਨੂੰ ਮਿਲਣ ਦੀ ਤੜਫ਼ ਤੇ ਮਾਨਸਿਕ ਵੇਦਨਾ ਪਾਠਕਾਂ ਨੂੰ ਧੁਰ ਅੰਦਰ ਤੱਕ ਵਿਚਲਿਤ ਕਰ ਦਿੰਦੀ ਹੈ। ਬਾਪੂ- ਬੇਬੇ ਦਾ ਵੱਡਾ ਪੁੱਤਰ ਸੁਖਦੇਵ ਪੰਜਾਬ ਸੰਕਟ ਦੌਰਾਨ ਝੂਠੇ ਪੁਲਿਸ ਮੁਕਾਬਲੇ ਦੀ ਭੇਟ ਚੜ੍ਹ ਚੁੱਕਾ ਹੈ ਤੇ ਛੋਟੇ ਪੁੱਤਰ ਦੀਪ ਨੂੰ ਇਨਕਮ ਟੈਕਸ ਅਫਸਰ ਲੱਗੀ ਉਨ੍ਹਾਂ ਦੀ ਨੂੰਹ ਵੱਲੋਂ ਉਨ੍ਹਾਂ ਤੋਂ ਜਬਰੀ ਖੋਹ ਲਿਆ ਜਾਂਦਾ ਹੈ। ਸਮੇਂ ਦੀ ਬਦਲੀ ਹਵਾ ਤੇ ਪਤਨੀ ਦੇ ਪ੍ਰਭਾਵ ਹੇਠ ਆਇਆ ਛੋਟਾ ਪੁੱਤਰ ਜਦੋਂ ਪਿੰਡ ਵੱਲ ਆਉਣ ਵੇਲੇ ਉਨ੍ਹਾਂ ਦੀ ਤੜਫ ਨੂੰ ਨਜ਼ਰ-ਅੰਦਾਜ਼ ਕਰਕੇ ਸਹੁਰੇ ਘਰ ਜਾਣ ਨੂੰ ਪਹਿਲ ਦਿੰਦਾ ਹੈ ਤਾਂ ਬਿਗਾਨਗੀ ਦੀ ਕੁੜੱਤਣ ਬਜ਼ੁਰਗ ਜੋੜੇ ਦੇ ਨਾਲ ਪਾਠਕਾਂ ਦੀਆਂ ਅੱਖਾਂ ਨੂੰ ਵੀ ਨਮ ਕਰ ਦਿੰਦੀ ਹੈ।

ਕਹਾਣੀ 'ਬੰਦਾ ਤਾਂ ਬੰਦਾ ਹੀ ਰਹਿੰਦਾ' ਇਸ ਮਨੋਵਿਗਿਆਨਕ ਧਾਰਨਾ ਦੀ ਪੁਸ਼ਟੀ ਕਰਦੀ ਹੈ ਕਿ ਕੋਈ ਪੁਰਸ਼ ਆਪਣੇ ਅਗਾਂਹਵਧੂ ਹੋਣ ਦਾ ਕਿੰਨਾ ਵੀ ਦਾਅਵਾ ਕਰੇ ਉਹ ਔਰਤ ਪ੍ਰਤੀ ਸ਼ੱਕੀ ਤੇ ਸੰਕੀਰਣ ਨਜ਼ਰੀਏ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕਦਾ। ਕਹਾਣੀ ਵਿਚਲਾ ਜਗਦੇਵ ਵਿਆਹ ਦੀ ਪਹਿਲੀ ਰਾਤ ਨੂੰ ਆਪਣੀ ਪਤਨੀ ਮਿੰਦਰ ਨਾਲ ਵਾਅਦਾ ਕਰਦਾ ਹੈ ਕਿ ਉਹ ਉਸਦੇ ਅਤੀਤ ਨਾਲ ਕੋਈ ਸਰੋਕਾਰ ਨਹੀਂ ਰੱਖੇਗਾ ਅਤੇ ਵਰਤਮਾਨ ਦੀਆਂ ਸਾਰੀਆਂ ਖੁਸ਼ੀਆ ਉਸ ਨਾਲ ਸਾਂਝੀਆਂ ਕਰਦਾ ਰਹੇਗਾ। ਮਿੰਦਰ ਉਸਨੂੰ ਦਿਲ ਜਾਨ ਪਿਆਰ ਕਰਦੀ ਹੈ ਫਿਰ ਵੀ ਉਸ ਅੰਦਰ ਆਪਣੀ ਪਤਨੀ ਦੇ ਨਾਜਾਇਜ਼ ਸਬੰਧ ਗੁਆਢੀਆਂ ਦੇ ਮੁੰਡੇ ਰਿੰਪਲ ਨਾਲ ਹੋਣ ਦਾ ਸ਼ੱਕ ਪੈਦਾ ਹੋ ਜਾਂਦਾ ਹੈ। ਭਾਵੇਂ ਸਪਸ਼ਟ ਰੂਪ ਵਿਚ ਇਸ ਸ਼ੱਕ ਦਾ ਪ੍ਰਗਟਾਵਾ ਨਹੀਂ ਕਰਦਾ ਪਰ ਉਸਦੇ ਮਨ ਵਿਚ ਇਕ ਗੰਢ ਜ਼ਰੂਰ ਬੱਝ ਜਾਂਦੀ ਹੈ। ਇਹ ਗੰਢ ਪਤੀ ਪਤਨੀ ਵਿਚਕਾਰ ਮਾਨਸਿਕ ਦੂਰੀਆਂ ਵੀ ਪੈਦਾ ਕਰਦੀ ਹੈ ਤੇ ਉਸਨੂੰ ਨੇੜਲੇ ਸ਼ਹਿਰ ਦੀ ਕਿਸੇ ਔਰਤ ਨਾਲ ਨਾਜਾਇਜ਼ ਸਬੰਧ ਰੱਖਣ ਲਈ ਵੀ ਉਕਸਾਉਂਦੀ ਹੈ। ਕਹਾਣੀ ਪੁਰਸ਼ ਮਨੋਵਿਗਿਆਨ ਦੀ ਇੱਕ ਬੁਨਿਆਦੀ ਪ੍ਰਵਿਰਤੀ ਨੂੰ ਫੜਨ ਵਿਚ ਤਾਂ ਸਫ਼ਲ ਰਹੀ ਹੈ ਪਰ ਇਹ ਨੁਕਤਾ ਇਸ ਮਨੋਵਿਗਿਆਨ ਨਾਲ ਮੇਲ ਨਹੀਂ ਖਾਂਦਾ ਕਿ ਕੋਈ ਪੁਰਸ਼ ਵੀਹ ਪੱਚੀ ਸਾਲ ਤੱਕ ਆਪਣੇ ਅੰਦਰ ਹੀ ਅੰਦਰ ਰਿਝਦਿਆਂ ਆਪਣੇ ਅੰਦਰਲੇ ਗੁੱਸੇ ਦਾ ਪ੍ਰਗਟਾਵਾ ਨਾ ਕਰੇ।

'ਲੈਫਟੀਨੈਂਟ' ਸਮਕਾਲ ਵਿਚ ਮਨੁੱਖੀ ਸੁਪਨਿਆਂ ਦੇ ਕੀਤੇ ਜਾ ਰਹੇ ਗਰਭਪਾਤ ਤੋਂ ਉਪਜੇ ਦੁਖਾਂਤ ਦੀ ਮਰਮ ਸਪਰਸ਼ੀ ਕਹਾਣੀ ਹੈ। ਇਸ ਕਹਾਣੀ ਅਨੁਸਾਰ ਅਜੋਕੇ ਵਿਅਕਤੀਵਾਦੀ ਯੁੱਗ ਵਿਚ ਲੋਕ ਏਨੇ ਸੰਵੇਦਨਹੀਣ ਹੋ ਗਏ ਹਨ ਕਿ ਉਹ ਆਪਣੀ ਸਵਾਰਥਸਿੱਧੀ ਲਈ ਕਿਸੇ ਦੇ ਸੁਪਨਿਆਂ ਨੂੰ ਕਤਲ ਕਰਨ ਵੇਲੇ ਬਿਲਕੁਲ ਵੀ ਕਿਰਕ ਨਹੀਂ ਮੰਨਦੇ। ਕਹਾਣੀ ਵਿਚਲੇ ਤਨਵੀਰ ਦੇ ਮਾਪੇ ਉਸਨੂੰ ਪੜ੍ਹਾ ਲਿਖਾ ਕੇ ਲੈਫਟੀਨੈਂਟ ਬਣਿਆ ਵੇਖਣਾ ਚਾਹੁੰਦੇ ਹਨ ਪਰ ਉਸਦੀ ਅਧਿਆਪਕਾ ਅੰਦਰਲਾ ਸਵਾਰਥ ਅਤੇ ਵਿੱਦਿਅਕ ਸਿਸਟਮ ਵਿਚਲਾ ਭ੍ਰਿਸ਼ਟਾਚਾਰ ਮਿਲ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਮਿੱਟੀ ਵਿਚ ਮਿਲਾ ਦਿੰਦੇ ਹਨ। ਤਨਵੀਰ ਦੀਆਂ ਪੇਪਰ ਸ਼ੀਟਾਂ ਅਧਿਆਪਕਾ ਦੇ ਨਾਲਾਇਕ ਪੁੱਤਰ ਸੰਸਾਰ ਦੀਆਂ ਪੇਪਰਸ਼ੀਟਾਂ ਨਾਲ ਬਦਲ ਦਿੱਤੇ ਜਾਣ ਦਾ ਨਤੀਜਾ ਉਸ ਦੇ ਫੇਲ੍ਹ ਤੇ ਸੰਸਾਰ ਦੇ ਪਾਸ ਹੋਣ ਦੇ ਰੂਪ ਵਿਚ ਨਿਕਲਦਾ ਹੈ ਤਾਂ ਇਸ ਤੋਂ ਪੈਦਾ ਹੋਈ ਨਿਰਾਸ਼ਾ ਤੇ ਹਤਾਸ਼ਾ ਉਸਨੂੰ ਨਸ਼ਿਆਂ ਵਿਚ ਡੁੱਬਣ ਤੇ ਗੱਡੀ ਹੇਠ ਆ ਕੇ ਆਪਣੀ ਜਾਨ ਦੇਣ ਲਈ ਮਜਬੂਰ ਕਰ ਦਿੰਦੀ ਹੈ। ਆਪਣੇ ਵਿਦਿਆਰਥੀ ਦੇ ਭਵਿੱਖ ਨੂੰ ਦਾਅ 'ਤੇ ਲਾ ਕੇ ਆਪਣੇ ਪੁੱਤਰ ਦਾ ਭਵਿੱਖ ਸੁਆਰਣ ਦੀ ਇੱਛਾ ਰੱਖਣ ਵਾਲੀ ਅਧਿਆਪਕਾ ਲਈ ਵੀ ਇਸ ਘਟਨਾ ਦੇ ਨਤੀਜੇ ਘੱਟ ਖਤਰਨਾਕ ਸਾਬਤ ਨਹੀਂ ਹੁੰਦੇ। ਉਹ ਆਪਣੀ ਇੱਜ਼ਤ ਵੀ ਗੁਆ ਬੈਠਦੀ ਹੈ ਤੇ ਉਸਦਾ ਪੁੱਤਰ ਵੀ ਆਪਣੇ ਦੋਸਤ ਨਾਲ ਹੋਈ ਵਧੀਕੀ ਨੂੰ ਮਹਿਸੂਸ ਕਰਕੇ ਨਸ਼ਿਆਂ ਵਿਚੋਂ ਮਾਨਸਿਕ ਰਾਹਤ ਲੱਭਣ ਦੇ ਰਾਹ ਪੈ ਜਾਂਦਾ ਹੈ।

ਕਹਾਣੀ 'ਦਾਅ ਤੇ ਚਾਅ' ਖੇਡ ਖੇਤਰ ਵਿਚ ਕੁੜੀਆਂ ਦੇ ਹੋਣ ਵਾਲੇ ਸਰੀਰਕ ਤੇ ਮਾਨਸਿਕ ਸ਼ੋਸ਼ਣ ਦੀਆਂ ਲੁਕਵੀਆਂ ਪਰਤਾਂ ਪਰਤਦੀ ਹੈ ਤਾਂ ਆਧੁਨਿਕ ਯੁੱਗ ਦੇ ਖੇਡ ਅਧਿਆਪਕ ਤੇ ਕੋਚ ਮਹਾਂਭਾਰਤ ਯੁੱਗ ਦੇ ਦਰੋਣਾਚਾਰੀਆ ਨਾਲੋਂ ਕਿਤੇ ਵੱਧ ਧੋਖੇਬਾਜ਼ ਤੇ ਖਤਰਨਾਕ ਵਿਖਾਈ ਦਿੰਦੇ ਹਨ। ਕਹਾਣੀ ਵਿਚਲੀ ਕੁਲਦੀਪ ਕੁਸ਼ਤੀ ਖੇਤਰ ਦੀ ਪ੍ਰਤਿਭਾਵਾਨ ਪਹਿਲਵਾਨ ਹੈ ਪਰ ਆਪਣੀ ਪ੍ਰਤਿਭਾ ਦੇ ਪ੍ਰਗਟਾਵੇ ਸਬੰਧੀ ਮੌਕੇ ਪ੍ਰਾਪਤ ਕਰਨ ਲਈ ਉਸਨੂੰ ਵਾਰ-ਵਾਰ ਆਪਣੇ ਖੇਡ ਅਧਿਆਪਕਾਂ ਤੇ ਕੋਚਾਂ ਦੀਆਂ ਕਾਮੁਕ ਨਜ਼ਰਾਂ ਤੇ ਗੰਦੀ ਛੋਹ ਦਾ ਸ਼ਿਕਾਰ ਹੋਣਾ ਪੈਂਦਾ ਹੈ। ਆਖਿਰ ਉਹ ਆਪਣੇ ਖੇਡ ਚਾਅ ਨੂੰ ਬਚਾਉਣ ਲਈ ਅਜਿਹਾ ਡਿਪਲੋਮੈਟਿਕ ਦਾਅ ਖੇਡਦੀ ਹੈ ਜਿਹੜਾ ਉਸਦੇ ਭਵਿੱਖ ਨੂੰ ਸੁਰੱਖਿਆ ਵੀ ਪ੍ਰਦਾਨ ਕਰਦਾ ਹੈ ਅਤੇ ਅਧਿਆਪਕ-ਵਿਦਿਆਰਥੀ ਰਿਸ਼ਤੇ ਨੂੰ ਕਲੰਕਿਤ ਕਰਨ ਦਾ ਇਰਾਦਾ ਰੱਖਦੇ ਕੋਚ ਗੈਰੀ ਵਿਰਕ ਤੇ ਸਕੂਲ ਪ੍ਰਿੰਸੀਪਲ ਦੇ ਘ੍ਰਿਣਤ ਚੇਹਰਿਆਂ ਨੂੰ ਨੰਗਿਆਂ ਕਰ ਜਾਂਦਾ ਹੈ। ਖੇਡ ਕੋਚਾਂ ਤੇ ਪੀ.ਐਚ. ਡੀ. ਦੇ ਗਾਈਡਾਂ ਨਾਲ ਵਾਹ ਵਾਸਤਾ ਰੱਖਣ ਵਾਲੀਆਂ ਕੁੜੀਆਂ ਦਾ ਮਾਰਗ ਦਰਸ਼ਨ ਕਰਨ ਦੇ ਦ੍ਰਿਸ਼ਟੀਕੋਣ ਤੋਂ ਇਸ ਕਹਾਣੀ ਦਾ ਪਾਠ ਬਹੁਤ ਲਾਹੇਵੰਦ ਹੈ।

ਕਹਾਣੀ 'ਬੱਦਲਾਂ ਦੇ ਓਹਲੇ ਸੂਰਜ' ਪੰਜਾਬ ਦੀ ਲੋਕ ਚੇਤਨਾ ਦੇ ਪਸਾਰ ਵਿਚ ਬਾਧਕ ਬਣ ਰਹੇ ਡੇਰੇਦਾਰਾਂ ਨੂੰ ਚਿਤਾਵਨੀ ਦਿੰਦੀ ਹੈ ਕਿ ਦੇਰ ਸਵੇਰ ਇਹ ਚੇਤਨਾ ਆਪਣੇ ਜਲੌਅ ਦਾ ਪ੍ਰਗਟਾਵਾ ਜ਼ਰੂਰ ਕਰੇਗੀ ਤੇ ਉਨ੍ਹਾਂ ਨੂੰ ਆਪਣੀਆਂ ਲੁੱਟ-ਖਸੁੱਟ ਦੀਆਂ ਦੁਕਾਨਾਂ ਵੀ ਲਾਜ਼ਮੀ ਤੌਰ 'ਤੇ ਬੰਦ ਕਰਨੀਆਂ ਪੈਣਗੀਆਂ। ਸੰਗ੍ਰਹਿ ਦੀ ਆਖਰੀ ਕਹਾਣੀ 'ਆਪਣੀਆਂ ਪੈੜਾਂ ਦੀ ਨਿਸ਼ਾਨਦੇਹੀ' ਵੀ ਦਾਅਵਾ ਤਾਂ ਅਜਿਹੀ ਹੀ ਲੋਕ ਚੇਤਨਾ ਦੇ ਪਸਾਰ ਦਾ ਹੀ ਕਰਦੀ ਹੈ ਪਰ ਇਸ ਕਹਾਣੀ ਰਾਹੀਂ ਉਭਰਿਆ ਲੋਕਾਂ ਦੀ ਪਛਾਣ ਬਾਰੇ ਨਜ਼ਰੀਆ ਵਿਗਿਆਨਕ ਘੱਟ ਤੇ ਭਾਵੁਕ ਵਧੇਰੇ ਜਾਪਦਾ ਹੈ।

ਨਵੀਂ ਕਹਾਣੀ ਦੇ ਅਜੋਕੇ ਦੌਰ ਵਿਚ ਪਾਠਕਾਂ ਨੂੰ ਕਿਸੇ ਸਿੱਟੇ ਤੱਕ ਲੈ ਕੇ ਜਾਣ ਵਾਲੀ ਕਹਾਣੀ ਕਿਧਰੇ ਗੁੰਮ ਹੁੰਦੀ ਜਾ ਰਹੀ ਹੈ ਤਾਂ ਫਰਵਾਲੀ ਦੀਆਂ ਕਹਾਣੀਆਂ ਆਪਣੇ ਵਿਸ਼ੇ ਦੇ ਕਲਾਤਮਿਕ ਨਿਭਾਅ ਤੇ ਉਦੇਸ਼ ਮੂਲਕ ਪਹੁੰਚ ਦਾ ਸੁੰਦਰ ਸੰਤੁਲਨ ਕਾਇਮ ਕਰਦੀਆਂ ਜਾਪਦੀਆਂ ਹਨ। ਭਾਵੇਂ ਇਨ੍ਹਾਂ ਕਹਾਣੀਆਂ ਦੇ ਮੁੱਖ ਪਾਤਰ ਆਪਣੀ ਭਾਸ਼ਾ ਵਿਚ ਗੱਲ ਕਰਨ ਦੀ ਥਾਂ ਕਈ ਥਾਈਂ ਲੇਖਕ ਵਾਲੀ ਸਾਹਿਤਕ ਤੇ ਬੌਧਿਕ ਭਾਸ਼ਾ ਬੋਲਦੇ ਵਿਖਾਈ ਦਿੰਦੇ ਹਨ ਪਰ ਉਨ੍ਹਾਂ ਦੇ ਬੋਲਾਂ ਦਾ ਮਕਸਦ ਇਕ ਚੰਗੇ ਸਮਾਜ ਦੀ ਸਿਰਜਣਾ ਵਿਚ ਹੀ ਨਿਹਿਤ ਹੁੰਦਾ ਹੈ। 168 ਪੰਨਿਆਂ 'ਤੇ ਅਧਾਰਿਤ 230 ਰੁਪਏ ਮੁੱਲ ਵਾਲੀ ਇਸ ਕਿਤਾਬ ਨੂੰ ਕੈਲੀਬਰ ਪਬਲੀਕੇਸ਼ਨ ਪਟਿਆਲਾ ਵੱਲੋਂ ਛਾਪਿਆ ਗਿਆ ਹੈ।

---

# ਰਿਟਾਇਰਡ ਬੰਦੇ ਦੀ ਜ਼ਿੰਦਗੀ

ਰਾਮ ਸਿੰਘ ਨੇ ਸਾਰੀ ਉਮਰ ਖੇਤੀਬਾੜੀ ਦਾ ਕੰਮ ਕੀਤਾ। ਉਸ ਦੇ ਦੋ ਮੁੰਡੇ ਤੇ ਇੱਕ ਕੁੜੀ ਸੀ ਤੇ ਸਾਰੇ ਵਿਆਹੇ ਹੋਏ ਸਨ। ਨੂੰਹਾਂ ਨੇਕ ਸਨ ਤੇ ਘਰ ਦਾ ਇਕੱਠ ਨਿਭਦਾ ਜਾ ਰਿਹਾ ਸੀ। ਜਦੋਂ ਉਹ 70-75 ਸਾਲਾਂ ਦਾ ਹੋ ਗਿਆ ਤਾਂ ਮੁੰਡਿਆਂ ਨੇ ਸਲਾਹ ਬਣਾਈ ਕਿ ਬਾਪੂ ਨੇ ਸਾਰੀ ਉਮਰ ਰੱਜ ਕੇ ਕੰਮ ਕੀਤਾ ਹੈ। ਹੁਣ ਇਸ ਨੂੰ ਲਟੈਰ (ਰਿਟਾਇਰ) ਕਰ ਦੇਈਏ ਤਾਂ ਜੋ ਇਹ ਮੌਜਾਂ ਮਾਣ ਸਕੇ। ਉਹ ਰਾਮ ਸਿੰਘ ਕੋਲ ਗਏ ਤੇ ਵੱਡਾ ਮੁੰਡਾ ਬੋਲਿਆ, "ਬਾਪੂ, ਅੱਜ ਤੋਂ ਬਾਅਦ ਤੂੰ ਕੋਈ ਕੰਮ ਨਈਂ ਕਰਨਾ। ਸਾਰਾ ਕੰਮ ਅਸੀਂ ਦੋਵੇਂ ਭਰਾ ਕਰਿਆ ਕਰਾਂਗੇ। ਤੂੰ ਬੱਸ ਹੁਣ ਨਵਾਬਾਂ ਵਾਂਗ ਚਿੱਟੇ ਕੱਪੜੇ ਪਾ ਕੇ ਸੱਥ 'ਚ ਗੱਪਾਂ ਮਾਰਿਆ ਕਰ ਤੇ ਤਾਸ਼ ਖੇਡਿਆ ਕਰ।" ਮੁੰਡਿਆਂ ਦੀ ਗੱਲ ਸੁਣ ਕੇ ਰਾਮ ਸਿੰਘ ਫੁੱਲ ਕੇ ਕੁੱਪਾ ਹੋ ਗਿਆ ਕਿ ਹੁਣ ਆਊ ਜ਼ਿੰਦਗੀ ਦਾ ਸਵਾਦ। ਅਗਲੇ ਦਿਨ ਸਵੇਰੇ ਮੁੰਡੇ ਬਲਦ ਲੈ ਕੇ ਪੈਲੀ ਵਾਹੁਣ ਲਈ ਚੱਲਣ ਲੱਗੇ ਤਾਂ ਰਾਮ ਸਿੰਘ ਨੂੰ ਛੋਟਾ ਜਿਹਾ ਕੰਮ ਦੱਸ ਦਿੱਤਾ, "ਬਾਪੂ ਹੁਣ ਤੂੰ ਕੰਮ ਕੋਈ ਨਈਂ ਕਰਨਾ। ਅਸੀਂ ਖੇਤ ਚੱਲੇ ਆਂ ਤੂੰ ਬੱਸ 2-3 ਘੰਟਿਆਂ ਤੱਕ ਸਾਡੀ ਰੋਟੀ ਫੜਾ ਆਈਂ। ਮੌਜਾਂ ਲੈ ਮੌਜਾਂ।"

ਰਾਮ ਸਿੰਘ ਬੜਾ ਖੁਸ਼ ਹੋਇਆ ਕਿ ਚਲੋ ਹਲ਼ ਵਾਹੁਣ ਤੋਂ ਜਾਨ ਛੁੱਟੀ ਤੇ ਉਹ 2 ਕੁ ਘੰਟਿਆਂ ਬਾਅਦ ਰੋਟੀ ਲੈ ਕੇ ਖੇਤ ਪਹੁੰਚ ਗਿਆ। ਵੱਡਾ ਮੁੰਡਾ ਹਲ਼ ਵਾਹ ਰਿਹਾ ਸੀ ਤੇ ਛੋਟਾ ਕਹੀ ਨਾਲ ਵੱਟਾਂ ਛਾਂਗ ਰਿਹਾ ਸੀ। ਰਾਮ ਸਿੰਘ ਨੂੰ ਵੇਖ ਕੇ ਉਹ ਨਹਿਰ ਦੇ ਚੱਲਦੇ ਖਾਲ ਤੋਂ ਹੱਥ ਮੂੰਹ ਧੋ ਕੇ ਟਾਹਲੀ ਦੀ ਸੰਘਣੀ ਛਾਵੇਂ ਉਸ ਦੇ ਕੋਲ ਆ ਕੇ ਬੈਠ ਗਏ। ਰੋਟੀ ਖਾ ਕੇ ਵੱਡਾ ਬੋਲਿਆ, "ਬਾਪੂ, ਅਸੀਂ ਸਵੇਰ ਦੇ ਕੰਮ ਕਰ ਕਰ ਕੇ ਥੱਕੇ ਪਏ ਆਂ। ਤੂੰ ਜ਼ਰਾ ਹਲ਼ ਦੇ ਚਾਰ ਕੁ ਸਿਆੜ ਕੱਢ ਦੇ ਤੇ ਅਸੀਂ ਜ਼ਰਾ ਲੱਕ ਸਿੱਧਾ ਕਰ ਲਈਏ। ਕੰਮ ਤੂੰ ਕੋਈ ਨਹੀਂ ਕਰਨਾ, ਬੱਸ ਵਿਹਲਾ ਰਿਹਾ ਕਰ।" ਰਾਮ ਸਿੰਘ ਨੇ ਸੋਚਿਆ ਕਿ ਚਲੋ ਚਾਰ ਸਿਆੜ ਖਿੱਚਣ ਨਾਲ ਕੀ ਹੁੰਦਾ ਹੈ? ਇਹ ਵੀ ਤਾਂ ਵਿਚਾਰੇ ਮੇਰੇ ਬਾਰੇ ਐਨਾ ਸੋਚ ਰਹੇ ਹਨ। ਉਧਰ ਮੁੰਡੇ ਘੁਰਾੜੇ ਮਾਰਨ ਲੱਗ ਪਏ ਤੇ ਐਧਰ ਹਲ਼ ਵਾਹ ਵਾਹ ਕੇ ਰਾਮ ਸਿੰਘ ਦਾ ਆਪਣਾ ਹੀ ਵਾਹਣ ਹੋ ਗਿਆ। ਉਹ ਉਦੋਂ ਉੱਠੇ ਜਦੋਂ ਛੋਟੇ ਦੀ ਪਤਨੀ ਦੁਪਹਿਰ ਦੀ ਰੋਟੀ ਲੈ ਕੇ ਆ ਗਈ। ਉਸ ਨੂੰ ਹਲ਼ ਵਾਹੁੰਦਾ ਵੇਖ ਕੇ ਛੋਟਾ ਭੱਜ ਕੇ ਉਸ ਦੇ ਵੱਲ ਗਿਆ, "ਬਾਪੂ ਆ ਕੀ ਕਰੀ ਜਾਨਾ? ਬੱਸ ਮੌਜ ਕਰ ਮੌਜ।" ਮੁੜ੍ਹਕੋ ਮੁੜ੍ਹਕੀ ਹੋਏ ਰਾਮ ਸਿੰਘ ਦਾ ਦਿਲ ਕੀਤਾ ਕਿ ਬਲਦ ਹਿੱਕਣ ਵਾਲੇ ਛਾਂਟੇ ਨਾਲ ਦੋਵਾਂ ਦੇ ਪਿਛਵਾੜੇ ਲਾਲ ਕਰ ਦਿਆਂ। ਪਰ ਉਹ ਚੁੱਪ ਹੀ ਰਿਹਾ।

ਰੋਟੀ ਖਾ ਕੇ ਵੱਡਾ ਬੋਲਿਆ, "ਬਾਪੂ ਐਂ ਕਰ, ਪੰਡ ਕੁ ਪੱਠਿਆਂ ਦੀ ਵੱਢ ਲੈ। ਅਸੀਂ ਆਏ ਬੱਸ ਥੋੜ੍ਹਾ ਜਿਹਾ ਕੰਮ ਨਿਬੇੜ ਕੇ।" ਸੜੇ ਬਲੇ ਰਾਮ ਸਿੰਘ ਨੇ ਦਾਤਰੀ ਚੁੱਕੀ ਤੇ ਪੱਠੇ ਵੱਢਣ ਲੱਗ ਪਿਆ। ਸ਼ਾਮ ਜਿਹੀ ਨੂੰ ਮੁੰਡਿਆਂ ਨੇ ਆ ਕੇ ਪੱਠੇ ਕੁਤਰ ਦਿੱਤੇ ਤੇ ਵੱਡਾ ਬੋਲਿਆ, "ਬਾਪੂ ਆਹ ਪੱਠੇ ਘਰ ਲੈ ਜਾ, ਮੱਝਾਂ ਭੁੱਖੀਆਂ ਅੜਿੰਗਦੀਆਂ ਹੋਣੀਆਂ। ਅਸੀਂ ਆਏ ਤੇਰੇ ਮਗਰੇ ਮਗਰ, ਬੱਸ ਮੌਜਾਂ ਲੈ ਮੌਜਾਂ।" ਉਨ੍ਹਾਂ ਨੇ ਕੁਤਰੇ ਪੱਠਿਆਂ ਦੀ ਵੱਡੀ ਸਾਰੀ ਪੰਡ ਰਾਮ ਸਿੰਘ ਦੇ ਸਿਰ 'ਤੇ ਰੱਖ ਦਿੱਤੀ ਤੇ ਉਹ ਪਿੰਡ ਵੱਲ ਚੱਲ ਪਿਆ। ਸਿਰ 'ਤੇ ਭਾਰੀ ਪੱਠਿਆਂ ਦੀ ਪੰਡ ਤੇ ਉੱਪਰੋਂ ਲੋਹੜੇ ਦੀ ਗਰਮੀ, ਰਾਮ ਸਿੰਘ ਚੱਕਰ ਖਾ ਕੇ ਡਿੱਗ ਪਿਆ ਤੇ ਪੰਡ ਦੇ ਥੱਲੇ ਦੱਬਿਆ ਗਿਆ। ਦਸਾਂ ਕੁ ਮਿੰਟਾਂ ਬਾਅਦ ਉਸ ਦੇ ਲੜਕੇ ਵੀ ਉਸ ਜਗ੍ਹਾ 'ਤੇ ਪਹੁੰਚ ਗਏ। ਉਨ੍ਹਾਂ ਵੇਖਿਆ ਕਿ ਕੋਈ ਬੰਦਾ ਪੰਡ ਥੱਲੇ ਦੱਬਿਆ ਪਿਆ ਹੈ। ਇੱਕ ਬੋਲਿਆ, "ਲੱਖ ਲਾਹਨਤ ਇਹੋ ਜਿਹੇ ਲੋਕਾਂ ਦੇ ਜਿਹੜੇ ਬੁੱਢੇ ਬੰਦੇ ਨੂੰ ਐਨੀ ਭਾਰੀ ਪੰਡ ਦੇ ਕੇ ਤੋਰ ਦਿੰਦੇ ਨੇ। ਵੱਡੇ ਛੋਟੇ ਦੀ ਕੋਈ ਸ਼ਰਮ ਹਯਾ ਈ ਨਈਂ। ਇੱਕ ਸਾਡਾ ਬਾਪੂ, ਵੇਖ ਲੈ ਮੌਜਾਂ ਮਾਰਦਾ ਮੌਜਾਂ।" ਰਾਮ ਸਿੰਘ ਨੇ ਥੱਲਿਓਂ ਹੀ ਪੰਜ ਸੱਤ ਮੋਟੀਆਂ ਮੋਟੀਆਂ ਗਾਲ੍ਹਾਂ ਕੱਢੀਆਂ, "ਉਏ ਕੰਜਰੋ, ਮੈਂ ਆਂ ਥੱਲੇ, ਧਾਡਾ ਪਿਓ। ਦੂਰ ਫਿਟੇ ਮੂੰਹ ਇਹੋ ਜਿਹੀ ਗੰਦੀ ਔਲਾਦ ਦੇ।" ਦੋਵਾਂ ਨੇ ਹੈਰਾਨ ਹੋ ਕੇ ਇੱਕ ਦੂਸਰੇ ਦਾ ਮੂੰਹ ਵੇਖਿਆ ਤੇ ਗਾਲ੍ਹਾਂ ਕੱਢ ਰਹੇ ਰਾਮ ਸਿੰਘ ਦੀਆਂ ਲੱਤਾਂ ਫੜ ਕੇ ਬਾਹਰ ਨੂੰ ਖਿਚਣ ਲੱਗ ਪਏ।

***-ਬਲਰਾਜ ਸਿੰਘ ਸਿੱਧੂ ਏ.ਆਈ.ਜੀ.***
***ਫੋਨ: 95011-00062***

ਵਿਅੰਗ

# ਦੋ ਸ਼ਬਦ ਸ਼ਰਧਾਂਜਲੀ ਦੇ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਸਾਨੂੰ ਸ਼ਰਧਾਂਜਲੀਆਂ ਦੇਣ ਅਤੇ ਦਿਵਾਉਣ ਦਾ (ਮੰਚ ਸੰਚਾਲਨ ਰਾਹੀਂ) ਲਗਭਗ 50 ਸਾਲ ਦਾ ਤਜਰਬਾ ਹੈ! ਐਨੇ ਲੰਬੇ ਅਤੇ 'ਸ਼ਾਨਦਾਰ' ਤਜਰਬੇ ਲਈ ਸਾਨੂੰ ਮਿਲਣਾ ਤਾਂ ਗੋਲਡ ਮੈਡਲ ਚਾਹੀਦਾ ਸੀ ਪਰ ਮਿਲਦੇ ਉਲਾਹਮੇਂ ਹੀ ਰਹੇ (ਤੇ ਕਈ ਦਸਦੇ ਹਨ ਕਿ ਲੋਕ ਬੁਰਾ ਭਲਾ ਵੀ ਕਹਿੰਦੇ ਹਨ)। ਖੈਰ, ਪਿੱਠ ਪਿਛੇ ਲੋਕ ਬੜਿਆਂ ਬਾਰੇ ਬੜਾ ਕੁਝ ਕਹਿੰਦੇ ਰਹਿੰਦੇ ਹਨ, ਸੋ ਅਸੀਂ ਆਪਣਾ ਬਾ-ਕਮਾਲ ਸ਼ਰਧਾਂਜਲੀ-ਹੁਨਰ ਬਿਨਾਂ ਕਿਸੇ ਲੰਡੀ ਬੁੱਚੀ ਦੀ ਪ੍ਰਵਾਹ ਕੀਤਿਆਂ ਬਰਕਰਾਰ ਰਖਿਐ!

ਸਾਡੇ ਇਸ ਲੰਮੇ ਤਜਰਬੇ ਤੋਂ ਸਾਨੂੰ 3 ਕਿਸਮ ਦੇ ਸ਼ਰਧਾਂਜਲੀ ਮਾਹਿਰਾਂ ਨਾਲ ਵਾਹ ਪਿਐ।

1. ਜਿਹੜਾ ਇਹ ਕਹਿ ਕੇ ਗੱਲ ਸ਼ੁਰੂ ਕਰੇ ਕਿ 'ਬਸ ਦੋ ਸ਼ਬਦ' ਹੀ ਕਹਿਣੇ ਹਨ ਤਾਂ ਸਮਝੋ ਉਹ ਘਟੋ ਘਟ 15 ਮਿੰਟ ਬੋਲੂ! 2. ਜੋ 'ਸੰਖੇਪ' ਸ਼ਰਧਾਂਜਲੀ ਦੀ ਗੱਲ ਕਰੂ ਤਾਂ ਉਹ 20-25 ਮਿੰਟ ਖਾਊ! 3. ਤੀਸਰੀ ਕੈਟੇਗਰੀ ਉਨ੍ਹਾਂ



ਸ਼ਰਧਾਜਲੀ-ਮਾਹਿਰਾਂ ਦੀ ਹੈ ਜੋ ਵਿਚੜੀ ਆਤਮਾ,ਉਸ ਦੇ ਮਹਾਨ ਨੇਕ ਕਾਰਜਾਂ ਅਤੇ ਉਸ ਦੇ ਪਰਿਵਾਰ ਬਾਰੇ ਵਿਸ਼ਾਲ ਜਾਣਕਾਰੀ ਰਖਦੇ ਹਨ, ਪਰ ਉਹ ਇਹ ਭਰੋਸਾ ਦੇ ਕੇ ਬੋਲਣਗੇ ਕਿ ਉਹ ਭਾਵੇਂ ਸਾਰਾ ਦਿਨ ਬੋਲਦੇ ਰਹਿਣ ਤਾਂ ਵੀ ਸਬੰਧਤ ਧਿਰ ਦੀ ਤਾਰੀਫ ਨਹੀਂ ਮੁੱਕੇਗੀ ਪਰ ਸਮੇਂ ਦੇ ਤਕਾਜ਼ੇ ਨੂੰ ਸਨਮੁਖ ਰਖਦਿਆਂ ਉਹ 'ਕੁੱਜੇ ਵਿਚ ਸਮੁੰਦਰ ਸਮੇਟਣ' ਦਾ ਯਤਨ ਕਰਨਗੇ। ਅਜਿਹੇ 'ਸਪੈਸ਼ਲਿਸਟਾਂ'(ਵਿਸ਼ੇਸ਼ੱਗਾਂ) ਨੇ ਘੱਟੋ-ਘੱਟ ਅੱਧਾ ਘੰਟਾ ਤਾਂ ਬੋਲਣਾ ਹੀ ਹੁੰਦੈ। ਜੇ ਸੰਗਤ ਦੀ ਹਾਜ਼ਰੀ ਭਰਵੀਂ ਹੋਵੇ ਅਤੇ ਵਿਚੜੀ ਆਤਮਾ ਵੀ ਸਰਦੇ ਪੁੱਜਦੇ ਪਰਿਵਾਰ ਦੀ ਹੋਵੇ ਫਿਰ ਤਾਂ ਸਮਝੋ ਸ਼ੋਕ ਸਮਾਗਮ ਨੂੰ ਸਿਆਸੀ ਰੈਲੀ ਸਮਝ ਕੇ ਮਾਹਿਰ ਸਾਹਿਬ ਜਾਂ ਨੇਤਾ ਜੀ ਪੂਰੇ ਜਲੌਅ ਵਿਚ ਆ ਕੇ ਬੋਲੀ ਜਾਣਗੇ। ਅਜਿਹੇ ਸਮੇਂ ਕਈ ਵਾਰ ਉਨ੍ਹਾਂ ਦੇ ਬਰਾਬਰ ਖੜਨਾ ਪੈਂਦਾ ਹੈ ਤਾਂ ਕਿ ਉਹ ਸਮਝ ਜਾਣ ਕਿ ਸਮਾਂ ਬਹੁਤ ਹੋ ਗਿਐ। ਪਰ ਗੁਫਤਾਰ ਦੀ ਰਫਤਾਰ ਦੇ ਛੇਵੇਂ ਗੇਅਰ 'ਚ ਪਿਆ ਬੰਦਾ ਕਿੱਥੇ ਨੋਟਿਸ ਕਰਦੈ ਕਿ ਕੋਈ 'ਲੱਲੀ-ਛੱਲੀ ਸਕੂਟੀ' ਜਿਹੀ ਨਾਲ ਖੜ੍ਹੀ ਹੈ! ਫਿਰ ਮਜਬੂਰਨ ਉਸ ਮਹਾਰਤੀ ਦਾ ਝੱਗਾ ਖਿੱਚਣਾ ਪੈਂਦੈ!

ਭਲਾ ਸ਼ਰਧਾਂਜਲੀ ਹੈ ਕੀ?

ਵਿੱਕੀਪੀਡੀਆ ਅਨੁਸਾਰ ਸ਼ਰਧਾਂਜਲੀ ਕਿਸੇ ਦੇ ਮਰਨ ਉਤੇ ਕਹੇ ਜਾਣ ਵਾਲੇ ਉਸਤਤੀ ਜਾਂ ਹਮਦਰਦੀ ਭਰੇ ਸ਼ਬਦਾਂ ਨੂੰ ਕਿਹਾ ਜਾਂਦਾ ਹੈ। ਭਾਰਤੀ ਸਮਾਜ ਵਿਚ ਮੌਤ ਉਪਰੰਤ ਸਮਾਜਿਕ ਰੀਤੀ-ਰਿਵਾਜਾਂ ਤੇ ਧਾਰਮਿਕ ਆਸਥਾਵਾਂ ਮੁਤਾਬਕ ਮਨੁੱਖ ਦੀਆਂ ਅੰਤਿਮ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ...ਉਪਰੰਤ ਰਸਮ ਪਗੜੀ ਜਾਂ ਸ਼ਰਧਾਂਜਲੀ ਦਾ ਦੌਰ ਸ਼ੁਰੂ ਹੁੰਦਾ ਹੈ ਜਿਸ ਵਿਚ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ। ਸ਼ਰਧਾਂਜਲੀ ਦੇਣ ਵਾਲਾ ਕੋਈ ਮੰਤਰੀ, ਕਿਸੇ ਰਾਜਨੀਤਕ ਪਾਰਟੀ ਦਾ ਨੇਤਾ ਜਾਂ ਪ੍ਰਧਾਨ ਜਾਂ ਸਮਾਜ ਸੇਵੀ ਜਾਂ ਕੋਈ ਹੋਰ ਆਦਮੀ ਹੋ ਸਕਦਾ ਹੈ।

ਸ਼ਰਧਾਂਜਲੀ ਸੰਸਕ੍ਰਿਤ ਮੂਲ ਦੇ ਸ਼ਬਦਾਂ ਸ਼੍ਰਧਾ+ਅੰਜਲੀ ਦਾ ਜੋੜ ਹੈ, ਭਾਵ ਕਿਸੇ ਪ੍ਰਤੀ ਸ਼ਰਧਾਭਾਵ, ਸਤਿਕਾਰ, ਪਿਆਰ ਨਾਲ 'ਅੰਜਲੀ' (ਬੁੱਕ/ਡੂਨੇ ਦੀ ਸ਼ਕਲ ਬਣਾਏ ਹੱਥ) ਭਰ ਕੇ ਫੁੱਲ ਆਦਿ ਭੇਟ ਕਰਨਾ। ਅੰਗਰੇਜ਼ੀ ਸ਼ਬਦਾਂ 'ਟ੍ਰਿਬਿਊਟ' ਅਤੇ 'ਹੋਮੇਜ' ਦਾ ਅਰਥ ਕਿਸੇ ਨੂੰ ਸ਼ਰਧਾ ਸੁਮਨ ਭੇਟ ਕਰਨਾ ਜਿਸ ਦੇ ਤੁਸੀਂ ਬਹੁਤ ਪ੍ਰਸ਼ੰਸਕ ਹੋ ਜਾਂ ਅਤਿ ਸਤਿਕਾਰ ਕਰਦੇ ਹੋ। ਇਹ ਬੋਲਾਂ ਜਾਂ ਕਿਸੇ ਐਵਾਰਡ ਰਾਹੀਂ ਕੀਤਾ ਜਾਂਦੈ।

'ਟ੍ਰਿਬਿਊਟ' ਲਾਤੀਨੀ ਮੂਲ ਦਾ ਸ਼ਬਦ ਹੈ ਜਿਸ ਦਾ ਮੌਲਿਕ ਅਰਥ 'ਟ੍ਰਾਈਬ'(ਕਬੀਲੇ) ਵਿਚ ਵੰਡ ਹੈ। 'ਹੋਮੇਜ' ਦੀ ਜੜ੍ਹ ਵੀ ਲਾਤੀਨੀ ਭਾਸ਼ਾ ਹੀ ਹੈ ਜਿਸ ਦਾ ਅਰਥ 'ਹੋਮੋ' ਭਾਵ ਮਾਨਵ ਹੈ। ਸ਼ਬਦ ਵਿਗਿਆਨ ਦੇ ਸਰੋਤਾਂ ਅਨੁਸਾਰ ਇਹ ਇਕ ਅਜਿਹੀ ਪੁਰਾਤਨ ਸਾਮੰਤਵਾਦੀ ਰਸਮ ਨਾਲ ਸਬੰਧਤ ਹੈ ਜਿਸ ਤਹਿਤ ਪਰਜਾ ਦਾ ਬੰਦਾ/ਲਗਾਨਦਾਰ/ਸਵਾਮੀ ਗੋਡੇ ਟੇਕ ਕੇ ਰਾਜੇ ਜਾਂ ਹਾਕਮ ਦੇ ਹੱਥਾਂ ਵਿਚ ਆਪਣੇ ਹੱਥ ਥਮਾ ਕੇ ਉਸ ਪ੍ਰਤੀ ਵਫਾਦਾਰੀ ਦਾ ਪ੍ਰਗਟਾਵਾ ਕਰਦਾ ਸੀ। ਫਿਰ ਇਨ੍ਹਾਂ ਦੋਵਾਂ ਸ਼ਬਦਾਂ ਦਾ ਅਰਥ ਸਤਿਕਾਰ, ਇੱਜ਼ਤ-ਮਾਣ ਹੋ ਗਿਆ।

ਇਕ ਹੋਰ ਸ਼ਬਦ 'ਔਬੀਟਰੀ' ਵੀ ਲਾਤੀਨੀ ਮੂਲ ਦਾ ਹੀ ਸ਼ਬਦ ਹੈ ਜਿਸ ਦਾ ਅਰਥ 'ਓਬਾਇਰ/ਓਬਿਟ/ ਓਬੀਟਸ/ ਓਬੀਟੇਰੀਯਸ' ਭਾਵ ਮੌਤ ਹੈ। ਇਹ ਕਿਸੇ ਦੀ ਮ੍ਰਿਤੂ-ਸੂਚਨਾ ਜਾਂ ਉਸ ਬਾਰੇ ਮ੍ਰਿਤੂ-ਲੇਖ ਹੁੰਦੈ। ਇਸ ਵਿਚ ਵਿਛੜੀ ਆਤਮਾ ਦੇ ਜੀਵਨ ਦਾ ਅਖਬਾਰਾਂ ਰਾਹੀਂ ਸੰਖਿਪਤ ਬਿਆਨ ਕੀਤਾ ਜਾਂਦਾ ਹੈ।

ਅੰਗਰੇਜ਼ੀ ਦੇ ਪਹਿਲੇ ਦੋ ਸ਼ਬਦ ਜੀਊਂਦੇ ਜਾਂ ਮਰੇ ਦੋਵਾਂ ਲਈ ਵਰਤੇ ਜਾ ਸਕਦੇ ਹਨ ਪਰ ਤੀਸਰਾ ਅਤੇ ਆਪਣਾ ਸ਼ਰਧਾਂਜਲੀ ਵਾਲਾ ਸ਼ਬਦ ਸਿਰਫ ਵਿਛੜਿਆਂ ਲਈ ਹੀ ਵਰਤਿਆ ਜਾਂਦੈ। ਤੁਸੀਂ ਕਿਸੇ ਨਵ-ਵਿਆਹੇ ਜੋੜੇ ਨੂੰ ਜੇ 'ਸ਼ਰਧਾਂਜਲੀ' ਦਿਉਂਗੇ ਤਾਂ ਛਿੱਤਰ-ਪਰੇਡ ਨੂੰ ਸੱਦਾ-ਪੱਤਰ ਭੇਜੋਂਗੇ!

ਕੁਝ ਦਹਾਕੇ ਪਹਿਲਾਂ ਸ਼ਰਧਾਂਜਲੀ ਸਿਰਫ ਮਹੱਤਵਪੂਰਨ ਸ਼ਖਸੀਅਤਾਂ ਜਾਂ ਉਨ੍ਹਾਂ ਲੋਕਾਂ ਨੂੰ ਹੀ ਦਿੱਤੀ ਜਾਂਦੀ ਸੀ ਜਿਨ੍ਹਾਂ ਦੀ ਸਮਾਜ ਨੂੰ ਕੁਝ ਦੇਣ ਹੁੰਦੀ ਸੀ। ਪਰ ਅੱਜ ਕੱਲ੍ਹ ਜਣੇ-ਖਣੇ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ ਅਤੇ ਉਹ ਵੀ ਗੱਜ-ਵੱਜ ਕੇ!

ਚਿੱਟੇ ਦੀ ਓਵਰਡੋਜ਼ ਨਾਲ ਚੜ੍ਹਾਈ ਕਰ ਗਏ ਬੰਦੇ ਦੇ ਇਉਂ ਗੁਣਗਾਣ ਕੀਤੇ ਜਾਣਗੇ ਜਿਵੇਂ ਉਹ ਕਿਸੇ ਲਾਮ 'ਤੇ ਗਿਆ ਕੌਮ ਦੇ ਕੰਮ ਆ ਗਿਆ ਹੋਵੇ!

ਇੱਕ ਸ਼ਰਾਬੀ-ਕਬਾਬੀ, ਲੁੱਚੇ-ਲਫੰਗੇ, ਲੰਡਰ-ਲੋਫਰ ਨੂੰ ਸ਼ਰਧਾਂਜਲੀਆਂ ਦੇਣ ਦੇ ਮਾਹਿਰ ਚੋਣਵੇਂ ਸ਼ਬਦਾਂ ਨੂੰ ਐਂ ਬੀੜਨਗੇ ਜਿਵੇਂ ਕੋਈ 'ਮਹਾਂਪੁਰਖ' ਪ੍ਰਲੋਕਗਮਨ ਕਰ ਗਿਆ ਹੋਵੇ! ਰੱਜ ਕੇ ਕੁਰੱਪਟ, ਲੋਟੂ, ਲਫੰਡਰ ਸਿਆਸੀ ਨੇਤਾ ਨੂੰ 'ਦਰਵੇਸ਼', 'ਸੰਤ-ਸੁਭਾਅ' ਅਤੇ ਸਾਫ-ਸੁਥਰੇ ਜੀਵਨ ਵਾਲਾ ਮਹਾਨ ਨੇਤਾ ਦਰਸਾਇਆ ਜਾਵੇਗਾ। ਅਜਿਹੇ ਮਹਾਨ ਨੇਤਾਵਾਂ ਦੇ ਭੋਗ/ਪਾਠ ਵੇਲੇ ਇਕੱਠ ਵੀ ਵਾਹਵਾ ਕੀਤਾ ਜਾਵੇਗਾ, ਕਿਉਂਕਿ ਨੇਤਾਵਾਂ ਦੇ ਖੁਸ਼ੀ-ਗਮ ਸਮੇਂ ਸਿਆਸੀ ਰੈਲੀਆਂ ਵਰਗੀ ਇਕੱਤਰਤਾ ਹੋਵੇਗੀ ਤਾਂ ਹੀ ਉਨ੍ਹਾਂ ਦੀ ਆਤਮਾਂ ਨੂੰ ਸ਼ਾਂਤੀ ਮਿਲੇਗੀ, ਨਹੀਂ ਤਾਂ ਉਹ ਭਟਕਦੀ ਫਿਰੇਗੀ।

ਨਾਲ ਹੀ ਸੌ-ਡੇਢ ਸੌ ਸ਼ੋਕ ਮਤੇ ਵੀ ਹੋਣੇ ਜ਼ਰੂਰੀ ਹਨ। ਇਹ ਦੋ ਮੰਤਵ ਪੂਰੇ ਕਰਦੇ ਹਨ- ਪਹਿਲਾ, ਨੇਤਾ ਜੀ ਦੀ ਮਹਿਮਾ, ਦੂਸਰਾ ਮਤਾ ਦੇਣ ਵਾਲੇ ਦੀ ਮੁਨਿਆਦੀ! ਜਾਣੀ ਇੱਕ ਪੰਥ ਦੋ ਕਾਜ!

ਬਹੁਤੇ ਬੋਲਣ ਵਾਲੇ ਵਿਛੜੀ ਆਤਮਾ ਬਾਰੇ ਥੋੜ੍ਹਾ ਅਤੇ ਉਸ ਦੇ ਘਰ ਦਿਆਂ ਬਾਰੇ ਬਹੁਤਾ ਬੋਲਣਗੇ। ਘਰ ਦਿਆਂ ਵਿਚ ਜੇ ਕੋਈ ਉੱਚ ਅਹੁਦੇ ਵਾਲਾ ਹੋਵੇ ਜਾਂ ਕੋਈ ਤਕੜੀ ਅਸਾਮੀ ਤਾਂ ਫਿਰ ਬੋਲਣ ਵਾਲਾ ਉਸ ਦੇ ਗੁਣਗਾਣ ਵਧੇਰੇ ਕਰੇਗਾ। ਆਮ ਬੰਦਾ ਭੰਬਲਭੂਸੇ ਵਿਚ ਪੈ ਜਾਵੇਗਾ ਕਿ ਆਖਿਰ 'ਆਤਮਾ ਵਿਛੜੀ' ਕਿਹੜੀ ਹੈ?

ਕਈ ਸਿਆਣੀਆਂ ਗੱਲਾਂ ਵੀ ਕਰਦੇ ਹਨ ਪਰ ਬਹੁਤੇ ਜਭਲੀਆਂ ਹੀ ਮਾਰਦੇ ਹਨ। ਅਜਿਹੇ 'ਜਭਲਾਰਿਆਂ' ਨੂੰ ਬੋਲਣ ਤੋਂ ਰੋਕਣਾ ਆਪਣੇ ਆਪ ਵਿਚ ਇਕ ਗੰਭੀਰ ਮਸਲਾ ਹੁੰਦੈ!

ਕਈਆਂ ਦੀ ਸਮਾਜ ਨੂੰ ਦੇਣ ਕੱਖ ਨਹੀਂ ਹੋਵੇਗੀ ਪਰ ਸ਼ਰਧਾਂਜਲੀ ਜ਼ਰੂਰ ਦਿੱਤੀ ਜਾਵੇਗੀ। ਇੱਕ ਸ਼ਾਹੀ ਅਨਪੜ੍ਹ ਸਿਆੜਕਾਰ ਦੇ ਮਰਨ ਉਪਰੰਤ ਦੂਸਰੇ ਅੰਗੂਠਾ-ਛਾਪ ਵਿਦਵਾਨ ਦੀ ਸ਼ਰਧਾਂਜਲੀ 'ਤੇ ਜ਼ਰਾ ਪੰਛੀ-ਝਾਤ ਮਾਰ ਲਉ- 'ਵਿਛੜੀ ਆਤਮਾ ਫਸਲਵਾੜੀ ਦੀ ਬੜੀ ਪਰਵਾਹ ਕਰਦੀ ਸੀ। ਡੰਗਰ-ਵੱਛਿਆਂ ਦੇ ਪੱਠੇ-ਦੱਥੇ ਦਾ ਤਾਂ ਬਹੁਤ ਹੀ ਖਿਆਲ ਰਖਦੀ ਸੀ, ਮਜਾਲ ਐ ਕੋਈ ਮਹਿਰੂ ਜਾਂ ਗੋਕਾ ਭੁੱਖਾ-ਪਿਆਸਾ ਰਹਿ ਜਾਏ'!

ਕਈ ਧੱਕੇ ਨਾਲ ਬੋਲਣਾ ਚਾਹੁਣਗੇ। ਘਰ ਵਾਲਿਆਂ ਵਲੋਂ ਦਿਤੇ ਬੁਲਾਰਿਆਂ ਤੋਂ ਬਾਹਰੇ ਬੁਲਾਰੇ। ਸਮਾਂ ਨਾ ਮਿਲਣ 'ਤੇ ਬੁੜ-ਬੁੜ ਕਰਨਗੇ ਤੇ ਸ਼ੋਕ ਸਮਾਗਮ ਮਗਰੋਂ ਬਹਿਸਣਗੇ ਵੀ।

ਕੁਝ ਕੁ ਬੁਲਾਰੇ ਤਾਂ ਆਪਣਾ ਸਿਆਸੀ ਸਿਧਾਂਤ ਵੀ ਘੋਟਣ ਲੱਗ ਪੈਣਗੇ! ਇਨ੍ਹਾਂ ਤੋਂ ਤਾਂ ਰੱਬ ਹੀ ਬਚਾ ਸਕਦੈ!

ਵਡੇ ਬੰਦਿਆਂ ਦਾ ਮਰਨਾ ਵੀ ਉਤਸਵੀ ਹੁੰਦੈ! ਕਹਿੰਦੇ ਹਨ ਕਿ 'ਅਮੀਰ ਦਾ ਮਰਿਆ ਕੁੱਤਾ, ਸਾਰਾ ਜੱਗ ਢੁੱਕਾ; ਗਰੀਬ ਦੀ ਮਰੀ ਮਾਂ, ਕੋਈ ਨਾ ਲਵੇ ਨਾਂ"! ਜੇ ਮਰਨ ਵਾਲਾ ਬਹੁਤ ਬਜ਼ੁਰਗ ਹੋਵੇ ਤੇ ਉਸ ਨੂੰ 'ਵਡਾ' ਕੀਤਾ ਜਾਵੇ, ਤਾਂ ਇਹ ਮਰਗ ਸੱਚੀਂ-ਮੁਚੀਂ ਰੌਣਕ-ਮੇਲਾ ਈ ਹੁੰਦੈ!

ਕਈ ਤਾਂ ਅਜਿਹੇ ਸਮੇਂ ਅਰਥੀ ਨੂੰ ਰੰਗ-ਬਰੰਗੇ ਫੁੱਲਾਂ, ਗੁਬਾਰਿਆਂ, ਝੰਡੀਆਂ ਨਾਲ ਸਜਾ ਕੇ, ਅਗੇ ਬੈਂਡ-ਵਾਜਾ ਲਗਾ ਕੇ, ਉਸ ਵਡੇਰੀ ਉਮਰ ਭੋਗ ਕੇ, ਪਿੱਛੇ ਭਰਪੂਰ ਬਾਗ-ਫੁਲਵਾੜੀ (ਜਾਣੀ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਅਤੇ ਪੜ-ਵਾਲੇ ਰਿਸ਼ਤੇ) ਛੱਡ ਕੇ ਗੁਜ਼ਰੇ ਬਜ਼ੁਰਗ ਨੂੰ ਠਾਠ-ਬਾਠ ਨਾਲ ਸਿਵਿਆਂ 'ਚ ਲਿਜਾਂਦੇ ਹਨ!

ਕਈ ਫੁੱਲੀਆਂ, ਪਤਾਸੇ, ਛੁਹਾਰੇ, ਮੇਵੇ, ਸਿੱਕੇ ਵੀ ਮ੍ਰਿਤਕ ਉਤੋਂ ਦੀ ਸੁਟਦੇ ਹਨ ਅਤੇ ਬਾਅਦ 'ਚ ਸਸਕਾਰ ਸਮੇਂ ਹਾਜ਼ਰ ਲੋਕਾਂ 'ਚ ਵੰਡਦੇ ਵੀ ਹਨ! (ਉਂਝ ਹੁਣ ਇਹ ਵਰਤਾਰਾ ਘਟ ਰਿਹਾ ਹੈ)

ਡਾ. ਬਸ਼ੀਰ ਬਦਰ ਐਂਵੇਂ ਤਾਂ ਨਹੀਂ ਪੁਛਦਾ- "ਬਾਤ ਕਯਾ ਹੈ ਕਿ ਮਸ਼ਹੂਰ ਲੋਗੋਂ ਕੇ ਘਰ,/ ਮੌਤ ਕਾ ਸੋਗ ਹੋਤਾ ਹੈ ਤਿਉਹਾਰ ਸਾ"?

ਕਈ ਲੋਕ ਤਾਂ ਮਰਗ 'ਤੇ ਸਿਰਫ ਹਾਜ਼ਰੀ ਲਗਵਾਉਣ ਆਉਂਦੇ ਹਨ। ਭੋਗ ਜੇ ਬਾਅਦ ਦੁਪਹਿਰ ਇੱਕ ਤੋਂ ਦੋ ਵਜੇ ਤਕ ਹੋਵੇਗਾ ਤਾਂ ਅਜਿਹੇ ਲੋਕ 10 ਕੁ ਮਿੰਟ ਪਹਿਲਾਂ ਆਉਣਗੇ ਅਤੇ ਸਭ ਤੋਂ ਪਹਿਲਾਂ ਪਰਤਣਗੇ। ਸਬੰਧਤ ਘਰ ਦੇ ਬੰਦੇ ਨੂੰ ਮੂੰਹ ਦਿਖਾਇਆ, 'ਅਟੈਂਡੈਂਸ' ਲਵਾਈ ਤੇ ਔਹ ਗਏ ਔਹ ਗਏ! ਹੱਥ ਵਿਚ ਘੁੰਮਦੀ ਕਾਰ ਦੀ ਚਾਬੀ ਸਾਫ ਦਸ ਰਹੀ ਹੁੰਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਰੱਬ ਭੁੱਲਿਐ ਅਤੇ (ਉੱਪਰ) ਜਾਣ ਦੀ ਬੜੀ ਕਾਹਲ ਹੈ!

ਕਈ ਲੋਕ ਤਾਂ ਸ਼ੋਕ ਮਤਾ ਵੀ ਲਿਖ ਕੇ ਨਹੀਂ ਲਿਆਉਣਗੇ। ਮੌਕੇ 'ਤੇ ਆ ਕੇ ਆਪਣਾ 'ਵਿਜ਼ਟਿੰਗ ਕਾਰਡ' ਥਮਾ ਦੇਣਗੇ। ਕੁਝ ਕੁ ਤੁਹਾਡੇ ਕੋਲੋਂ ਹੀ ਪੈਨ ਤੇ ਪੇਪਰ ਮੰਗ ਕੇ ਓਥੇ ਈ ਸ਼ੋਕ ਮਤਾ ਝਰੀਟ ਦੇਣਗੇ। ਇੱਕਾ-ਦੁੱਕਾ ਤਾਂ ਆਪਣੀ ਸੰਸਥਾ ਦੇ ਪੈਡ ਦਾ ਖਾਲੀ ਸਫਾ ਦੇ ਕੇ ਕਹਿਣਗੇ ਕਿ 'ਮਤਾ ਆਪ ਹੀ ਲਿਖ ਲਿਉ'! ਕਈ ਕਾਗਜ਼ ਉੱਪਰ 20-25 ਨਾਮ ਝਰੀਟ ਦੇਣਗੇ ਤੇ ਕਹਿਣਗੇ ਇਹ ਸਭ ਪੜ੍ਹ ਦੇਣੇ। ਕਈਆਂ ਦੀ ਹੱਥ-ਲ਼ਿਖਤ 'ਲਿਖੇ ਮੂਸਾ ਪੜ੍ਹੇ ਖੁਦਾ' ਵਰਗੀ ਹੁੰਦੀ ਹੈ।

ਵਡੇ ਬੰਦੇ ਦੇ ਮਰਗ 'ਤੇ ਜੇ ਕਿਸੇ 'ਸਨਮਾਨਜਨਕ' ਵਿਅਕਤੀ ਦਾ ਨਾਮ ਨਾ ਲਿਆ ਜਾਵੇ ਤਾਂ ਬਾਅਦ ਵਿਚ ਰੱਜਵੇਂ ਉਲਾਹਮੇ ਮਿਲਣਗੇ। ਕਈ ਤਾਂ ਗਲ ਪੈਣ ਵਰਗੀ ਨੌਬਤ ਪੈਦਾ ਕਰ ਦੇਣਗੇ।

ਨਾਮ ਦੀ ਭੁੱਖ ਐਨੀ ਹੈ ਕਿ ਇੱਕ ਵਿਆਹ ਵਿਚ ਇੱਕ 'ਉਸਾਰੂ ਸੋਚ' ਵਾਲਾ ਨੇਤਾ ਕੋਈ ਸੌ ਕੁ ਗਜ਼ ਦੀ ਛੂਟ ਲਾ ਕੇ ਸਾਡੇ ਕੋਲ ਪੁੱਜਾ। ਅਸੀਂ ਮਨੋ-ਮਨੀ ਬੜੇ ਪ੍ਰਸੰਨ ਹੋਏ ਕਿ 'ਸਾਡੀ ਵੀ ਕੋਈ ਪੁੱਛ-ਪ੍ਰਤੀਤ' ਹੈ! ਹੱਥ ਮਿਲਾਉਣ ਤੋਂ ਪਹਿਲਾਂ ਉਸ ਨੇਤਾ ਨੇ ਪੰਦਰਾਂ ਕੁ ਦਿਨ ਪਹਿਲਾਂ ਇੱਕ ਹੋਰ ਨੇਤਾ ਦੀ ਮਾਤਾ ਜੀ ਦੇ ਭੋਗ ਸਮੇਂ ਉਸ ਦਾ ਨਾਮ ਨਾ ਲਏ ਜਾਣ ਦਾ ਉਲਾਹਮਾ ਠੋਕਤਾ! ਮੈਂ ਸੜ-ਬਲ ਕੋਲਾ ਹੋ ਗਿਆ ਤੇ ਕਿਹਾ,"ਜਨਾਬ! ਤੁਸੀਂ ਆਹ ਮਿਲਖਾ ਸਿੰਘ ਵਾਲੀ ਦੌੜ ਸਿਰਫ ਉਲਾਹਮਾ ਦੇਣ ਲਈ ਹੀ ਲਾਈ ਐ? ਸਹਿਜ ਨਾਲ ਤੁਰ ਕੇ ਵੀ ਆ ਸਕਦੇ ਸੀ, ਉਲਾਹਮਾ ਕਿਹੜਾ ਬੁੱਸ ਜਾਣਾ ਸੀ'! ਨੇਤਾ ਜੀ 'ਖਿਸਿਆਨੀ ਬਿੱਲੀ ਖੰਭਾ ਨੋਚੇ' ਵਾਂਗ ਕਰੇੜੇ ਮਾਰੀਆਂ ਦੰਦੀਆਂ ਕਢਦੇ ਖਿਸਕ ਗਏ।

ਅਸੀਂ ਇਸ ਗੱਲੋਂ ਵੀ ਬੜੇ ਹੈਰਾਨ ਹਾਂ ਕਿ ਹਰ ਮਰਨ ਵਾਲਾ ਸੁਰਗ ਹੀ ਸਿਧਾਰਦੈ! ਸੁਣਿਆ ਤਾਂ ਇਹ ਵੀ ਹੈ ਕਿ ਸੁਰਗ/ਸਵਰਗ ਦੇ ਨਾਲ ਨਰਕ ਵੀ ਹੁੰਦੈ। ਕੀ ਰੱਜ ਕੇ ਮਾੜੇ ਬੰਦੇ ਜਾਂ ਪਾਪੀਆਂ ਦੇ ਪਾਪੀ ਵੀ ਨਰਕ ਨਹੀਂ ਜਾਂਦੇ? ਫਿਰ ਤਾਂ ਸੁਰਗ 'ਚ ਬੜਾ ਭੀੜ-ਭੜੱਕਾ ਰਹਿੰਦਾ ਹੋਣੈ? ਭਲਾ ਸੁਰਗ ਕਾਹਦਾ ਰਹੂ, ਨਰਕ ਹੀ ਬਣ ਗਿਆ ਹੋਣੈਂ! ਚਲੋ, ਜੇ 'ਆਪ ਨਾ ਮਰੀਏ ਸੁਰਗ ਨਾ ਜਾਈਏ'! ਸੁਰਗ-ਨਰਕ ਦਾ ਤਾਂ ਮਰਨ ਮਗਰੋਂ ਹੀ ਪਤਾ ਲਗੂ। ਪਰ ਜੇ ਲਗ ਵੀ ਗਿਆ ਤਾਂ ਦਸਾਂਗੇ ਕਿਹਨੂੰ? ਹਾਲ ਦੀ ਘੜੀ ਤਾਂ ਮਾਂ-ਧਰਤ 'ਤੇ ਈ ਸੁਰਗ ਹੈ, ਬਸ਼ਰਤੇ ਕਿ ਇਸ ਨੂੰ ਨਰਕ ਬਣਾਉਣ ਦੇ ਹੋ ਰਹੇ ਨਿਰੰਤਰ ਯਤਨਾਂ ਨੂੰ ਠੱਲ੍ਹ ਪਵੇ!

ਖੈਰ, ਸਾਨੂੰ ਜਰਮਨੀ 'ਚ ਜਨਮੀ ਨਾਮਵਰ ਯਹੂਦੀ ਡਾਇਰੀ ਲੇਖਿਕਾ 'ਐਨੀ ਫਰੈਂਕ' ਦੀ ਇਕ ਕੁਟੇਸ਼ਨ ਯਾਦ ਆ ਰਹੀ ਹੈ। ਉਸ ਅਨੁਸਾਰ- "ਮ੍ਰਿਤਕਾਂ ਨੂੰ ਜੀਉਂਦਿਆਂ ਨਾਲੋਂ ਇਸ ਕਰਕੇ ਵਧੇਰੇ ਫੁੱਲ ਅਰਪਿਤ ਹੁੰਦੇ ਹਨ ਕਿਉਂਕਿ ਕ੍ਰਿਤੱਗਤਾ ਨਾਲੋਂ ਸ਼ਰਮਸਾਰੀ/ਪਛਤਾਵਾ ਵਧੇਰੇ ਸ਼ਕਤੀਸ਼ਾਲੀ ਹੁੰਦਾ ਹੈ"!

ਕੀ ਅਸੀਂ ਆਪਣੇ ਪ੍ਰਸ਼ੰਸਕੀ ਬੋਲਾਂ ਰਾਹੀਂ ਇਕ ਕਿਸਮ ਦਾ 'ਰਿਗਰੈਟ' (ਖੇਦ/ਪਛਤਾਵਾ) ਪ੍ਰਗਟ ਕਰ ਰਹੇ ਹੁੰਦੇ ਹਾਂ ਕਿ ਅਸੀਂ ਜੀਊਂਦੇ ਜੀਅ ਜਾਣ ਵਾਲੀ ਆਤਮਾ ਦੀ ਬਣਦੀ ਕਦਰ ਨਹੀਂ ਕਰ ਸਕੇ? ਜਾਂ ਉਸ ਨੂੰ ਲੋੜੀਂਦਾ ਸਮਾਂ ਜਾਂ ਸਤਿਕਾਰ ਨਹੀਂ ਦੇ ਸਕੇ? ਕੀ ਇਹ ਸਾਡੇ ਦੋਸ਼-ਬੋਧ ਦੇ ਨਿਵਾਰਨ ਦਾ ਇੱਕ ਜਨਤਕ ਤਰੀਕਾ ਹੈ? ਜਾਂ 'ਕਲੋਜ਼ਰ' ਹੈ, ਭਾਵ ਵਿਛੜੀ ਆਤਮਾ ਦੀ ਆਖਰੀ ਰਸਮ ਕਰਕੇ ਫਰਜ਼-ਅਦਾਇਗੀ ਨਿਭਾਉਣ ਤੋਂ ਮੁਕਤ ਹੋਣ ਦਾ ਮਾਧਿਅਮ ਹੈ?

ਅਸਲ ਵਿਚ ਇਹ ਸ਼ੋਕ/ਸ਼ਰਧਾਂਜਲੀ ਸਮਾਗਮ ਆਪਣੇ ਪਿਆਰੇ ਨੂੰ ਯਾਦ ਰੱਖਣ, ਉਸ ਨੂੰ ਸ਼ਰਧਾ-ਸਤਿਕਾਰ ਅਰਪਿਤ ਕਰਨ ਅਤੇ ਉਸ ਦੀਆਂ ਸਮਾਜਿਕ ਸੇਵਾਵਾਂ ਜਾਂ ਜੀਵਨ ਦੀਆਂ ਪ੍ਰਾਪਤੀਆਂ ਨੂੰ ਜਨਤਕ ਤੌਰ 'ਤੇ ਚਰਚਿਤ ਕਰਨ ਦਾ ਸਨਮਾਨਜਨਕ ਢੰਗ-ਤਰੀਕਾ ਹੁੰਦੇ ਹਨ। ਸਿੱਖ ਧਰਮ ਵਿਚ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਵਿਚ ਸੁਭਾਇਮਾਨ ਕਿਸੇ ਵਿਅਕਤੀ ਵਿਸ਼ੇਸ਼ ਦੀ ਚਰਚਾ ਕਰਨੀ ਚੰਗੀ ਨਹੀਂ ਸਮਝੀ ਜਾਂਦੀ, ਫਿਰ ਵੀ ਅਜਿਹਾ ਆਮ ਹੁੰਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਵਿਛੜੀ ਆਤਮਾ ਦੀ 'ਲੈਗੇਸੀ' (ਵਿਰਾਸਤ) ਜਾਰੀ ਰਖੀ ਜਾਵੇ। ਉਸ ਦੇ ਨਾਮ 'ਤੇ ਕਿਸੇ ਲੋੜਵੰਦ ਵਿਦਿਆਰਥੀ ਦੀ ਮਦਦ ਜਾਂ ਸਮਾਜਿਕ ਕਲਿਆਣ ਦੇ ਕਾਰਜ ਕੀਤੇ ਜਾਣ। ਸਿੱਖਿਆ, ਸਿਹਤ, ਸਮਾਜ ਸੇਵਾਂਵਾਂ ਕੀਤੀਆਂ ਜਾਣ। ਤੇ ਜਾਂ ਫਿਰ ਦੱਬ ਕੇ ਰੁੱਖ ਲਗਾਏ ਜਾਣ। ਬੋਹੜ-ਪਿੱਪਲ-ਨਿੰਮ ਦੀ ਤ੍ਰਿਵੇਣੀ ਤਾਂ ਜਾਣ ਵਾਲੇ ਦਾ ਨਾਮ ਅਮਰ ਕਰ ਦਿੰਦੀ ਐ।

ਸਾਡੇ ਪਿੰਡ ਗੰਢਵਾਂ ਵਿਚ ਕਰੀਬ 200 ਸਾਲ ਪੁਰਾਣਾ ਇੱਕ ਬੋਹੜ ਹੈ, ਉਸ ਨੂੰ ਅੱਜ ਵੀ 'ਗੰਗਾ ਰਾਮ ਵਾਲਾ ਬੋਹੜ' ਸਦਦੇ ਹਨ, ਕਿਉਂਕਿ ਉਸ ਨੂੰ ਲਾਉਣ ਵਾਲੇ ਦਾ ਨਾਮ ਗੰਗਾ ਰਾਮ ਸੀ!

# ਇਉਂ ਵੀ ਹੁੰਦੈ...

**ਰਾਵਿੰਦਰ ਫਫੜੇ**
**ਫੋਨ: +91-98156-80980**

ਉਸ ਦਿਨ ਘਰ ਦੀ ਛੱਤ ਪੈਣੀ ਸੀ। ਤਕਰੀਬਨ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ। ਮਿਸਤਰੀ ਕਹਿੰਦਾ, "ਗੁਆਂਢੀ ਨੂੰ ਪੁੱਛ ਲਵੋ, ਇਨ੍ਹਾਂ ਦੇ ਵਿਹੜੇ ਵਿਚ ਮਸਾਲਾ (ਸੀਮਿੰਟ, ਬਜਰੀ, ਬਰੇਤੀ ਦਾ ਮਿਸ਼ਰਨ) ਰਲਾਉਣ ਵਾਲੀ ਮਸ਼ੀਨ ਆਪਣੀ ਛੱਤ ਦੇ ਬਿਲਕੁਲ ਨਾਲ ਲੱਗ ਜਾਵੇਗੀ, ਦੋ ਘੰਟਿਆਂ 'ਚ ਕੰਮ ਨਿਬੜ ਜਾਵੇਗਾ। ਹੱਥੀਂ ਤੰਗ ਹੋਵਾਂਗੇ, ਨਾਲੇ ਸਮਾਂ ਵੱਧ ਲੱਗੂ।" ਮੈਂ ਕਿਹਾ, "ਤੂੰ ਮਸ਼ੀਨ ਮੰਗਵਾ ਲੈ, ਮੈਂ ਇਨ੍ਹਾਂ ਨੂੰ ਕਹਿ ਦਿੰਨਾ।" ਗੁਆਂਢੀ ਹੋਣ ਨਾਤੇ ਅਤੇ ਸਾਡਾ ਆਪਸ ਵਿਚ ਕੋਈ ਗਿਲਾ-ਸ਼ਿਕਵਾ ਵੀ ਨਾ ਹੋਣ ਕਾਰਨ ਮੈਨੂੰ ਭਰੋਸਾ ਸੀ ਕਿ ਉਨ੍ਹਾਂ ਨਾਂਹ ਨਹੀਂ ਕਰਨੀ। ਜਦੋਂ ਮਸ਼ੀਨ ਲਾਉਣ ਬਾਰੇ ਗੁਆਂਢੀ ਨਾਲ ਗੱਲ ਕੀਤੀ ਤਾਂ ਉਸ ਦਾ ਉੱਤਰ ਅਣਕਿਆਸਿਆ ਸੀ, "ਇਸ ਤਰ੍ਹਾਂ ਠੀਕ ਨੀ ਆਉਣਾ, ਵਿਹੜੇ ਵਿਚ ਗੰਦ ਪਵੇਗਾ।" ਮੈਂ ਸਮਝਾਇਆ, "ਦੋ ਘੰਟਿਆਂ ਦੀ ਸਾਰੀ ਗੱਲ ਐ, ਛੱਤ ਪੈਣ ਤੋਂ ਬਾਅਦ ਮੈਂ ਮਜ਼ਦੂਰ ਲਾ ਕੇ ਸਫਾਈ ਕਰਵਾ ਦੇਵਾਂਗਾ" ਪਰ ਉਹ ਸਾਫ ਇਨਕਾਰ ਕਰ ਗਿਆ।

ਨਿੰਮੋਝੂਣਾ ਹੋਇਆ ਵਾਪਸ ਆਇਆ ਤਾਂ ਇਨਕਾਰ ਵਾਲੀ ਗੱਲ ਸੁਣ ਕੇ ਮਿਸਤਰੀ ਬੋਲਿਆ, "ਕਮਾਲ ਦਾ ਬੰਦਾ! ਇਹੋ ਜਿਹੇ ਕੰਮ 'ਚ ਤਾਂ ਬੰਦਾ ਊਈਂ ਨੀ ਜਵਾਬ ਦਿੰਦਾ, ਨਾਲੇ ਆਪਾਂ ਤਾਂ ਸਾਂਝੀ ਕੰਧ ਕੱਢਦਿਆਂ ਵੀ ਜੋ ਨਿੱਕ-ਸੁੱਕ ਉਨ੍ਹਾਂ ਵੱਲ ਡਿੱਗਦਾ ਸੀ, ਨਾਲ ਦੀ ਨਾਲ ਸਫਾਈ ਕਰਵਾ ਦਿੰਦੇ ਸੀ।"... ਚੱਲੋ ਛੱਤ ਤਾਂ ਪਾਉਣੀ ਸੀ, ਹੋਰ ਕਿਤੇ ਮਸ਼ੀਨ ਸਹੀ ਨਹੀਂ ਸੀ ਲੱਗਦੀ, ਇਸ ਲਈ ਮਜ਼ਦੂਰਾਂ ਨੇ ਹੱਥੀਂ ਮਸਾਲਾ ਰਲਾ ਕੇ ਕੰਮ ਚਲਾ ਲਿਆ। ਮਨ ਸਾਰਾ ਦਿਨ ਬੇਚੈਨ ਰਿਹਾ। ਸਾਰੇ ਦਿਨ ਦੀ ਥਕਾਵਟ ਹੋਣ ਦੇ ਬਾਵਜੂਦ ਰਾਤ ਨੂੰ ਵੀ ਨੀਂਦ ਨਹੀਂ ਆ ਰਹੀ ਸੀ। ਗੁਆਂਢੀਆਂ ਨਾਲ ਸਬੰਧਿਤ ਪੁਰਾਣੀ ਗੱਲ ਵਾਰ-ਵਾਰ ਯਾਦ ਆ ਰਹੀ ਸੀ।...

ਮੇਰੇ ਵਿਆਹ ਤੋਂ ਮਹੀਨਾ ਬਾਅਦ ਪਿਤਾ ਜੀ ਦੀ ਮੌਤ ਹੋ ਗਈ, ਕੁਝ ਮਹੀਨਿਆਂ ਬਾਅਦ ਭਰਾ ਅਲੱਗ ਹੋ ਗਿਆ। ਕਬੀਲਦਾਰੀ ਤੋਂ ਅਨਜਾਣ ਇਸ ਦੇ ਦੋਹਰੇ ਜਾਲ 'ਚ ਫਸ ਗਿਆ ਸਾਂ। ਹਰ ਦਿਨ ਕਿਸੇ ਨਾ ਕਿਸੇ ਨਵੀਂ ਪ੍ਰੇਸ਼ਾਨੀ ਦਾ ਸਾਹਮਣਾ ਹੋ ਜਾਂਦਾ।... ਠੰਢ ਦੇ ਦਿਨ ਸਨ। ਦਰਵਾਜ਼ੇ ਮੂਹਰੇ ਖੜ੍ਹੇ ਨੂੰ ਮੁਲਾਜ਼ਮ ਬਿਜਲੀ ਦਾ ਬਿੱਲ ਦੇ ਗਿਆ। ਤਿੰਨ ਸੌ ਰੁਪਏ ਦਾ ਸੀ। ਕਬੀਲਦਾਰ ਜੋ ਬਣ ਗਿਆ ਸਾਂ, ਇਸ ਲਈ ਯੂਨਿਟਾਂ ਦੀ ਖਪਤ ਆਦਿ ਦਾ ਮਿਲਾਨ ਕਰਨ ਲੱਗ ਪਿਆ। ਖਪਤ ਦੀ ਥਾਂ ਔਸਤ ਆਧਾਰ 'ਤੇ ਬਿਲ ਬਣਿਆ ਹੋਇਆ ਸੀ। ਕਾਰਨ ਬਾਰੇ ਸੋਚਦਾ ਮੀਟਰ ਅੱਗੇ ਜਾ ਖੜ੍ਹਾ ਹੋਇਆ... ਮੀਟਰ ਦਾ ਚੱਕਰ ਸਹੀ ਘੁੰਮ ਰਿਹਾ ਸੀ। ਸਵੇਰੇ ਫਿਰ ਦੇਖਦਾਂ, ਮੀਟਰ ਦਾ ਚੱਕਰ ਆਪਣੀ ਯਾਤਰਾ ਉਸੇ ਗਤੀ ਨਾਲ ਕਰ ਰਿਹਾ ਸੀ ਪਰ ਯੂਨਿਟਾਂ ਦੀ ਖਪਤ ਕੱਲ੍ਹ ਵਾਲੀ ਹੀ ਸੀ। ਮੀਟਰ ਖਰਾਬ ਸੀ।

ਸ਼ਹਿਰ ਬਿਜਲੀ ਦਫਤਰ ਬਿੱਲ ਭਰਨ ਗਿਆ ਤਾਂ ਆਪਣੇ ਜਾਣਕਾਰ ਜੇ.ਈ. ਨੂੰ ਪੂਰੀ ਗੱਲ ਦੱਸੀ ਅਤੇ ਇਸ ਦਾ ਹੱਲ ਪੁੱਛਿਆ। ਉਹਨੇ ਕਿਹਾ, "ਜਲਦੀ ਮੀਟਰ ਬਦਲਣ ਦੀ ਅਰਜ਼ੀ ਦੇ ਦਿਓ, ਅਗਰ ਮਹਿਕਮੇ ਦੀ ਚੈਕਿੰਗ ਹੋ ਗਈ ਤਾਂ ਜੁਰਮਾਨਾ ਪੈ ਸਕਦਾ।" ਦੋ ਦਿਨਾਂ ਬਾਅਦ ਬਾਹਰੋਂ ਘਰ ਆਇਆ ਤਾਂ ਮਾਂ ਨੇ ਦੱਸਿਆ, "ਆਪਣਾ ਮੀਟਰ ਨਵਾਂ ਲਾ ਗਏ।" ਹੈਰਾਨੀ ਤੇ ਨਾਲ ਹੀ ਪ੍ਰੇਸ਼ਾਨੀ ਦੀ ਹੱਦ ਨਾ ਰਹੀ। ਸੋਚ ਰਿਹਾ ਸਾਂ, ਮੈਂ ਤਾਂ ਅਜੇ ਅਰਜ਼ੀ ਦਿੱਤੀ ਵੀ ਨਹੀਂ! ਕਿਤੇ ਜੇ.ਈ. ਵਾਲੀ ਗੱਲ ਸੱਚ ਤਾਂ ਨਹੀਂ ਹੋ ਗਈ?

ਅਗਲੇ ਦਿਨ ਫਿਰ ਜੇ.ਈ. ਨੂੰ ਮਿਲਿਆ। ਉਹਨੇ ਆਪਣੇ ਤਜਰਬੇ ਅਤੇ ਮਹਿਕਮੇ ਦੇ ਕੰਮ-ਕਾਰ ਦੇ ਤਰੀਕੇ ਦੇ ਆਧਾਰ 'ਤੇ ਅਨੁਮਾਨ ਲਾਇਆ, "ਤੁਸੀਂ ਪਹਿਲਾਂ ਕੋਈ ਅਰਜ਼ੀ ਦਿੱਤੀ ਹੋਵੇਗੀ?" ਨਵੀਂ ਕਬੀਲਦਾਰੀ ਸਿਰ ਪੈਣ ਦੀ ਗੱਲ ਦੱਸਦਿਆਂ ਮੈਂ ਕਿਹਾ, "ਸਾਲ ਪਹਿਲਾਂ ਤੱਕ ਤਾਂ ਮੈਂ ਕੋਈ ਅਰਜ਼ੀ ਨਹੀਂ ਦਿੱਤੀ, ਉਸ ਤੋਂ ਪਹਿਲਾਂ ਦਾ ਪਤਾ ਨਹੀਂ।" ਉਸ ਕਿਹਾ, "ਪਹਿਲਾਂ ਅਰਜ਼ੀ ਦਿਤੀ ਹੋਵੇਗੀ, ਸਰਕਾਰੀ ਕੰਮਾਂ ਦਾ ਜੇ ਮਗਰਾ ਨਾ ਕਰੀਏ ਤਾਂ ਕਿੰਨਾ ਵੀ ਸਮਾਂ ਲੱਗ ਸਕਦਾ।" ਨਾਲ ਹੀ ਉਸ ਨੇ ਤਾਕੀਦ ਕੀਤੀ ਕਿ ਹੁਣ ਨਵਾਂ ਬਿੱਲ ਆਉਣ ਤੱਕ ਬਿਜਲੀ ਦੀ ਖਪਤ ਘੱਟੋ-ਘੱਟ ਕਰੋ, ਜੇਕਰ ਇਸ ਵਾਰ ਖਪਤ ਪਿਛਲੀ ਔਸਤ ਨਾਲੋਂ ਵੱਧ ਹੋਈ ਤਾਂ ਬਕਾਇਆ ਪੈ ਜਾਵੇਗਾ। ਮੈਂ ਘਰ ਆ ਕੇ ਮਾਂ ਅਤੇ ਪਤਨੀ ਨਾਲ ਗੱਲ ਸਾਂਝੀ ਕੀਤੀ ਤੇ ਅਸੀਂ ਬਿਜਲੀ ਸੰਕੋਚ ਨਾਲ ਵਰਤਣ ਲੱਗੇ। ਅਜੇ ਪੰਦਰਾਂ-ਵੀਹ ਦਿਨ ਗੁਜ਼ਰੇ ਸਨ ਕਿ ਉਸੇ ਗੁਆਂਢੀ ਦਾ ਪਿਤਾ ਘਰ ਆਇਆ ਅਤੇ ਕਹਿਣ ਲੱਗਾ, "ਤੁਹਾਨੂੰ ਪਤਾ ਹੀ ਹੈ ਆਪਣੇ ਵਿਆਹ ਦਾ, ਕੱਲ੍ਹ ਨੂੰ ਕੜਾਹੀ ਚੜ੍ਹਨੀ ਹੈ, ਹਾਜ਼ਰੀ ਲਵਾਇਓ... ਤੇ ਜੇਕਰ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਕੜਾਹੀ ਤੁਹਾਡੇ ਦਰਵਾਜ਼ੇ 'ਚ ਚੜ੍ਹਾ ਲਈਏ?" ਮੈਂ ਇਨਕਾਰ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਜਿੱਥੇ ਕੜਾਹੀ ਚੜ੍ਹਾਉਣ ਨੂੰ ਕਹਿ ਰਿਹਾ ਸੀ, ਉਥੇ ਮੇਰੇ ਸਭ ਤੋਂ ਵੱਡੇ ਭਰਾ ਦੇ ਵਿਆਹ ਸਮੇਂ ਤੋਂ ਪੱਕੀਆਂ ਭੱਠੀਆਂ ਬਣੀਆਂ ਸਨ ਜੋ ਅਸੀਂ ਵਿਆਹ ਤੋਂ ਬਾਅਦ ਮਿੱਟੀ ਪਾ ਕੇ ਬੰਦ ਕਰ ਦਿੰਦੇ ਸਾਂ ਅਤੇ ਲੋੜ ਪੈਣ 'ਤੇ ਦੁਬਾਰਾ ਖੋਲ੍ਹ ਲੈਂਦੇ ਸਾਂ। ਜਿਸ ਥਾਂ ਇਹ ਭੱਠੀਆਂ ਸਨ, ਉਹ ਹਵੇਲੀ ਦੇ ਮੁੱਖ ਦਰਵਾਜ਼ੇ ਦੇ ਖੱਬੇ ਹੱਥ ਸੀ ਅਤੇ ਉਸ ਤੋਂ ਅੱਗੇ ਪਸ਼ੂਆਂ ਤੇ ਤੂੜੀ ਵਾਲੀ ਸਬਾਤ ਸੀ। ਹੋਰ ਕੋਈ ਰੋਸ਼ਨਦਾਨ ਜਾਂ ਬਾਰੀ ਨਾ ਹੋਣ ਕਾਰਨ ਰੋਸ਼ਨੀ ਦੀ ਕਮੀ ਸੀ ਅਤੇ ਦਿਨ ਵੇਲੇ ਵੀ ਬਲਬ ਜਗਾਉਣ ਦੀ ਜ਼ਰੂਰਤ ਪੈਂਦੀ ਸੀ। ਇਉਂ ਦੋ-ਤਿੰਨ ਦਿਨ ਬਿਜਲੀ ਦੀ ਖਪਤ ਵੱਧ ਹੋਣੀ ਸੀ ਪਰ ਮੈਂ ਗੁਆਂਢੀ ਹੋਣ ਦੇ ਨਾਤੇ ਇਨਕਾਰ ਨਾ ਕਰ ਸਕਿਆ। ਉਸੇ ਦਿਨ ਸ਼ਾਮ ਨੂੰ ਭੱਠੀਆਂ ਖੋਲ੍ਹ ਦਿੱਤੀਆਂ ਗਈਆਂ ਅਤੇ ਦੂਜੇ ਦਿਨ ਸਾਝਰੇ ਕੜਾਹੀ ਚੜ੍ਹ ਗਈ।

ਸ਼ਾਮ ਨੂੰ ਮੈਂ ਪਿੰਡ ਵਿਚ ਕਿਸੇ ਕੰਮ ਗਿਆ ਅਤੇ ਵਾਪਸ ਆਉਣ 'ਤੇ ਦਰਵਾਜ਼ੇ ਵਾਲਾ ਮੰਜ਼ਰ ਦੇਖ ਕੇ ਮੇਰਾ ਸਾਹ ਸੂਤਿਆ ਗਿਆ। ਹਲਵਾਈ ਨੇ ਬਿਜਲੀ ਵਾਲੀ ਭੱਠੀ ਚਲਾਈ ਹੋਈ ਸੀ। ਮੈਂ ਖ਼ੁਦ ਨੂੰ ਸੰਭਾਲਦਿਆਂ ਅੰਦਰ ਚਲਾ ਗਿਆ, ਇਹ ਸੋਚ ਕੇ ਚੁੱਪ ਰਿਹਾ ਕਿ ਹੁਣ ਜਦੋਂ ਉੱਖਲੀ 'ਚ ਸਿਰ ਦੇ ਹੀ ਲਿਆ ਹੈ ਤਾਂ ਮੋਹਲਿਆਂ ਤੋਂ ਡਰਨਾ ਨਹੀਂ। ਵਿਆਹ ਤੋਂ ਮਹੀਨਾ ਕੁ ਬਾਅਦ ਬਿੱਲ ਆ ਗਿਆ। ਦੋ ਹਜ਼ਾਰ ਰੁਪਏ ਬਕਾਇਆ ਪੈ ਗਿਆ ਸੀ। ਗ਼ਨੀਮਤ ਇਹ ਕਿ ਸਰਦੀਆਂ ਦਾ ਸਮਾਂ ਹੋਣ ਕਾਰਨ ਪੱਖੇ-ਕੂਲਰ ਬੰਦ ਸਨ। ਨਵੀਂ ਕਬੀਲਦਾਰੀ ਕਾਰਨ ਹੱਥ ਤੰਗ ਹੋਣ ਦੇ ਬਾਵਜੂਦ ਉਸ ਸਮੇਂ ਇੰਨਾ ਦੁੱਖ ਨਹੀਂ ਹੋਇਆ ਜਿੰਨਾ ਗੁਆਂਢੀ ਵੱਲੋਂ ਮਸ਼ੀਨ ਨੂੰ ਜਵਾਬ ਦੇਣ 'ਤੇ ਹੋਇਆ ਸੀ।

# ਪ੍ਰਾਈਵੇਟ ਟੈਲੀਫੋਨ ਕੰਪਨੀਆਂ ਦੀ ਅੰਨ੍ਹੀ ਲੁੱਟ

ਅੱਜ ਤਕਨੀਕ ਦਾ ਯੁੱਗ ਹੈ ਜਿਸ ਨਾਲ ਸੰਚਾਰ ਕ੍ਰਾਂਤੀ ਵਿਚ ਵੱਡੀਆਂ ਤਬਦੀਲੀਆਂ ਆਈਆਂ ਹਨ। ਇਸ ਸੰਚਾਰ ਕ੍ਰਾਂਤੀ ਨੇ ਮਨੁੱਖ ਦੀ ਇੱਕ ਦੂਜੇ ਕੋਲ ਪਹੁੰਚ ਤੋਂ ਅੱਗੇ ਸੰਸਾਰ ਨੂੰ ਇੱਕ ਦੂਜੇ ਬਹੁਤ ਨੇੜੇ ਲੈ ਆਂਦਾ ਹੈ। ਸੰਸਾਰ ਪੱਧਰ 'ਤੇ ਵਾਪਰ ਰਹੇ ਵਰਤਾਰਿਆਂ ਦੀਆਂ ਬਹੁਤ ਲੰਮੇ ਸਮੇਂ ਬਾਅਦ ਪਹੁੰਚਣ ਵਾਲੀਆਂ ਸੂਚਨਾਵਾਂ ਹੁਣ ਮਿੰਟਾਂ-ਸਕਿੰਟਾਂ ਵਿਚ ਹਰ ਸੈੱਲ ਫੋਨ ਧਾਰਕ ਕੋਲ ਪਹੁੰਚਣ ਲੱਗ ਪਈਆਂ ਹਨ। ਵੱਡੇ ਕਾਰੋਬਾਰੀਆਂ ਕੋਲ ਤਾਂ ਸੂਚਨਾ ਦੇ ਸਾਧਨ ਪਹਿਲਾਂ ਵੀ ਸਨ ਪਰ ਸਮੇਂ-ਸਮੇਂ ਅਨੁਸਾਰ ਮੋਬਾਈਲ ਫੋਨ ਅੱਜ ਹਰ ਗਰੀਬ ਅਤੇ ਮੱਧ ਵਰਗ ਦੀ ਲੋੜ ਬਣਾ ਦਿੱਤਾ ਹੈ। ਰੇੜ੍ਹੀ ਫੜ੍ਹੀ

ਨਰਾਇਣ ਦੱਤ
ਫੋਨ: +91-84275-11770

ਤੋਂ ਲੈ ਕੇ ਦਿਹਾੜੀਦਾਰ ਕਾਮਾ ਵੀ ਇਸ ਤੋਂ ਵਾਂਝਾ ਨਹੀਂ।

ਬਿਜਲੀ ਖੇਤਰ ਤੋਂ ਸੂਚਨਾ ਤਕਨੀਕ ਤੱਕ ਦਾ ਵਿਕਾਸ ਜਨਤਕ ਖੇਤਰ ਦੇ ਅਦਾਰਿਆਂ ਦੇ ਹਜ਼ਾਰਾਂ ਇੰਜਨੀਅਰਾਂ ਅਤੇ ਲੱਖਾਂ ਕਾਮਿਆਂ ਦੀ ਅਣਥੱਕ ਦਿਮਾਗੀ ਤੇ ਸਰੀਰਕ ਮਿਹਨਤ ਦਾ ਸਿੱਟਾ ਹੈ। ਸਰਕਾਰੀ ਖੇਤਰ ਵਿਚ ਚਲਦੇ ਇਨ੍ਹਾਂ ਅਦਾਰਿਆਂ ਵਿਚ 1990-91 ਤੋਂ ਨਰਸਿਮਹਾ ਰਾਓ-ਮਨਮੋਹਨ ਸਿੰਘ ਨੇ ਵਿਸ਼ਵ ਵਪਾਰ ਸੰਸਥਾ ਦੀਆਂ ਲੋਕ ਵਿਰੋਧੀ ਨੀਤੀਆਂ ਰਾਹੀਂ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਕਰ ਕੇ ਮੁਕਾਬਲੇਬਾਜ਼ੀ ਰਾਹੀਂ ਵਧੀਆਂ ਸੇਵਾਵਾਂ ਦੇਣ ਦੇ ਬਹਾਨੇ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਦੇ ਦਾਖਲੇ ਲਈ ਰਾਹ ਪੱਧਰਾ ਕੀਤਾ।

3 ਅਤੇ 4 ਜੁਲਾਈ 2024 ਤੋਂ ਮਨਮਾਨੇ ਢੰਗ ਨਾਲ ਕੀਤੇ ਵਾਧੇ ਨਾਲ ਤਿੰਨ ਟੈਲੀਫੋਨ ਕੰਪਨੀਆਂ ਨੇ ਲੋਕਾਂ ਦੀਆਂ ਜੇਬਾਂ 'ਤੇ 34824 ਕਰੋੜ ਰੁਪਏ ਦਾ ਡਾਕਾ ਮਾਰ ਲਿਆ ਹੈ। ਇਨ੍ਹਾਂ ਤਿੰਨਾਂ ਕੰਪਨੀਆਂ- ਜੀਓ, ਏਅਰਟੈੱਲ ਤੇ ਵੋਡਾਫੋਨ-ਆਈਡੀਆ ਦਾ ਭਾਰਤ ਵਿਚ ਮੰਡੀ ਦੇ ਵੱਡੇ ਹਿੱਸੇ ਵਿਚੋਂ 109 ਕਰੋੜ ਸੈੱਲ ਫੋਨ ਵਰਤਣ ਵਾਲਿਆਂ ਉਪਰ ਏਕਾਧਿਕਾਰ ਹੈ। ਇਸ ਵਿਚੋਂ ਜੀਓ ਦਾ 48 ਕਰੋੜ, ਏਅਰਟੈੱਲ ਦਾ 39 ਕਰੋੜ, ਵੋਡਾਫੋਨ-ਆਈਡੀਆ ਦਾ 22 ਕਰੋੜ 37 ਲੱਖ ਗ੍ਰਾਹਕ ਹੈ। ਮੋਬਾਈਲ ਸੇਵਾਵਾਂ ਦੇਣ ਵਾਲੀਆਂ ਇਨ੍ਹਾਂ ਤਿੰਨਾਂ ਕੰਪਨੀਆਂ ਨੇ 3 ਅਤੇ 4 ਜੁਲਾਈ 2024 ਤੋਂ ਔਸਤ 15% ਤੋਂ 20% ਤੱਕ ਦਾ ਵਾਧਾ ਕਰ ਦਿੱਤਾ ਜਾਂ ਇਹ ਕਹਿ ਲਵੋ ਕਿ 34824 ਕਰੋੜ ਰੁਪਏ ਪ੍ਰਤੀ ਸਾਲ ਆਪਣੀ ਝੋਲੀ ਪਾਉਣ ਲਈ ਰਾਹ ਤਿਆਰ ਕਰ ਲਿਆ। ਇਹ ਬੇਮੁਹਾਰੀ ਲੁੱਟ



ਜਾਂ ਰੇਟਾਂ ਵਿਚ ਵਾਧਾ ਕਰਨ ਲਈ ਇਨ੍ਹਾਂ ਕੰਪਨੀਆਂ ਨੂੰ ਮੋਦੀ ਸਰਕਾਰ ਨੇ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਇਨ੍ਹਾਂ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਕੋਲੋਂ ਵੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ। ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿਚ ਲੱਗਿਆ ਗੋਦੀ ਮੀਡੀਆ ਦੋ ਸਾਲ ਤੋਂ ਵਾਧਾ ਨਾ ਕਰਨ ਦੇ ਬਹਾਨੇ ਟੈਲੀਫੋਨ ਕੰਪਨੀਆਂ ਦੇ 35 ਸੌ ਕਰੋੜ ਰੁਪਏ ਦੇ ਡਾਕੇ ਨੂੰ ਜਾਇਜ਼ ਠਹਿਰਾ ਰਿਹਾ ਹੈ। ਹੁਣ ਮੋਦੀ ਸਰਕਾਰ ਨੇ ਬੀ.ਐੱਸ.ਐੱਨ.ਐੱਲ. (ਸਰਕਾਰੀ ਖੇਤਰ ਦੇ ਅਦਾਰੇ) ਨੂੰ ਬਿਲਕੁਲ ਹੀ ਦਰਕਿਨਾਰ ਕਰ ਦਿੱਤਾ ਹੈ। ਇਨ੍ਹਾਂ ਤਿੰਨਾਂ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਵਿਚ ਸਰਕਾਰੀ ਅਦਾਰੇ ਦੇ ਟਾਵਰ ਵਰਤ ਕੇ 5ਜੀ ਤੋਂ ਅੱਗੇ 6ਜੀ ਸੇਵਾਵਾਂ ਦੇਣ ਦੀ ਹੋੜ ਲੱਗੀ ਹੋਈ ਹੈ ਜਦਕਿ ਬੀ.ਐੱਸ.ਐੱਨ.ਐੱਲ. ਨੂੰ ਅਜੇ ਤੱਕ ਵੀ 5ਜੀ ਦੀਆਂ ਸੇਵਾਵਾਂ ਦੇਣ ਤੋਂ ਵਾਂਝੇ ਰੱਖਿਆ ਹੋਇਆ ਹੈ। ਇਸ ਦਾ ਸਿੱਟਾ ਇਹ ਹੈ ਕਿ ਬੀ.ਐੱਸ.ਐੱਨ.ਐੱਲ. ਦੇ ਸੈੱਲ ਫੋਨ ਵਰਤਣ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਜਾਂ ਖਤਮ ਹੋਣ ਕੰਢੇ ਹੈ। ਇਹ ਤਿੰਨੇ ਕੰਪਨੀਆਂ ਬੀ.ਐੱਸ.ਐੱਨ.ਐੱਲ. ਦੇ ਹੀ 12901 ਮੋਬਾਈਲ ਟਾਵਰ ਵਰਤ ਕੇ ਅੰਨ੍ਹੇ ਮੁਨਾਫ਼ੇ ਕਮਾ ਰਹੀਆਂ ਹਨ।

ਇੱਕ ਹੋਰ ਪੱਖ ਧਿਆਨ ਮੰਗਦਾ ਹੈ- ਕੀ ਹਰ ਸਹੀ ਸੂਚਨਾ ਹਰ ਵਿਅਕਤੀ ਤੱਕ ਪਹੁੰਚਣ ਦਾ ਅਧਿਕਾਰ ਸਾਡੇ ਕੋਲ ਹੋਣਾ ਚਾਹੀਦਾ ਹੈ? ਪਿਛਲੇ ਸਮੇਂ ਤੋਂ ਕੁਝ ਘਟਨਾਵਾਂ (ਮਨੀਪੁਰ, ਕਸ਼ਮੀਰ) ਅਜਿਹੀਆਂ ਵਾਪਰੀਆਂ ਹਨ ਜਦੋਂ ਮਹੀਨਿਆਂ ਬੱਧੀ ਸੂਚਨਾਵਾਂ ਤੋਂ ਆਮ ਲੋਕਾਈ ਨੂੰ ਮਹਿਰੂਮ ਰੱਖਿਆ ਗਿਆ। ਹੁਣ ਬਰੌਡਕਾਸਟਿੰਗ ਅਤੇ ਕਮਿਊਨੀਕੇਸ਼ਨ ਬਿੱਲ ਸੰਸਦ ਵਿਚ ਲੈ ਆਂਦਾ ਹੈ। ਇਸ ਬਿੱਲ ਰਾਹੀਂ ਸਰਕਾਰ ਵਟਸਐਪ ਰਾਹੀਂ ਭੇਜੀਆਂ ਸੂਚਨਾਵਾਂ ਸੁਣਨ ਦਾ ਅਧਿਕਾਰ ਆਪਣੇ ਹੱਥ ਵਿਚ ਲੈ ਕੇ ਵਿਅਕਤੀ ਦੀ ਨਿੱਜਤਾ ਦੇ ਅਧਿਕਾਰ ਉਪਰ ਹੱਲਾ ਬੋਲਣਾ ਚਾਹੁੰਦੀ ਹੈ। ਗੋਦੀ ਮੀਡੀਆ ਚੈਨਲਾਂ ਦੀ ਕਾਰਪੋਰੇਟ ਘਰਾਣਿਆਂ ਅਤੇ ਹਕੂਮਤ ਦੀ ਬੋਲੀ ਬੋਲਣ ਕਰ ਕੇ ਘਟ ਰਹੀ ਲੋਕਪ੍ਰਿਅਤਾ ਕਾਰਨ ਯੂਟਿਊਬਰਾਂ ਨੂੰ ਕਰੋੜਾਂ ਲੋਕਾਈ ਨੇ ਦੇਖਣਾ ਸ਼ੁਰੂ ਕਰ ਦਿੱਤਾ ਹੈ ਜਿਸ ਰਾਹੀਂ ਸੂਚਨਾਵਾਂ ਦਾ ਲੈਣ-ਦੇਣ ਲੋਕਾਂ ਤੱਕ ਹੋ ਰਿਹਾ ਹੈ। ਹਾਕਮਾਂ ਲਈ ਇਹ ਬਹੁਤ ਵੱਡੀ ਪ੍ਰੇਸ਼ਾਨੀ ਹੈ। ਇਸ ਬਿੱਲ ਰਾਹੀਂ ਕੇਂਦਰ ਸਰਕਾਰ ਯੂਟਿਊਬਰਾਂ ਉਪਰ ਤਰ੍ਹਾਂ-ਤਰ੍ਹਾਂ ਦੀਆਂ ਪਾਬੰਦੀਆਂ ਮੜ੍ਹ ਕੇ ਲੋਕਾਂ ਤੱਕ ਸਥਾਪਤੀ ਵਿਰੋਧੀ ਸੂਚਨਾਵਾਂ ਪਹੁੰਚਣ ਉਪਰ ਨਕੇਲ ਪਾਉਣਾ ਚਾਹੁੰਦੀ ਹੈ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹੀ ਕੰਪਨੀਆਂ ਲੋਕਾਂ ਦੀਆਂ ਜੇਬਾਂ ਉਪਰ ਡਾਕਾ ਮਾਰ ਕੇ ਸਿਆਸੀ ਪਾਰਟੀਆਂ, ਖਾਸ ਕਰ ਕੇ ਭਾਰਤੀ ਜਨਤਾ ਪਾਰਟੀ ਨੂੰ 150 ਕਰੋੜ ਦਾ ਚੋਣ ਬਾਂਡ ਮੁਹੱਈਆ ਕਰਵਾਉਣ ਵਾਲਿਆਂ ਦੀ ਮੋਹਰੀ ਕਤਾਰ ਵਿਚ ਹਨ। 'ਚੰਦਾ ਦੋ, ਧੰਦਾ ਲੋ' ਵਾਲੀ ਕਹਾਵਤ ਇਨ੍ਹਾਂ ਕੰਪਨੀਆਂ ਉਪਰ ਐਨ ਢੁੱਕਦੀ ਹੈ। ਇਹ ਇਕੱਲੇ ਟੈਲੀਕਾਮ ਖੇਤਰ ਦੀ ਗੱਲ ਨਹੀਂ, ਇਨ੍ਹਾਂ ਨੀਤੀਆਂ ਰਾਹੀਂ ਜਨਤਕ ਖੇਤਰ ਦੇ ਸਾਰੇ ਅਦਾਰੇ ਕੋਇਲਾ ਖਾਣਾਂ, ਊਰਜਾ ਖੇਤਰ, ਰੇਲਵੇ, ਜਹਾਜ਼ਰਾਨੀ, ਬੈਂਕ, ਬੀਮਾ, ਸੜਕਾਂ, ਸਿਹਤ ਤੇ ਸਿੱਖਿਆ, ਤੇਲ ਤੇ ਕੁਦਰਤੀ ਗੈਸ ਖੋਜ ਜਿਹੇ ਬੁਨਿਆਦੀ ਸਭ ਅਦਾਰੇ ਕੌਡੀਆਂ ਦੇ ਭਾਅ ਇਨ੍ਹਾਂ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਰਾਹ ਪੱਧਰਾ ਕਰ ਲਿਆ ਹੈ। 18ਵੀਂ ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਮੋਦੀ ਸਰਕਾਰ ਨੇ 35 ਸੌ ਕਰੋੜ ਦਾ ਤੋਹਫਾ ਦੇ ਦਿੱਤਾ ਹੈ। ਇਹ ਟ੍ਰੇਲਰ ਮਾਤਰ ਹੈ ਅਤੇ ਆਉਣ ਵਾਲੇ ਸਮੇਂ ਲਈ ਸਿਰਫ ਸੂਚਨਾ। ਮੋਦੀ ਹਕੂਮਤ ਦਾ ਇਹ ਕਾਰਜਕਾਲ ਵੀ ਖ਼ਤਰੇ ਭਰਪੂਰ ਰਹੇਗਾ ਕਿਉਂਕਿ ਗੰਭੀਰ ਆਰਥਿਕ ਸੰਕਟ ਵਿਚੋਂ ਗੁਜ਼ਰ ਰਹੇ ਹਾਕਮ ਇਸ ਦਾ ਭਾਰ ਲੋਕਾਈ ਉਪਰ ਲੱਦਣਗੇ ਅਤੇ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮਾਲੋ-ਮਾਲ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਣਗੇ। ਕਰੋਨਾ ਕਾਲ ਸਮੇਂ ਦੀ ਉਦਾਹਰਨ ਇਸ ਦਾ ਪੁਖ਼ਤਾ ਸਬੂਤ ਹੈ। ਉਦੋਂ ਆਮ ਲੋਕਾਈ ਨੂੰ ਬੇਹੱਦ ਮੁਸ਼ਕਿਲਾਂ ਭਰੇ ਦੌਰ ਵਿਚੋਂ ਲੰਘਣ ਲਈ ਮਜਬੂਰ ਕੀਤਾ ਗਿਆ; ਦੂਜੇ ਪਾਸੇ, ਇਸੇ ਸਮੇਂ ਦੌਰਾਨ ਭਾਰਤ ਦੇ ਕਾਰਪੋਰੇਟ ਘਰਾਣਿਆਂ ਦੀ ਕਮਾਈ ਕਈ ਸੌ ਗੁਣਾ ਵਧ ਗਈ ਸੀ।

ਅਜਿਹਾ ਨਹੀਂ ਕਿ ਸੂਚਨਾ ਤਕਨੀਕ ਜਾਂ ਕਿਸੇ ਵੀ ਹੋਰ ਖੇਤਰ ਵਿਚ ਤਕਨੀਕੀ ਵਿਕਾਸ ਹੋਣਾ ਨਹੀਂ ਚਾਹੀਦਾ; ਵੱਡਾ ਸਵਾਲ ਹੈ: ਕੀ ਇਸ ਤਕਨੀਕ ਦਾ ਫਾਇਦਾ ਆਮ ਲੋਕਾਈ ਨੂੰ ਮਿਲੇ ਜਾਂ ਇਹ ਕਾਰਪੋਰੇਟ ਅਮੀਰ ਘਰਾਣਿਆਂ ਦੀ ਦੌਲਤ ਦੇ ਅੰਬਾਰਾਂ ਵਿਚ ਉਤਕਾਂ ਦਾ ਵਾਧਾ ਕਰਨ ਦਾ ਜ਼ਰੀਆ ਬਣੇ? ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਲੋਕ ਵਿਰੋਧੀ ਨੀਤੀ ਬਹੁਤ ਤੇਜ਼ੀ ਨਾਲ ਲਾਗੂ ਕਰਨ ਕਰ ਕੇ ਕਾਰਪੋਰੇਟ ਘਰਾਣਿਆਂ ਨੇ ਅੰਨ੍ਹੀ ਲੁੱਟ ਮਚਾਈ ਹੋਈ ਹੈ। ਗਰੀਬੀ ਅਮੀਰੀ ਦਾ ਪਾੜਾ ਪਿਛਲੇ ਸਮਿਆਂ ਦੇ ਕਿਸੇ ਵੀ ਦੌਰ ਨਾਲੋਂ ਤੇਜ਼ੀ ਨਾਲ ਵਧ ਰਿਹਾ ਹੈ। ਭਾਰਤ ਦੇ 80 ਕਰੋੜ ਗਰੀਬ ਲੋਕ 5 ਕਿਲੋ ਅਨਾਜ ਅਤੇ ਕਿਲੋ ਦਾਲ ਲਈ ਮੁਥਾਜ ਹਨ। ਇਕ ਰਿਪੋਰਟ ਅਨੁਸਾਰ, ਅਰਬਪਤੀ ਦੀਆਂ ਗਿਣਤੀ ਅਮਰ ਵੇਲ ਵਾਂਗ ਵਧ ਕੇ 200 ਨੂੰ ਢੁੱਕ ਗਈ ਹੈ।

ਇਹ ਨੀਤੀਆਂ ਲਾਗੂ ਕਰਦੇ ਸਮੇਂ ਹਾਕਮ ਲੋਕਾਂ ਦੇ ਬੁਨਿਆਦੀ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਫ਼ਿਰਕੂ ਫਾਸ਼ੀ ਹੱਲੇ ਵੀ ਤੇਜ਼ ਕਰਨਗੇ। ਅਰੁੰਧਤੀ ਰਾਏ ਅਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਉਪਰ ਪੁਰਾਣੇ ਕੇਸ ਚਲਾਉਣ ਦੀ ਯੂਏਪੀਏ ਤਹਿਤ ਮਨਜ਼ੂਰੀ ਦੇਣ ਤੋਂ ਬਾਅਦ ਸਮਾਜਿਕ ਕਾਰਕੁਨ ਮੇਧਾ ਪਾਟੇਕਰ ਨੂੰ 5 ਮਹੀਨੇ ਦੀ ਸਜ਼ਾ ਅਤੇ ਦਸ ਲੱਖ ਰੁਪਏ ਜੁਰਮਾਨਾ ਇਸ ਦੀਆਂ ਮਿਸਾਲਾਂ ਹਨ। ਇਹੀ ਦਾਸਤਾਨ ਨਵੇਂ ਨਾਵਾਂ ਥੱਲੇ ਲਾਗੂ ਕੀਤੇ ਤਿੰਨ ਕਾਨੂੰਨਾਂ ਦੀ ਹੈ। ਇਨ੍ਹਾਂ ਕਾਨੂੰਨਾਂ ਦੀ ਸਭ ਤੋਂ ਵਧੇਰੇ ਮਾਰ ਲਿਖਣ, ਬੋਲਣ, ਵਿਚਾਰ ਪ੍ਰਗਟਾਉਣ ਤੋਂ ਅੱਗੇ ਸੰਘਰਸ਼ਸ਼ੀਲ ਤਬਕਿਆਂ ਨੂੰ ਸਹਿਣੀ ਕਰਨੀ ਪਵੇਗੀ। ਮਿਹਨਤਕਸ਼ ਲੋਕਾਈ ਨੂੰ ਹਕੂਮਤ ਦੇ ਆਰਥਿਕ ਅਤੇ ਫ਼ਿਰਕੂ ਫਾਸ਼ੀ ਹੱਲੇ ਖ਼ਿਲਾਫ਼ ਇੱਕਜੁੱਟ ਸਾਂਝੇ ਸੰਘਰਸ਼ਾਂ ਦਾ ਪਿੜ ਮੱਲਣਾ ਪਵੇਗਾ।

# ਪਰਵਾਸੀ ਭਾਈਚਾਰੇ ਦੀ ਕਹਾਣੀ

ਅਮਰੀਕਾ ਵਿਚ ਰਿਪਬਲਿਕਨ ਪਾਰਟੀ ਦੀ ਕੌਮੀ ਕਨਵੈਨਸ਼ਨ ਮੌਕੇ ਜਦੋਂ ਜੇਡੀ ਵੈਂਸ ਨੇ ਡੋਨਲਡ ਟਰੰਪ ਦੇ ਲਫਟੈਣ ਵਜੋਂ ਚੋਣ ਲੜਨ ਦੀ ਪੇਸ਼ਕਸ਼ ਸਵੀਕਾਰ ਕੀਤੀ ਸੀ ਤਾਂ ਉਨ੍ਹਾਂ ਦੀ ਪਤਨੀ ਊਸ਼ਾ ਚਿਲੁਕੁਰੀ ਵੈਂਸ ਦੇ ਨਾਨ-ਡਿਜ਼ਾਈਨਰ ਪਹਿਰਾਵਿਆਂ, ਅੱਡੀ ਵਾਲੇ ਸੈਂਡਲਾਂ, ਉਸ ਦੇ ਕਾਲੇ ਵਾਲਾਂ ਤੇ ਇਨ੍ਹਾਂ ਵਿਚ ਘਿਰੀਆਂ ਕੁਝ ਸਫੇਦ ਲਿਟਾਂ ਸਣੇ ਉਸ ਦੀ ਦਿੱਖ ਦੇ ਹਰ ਪੱਖ ਬਾਰੇ 'ਨਿਊਯਾਰਕ

ਜਯੋਤੀ ਮਲਹੋਤਰਾ

ਟਾਈਮਜ਼' ਵਿਚ ਐਨਾ ਕੁਝ ਛਾਪਿਆ ਗਿਆ ਹੈ ਕਿ ਅਮਰੀਕਾ ਦੇ ਸਭ ਤੋਂ ਪੁਰਾਤਨ ਅਖ਼ਬਾਰ ਨੂੰ ਯਕੀਨ ਹੋ ਗਿਆ ਹੋਵੇਗਾ ਕਿ ਸੰਭਾਵੀ ਤੌਰ 'ਤੇ ਦੁਨੀਆ ਦੀ ਇਹ ਦੂਜੀ ਸਭ ਤੋਂ ਪ੍ਰਭਾਵਸ਼ਾਲੀ ਪਤਨੀ ਆਪਣਾ ਸਾਰਾ ਸਮਾਂ ਪੁਰਸ਼ਾਂ ਦੀਆਂ ਨਜ਼ਰਾਂ ਦਾ ਮਰਕਜ਼ ਬਣਨ ਦੇ ਲੇਖੇ ਨਹੀਂ ਲਾਉਂਦੀ ਹੋਵੇਗੀ।

ਊਸ਼ਾ ਦਾ ਪੇਸ਼ੇਵਰ ਬਿਓਰਾ ਇਸ ਤੋਂ ਕਿਤੇ ਵੱਧ ਦਿਲਕਸ਼ ਜਾਪਦਾ ਹੈ ਜੋ ਸਾਂ ਫਰਾਂਸਿਸਕੋ ਦੀ ਲਾਅ ਫਰਮ 'ਕੂਲ, ਵੋਕ' ਵਿਚ ਕੰਮ ਕਰਦੀ ਹੈ। ਉਹ ਯੇਲ ਯੂਨੀਵਰਸਿਟੀ ਵਿਚ ਜੇਡੀ ਵੈਂਸ ਨੂੰ ਮਿਲੀ ਸੀ ਅਤੇ ਉਸ ਨੇ ਕੈਂਬ੍ਰਿਜ ਵਿਚ ਗੇਟਸ ਫੈਲੋਸ਼ਿਪ ਹਾਸਿਲ ਕੀਤੀ ਸੀ। 2014 ਤੱਕ ਉਸ ਦਾ ਨਾਂ ਡੈਮੋਕਰੈਟਿਕ ਪਾਰਟੀ ਦੀ ਹਮਾਇਤੀ ਵਜੋਂ ਦਰਜ ਸੀ। ਸੰਨ 2021 ਵਿਚ ਜਦੋਂ ਉਸ ਨੇ 'ਦਿ ਯੂਨੀਵਰਸਿਟੀਜ਼ ਆਰ ਦਿ ਐਨੇਮੀ' (ਯੂਨੀਵਰਸਿਟੀਆਂ ਇਸ ਦੀਆਂ ਦੁਸ਼ਮਣ ਹਨ) ਦੇ ਸਿਰਲੇਖ ਵਾਲਾ ਭਾਸ਼ਣ ਦਿੱਤਾ ਸੀ ਤਾਂ ਉਨ੍ਹਾਂ ਦੇ ਵਿਆਹ ਨੂੰ ਸੱਤ ਸਾਲ ਬੀਤ ਚੁੱਕੇ ਸਨ।

ਅੱਜ ਕੱਲ੍ਹ ਅਮਰੀਕਾ ਇੰਨੀ ਜ਼ਿਆਦਾ ਉਥਲ-ਪੁਥਲ ਚੱਲ ਰਹੀ ਹੈ ਕਿ ਉਥੇ 'ਲਾਲ' ਅਤੇ 'ਨੀਲੇ' (ਰਿਪਬਲਿਕਨ ਤੇ ਡੈਮੋਕਰੈਟ ਪਾਰਟੀ ਦੇ ਰੰਗ) ਬਾਰੇ ਬਣੀਆਂ ਪੁਰਾਣੀਆਂ ਮਿੱਥਾਂ ਫਿੱਕੀਆਂ ਪੈਂਦੀਆਂ ਜਾ ਰਹੀਆਂ ਹਨ। ਟਰੰਪ ਹੁਣ ਦੇਸ਼ ਦੇ ਅੱਧੇ ਰਿਪਬਲਿਕਨਾਂ ਦੀ ਨਹੀਂ ਸਗੋਂ ਸਮੁੱਚੇ ਅਮਰੀਕਾ ਦੀ ਗੱਲ ਕਰਨ ਦਾ ਤਲਬਗਾਰ ਹੈ। ਵੈਂਸ ਨੇ ਕਦੇ ਟਰੰਪ ਨੂੰ 'ਸਭਿਆਚਾਰਕ ਹੈਰੋਇਨ' ਕਹਿ ਕੇ ਭੰਡਿਆ ਸੀ ਪਰ ਹੁਣ ਉਹ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਉਸ ਦਾ ਸਾਥੀ ਉਮੀਦਵਾਰ ਬਣਨ ਲਈ ਤਿਆਰ ਹੋ ਗਿਆ ਹੈ।

ਜੋਅ ਬਾਇਡਨ ਚੋਣ ਮੈਦਾਨ ਤੋਂ ਪਿਛਾਂਹ ਹਟ ਗਏ ਹਨ। ਹੁਣ ਉਨ੍ਹਾਂ ਦੀ ਥਾਂ ਕਮਲਾ ਹੈਰਿਸ ਭਰ ਦੇਵੇਗੀ ਜਾਂ ਫਿਰ ਡੈਮੋਕਰੈਟਾਂ ਨੂੰ ਕਿਸੇ ਹੋਰ ਆਗੂ ਦੀ ਤਲਾਸ਼ ਕਰਨੀ ਪਵੇਗੀ। ਜਿਹੜੇ ਭਾਰਤੀ ਸੱਤਾ ਦੀ ਧੜਕਣ ਦੇ ਸਭ ਤੋਂ ਨੇੜੇ ਰਹਿਣ ਵਾਲੀ ਇਸ 'ਭਾਰਤੀ ਅਮਰੀਕਨ' ਬਾਰੇ ਹੁੱਬ-ਹੁੱਬ ਕੇ ਗੱਲਾਂ ਕਰਦੇ ਰਹਿੰਦੇ ਹਨ, ਉਨ੍ਹਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਕਮਲਾ ਹਮੇਸ਼ਾ ਆਪਣੇ ਆਪ ਨੂੰ 'ਭੂਰੀ' ਦੀ ਬਜਾਇ 'ਸਿਆਹ ਔਰਤ' ਵਜੋਂ ਪੇਸ਼ ਕਰਦੀ ਰਹੀ ਹੈ। ਊਸ਼ਾ ਹਿੰਦੂ ਹੈ ਤੇ ਸ਼ਾਕਾਹਾਰੀ ਵੀ ਪਰ ਉਹ ਵੀ ਸ਼ਾਇਦ ਆਪਣੇ ਪਤੀ ਨੂੰ 'ਭਾਰਤ ਪੱਖੀ' ਨੀਤੀ ਅਪਣਾਉਣ ਲਈ ਮਜਬੂਰ ਨਹੀਂ ਕਰ ਸਕੇਗੀ। ਉਂਝ, ਇਹ ਪਤਾ ਲੱਗਿਆ ਹੈ ਕਿ ਉਸ ਦਾ ਦਾਦਾ ਕਿਸੇ ਸਮੇਂ ਆਂਧਰਾ ਪ੍ਰਦੇਸ਼ ਵਿਚ ਆਰਐੱਸਐੱਸ ਦੀ ਸੂਬਾਈ ਇਕਾਈ ਦੀ ਅਗਵਾਈ ਕਰਦਾ ਸੀ।

ਚੰਡੀਗੜ੍ਹੀਆਂ ਦੀ ਜ਼ਬਾਨ ਵਿਚ ਇਨ੍ਹਾਂ ਲੋਕਾਂ ਨੂੰ 'ਕੋਕੋਨਟ' (ਨਾਰੀਅਲ) ਆਖਿਆ ਜਾਂਦਾ ਹੈ ਜਿਨ੍ਹਾਂ ਦੀ ਚਮੜੀ ਦਾ ਰੰਗ ਭੂਰਾ ਹੁੰਦਾ ਹੈ ਪਰ ਅੰਦਰੋਂ ਇਹ 'ਗੋਰੇ' ਹੁੰਦੇ ਹਨ। ਦਲੀਪ ਸਿੰਘ ਯਾਦ ਹੈ? ਦੋ ਸਾਲ ਪਹਿਲਾਂ ਅਮਰੀਕਾ ਦੇ ਸਾਬਕਾ ਡਿਪਟੀ ਕੌਮੀ ਸੁਰੱਖਿਆ ਸਲਾਹਕਾਰ- ਅਤੇ ਦਲੀਪ ਸਿੰਘ ਸੌਂਦ (ਅਮਰੀਕੀ ਕਾਂਗਰਸ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਤੇ ਪਹਿਲੇ ਭਾਰਤੀ-ਅਮਰੀਕੀ) ਦੇ ਪੋਤਰੇ ਨੇ ਮੋਦੀ ਸਰਕਾਰ ਨੂੰ ਆਖਿਆ ਸੀ ਕਿ ਜੇ ਯੂਕਰੇਨ 'ਤੇ ਰੂਸੀ ਹਮਲੇ ਦੇ ਮੱਦੇਨਜ਼ਰ ਉਨ੍ਹਾਂ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਕਰ ਕੇ ਸਸਤਾ ਰੂਸੀ ਤੇਲ ਖਰੀਦਿਆ ਤਾਂ ਭਾਰਤ ਨੂੰ ਇਸ ਦੇ 'ਸਿੱਟੇ' ਭੁਗਤਣੇ ਪੈਣਗੇ। ਉਸ ਵਕਤ ਦਲੀਪ ਸਿੰਘ ਦੀਆਂ ਟਿੱਪਣੀਆਂ ਤੋਂ ਭਾਰਤੀ ਅਧਿਕਾਰੀ ਖਾਸੇ ਪ੍ਰੇਸ਼ਾਨ ਹੋ ਗਏ ਸਨ ਅਤੇ ਅਮਰੀਕੀਆਂ ਨੂੰ ਇਹ ਕਹਿਣ ਲਈ ਮਜਬੂਰ ਹੋਏ ਸਨ ਕਿ ਜੇ ਉਹ 'ਖੁੱਲ੍ਹ' ਕੇ ਗੱਲਾਂ ਕਰਨਾ ਚਾਹੁੰਦੇ ਹਨ ਤਾਂ ਇਹ ਕੰਮ ਪ੍ਰਾਈਵੇਟ ਤੌਰ 'ਤੇ ਕਰਨਾ ਪਵੇਗਾ। ਬਿਨਾਂ ਸ਼ੱਕ, ਦਲੀਪ ਸਿਰੇ ਦਾ 'ਕੋਕੋਨਟ' ਅਖਵਾਉਣ ਦਾ ਹੱਕਦਾਰ ਹੈ ਜੋ ਆਪਣੇ ਵਰਗੇ ਦਿਸਦੇ ਲੋਕਾਂ ਪ੍ਰਤੀ ਸੰਵੇਦਨਸ਼ੀਲਤਾ ਵਰਤਣ ਤੋਂ ਅਸਮਰੱਥ ਹੈ।


ਸਾਨੂੰ ਵਿਦੇਸ਼ ਵਿਚ ਭਾਰਤੀਆਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਣਾ ਚਾਹੀਦਾ ਹੈ। 1917 ਦਾ ਏਸ਼ਿਆਟਿਕ ਬਾਰਡ ਜ਼ੋਨ ਐਕਟ ਜਿਸ ਤਹਿਤ ਅਮਰੀਕਾ ਵਿਚ ਭਾਰਤੀਆਂ ਦੇ ਦਾਖਲੇ 'ਤੇ ਪਾਬੰਦੀ ਲਾਈ ਗਈ ਸੀ, ਹਟਣ ਤੋਂ ਬਾਅਦ ਪਿਛਲੇ 100 ਕੁ ਸਾਲਾਂ ਦੌਰਾਨ ਭਾਰਤੀ-ਅਮਰੀਕੀ ਭਾਈਚਾਰਾ ਉਥੋਂ ਦਾ ਸਭ ਤੋਂ ਸਫਲ ਭਾਈਚਾਰਾ ਬਣ ਗਿਆ ਹੈ ਜਿਸ ਦੀ ਸੰਖਿਆ 50 ਲੱਖ ਦੇ ਕਰੀਬ ਪਹੁੰਚ ਚੁੱਕੀ ਹੈ। ਜਦੋਂ ਐਕਸ 'ਤੇ ?84 ਨਾਂ ਦੇ ਹੈਂਡਲ ਨੇ ਇਹ ਟਿੱਪਣੀ ਕੀਤੀ ਸੀ ਕਿ ਭਾਰਤੀ ਅਮਰੀਕੀਆਂ ਦੀ ਔਸਤਨ ਆਮਦਨ 119,858 ਡਾਲਰ 'ਤੇ ਪਹੁੰਚ ਗਈ ਹੈ ਜੋ ਚੀਨੀਆਂ, ਜਪਾਨੀਆਂ ਤੇ ਪਾਕਿਸਤਾਨੀਆਂ ਸਣੇ ਸਾਰੇ ਏਸ਼ਿਆਈ ਭਾਈਚਾਰਿਆਂ ਨਾਲੋਂ ਵੱਧ ਹੈ ਤਾਂ ਐਲਨ ਮਸਕ ਨੇ ਵੀ ਇਸ ਨੂੰ ਰੀਟਵੀਟ ਕੀਤਾ ਸੀ। ਸੁੰਦਰ ਪਿਚਾਈ ਦੀ ਅਲਫਾਬੈਟ ਅਤੇ ਸਤਿਆ ਨਾਡੇਲਾ ਦੀ ਮਾਈਕਰੋਸਾਫਟ ਅਮਰੀਕਾ ਦੀਆਂ ਦਸ ਸਭ ਤੋਂ ਵੱਡੀਆਂ ਅਮਰੀਕੀ ਕੰਪਨੀਆਂ ਵਿਚ ਸ਼ੁਮਾਰ ਹਨ।

ਪਰਵਾਸੀ ਭਾਈਚਾਰੇ ਦੀ ਕਹਾਣੀ ਕਾਫ਼ੀ ਪੇਚੀਦਾ ਬਣੀ ਹੋਈ ਹੈ। ਪਰਵਾਸੀਆਂ ਦੇ ਮਨਾਂ ਵਿਚ ਭਾਵੇਂ ਮਾਦਰੇ-ਵਤਨ ਲਈ ਬਹੁਤ ਜ਼ਿਆਦਾ ਪਿਆਰ ਉਮੜਦਾ ਹੈ ਪਰ ਉਨ੍ਹਾਂ ਦੇ ਪੈਰ ਅਮਰੀਕੀ ਜ਼ਮੀਨ 'ਚ ਪੂਰੀ ਤਰ੍ਹਾਂ ਜੰਮੇ ਹੋਏ ਹਨ। ਬਹੁਤੇ ਪਰਵਾਸੀ ਆਪਣੀਆਂ ਦੋਵੇਂ ਕਿਸਮ ਦੀਆਂ ਪਛਾਣਾਂ ਅਤੇ ਭਾਵਨਾਵਾਂ ਨੂੰ ਦਰਸਾਉਣ ਵਿਚ ਕਾਮਯਾਬ ਹੁੰਦੇ ਹਨ ਜਿਸ ਦਾ ਪ੍ਰਮਾਣ ਕਰਨ ਜੌਹਰ ਦੀਆਂ ਕਈ ਫਿਲਮਾਂ ਤੋਂ ਮਿਲਦਾ ਹੈ। ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਭਾਰਤੀ ਵਿਦੇਸ਼ ਵਿਚ ਬੈਠੇ ਆਪਣੇ ਹਮਵਤਨੀਆਂ ਨਾਲ ਆਪਣੇ ਆਪ ਨੂੰ ਜੋੜਨ ਲੱਗ ਪੈਂਦੇ ਹਨ ਅਤੇ ਇਹ ਸੋਚਣ ਲੱਗ ਪੈਂਦੇ ਹਨ ਕਿ ਉਹ ਅਜੇ ਵੀ ਉਨ੍ਹਾਂ ਦੇ ਆਪਣੇ ਪਿੰਡ ਦਾ ਹੀ ਹਿੱਸਾ ਹਨ- ਫਿਰ ਭਾਵੇਂ ਉਹ ਪਿੰਡ ਦੇਸ਼ ਦੇ ਕਿਸੇ ਵੀ ਹਿੱਸੇ ਜਾਂ ਸ਼ਾਇਦ ਕਿਸੇ ਵੱਖਰੇ ਦੌਰ ਦਾ ਹੀ ਕਿਉਂ ਨਾ ਹੋਵੇ।

ਇਹ ਉਵੇਂ ਹੀ ਹੈ ਜਿਵੇਂ ਕੋਈ ਪੇਂਡੂ ਬੰਦਾ ਇਹ ਆਖੇ ਕਿ ਉਸ ਨੂੰ ਸ਼ਹਿਰ ਵਿਚ ਆਪਣੇ 'ਜਾਤ ਭਾਈ' ਦੇ ਘਰ ਵਿਚ ਰਹਿਣ ਦਾ ਹੱਕ ਹੈ। ਦਰਅਸਲ, ਜਿਵੇਂ ਇਸ ਵੇਲੇ ਊਸ਼ਾ ਵੈਂਸ ਅਤੇ ਇਸ ਤੋਂ ਪਹਿਲਾਂ ਕਮਲਾ ਹੈਰਿਸ ਦੇ ਵੱਡ-ਵਡੇਰਿਆਂ ਨੂੰ ਭਾਲਣ ਲਈ ਪੱਤਰਕਾਰ ਜੁਟੇ ਹੋਏ ਹਨ, ਉਹ ਹੋਰ ਕੁਝ ਵੀ ਨਹੀਂ ਸਗੋਂ ਉਸ ਪੇਂਡੂ ਆਦਮੀ ਦੀ ਭਾਵਨਾ ਦਾ ਹੀ ਵਿਸਥਾਰ ਹੈ। ਬਿਨਾਂ ਸ਼ੱਕ, ਅਸੀਂ ਜਜ਼ਬਾਤੀ ਲੋਕ ਹਾਂ ਅਤੇ ਜਜ਼ਬਿਆਂ ਤੇ ਉਤਸ਼ਾਹ ਤੋਂ ਬਗੈਰ ਜ਼ਿੰਦਗੀ ਦੇ ਮਾਇਨੇ ਵੀ ਕੀ ਹਨ; ਸਮੱਸਿਆ ਉਦੋਂ ਹੁੰਦੀ ਹੈ ਜਦੋਂ ਸਾਡੇ ਨਿਰਖ ਪਰਖ ਤੇ ਫੈਸਲਿਆਂ ਉਪਰ ਭਾਵੁਕਤਾ ਭਾਰੂ ਹੋ ਜਾਂਦੀ ਹੈ। ਇਵੇਂ ਹੀ ਰਿਸ਼ੀ ਸੂਨਕ ਲੰਡਨ ਵਿਚ 'ਸਾਡਾ ਬੰਦਾ' ਬਣ ਜਾਂਦਾ ਹੈ ਹਾਲਾਂਕਿ ਉਸ ਦੇ ਦਾਦੇ ਹੁਰੀਂ ਭਾਰਤ ਛੱਡ ਕੇ ਪਹਿਲਾਂ ਕੀਨੀਆ ਚਲੇ ਗਏ ਸਨ। ਸਿੰਗਾਪੁਰ ਦੇ ਰਾਸ਼ਟਰਪਤੀ ਥਰਮਨ ਸ਼ਾਨਮੁਗਾਰਤਨਮ ਭਾਵੇਂ ਜਾਫਨਾ ਦੇ ਤਮਿਲ ਮੂਲ ਦੇ ਹਨ ਪਰ ਉਨ੍ਹਾਂ ਦਾ ਵੀ ਭਾਰਤ ਨਾਲ ਖਾਸ ਰਿਸ਼ਤਾ ਹੈ; ਤੇ ਆਇਰਲੈਂਡ ਦੇ ਸਾਬਕਾ ਤਾਓਸੀਚ (ਪ੍ਰਧਾਨ ਮੰਤਰੀ) ਲੀਓ ਵਰਾਡਕਰ ਦਾ ਤਾਣਾ ਪੇਟਾ 'ਆਮਚੀ ਮੁੰਬਈ' ਨਾਲ ਜੁੜਦਾ ਹੈ।

ਕਈ ਵਾਰ ਗੱਲ ਬੇਸੁਆਦੀ ਵੀ ਹੋ ਜਾਂਦੀ ਹੈ। ਗੁਆਨਾ ਦੇ ਰਾਸ਼ਟਰਪਤੀ ਮੁਹੰਮਦ ਇਰਫਾਨ ਅਲੀ ਜਾਂ ਸੂਰੀਨਾਮ ਦੇ ਰਾਸ਼ਟਰਪਤੀ ਚੰਦ੍ਰਿਕਾਪ੍ਰਸ਼ਾਦ ਸੰਤੋਖੀ ਜਾਂ ਸੈਸ਼ੇਲਜ਼ ਦੇ ਰਾਸ਼ਟਰਪਤੀ ਵੇਵਲ ਰਾਮਕਲਾਵਨ ਦਾ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਹੈ ਜੋ ਅੰਗਰੇਜ਼ਾਂ ਦੀਆਂ ਬਸਤੀਆਂ ਵਿਚ ਭੇਜੇ ਗਏ ਭਾਰਤੀ ਬੰਧੂਆ ਮਜ਼ਦੂਰਾਂ ਦੇ ਵੰਸ਼ਜ ਹਨ। ਸਰਕਾਰੀ ਅੰਕੜਿਆਂ ਮੁਤਾਬਿਕ ਭਾਰਤੀ ਮੂਲ ਦੇ 3.2 ਕਰੋੜ ਲੋਕ ਵਿਦੇਸ਼ਾਂ ਵਿਚ ਵਸੇ ਹੋਏ ਹਨ ਪਰ ਇਨ੍ਹਾਂ 'ਚੋਂ ਦੱਖਣੀ ਏਸ਼ੀਆ ਦੇ ਹੋਰਨਾਂ ਦੇਸ਼ਾਂ ਵਿਚ ਵੱਸਣ ਵਾਲੇ ਲੋਕ ਸ਼ਾਮਿਲ ਨਹੀਂ ਹਨ ਪਰ ਸਚਾਈ ਇਹ ਹੈ ਕਿ ਅਸੀਂ ਉਦੋਂ ਹੀ ਕੱਛਾਂ ਵਜਾਉਂਦੇ ਹਾਂ ਜਦੋਂ ਪੱਛਮ ਦੇ ਕਿਸੇ ਦੇਸ਼ ਤੋਂ ਉਨ੍ਹਾਂ ਦੀ ਸਫਲਤਾ ਜਾਂ ਪ੍ਰਾਪਤੀ ਦੀ ਖ਼ਬਰ ਆਉਂਦੀ ਹੈ।

ਸਚਾਈ ਦਾ ਉਲਟ ਪਾਸਾ ਵੀ ਹੈ। ਅਸੀਂ ਆਪਣੀ 5000 ਸਾਲ ਪੁਰਾਣੀ ਸਭਿਆਚਾਰਕ ਵਿਰਾਸਤ ਨੂੰ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰ ਕੇ ਕਿਸੇ 'ਵਿਦੇਸ਼ੀ' ਖ਼ਾਸਕਰ ਜੇ ਕੋਈ ਗੋਰਾ ਹੋਵੇ, ਦੀ ਨੁਕਤਾਚੀਨੀ ਕਰਨ ਦਾ ਮਜ਼ਾ ਲੈਂਦੇ ਰਹਿੰਦੇ ਹਾਂ ਤੇ ਸਹਿਜ ਹੀ ਇਸ ਤੋਂ ਮੁਨਕਰ ਹੋ ਜਾਂਦੇ ਹਾਂ ਕਿ ਅਸਲ ਵਿਚ ਇਸ ਤਰ੍ਹਾਂ ਦੁਨੀਆ ਅੰਦਰ ਆਪਣੇ ਮੁਕਾਮ ਪ੍ਰਤੀ ਆਪਣੀ ਅਸੁਰੱਖਿਆ ਨੂੰ ਨੰਗਾ ਕਰ ਰਹੇ ਹੁੰਦੇ ਹਾਂ। ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਇੱਕ ਵਾਰ ਇਸ ਧਰਮ ਸੰਕਟ ਨੂੰ ਬਾਖ਼ੂਬੀ ਚਿਤਰਿਆ ਸੀ। ਉਸ ਦਾ ਤੁਣਕਾ ਸੀ, "ਯੈਂਕੀ ਗੋਅ ਹੋਮ, ਬਟ ਟੇਕ ਮੀ ਵਿਦ ਯੂ" (ਭਾਵ ਅਮਰੀਕਨੋ ਆਪਣੇ ਦੇਸ਼ ਵਾਪਸ ਜਾਓ ਪਰ ਜਾਂਦੇ ਹੋਏ ਸਾਨੂੰ ਆਪਣੇ ਨਾਲ ਲੈ ਜਾਓ)। ਕਹਾਣੀ ਦਾ ਸਾਰ ਇਹ ਹੈ ਕਿ ਊਸ਼ਾ ਵੈਂਸ ਅਤੇ ਕਮਲਾ ਹੈਰਿਸ ਦੀ ਵਡਿਆਈ 'ਚ ਦਾਗ਼ ਹੈ ਪਰ ਅਸੀਂ ਉਸ ਨੂੰ ਇਸ ਲਿਹਾਜ਼ ਤੋਂ ਦੇਖ ਹੀ ਨਹੀਂ ਰਹੇ।







*ਕਰੀਨਾ ਕਪੂਰ ਖਾਨ ਦੀ ਫਿਲਮ 'ਦਿ ਬਕਿੰਘਮ ਮਰਡਰਜ਼' ਦਾ ਪੋਸਟਰ ਅਤੇ (ਸੱਜੇ) ਫਿਲਮ ਦੀ ਇਕ ਝਲਕ।*

# ਅਦਾਕਾਰਾ ਕਰੀਨਾ ਕਪੂਰ ਖਾਨ ਦਾ ਕਰੀਨਾ

**ਆਮਨਾ ਕੌਰ**

ਚਰਚਿਤ ਅਦਾਕਾਰਾ ਕਰੀਨਾ ਕਪੂਰ ਖਾਨ ਦੀ ਆਉਣ ਵਾਲੀ ਫਿਲਮ 'ਦਿ ਬਕਿੰਘਮ ਮਰਡਰਜ਼' ਸਿਨੇਮਾ ਘਰਾਂ ਵਿਚ 13 ਸਤੰਬਰ ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਵਿਚ ਐਸ਼ ਟੰਡਨ, ਰਣਵੀਰ ਬਰਾੜ ਅਤੇ ਕੇਥ ਐਲਨ ਵੀ ਨਜ਼ਰ ਆਉਣਗੇ। ਇਹ ਫਿਲਮ 'ਅਲੀਗੜ੍ਹ', 'ਸ਼ਾਹਿਦ', 'ਸਕੈਮ 1992: ਦਿ ਹਰਸ਼ਦ ਮਹਿਤਾ ਸਟੋਰੀ' ਵਰਗੀਆਂ ਫਿਲਮਾਂ ਬਣਾਉਣ ਲਈ ਜਾਣੇ ਜਾਂਦੇ ਹੰਸਲ ਮਹਿਤਾ ਦੇ ਨਿਰਦੇਸ਼ਨ ਹੇਠ ਬਣੀ ਹੈ। ਫਿਲਮ ਨਾਲ ਕਰੀਨਾ ਬਤੌਰ ਸਹਿ-ਨਿਰਮਾਤਾ ਵੀ ਜੁੜੀ ਹੈ। ਕਰੀਨਾ 'ਵੀਰੇ ਦੀ ਵੈਡਿੰਗ' ਅਤੇ 'ਕਰਿਊ' ਤੋਂ ਬਾਅਦ ਏਕਤਾ ਕਪੂਰ ਨਾਲ ਮੁੜ ਕੰਮ ਕਰ ਰਹੀ ਹੈ।

ਫਿਲਮ ਦੇ ਨਿਰਮਾਤਾਵਾਂ ਨੇ ਸੋਸ਼ਲ ਮੀਡੀਆ 'ਤੇ ਫਿਲਮ ਦੇ ਪੋਸਟਰ ਸਾਂਝਾ ਕਰਦਿਆਂ ਫਿਲਮ ਬਾਰੇ ਐਲਾਨ ਕੀਤਾ ਹੈ। ਉਨ੍ਹਾਂ ਨੇ ਕੈਪਸ਼ਨ 'ਚ ਲਿਖਿਆ, "ਅਸੀਂ ਇਹ ਐਲਾਨ ਕਰਦਿਆਂ ਬਹੁਤ ਖੁਸ਼ ਹਾਂ ਕਿ 'ਦਿ ਬਕਿੰਘਮ ਮਰਡਰਜ਼' 13 ਸਤੰਬਰ 2024 ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋ ਰਹੀ ਹੈ।" ਇਸ ਤੋਂ ਪਹਿਲਾਂ ਫਿਲਮ ਨੂੰ ਬੀ.ਐੱਫ.ਆਈ. ਲੰਡਨ ਫਿਲਮ ਮੇਲੇ (2023) ਵਿਚ ਵੀ ਦਿਖਾਇਆ ਗਿਆ ਸੀ ਤੇ ਇਸ ਨੂੰ ਜੀਓ ਐੱਮ.ਏ.ਐੱਮ.ਆਈ. ਫਿਲਮ ਮੇਲੇ 2023 ਵਿਚ ਵੀ ਭਰਵਾਂ ਹੁੰਗਾਰਾ ਮਿਲਿਆ ਸੀ।



*ਫਿਲਮ 'ਦਿ ਬਕਿੰਘਮ ਮਰਡਰਜ਼' ਦਾ ਨਿਰਦੇਸ਼ਕ ਹੰਸਲ ਮਹਿਤਾ*

ਕਰੀਨਾ ਕਪੂਰ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਸਾਲ 2000 ਵਿਚ ਫਿਲਮ 'ਰਿਫਊਜੀ' ਨਾਲ ਕੀਤਾ ਸੀ। ਇਸ ਫਿਲਮ ਦਾ ਉਸ ਨਾਲ ਹੀਰੋ ਅਭਿਸ਼ੇਕ ਬੱਚਨ ਸੀ। ਇਨ੍ਹਾਂ ਤੋਂ ਇਲਾਵਾ ਫਿਲਮ ਵਿਚ ਜੈਕੀ ਸ਼ਰਾਫ, ਸੁਨੀਲ ਸ਼ੈੱਟੀ, ਅਨੁਪਮ ਖੇਰ, ਕੁਲਭੂਸ਼ਣ ਖਰਬੰਦਾ, ਰੀਨਾ ਰੌਇ, ਮੁਕੇਸ਼ ਤਿਵਾੜੀ, ਅਸ਼ੀਸ਼ ਵਿਦਿਆਰਥੀ, ਅਵਤਾਰ ਗਿੱਲ ਤੇ ਪੁਨੀਤ ਈਸਰ ਵਰਗੇ ਕਲਾਕਾਰਾਂ ਨੇ ਵੀ ਕੰਮ ਕੀਤਾ ਸੀ। ਇਸ ਫਿਲਮ ਦਾ ਕੁੱਲ ਬਜਟ 15 ਕਰੋੜ ਸੀ ਅਤੇ ਇਸ ਨੇ 36 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਪਹਿਲੀ ਹੀ ਫਿਲਮ ਨਾਲ ਕਰੀਨਾ ਦਾ ਕਰੀਅਰ ਵਧੀਆ ਆਰੰਭ ਹੋ ਗਿਆ। ਉਂਝ, ਬਾਅਦ ਵਿਚ ਕਰੀਨਾ ਦੀਆਂ ਕਈ ਫਿਲਮਾਂ ਫਲਾਪ ਰਹੀਆਂ ਪਰ ਆਖਰਕਾਰ ਉਸ ਨੇ ਆਪਣੀ ਅਦਾਕਾਰੀ ਅਤੇ ਸੁਹੱਪਣ ਦੇ ਸਿਰ 'ਤੇ ਫਿਲਮੀ ਦੁਨੀਆ ਵਿਚ ਆਪਣੀ ਥਾਂ ਬਣਾ ਲਈ। ਹੁਣ ਤੱਕ ਉਸ ਨੂੰ ਬਹੁਤ ਸਾਰੇ ਇਨਾਮ ਮਿਲ ਚੁੱਕੇ ਹਨ।

# ਜਾਨਹਵੀ ਕਪੂਰ ਤੇ ਈਸ਼ਾਨ ਦੀ ਜੋੜੀ



**ਗੁਰਜੰਟ ਸਿੰਘ**

ਜਾਨਹਵੀ ਕਪੂਰ ਅਤੇ ਈਸ਼ਾਨ ਖਟਰ ਦੀ ਜੋੜੀ ਇਕ ਵਾਰ ਫਿਲਮ ਇਕੱਠੀ ਨਜ਼ਰ ਆਵੇਗੀ। ਦੋਵੇਂ ਫਿਲਮ 'ਧੜਕ' ਵਿਚ ਇਕੱਠੇ ਆਏ ਸਨ। ਇਹ ਫਿਲਮ 2018 ਵਿਚ ਰਿਲੀਜ਼ ਹੋਈ ਸੀ ਅਤੇ ਕਰਨ ਜੌਹਰ ਤੇ ਸ਼ਸ਼ਾਂਕ ਨੇ ਮਿਲ ਕੇ ਬਣਾਈ ਸੀ। ਜਾਨਹਵੀ ਕਪੂਰ ਅਤੇ ਈਸ਼ਾਨ ਖਟਰ, ਦੋਹਾਂ ਦੀ ਹੀ ਇਹ ਪਹਿਲੀ ਫਿਲਮ ਸੀ। ਇਸ ਪਹਿਲੀ ਹੀ ਫਿਲਮ ਵਿਚ ਦੋਹਾਂ ਦੀ ਰੱਜ ਕੇ ਪ੍ਰਸ਼ੰਸਾ ਹੋਈ ਸੀ। ਹੁਣ ਇਹ ਜੋੜੀ ਛੇ ਸਾਲਾਂ ਬਾਅਦ ਇਕ ਸਾਥ ਫਿਲਮ ਕਰ ਰਹੇ ਹਨ। ਇਹ ਫਿਲਮ ਵੀ ਕਰਨ ਜੌਹਰ ਹੀ ਬਣਾ ਰਿਹਾ ਹੈ। ਇਸ ਫਿਲਮ ਦੇ ਨਿਰਦੇਸ਼ਨ ਦੀ ਜ਼ਿੰਮੇਵਾਰੀ ਉਘੇ ਨੌਜਵਾਨ ਫਿਲਮਸਾਜ਼ ਨੀਰਜ ਗੇਵਨ ਨੂੰ ਸੌਂਪੀ ਗਈ ਹੈ ਜੋ 'ਮਸਾਨ' ਵਰਗੀ ਫਿਲਮ ਬਣਾ ਕੇ ਫਿਲਮੀ ਦੁਨੀਆ ਵਿਚ ਆਪਣਾ ਜਲਵਾ ਦਿਖਾ ਚੁੱਕਾ ਹੈ।

ਜਾਣਕਾਰੀ ਅਨੁਸਾਰ, ਇਸ ਫਿਲਮ ਦਾ ਅਜੇ ਨਾਂ ਨਹੀਂ ਰੱਖਿਆ ਗਿਆ; ਉਂਝ, ਇਸ ਦੀ ਸ਼ੂਟਿੰਗ ਇਸੇ ਸਾਲ ਅਕਤੂਬਰ ਵਿਚ ਆਰੰਭ ਹੋਵੇਗੀ। ਉਸ ਤੋਂ ਪਹਿਲਾਂ ਪ੍ਰੀ-ਪ੍ਰੋਡਕਸ਼ਨ ਦਾ ਕੰਮ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਫਿਲਮ ਵਿਚ ਜਾਨਹਵੀ ਕਪੂਰ ਅਤੇ ਈਸ਼ਾਨ ਖਟਰ ਦਾ ਨਵਾਂ ਹੀ ਰੂਪ ਦੇਖਣ ਨੂੰ ਮਿਲੇਗਾ।

6 ਮਾਰਚ 1997 ਨੂੰ ਜਨਮੀ ਜਾਨਹਵੀ ਕਪੂਰ ਆਪਣੇ ਸਮਿਆਂ ਦੀ ਮਸ਼ਹੂਰ ਅਦਾਕਾਰਾ ਸ੍ਰੀਦੇਵੀ ਅਤੇ ਪ੍ਰਸਿੱਧ ਫਿਲਮ ਨਿਰਮਾਤਾ ਬੋਨੀ ਕਪੂਰ ਦੀ ਧੀ ਹੈ। ਇਸ ਸਾਲ ਉਸ ਦੀਆਂ ਦੋ ਫਿਲਮਾਂ 'ਉਲਝ' ਅਤੇ 'ਦੇਵਾਰਾ: ਪਾਰਟ 1' ਰਿਲੀਜ਼ ਹੋ ਰਹੀਆਂ ਹਨ। 9 ਫਰਵਰੀ 2024 ਨੂੰ ਰਿਲੀਜ਼ ਹੋਈ ਫਿਲਮ 'ਤੇਰੀ ਬਾਤੋਂ ਮੇਂ ਐਸਾ ਉਲਝਾ ਜੀਆ' ਵਿਚ ਵਿਸ਼ੇਸ਼ ਰੋਲ ਅਦਾ ਕੀਤਾ ਸੀ। ਸਾਲ 2023 ਵਿਚ ਉਸ ਦੀਆਂ ਦੋ ਫਿਲਮਾਂ 'ਬਵਾਲ' ਅਤੇ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਰਿਲੀਜ਼ ਹੋਈਆਂ ਸਨ।

# ਅਦਾਕਾਰਾ ਹੁਮਾ ਕੁਰੈਸ਼ੀ ਦੀ ਖੁਫੀਆ ਕਹਾਣੀ ਵਾਲੀ ਫਿਲਮ 'ਬਿਆਨ'

**ਕੁਦਰਤ ਕੌਰ**

ਪ੍ਰਸਿੱਧ ਅਦਾਕਾਰਾ ਹੁਮਾ ਕੁਰੈਸ਼ੀ ਹੁਣ ਖੁਫੀਆ ਏਜੰਸੀ ਨਾਲ ਜੁੜੀ ਫਿਲਮ 'ਬਿਆਨ' ਲੈ ਕੇ ਆ ਰਹੀ ਹੈ। ਇਸ ਫਿਲਮ ਦੀ ਸ਼ੂਟਿੰਗ ਰਾਜਸਥਾਨ ਵਿਚ ਆਰੰਭ ਹੋ ਚੁੱਕੀ ਹੈ। ਇਸ ਫਿਲਮ ਦਾ ਨਿਰਦੇਸ਼ਨ ਵਿਕਾਸ ਮਿਸ਼ਰਾ ਕਰ ਰਿਹਾ ਹੈ। ਫਿਲਹਾਲ, ਹੁਮਾ ਕੁਰੈਸ਼ੀ ਦੀ ਸੀਰੀਜ਼ 'ਮਹਾਰਾਨੀ' ਖੂਬ ਚੱਲ ਰਹੀ ਹੈ। ਇਸ ਸੀਰੀਜ਼ ਦੇ ਦੋ ਸੀਜ਼ਨ ਪਹਿਲਾਂ ਹੀ ਦਿਖਾਏ ਜਾ ਚੁੱਕੇ ਹਨ ਅਤੇ ਹੁਣ ਤੀਜਾ ਸੀਜ਼ਨ ਦਿਖਾਇਆ ਜਾ ਰਿਹਾ ਹੈ। ਇਹ ਸੀਰੀਜ਼ ਇੰਨੀ ਹਿੱਟ ਹੋਈ ਹੈ ਕਿ ਹੁਣ ਤਾਂ ਇਸ ਦੇ ਚੌਥੇ ਸੀਜ਼ਨ ਦੀਆਂ ਗੱਲਾਂ ਵੀ ਚੱਲ ਨਿੱਕਲੀਆਂ ਹਨ। ਉਂਝ, ਨਿਰਮਾਤਾਵਾਂ ਨੇ ਚੌਥੇ ਸੀਜ਼ਨ ਬਾਰੇ ਅਜੇ ਤੱਕ ਕੁਝ ਵੀ ਨਹੀਂ ਆਖਿਆ ਹੈ।

ਯਾਦ ਰਹੇ ਕਿ ਪਿਛਲੇ ਕੁਝ ਸਮੇਂ ਤੋਂ ਫਿਲਮੀ ਅਦਾਕਾਰ ਧੜਾਧੜ ਸੀਰੀਜ਼ ਬਣਾ ਰਹੇ ਹਨ। ਅਸਲ ਵਿਚ ਕਰੋਨਾ ਮਹਾਮਾਰੀ ਦੀ ਮਾਰ ਦੌਰਾਨ ਜਦੋਂ ਫਿਲਮੀ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ ਤਾਂ ਨਾ ਫਿਲਮਾਂ ਦੀ ਸ਼ੂਟਿੰਗ ਹੋ ਰਹੀ ਅਤੇ ਨਾ ਹੀ ਇਹ ਰਿਲੀਜ਼ ਹੋ ਰਹੀਆਂ ਸਨ। ਉਸ ਵਕਤ ਟੈਲੀਵਿਜ਼ਨ ਸੀਰੀਜ਼ ਵਾਹਵਾ ਮਕਬੂਲ ਹੋਈਆਂ। ਇਹ ਸੀਰੀਜ਼ ਵੱਖ-ਵੱਖ ਓ.ਟੀ.ਟੀ. ਮੰਚਾਂ ਤੋਂ ਦਿਖਾਈਆਂ ਜਾਣ ਲੱਗੀਆਂ। ਇਸ ਤੋਂ ਕਮਾਈ ਵੀ ਸਿਨੇਮਾ ਘਰਾਂ ਨਾਲੋਂ ਵੱਧ ਹੋਣ ਲੱਗ ਪਈ। ਸਿੱਟੇ ਵਜੋਂ ਬਹੁਤੇ ਕਲਾਕਾਰ ਸੀਰੀਜ਼ ਬਣਾਉਣ ਵੱਲ ਰੁਚਿਤ ਹੋਏ।



ਉਸ ਤੋਂ ਪਹਿਲਾਂ 2019 ਵਿਚ ਹੁਮਾ ਕੁਰੈਸ਼ੀ ਨੇ ਛੇ ਐਪੀਸੋਡਾਂ ਵਾਲੀ ਸੀਰੀਜ਼ 'ਲੈਲਾ' ਕੀਤੀ ਅਤੇ ਇਹ ਬੜੀ ਪਾਪੂਲਰ ਹੋਈ ਸੀ। ਉਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਹੁਣ 'ਮਹਾਰਾਨੀ' ਦੀ ਸਫਲਤਾ ਨੇ ਉਸ ਨੂੰ ਕਲਾਕਾਰੀ ਅਤੇ ਕਮਾਈ ਪੱਖੋਂ ਚੋਟੀ 'ਤੇ ਪਹੁੰਚਾ ਦਿੱਤਾ ਹੈ।

28 ਜੁਲਾਈ 1986 ਨੂੰ ਜਨਮੀ ਹੁਮਾ ਕੁਰੈਸ਼ੀ ਦਿੱਲੀ ਦੀ ਪੜ੍ਹੀ ਹੋਈ ਹੈ। ਉਸ ਨੇ ਇਤਿਹਾਸ ਵਿਸ਼ੇ ਨਾਲ ਪੜ੍ਹਾਈ ਕੀਤੀ। ਉਥੇ ਉਸ ਨੇ ਪਹਿਲਾਂ ਥੀਏਟਰ ਵਿਚ ਕੰਮ ਕੀਤਾ ਅਤੇ ਕੁਝ ਸਮਾਂ ਮਾਡਲਿੰਗ ਵੀ ਕੀਤੀ। ਬਾਅਦ ਵਿਚ ਟੈਲੀਵਿਜ਼ਨ ਇਸ਼ਤਿਹਾਰਾਂ ਲਈ ਹੋਏ ਕਾਂਟਰੈਕਟ ਤਹਿਤ ਉਹ ਮੁੰਬਈ ਪੁੱਜ ਗਈ। ਉਥੇ ਫਿਲਮਸਾਜ਼ ਅਨੁਰਾਗ ਕਸ਼ਿਅਪ ਨੇ ਉਸ ਅੰਦਰਲੀ ਅਦਾਕਾਰਾ ਨੂੰ ਪਛਾਣ ਲਿਆ ਅਤੇ ਉਸ ਨੂੰ ਆਪਣੀ ਫਿਲਮ 'ਗੈਂਗਸ ਆਫ ਵਾਸੇਪੁਰ' ਵਿਚ ਅਦਾਕਾਰੀ ਦਾ ਮੌਕਾ ਦਿੱਤਾ। ਬੱਸ, ਇਸ ਪਹਿਲੀ ਹੀ ਫਿਲਮ ਨਾਲ ਉਹ ਫਿਲਮੀ ਦੁਨੀਆ ਅੰਦਰ ਛਾ ਗਈ ਅਤੇ ਉਸ ਨੂੰ ਫਿਲਮਾਂ ਮਿਲਣ ਲੱਗੀਆਂ। ਹੁਣ ਤੱਕ ਉਸ ਨੂੰ ਉਮਦਾ ਅਦਾਕਾਰੀ ਲਈ ਕਈ ਇਨਾਮ ਮਿਲ ਚੁੱਕੇ ਹਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**
Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017
Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com
for hot listings

## Recent Sales

1. 1783 Egret ct Hayward CA 94545
2. 15740 Via Castana Morgan Hill CA 95037
3. 3104 Salisbury court CA 94555
4. 1672 Northgate Manteca CA 95336
5. 819 Saint Rufina Lane Unit 19 Morgan Hill CA 95037
6. 26676 Campeche St Hayward CA 94545
7. 1777 Osage Ave Hayward CA 94545
8. 2249 moody ave Hayward ca 94545
9. 9714 Fall Valley Way Sacramento CA 95829
10. 3597 Skyline dr Hayward CA 94542
11. 1549 -1561 Landess Ave Milpitas CA 95035
12. 11401 Rampart Dr Dublin CA 94568
13. 7790 Squirrel Creek Cir Dublin CA, 94568
14. 2798 Tostalinda Dr Tracy CA 95377
15. 1216 Cliff Swallow Dr Patterson CA 95363-8732
16. 3626 Platt ct S Pleasanton CA 94588

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker
CA BRE Lic.#01180969
NMLS# 352095

19-20